**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Thirteenth Year in Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 13, Issue 50, December 15th, 2012 20451 N Plum Grove Rd. Palatine, IL 60074 Ph:847-359-0746, Fax:847-705-9388

## ਪੰਜਾਬ ਵਿਚ ਸੁਖਬੀਰ ਮਾਡਲ ਫੇਲ੍ਹ!

# ਦਹਿਸ਼ਤ ਦੇ ਜ਼ੋਰ ਨਾਲ ਸਿਆਸਤ ਚਲਾਉਣ ਨਾਲ ਹਾਲਾਤ ਡਾਵਾਂਡੋਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਿਛਲੇ ਸਾਲਾਂ ਦੌਰਾਨ ਬੜੇ ਜ਼ੋਰ-ਸ਼ੋਰ ਨਾਲ ਲਿਆਂਦਾ ਮਾਡਲ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ ਹੈ। ਵੱਡੀ ਪੱਧਰ ਉਤੇ ਸਿਆਸਤ ਦਾ ਅਪਰਾਧੀਕਰਨ ਹੋਣ ਕਾਰਨ ਸੂਬੇ ਦੀ ਕਾਨੂੰਨ-ਵਿਵਸਥਾ ਹੀ ਡਾਵਾਂਡੋਲ ਹੋ ਗਈ ਹੈ ਅਤੇ ਹੁਣ ਸ. ਪ੍ਰਕਾਸ਼ ਸਿੰਘ ਬਾਦਲ ਵਰਗੇ ਬਜ਼ੁਰਗ ਆਗੂ ਨੂੰ ਵੀ ਸਵਾਲਾਂ ਦੇ ਜਵਾਬ ਦੇਣੇ ਔਖੇ ਹੋ ਰਹੇ ਹਨ। ਵਿਧਾਨ ਸਭਾ ਚੋਣਾਂ ਵਿਚ ਲਗਾਤਾਰ ਦੂਜੀ ਵਾਰ ਜਿੱਤ ਨੇ ਪਾਰਟੀ ਆਗੂਆਂ ਅਤੇ ਵਰਕਰਾਂ ਦੇ ਹੌਸਲੇ ਇੰਨੇ ਵਧਾ ਦਿੱਤੇ ਹਨ ਕਿ ਉਹ ਆਪ ਮੁਹਾਰੇ ਹੋ ਕੇ ਕਾਨੂੰਨ ਹੱਥ ਵਿਚ ਲੈ ਰਹੇ ਹਨ।

ਅਸਲ ਵਿਚ ਅਕਾਲੀ-ਭਾਜਪਾ ਗੱਠਜੋੜ ਸਰਕਾਰ ਲਈ ਸੱਤਾ ਦੀ ਦੂਜੀ ਪਾਰੀ ਕੰਡਿਆਂ ਦਾ ਤਾਜ ਹੀ ਸਾਬਤ ਹੋਈ ਹੈ। ਇਸ ਦੂਜੀ ਪਾਰੀ ਲਈ ਜਿੱਤ ਦਾ ਸਿਹਰਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਸਿਰ ਬੱਝਾ ਸੀ ਅਤੇ ਉਨ੍ਹਾਂ ਨੂੰ ਸਰਕਾਰ ਦਾ ਸਭ ਤੋਂ ਅਹਿਮ ਗ੍ਰਹਿ ਵਿਭਾਗ ਸੌਂਪਿਆ ਗਿਆ ਸੀ। ਪਿਛਲੇ ਕੁਝ ਸਾਲਾਂ ਤੋਂ ਉਨ੍ਹਾਂ ਜਿਸ ਢੰਗ ਨਾਲ ਪਾਰਟੀ ਦਾ ਜਥੇਬੰਦਕ ਢਾਂਚਾ ਖੜ੍ਹਾ ਕੀਤਾ, ਉਸ ਨੂੰ ਹੀ ਪਾਰਟੀ ਦੀ ਦੂਜੀ ਜਿੱਤ ਲਈ ਮੁੱਖ ਜ਼ਿੰਮੇਵਾਰ ਮੰਨਿਆ ਗਿਆ ਪਰ ਉਹ ਸੂਬੇ ਵਿਚ ਅਮਨ-ਕਾਨੂੰਨ ਦੀ ਹਾਲਤ ਬਣਾਈ ਰੱਖਣ ਵਿਚ ਕਾਮਯਾਬ ਹੁੰਦੇ ਨਜ਼ਰ ਨਹੀਂ ਆ ਰਹੇ। ਇਸ ਮਾਮਲੇ ਵਿਚ ਸੁਖਬੀਰ ਬਾਦਲ ਨੇ ਚੁਫੇਰਿਓਂ ਵਿਰੋਧ ਦੇ ਬਾਵਜੂਦ ਕਈ ਕੇਸਾਂ ਵਿਚ ਘਿਰੇ ਸੁਮੇਧ ਸੈਣੀ ਨੂੰ ਰਾਜ ਦਾ ਪੁਲਿਸ ਮੁਖੀ ਬਣਾਇਆ। ਇਸ ਤੋਂ ਇਲਾਵਾ ਸੂਬੇ ਦੇ ਸਮੂਹ ਥਾਣਿਆਂ ਨੂੰ ਜ਼ਬਾਨੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਕੋਈ ਵੀ ਕੇਸ ਸਥਾਨਕ ਆਗੂਆਂ ਨੂੰ ਭਰੋਸੇ ਵਿਚ ਲੈਣ ਤੋਂ ਬਿਨਾ ਦਰਜ ਨਾ ਕੀਤਾ ਜਾਵੇ। ਸਰਕਾਰ ਦੀ ਇਹ ਨੀਤੀ ਯੂਥ ਅਕਾਲੀ ਦਲ ਵਿਚ ਸ਼ਾਮਲ ਲੱਠਮਾਰਾਂ

(ਬਾਕੀ ਸਫਾ 6 'ਤੇ)



ਮਰਹੂਮ ਥਾਣੇਦਾਰ ਰਵਿੰਦਰਪਾਲ ਸਿੰਘ ਦੇ ਪਿਤਾ ਨੂੰ ਦਿਲਾਸਾ ਦੇ ਰਿਹਾ ਪੁਲਿਸ ਮੁਖੀ ਸੁਮੇਧ ਸੈਣੀ।

ਛੇਹਰਟਾ ਕਤਲ ਕਾਂਡ ਬਾਰੇ ਵਿਸ਼ੇਸ਼ ਕਵਰੇਜ ਸਫਾ 8-9 ਉਤੇ ਪੜ੍ਹੋ




## ਯੂ.ਪੀ.ਏ. ਸਰਕਾਰ ਨੂੰ ਵਾਲਮਾਰਟ ਦਾ ਲਪੇਟਾ

# ਨਿਵੇਸ਼ ਲਈ ਲੌਬਿੰਗ ਉਪਰ ਕਰੋੜਾਂ ਰੁਪਏ ਖਰਚਣ ਦੇ ਦੋਸ਼

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸਾਂਝਾ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਸਰਕਾਰ ਨੇ ਜੋੜ-ਤੋੜ ਕਰ ਕੇ ਬੇਸ਼ੱਕ ਲੋਕ ਸਭਾ ਤੇ ਰਾਜ ਸਭਾ ਵਿਚ ਪਰਚੂਨ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਖ਼ਿਲਾਫ਼ ਮਤੇ ਨੂੰ ਪਛਾੜ ਦਿੱਤਾ ਹੈ ਪਰ ਸਰਕਾਰ ਵਾਲਮਾਰਟ ਵੱਲੋਂ ਭਾਰਤ ਦੇ ਪਰਚੂਨ ਖੇਤਰ ਵਿਚ ਦਾਖਲ ਹੋਣ ਲਈ 'ਰਿਸ਼ਵਤ ਦੇਣ' ਦੇ ਮਾਮਲੇ 'ਤੇ ਬੁਰੀ ਤਰ੍ਹਾਂ ਘਿਰ ਗਈ ਹੈ ਤੇ ਸਰਕਾਰ ਨੂੰ ਵਾਲਮਾਰਟ ਦੇ ਇਸ ਝਟਕੇ ਤੋਂ ਸੰਭਲਣ ਵਿਚ ਕਾਫੀ ਔਖ ਆ ਰਹੀ ਹੈ।

ਜ਼ਿਕਰਯੋਗ ਹੈ ਕਿ ਭਾਰਤ ਦੇ ਮਲਟੀਬ੍ਰਾਂਡ ਰਿਟੇਲ ਸੈਕਟਰ ਵਿਚ ਪ੍ਰਵੇਸ਼ ਲਈ ਸਾਲਾਂ ਤੋਂ ਬੇਕਰਾਰ ਦੁਨੀਆਂ ਦੀ ਮੁੱਖ ਰਿਟੇਲ ਕੰਪਨੀ ਵਾਲਮਾਰਟ ਨੇ 2008 ਤੋਂ ਅਮਰੀਕੀ ਸੰਸਦ ਵਿਚ ਲੌਬਿੰਗ 'ਤੇ 2.5 ਕਰੋੜ ਡਾਲਰ (ਤਕਰੀਬਨ 125 ਕਰੋੜ ਰੁਪਏ) ਖਰਚ ਕੀਤੇ। ਵਾਲਮਾਰਟ ਨੇ ਲੌਬਿੰਗ 'ਤੇ ਖਰਚ ਦੇ ਬਾਰੇ ਅਮਰੀਕੀ ਸੈਨੇਟ ਨੂੰ ਦਿੱਤੀ ਗਈ ਆਪਣੀ ਰਿਪੋਰਟ ਵਿਚ ਕਿਹਾ ਕਿ ਭਾਰਤ ਵਿਚ ਨਿਵੇਸ਼ ਤੇ ਹੋਰ ਲੌਬਿੰਗ ਸਰਗਰਮੀਆਂ 'ਤੇ ਉਸ ਨੇ 2008 ਤੋਂ 2.5 ਕਰੋੜ ਡਾਲਰ ਖਰਚ ਕੀਤੇ ਹਨ।

ਕੰਪਨੀ ਨੇ 30 ਸਤੰਬਰ, 2012 ਨੂੰ ਸਮਾਪਤ ਤਿਮਾਹੀ ਵਿਚ ਵੱਖ-ਵੱਖ ਲੌਬਿੰਗ 'ਤੇ

(ਬਾਕੀ ਸਫਾ 6 'ਤੇ)

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।

✓ Low Interest Rate
✓ 3.5% Down Payment
✓ Free Credit Report
✓ Free Pre–Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate MBA • SFR • CDPE
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350
SFR Short Sales & Foreclosure Resource
CDPE Certified Distressed Property Expert
Masters Emerald

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਉਂਕਾਰ ਸਿੰਘ ਸੰਘਾ ਦਰਬਾਰ ਸਾਹਿਬ ਦੇ ਸਾਊਂਡ ਸਿਸਟਮ ਦੀ ਦੇਖ-ਰੇਖ ਕਰਨਗੇ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਅਣਥੱਕ ਸੇਵਕ ਸ. ਉਂਕਾਰ ਸਿੰਘ ਸੰਘਾ ਹੁਣ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਸਾਊਂਡ ਸਿਸਟਮ ਦੀ ਵੀ ਦੇਖ-ਰੇਖ ਕਰਨਗੇ। ਗੁਰਦੁਆਰਾ ਸੈਨ ਹੋਜ਼ੇ ਵਿਚ ਲਾਇਆ ਗਿਆ ਅਤਿ ਆਧੁਨਿਕ ਸਾਊਂਡ ਸਿਸਟਮ ਸ. ਸੰਘਾ ਦਾ ਹੀ ਲਾਇਆ ਹੋਇਆ ਹੈ। ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰਨੀ ਮੈਂਬਰ ਸ. ਰਾਜਿੰਦਰ ਸਿੰਘ ਮਹਿਤਾ ਜਦੋਂ ਗੁਰਦੁਆਰਾ ਸੈਨ ਹੋਜ਼ੇ ਦੇ ਦਰਸ਼ਨ ਕਰਨ ਆਏ ਤਾਂ ਉਹ ਗੁਰੂ ਘਰ ਦੇ ਸਾਊਂਡ ਸਿਸਟਮ ਤੋਂ ਬਹੁਤ ਹੀ ਪ੍ਰਭਾਵਤ ਹੋਏ ਸਨ ਅਤੇ ਉਨ੍ਹਾਂ ਨੇ ਉਸੇ ਸਮੇਂ ਭਾਈ ਉਂਕਾਰ ਸਿੰਘ ਨੂੰ ਦਰਬਾਰ ਸਾਹਿਬ ਵਿਚ ਵੀ ਇਹ ਸੇਵਾ ਨਿਭਾਉਣ ਦੀ ਬੇਨਤੀ ਕੀਤੀ ਸੀ।

ਜ਼ਿਕਰਯੋਗ ਹੈ ਕਿ ਸ. ਉਂਕਾਰ ਸਿੰਘ ਸੰਘਾ ਦੀਆਂ ਤਿੰਨ ਕਾਮਯਾਬ ਇਲੈਕਟ੍ਰਾਨਿਕ ਕੰਪਨੀਆਂ-ਅਮਰੀਕਾ, ਮਾਰੀਸ਼ੀਅਸ ਅਤੇ ਬੰਗਲੌਰ (ਭਾਰਤ) ਵਿਚ ਹਨ। ਉਨ੍ਹਾਂ ਨੇ ਸੈਨ ਹੋਜ਼ੇ ਗੁਰੂਘਰ ਵਿਚ ਸੋਲਾਂ ਹਜ਼ਾਰ ਕਿਲੋਵਾਟ ਦਾ ਸਾਊਂਡ ਸਿਸਟਮ ਲਾਇਆ ਹੈ ਅਤੇ ਜਿਸ ਨਾਲ ਇੱਕੋ ਸਮੇਂ ਸੌ ਤੋਂ ਵੱਧ ਸਪੀਕਰ ਚੱਲ ਸਕਦੇ ਹਨ। ਇਸ ਸਾਊਂਡ ਸਿਸਟਮ ਦੀ ਮਾਰਕੀਟ ਕੀਮਤ ਤਕਰੀਬਨ 2 ਮਿਲੀਅਨ ਡਾਲਰ ਹੈ ਪਰ ਸ. ਸੰਘਾ ਨੇ ਗੁਰਦੁਆਰਾ ਸੈਨ ਹੋਜ਼ੇ ਵਿਚ ਇਹ ਸਿਸਟਮ ਬਹੁਤ ਹੀ ਘੱਟ ਕੀਮਤ 'ਤੇ ਲਾਇਆ ਹੈ। ਕਿਹਾ ਜਾਂਦਾ ਹੈ ਕਿ ਅਜਿਹਾ ਸਾਊਂਡ ਸਿਸਟਮ ਦੁਨੀਆਂ ਭਰ ਦੇ ਕਿਸੇ ਵੀ ਗੁਰਦੁਆਰਾ ਸਾਹਿਬ ਵਿਚ ਨਹੀਂ ਹੈ। ਇਸ ਸਾਊਂਡ ਸਿਸਟਮ ਰਾਹੀਂ ਕਿਸੇ ਵੀ ਸਮਾਗਮ ਨੂੰ ਆਡੀਓ ਅਤੇ ਵੀਡੀਓ ਰਾਹੀਂ ਸਿੱਧਾ ਪ੍ਰਸਾਰਤ ਕੀਤਾ ਜਾ ਸਕਦਾ ਹੈ। ਇੱਕ ਹੋਰ ਵਿਸ਼ੇਸ਼ ਗੱਲ ਇਹ ਹੈ ਕਿ ਸਪੀਕਰਾਂ ਦੀ ਆਵਾਜ਼ ਇਕ ਦੂਸਰੇ ਨਾਲ ਨਹੀਂ ਖਹਿੰਦੀ ਅਤੇ ਨਾ ਹੀ ਡਬਲ ਅਤੇ ਪਿੱਛੋਂ ਆਵਾਜ਼ ਆਉਂਦੀ ਹੈ। ਰਾਗੀ ਸਿੰਘਾਂ ਨੂੰ ਕੀਰਤਨ ਸਮੇਂ ਕੋਈ ਬਹੁਤਾ ਜ਼ੋਰ ਨਹੀ ਲਾਉਣਾ ਪੈਂਦਾ ਅਤੇ ਮਾਈਕ ਆਪਣੇ ਆਪ ਹੀ ਆਵਾਜ਼ ਮੁਤਾਬਕ ਅਡਜਸਟ ਹੋ ਜਾਂਦੇ ਹਨ।


ਉਂਕਾਰ ਸਿੰਘ ਸੰਘਾ

ਗੁਰਦੁਆਰਾ ਪ੍ਰਬੰਧਕ ਕਮੇਟੀ ਅਨੁਸਾਰ ਗੁਰੂ ਘਰ ਦੀ ਖੂਬਸੂਰਤ ਇਮਾਰਤ ਅਤੇ ਸਾਊਂਡ ਸਿਸਟਮ ਕਾਰਨ ਕੈਲੀਫੋਰਨੀਆ ਤੋਂ ਬਾਹਰਲੀਆਂ ਸਟੇਟਾਂ ਤੋਂ ਵੀ ਵਿਆਹ-ਸ਼ਾਦੀਆਂ ਦੇ ਸਮਾਗਮਾਂ ਦੀ ਬੁਕਿੰਗ ਹੋਣੀ ਸ਼ੁਰੂ ਹੋ ਗਈ ਹੈ।

## ਭਾਈ ਰਾਜੋਆਣਾ ਦੀ ਚੜ੍ਹਦੀ ਕਲਾ ਲਈ ਅਰਦਾਸ

**ਡੈਲਹਾਈ (ਬਿਊਰੋ):** ਟਰਲਕ ਅਤੇ ਲਿਵਿੰਗਸਟਨ ਦੇ ਵਿਚਾਲੇ ਸਥਾਪਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ (ਨਾਨਕਸਰ) ਡੈਲਹਾਈ ਵਿਖੇ ਲੰਘੇ ਐਤਵਾਰ 9 ਦਸੰਬਰ ਨੂੰ ਜਿੰਦਾ ਸਹੀਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਚੜ੍ਹਦੀ ਕਲਾ ਲਈ ਅਰਦਾਸ ਸਮਾਗਮ ਹੋਇਆ ਜਿਸ ਵਿਚ ਦੂਰੋਂ ਦੂਰੋਂ ਆਈਆਂ ਸੰਗਤਾਂ ਨੇ ਹਾਜਰੀ ਭਰੀ। ਸਵੇਰੇ ਅਖੰਡ ਪਾਠ ਦੇ ਭੋਗ ਉਪਰੰਤ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਸਿੱਖ ਸੰਘਰਸ਼ ਨਾਲ ਜੁੜੇ ਤੇ ਜੇਲ੍ਹਾਂ ਵਿਚ ਬੰਦ ਹੋਰ ਸਿੰਘਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਹੋਈ। ਬਾਬਾ ਬਲਵਿੰਦਰ ਸਿੰਘ ਕੁਰਾਲੀ ਵਾਲਿਆਂ ਅਤੇ ਗੁਰੂ ਘਰ ਦੇ ਹੋਰ ਕੀਰਤਨੀਆਂ ਨੇ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਨਿਹਾਲ ਕੀਤਾ। ਗੁਰਦੁਆਰਾ ਕਮੇਟੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਹਰਪ੍ਰੀਤ ਸਿੰਘ ਬੈਸ, ਜਸਵਿੰਦਰ ਸਿੰਘ ਕੰਗ ਅਤੇ ਇਕਬਾਲ ਸਿੰਘ ਬਡਵਾਲ ਹਾਜ਼ਰ ਸਨ।


Gas Station For Sale




Busy gas station on national highway 40 E. in Indianapolis, IN is available for sale.
Monthly Sale: Inside- $45,000, Gas- 6500 gallons
Price: $375,000.00 (with property)

ਇੰਡੀਅਨਐਪੋਲਿਸ, ਇੰਡੀਆਨਾ ਵਿਚ ਹਾਈਵੇਅ 40 ਈਸਟ ਉਤੇ ਚੰਗਾ ਚੱਲਦਾ ਗੈਸ ਸਟੇਸ਼ਨ ਵਿਕਾਊ ਹੈ

ਸੰਪਰਕ ਕਰੋ:
317-270-7016 or 317-225-0699



Pacific Coast Law Firm P.C.
A Professional Corporation
2351 W. March Lane, Ste A, Stockton, CA 95207
704 I Street, Ste B, Modesto, CA 95253
(209) 475-6001

DIVORCE/FAMILY LAW (ਡਿਵੋਰਸ ਅਤੇ ਫੈਮਿਲੀ ਲਾਅ)
* Child Custody/Visitation
* Child Support
* Spousal Support/Alimony
* Property Division
* Restraining Orders
* Guardianships

IMMIGRATION LAW (ਇਮੀਗਰੇਸ਼ਨ ਲਾਅ)
* Family/Fiancee Visa
* Citizenship
* Removal/Deportation Defense
* Asylum
* Adjustment of Status
* Waivers (UP/Criminal)
* International Visas
* Passport Applications
* Power of Attorney
* Religious Visa/Adjustment
* EB-5/Investor Visas
* VAWA
* U/T Visas
* Green Card
* DACA
* OCI
* Passport/Identity Card

BANKRUPTCY (ਬੈਂਕਰਪਸੀ)
* Chapter 7
* Credit Card Bills
* Medical Bills
* Wage Garnishments


Harleen Wahid-Dail
Attorney at Law

WILLS, TRUSTS & ESTATES (ਵਿਰਾਸਤ, ਟਰਸਟ ਅਤੇ ਐਸਟੇਟਸ)
· Document Creation
· Inter Vivos Trusts
· Direction for Res Funding
· Notary on Site
· Durable Power of Attorney
· Power of Attorney

TAX LAW (ਟੈਕਸ ਲਾਅ)
* Offers In Compromise * Payment Plans

SOCIAL SECURITY & VETERAN DISABILITY (ਸੋਸ਼ਲ ਸਿਕਿਉਰਿਟੀ ਅਤੇ ਵੈਟਰਨ ਡਿਸਏਬਲਿਟੀ)
* Initial Applications
* SSDI / SSI
* Hearings / Appeals
* Survivor & Disabled
* Widower Benefit
* EDD Claims / Appeals


Kiran Sihota
Attorney at Law

# ਜਮਹੂਰੀ ਢੰਗ ਨਾਲ ਖਾਲਿਸਤਾਨ ਲਈ ਵਚਨਵੱਧ ਹਾਂ: ਈਮਾਨ ਸਿੰਘ ਮਾਨ

## ਮਾਨ ਅਕਾਲੀ ਦਲ ਦਾ ਪੰਥਕ ਸ਼ਕਤੀਆਂ ਨੂੰ ਜੋੜਨ ਦਾ ਹੰਭਲਾ

**ਸ਼ਿਕਾਗੋ (ਬਿਊਰੋ):** ਅਕਾਲੀ ਦਲ (ਅੰਮ੍ਰਿਤਸਰ) ਦੇ ਬੈਨਰ ਹੇਠ ਇਥੇ ਗੁਰਦੁਆਰਾ ਪੈਲਾਟਾਈਨ ਵਿਖੇ 'ਨਸਲਕੁਸ਼ੀ ਅਤੇ ਪ੍ਰਭੂਸੱਤਾ' ਵਿਸ਼ੇ 'ਤੇ ਲੰਘੇ ਐਤਵਾਰ ਨੂੰ ਕਰਵਾਈ ਗਈ ਕਾਨਫਰੰਸ ਵਿਚ ਬੋਲਦਿਆਂ ਵਖ ਵਖ ਬੁਲਾਰਿਆਂ ਨੇ ਭਾਰਤ ਵਿਚ ਸਿੱਖ ਕੌਮ ਨਾਲ ਵਿਤਕਰੇ ਦੀ



ਗੱਲ ਬੜੇ ਜੋਰ ਨਾਲ ਉਠਾਈ ਅਤੇ ਕਿਹਾ ਕਿ ਆਜ਼ਾਦ ਰਾਜ ਖਾਲਿਸਤਾਨ ਲਏ ਬਿਨਾ ਸਿੱਖ ਆਜ਼ਾਦੀ ਦਾ ਨਿੱਘ ਨਹੀਂ ਮਾਣ ਸਕਦੇ। ਉਨ੍ਹਾਂ ਆਖਿਆ ਕਿ ਨਵੰਬਰ 1984 ਵਿਚ ਦਿੱਲੀ ਤੇ ਹੋਰਨਾਂ ਥਾਂਈਂ ਸਿੱਖਾਂ ਦਾ ਕਤਲੇਆਮ ਭਾਰਤ ਦੀ ਹਿੰਦੂਪ੍ਰਸਤ ਸਰਕਾਰ ਵਲੋਂ ਇਕ ਸੋਚੀ-ਸਮਝੀ ਸਾਜਿਸ਼ ਅਧੀਨ ਕੀਤਾ ਗਿਆ। ਬੁਲਾਰਿਆਂ ਦੀਆਂ ਤਕਰੀਰਾਂ ਦੌਰਾਨ ਵਾਰ ਵਾਰ ਖਾਲਿਸਤਾਨ-ਜਿੰਦਾਬਾਦ ਦੇ ਨਾਅਰੇ ਲਾਏ ਗਏ।

ਇਸੇ ਦੌਰਾਨ ਗੁਰਦੁਆਰਾ ਪੈਲਾਟਾਈਨ ਦੀ ਸੰਗਤ ਦੇ ਇਕ ਹਿੱਸੇ ਵਲੋਂ ਗੁਰੂਘਰ ਦੀ ਸਟੇਜ ਕਿਸੇ ਇਕ ਪਾਰਟੀ ਨੂੰ ਵਰਤਣ ਦੇਣ ਵਿਰੁਧ ਰੋਸ ਪ੍ਰਗਟ ਕੀਤਾ ਗਿਆ। ਕਾਨਫਰੰਸ ਦੌਰਾਨ ਸੰਗਤ ਦੇ ਇਨ੍ਹਾਂ ਮੈਂਬਰਾਂ ਵਲੋਂ ਇਹ ਗੱਲ ਕਹੀ ਗਈ ਕਿ ਗੁਰੂਘਰ ਦੀ ਸਟੇਜ ਦੀ ਵਰਤੋਂ ਸਾਂਝੇ ਪੰਥਕ ਮਸਲਿਆਂ ਲਈ ਤਾਂ ਕੀਤੀ ਜਾ ਸਕਦੀ ਹੈ ਪਰ ਕਿਸੇ ਇਕ ਪਾਰਟੀ ਦੇ ਬੈਨਰ ਹੇਠ ਅਜਿਹਾ ਕਰਨਾ ਸਹੀ ਨਹੀਂ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਇਹ ਕਾਨਫਰੰਸ ਗੁਰੂ ਘਰ ਦੇ ਕਿਸੇ ਕਮਰੇ ਜਾਂ ਆਮ ਹਾਲ ਵਿਚ ਹੋਵੇ ਉਨ੍ਹਾਂ ਨੂੰ ਕੋਈ ਇਤਰਾਜ ਨਹੀਂ। ਇਕ ਸਟੇਜ ਉਤੇ ਕੁਝ ਰੌਲਾ ਵੀ ਪਿਆ ਅਤੇ ਪ੍ਰਬੰਧਕਾਂ ਵਲੋਂ ਰੋਸ ਪ੍ਰਗਟਾ ਰਹੇ ਸੰਗਤ ਮੈਂਬਰਾਂ ਨੂੰ ਦੀਵਾਨ ਹਾਲ ਤੋਂ ਬਾਹਰ ਗੱਲ ਕਰਨ ਲਈ ਕਿਹਾ ਗਿਆ। ਇਸੇ ਦੌਰਾਨ ਪ੍ਰਬੰਧਕਾਂ ਵਲੋਂ ਪੁਲਿਸ ਬੁਲਾ ਲਈ ਗਈ ਅਤੇ ਪੁਲਿਸ ਨੇ ਰੋਸ ਪ੍ਰਗਟਾ ਰਹੇ ਸੰਗਤ ਮੈਂਬਰਾਂ ਨੂੰ ਗੁਰੂ ਘਰ ਤੋਂ ਚਲੇ ਜਾਣ ਲਈ ਕਹਿ ਦਿਤਾ।

ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਾਅਦ ਵਿਚ ਵੱਖ ਵੱਖ ਬੁਲਾਰਿਆਂ ਨੇ ਵਿਰੋਧ ਕਰ ਰਹੇ



ਕਾਨਫਰੰਸ ਬਾਰੇ ਬੋਰਡ ਮੈਂਬਰ ਹਰਵਿੰਦਰ ਸਿੰਘ (ਹਰੀ ਪੱਗ) ਨਾਲ ਹੋਰ ਰਿਹਾ ਤਕਰਾਰ

ਲੋਕਾਂ ਨੂੰ ਅਕਾਲੀ ਦਲ (ਬਾਦਲ), ਕਾਂਗਰਸ ਅਤੇ ਭਾਰਤੀ ਏਜੰਸੀਆਂ ਦੇ ਏਜੰਟ ਆਖਿਆ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਇਨ੍ਹਾਂ ਲੋਕਾਂ ਨੇ ਗੁਰੂ ਦਰਬਾਰ ਅੰਦਰ ਖਲਲ ਪਾ ਕੇ ਬੇਅਦਬੀ ਕੀਤੀ ਹੈ। ਬੁਲਾਰਿਆਂ ਨੇ 1984 ਦੇ ਸਿੱਖ ਕਤਲੇਆਮ ਦੀ ਗੱਲ ਕਰਦਿਆਂ ਵਾਰ ਵਾਰ ਇਹ ਗੱਲ ਆਖੀ ਕਿ ਉਦੋਂ ਕਿਸੇ ਨੇ ਇਹ ਨਹੀਂ ਸੀ ਦੇਖਿਆ ਕਿ ਕੋਈ ਸਿੱਖ ਆਕਲੀ ਹੈ, ਕਾਂਗਰਸੀ, ਨਾਸਤਿਕ ਹੈ ਜਾਂ ਆਸਤਿਕ, ਸਿਰਫ ਪੱਗ ਵੇਖ ਕੇ ਹੀ ਉਨ੍ਹਾਂ ਦੇ ਗਲ ਟਾਇਰ ਪਾ ਕੇ ਤੇ ਪੈਟਰੋਲ ਸੁੱਟ ਕੇ ਅੱਗਾਂ ਲਾ ਦਿੱਤੀਆਂ ਗਈਆਂ ਸਨ। ਗੁਰੂ ਘਰ ਅੰਦਰ ਖਾਲਿਸਤਾਨ ਦੀ ਗੱਲ ਕਰਨਾ ਪੰਥਕ ਧਿਰਾਂ ਦਾ ਹੱਕ ਬਣਦਾ ਹੈ ਅਤੇ ਇਹ ਗੱਲ ਗੁਰੂ ਘਰਾਂ ਵਿਚ ਹੁੰਦੀ ਆਈ ਹੈ।

ਇਸ ਕਾਨਫਰੰਸ ਵਿਚ ਵੱਖ ਵੱਖ ਸੰਸਥਾਵਾਂ ਨਾਲ ਸਬੰਧਤ ਸਿੱਖ ਆਗੂ ਅਤੇ ਬੁਲਾਰੇ ਫਰਾਂਸ, ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਤੋਂ ਪਹੁੰਚੇ ਹੋਏ ਸਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਯੂਥ ਆਗੂ ਈਮਾਨ ਸਿੰਘ ਮਾਨ ਨੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਕੌਮ ਦੇ ਮਸਲਿਆਂ ਦਾ ਇੱਕੋ ਇੱਕ ਹੱਲ ਆਜ਼ਾਦ ਵਤਨ ਖਾਲਿਸਤਾਨ ਹੈ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਜਮਹੂਰੀ ਢੰਗ ਨਾਲ ਖਾਲਿਸਤਾਨ ਦੀ ਪ੍ਰਾਪਤੀ ਲਈ ਯਤਨਸ਼ੀਲ ਰਹੇਗਾ। ਸ. ਸਿਮਰਨਜੀਤ ਸਿੰਘ ਮਾਨ ਦੇ ਸਪੁੱਤਰ ਈਮਾਨ ਸਿੰਘ ਮਾਨ ਨੇ ਦੋਸ਼ ਲਾਇਆ ਕਿ ਬਾਦਲ ਸਰਕਾਰ ਅਧੀਨ ਪੰਜਾਬ ਵਿਚ ਗੁੰਡਾ ਰਾਜ ਕਾਇਮ ਹੋਇਆ ਪਿਆ ਹੈ ਅਤੇ ਅਸੀਂ ਪੰਜਾਬ ਵਿਚ ਪੁਲਿਸ ਅਤੇ ਪ੍ਰਸਾਸ਼ਨ ਵਲੋਂ ਕੀਤੀ ਜਾ ਰਹੀ ਗੁੰਡਾਗਰਦੀ ਦੇ ਹਲਫੀਆ ਬਿਆਨ ਇਕੱਤਰ ਕਰ ਰਹੇ ਹਾਂ ਤਾਂ ਕਿ ਅਸੀਂ ਅਮਰੀਕਾ ਦੀ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਦੇ ਮੰਚ 'ਤੇ ਇਸ ਨੂੰ ਦੋਸ਼ੀ ਠਹਿਰਾ ਸਕੀਏ। ਇਸ ਮੌਕੇ ਈਮਾਨ ਸਿੰਘ ਮਾਨ ਨੇ ਦਸਤਾਵੇਜ਼ਾਂ ਦਾ ਇਕ ਪੁਲੰਦਾ ਪ੍ਰਬੰਧਕਾਂ ਦੇ ਸਪੁਰਦ ਕੀਤਾ।

ਇਸ ਤੋਂ ਪਹਿਲਾਂ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੰਭਾਲਦਿਆਂ ਪਾਰਟੀ ਦੀ ਅਮਰੀਕਾ ਇਕਾਈ ਦੇ ਕਨਵੀਨਰ ਸ. ਬੂਟਾ ਸਿੰਘ ਖੜੌਦ ਨੇ ਕਾਨਫਰੰਸ ਨੂੰ ਤਰਤੀਬ ਦਿੰਦਿਆਂ ਸਭ ਨੂੰ ਜੀ ਆਇਆਂ ਆਖਿਆ ਅਤੇ ਆਪਣੀ ਪਾਰਟੀ ਦੇ ਉਦੇਸ਼, ਪ੍ਰਾਪਤੀਆਂ ਅਤੇ ਮੁਸ਼ਕਲਾਂ ਦਾ ਖੁਲਾਸਾ ਕੀਤਾ। ਉਨ੍ਹਾਂ ਕਿਹਾ ਕਿ ਇਸ ਕਾਨਫਰੰਸ ਦਾ ਮੁੱਖ ਮੁੱਦਾ ਸਮੁੱਚੇ ਪੰਥ ਦੀ ਖੇਰੂੰ ਖੇਰੂੰ ਹੋਈ ਸ਼ਕਤੀ ਨੂੰ ਇੱਕ ਕਰਨਾ ਹੈ ਅਤੇ ਇਸ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਮੈਂਬਰ ਹੋਣਾ ਜ਼ਰੂਰੀ ਨਹੀਂ, ਅਸਲ ਮਾਅਨਿਆਂ ਵਿਚ ਅਸੀਂ ਸਿਰਫ ਤਰਤੀਬ ਦੇਣ ਤੱਕ ਸੀਮਤ ਰਹਾਂਗੇ ਅਤੇ ਇਹ ਕਾਨਫਰੰਸ ਸਮੁੱਚੇ ਪੰਥ ਦੀ ਕਾਨਫਰੰਸ ਹੈ।

ਮਾਂਟਰੀਅਲ (ਕੈਨੇਡਾ) ਤੋਂ ਆਏ ਪ੍ਰਭਸਰਵਣ ਸਿੰਘ ਨੇ ਇਸ ਮੌਕੇ ਬੜੇ ਨਾਪ-ਤੋਲਵੇਂ ਸ਼ਬਦਾਂ ਵਿਚ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੰਦਿਆਂ ਭਾਰਤ ਸਰਕਾਰ ਵਲੋਂ ਸਿੱਖਾਂ 'ਤੇ ਕੀਤੇ ਜਾ ਰਹੇ ਜ਼ੁਲਮਾਂ ਦੀ ਦਾਸਤਾਨ ਖੋਲ ਕੇ ਸੁਣਾਈ। ਉਨ੍ਹਾਂ ਸਿੱਖ ਜਗਤ ਨੂੰ ਖਾਲਿਸਤਾਨ ਦੇ ਸੰਘਰਸ਼ ਵਿਚ ਆਪਣੀ ਵਿੱਤ ਮੁਤਾਬਕ ਯੋਗਦਾਨ ਪਾਉਣ ਦੀ ਅਪੀਲ ਕੀਤੀ।

ਐਡਮੰਟਨ, ਕੈਨੇਡਾ ਤੋਂ ਨੌਜੁਆਨ ਆਗੂ ਗੁਰਜੋਤ ਸਿੰਘ ਨੇ ਬੜੇ ਜਜ਼ਬਾਤੀ ਲਹਿਜ਼ੇ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਬੇਬਾਕ ਪ੍ਰਚਾਰ ਸਦਕਾ ਪੰਜਾਬ ਦੀਆਂ ਗਲੀਆਂ ਵਿਚ ਖਲਿਸਤਾਨੀ ਹਵਾਵਾਂ ਰੁਮਕਣ ਲੱਗੀਆਂ ਹਨ।

ਪਾਰਟੀ ਦੇ ਸਕੱਤਰ ਜੀਤ ਸਿੰਘ ਆਲੋਅਰਖ ਨੇ ਪਾਰਟੀ ਦੀਆਂ ਅੰਦਰੂਨੀ ਗੱਲਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਪਾਰਟੀ ਹਮੇਸ਼ਾ ਬੁਰੇ ਵਕਤ 'ਚੋਂ ਹੀ ਗੁਜ਼ਰੀ ਹੈ। ਉਨ੍ਹਾਂ ਕਿਹਾ ਕਿ ਬਾਦਲ ਦੇ ਰਾਜਕਾਲ ਅਧੀਨ ਪੁਲਿਸ ਅਤੇ ਪ੍ਰਸਾਸ਼ਨ ਨੇ ਸਿੱਖ ਨੌਜੁਆਨਾਂ ਉਤੇ ਹਮੇਸ਼ਾ ਬੇਇੰਤਹਾ ਜ਼ੁਲਮ ਢਾਹੇ ਹਨ, ਪਰ ਸਾਡੇ ਹੌਂਸਲੇ ਬੁਲੰਦ ਹਨ।

ਵਾਸ਼ਿੰਗਟਨ ਡੀ ਸੀ ਤੋਂ ਪਹੁੰਚੇ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਬੁਲਾਰੇ ਡਾ. ਅਮਰਜੀਤ ਸਿੰਘ ਨੇ ਕਾਨਫਰੰਸ ਦੇ ਵਿਰੋਧ ਨੂੰ ਬਾਦਲ ਦਲੀਆਂ ਦੀ ਬੁਖਲਾਹਟ ਕਰਾਰ ਦਿੰਦਿਆਂ ਕਿਹਾ ਕਿ ਸਾਡੇ ਕਦਮ ਨਹੀਂ ਥਿੜਕਣਗੇ। ਇਹ ਲੋਕ ਚਾਹੁੰਦੇ ਸਨ ਕਿ ਇਥੇ ਇਨ੍ਹਾਂ ਦਾ ਖਾਲਿਸਤਾਨੀਆਂ ਵਲੋਂ ਕੁਟਾਪਾ



ਸ. ਈਮਾਨ ਸਿੰਘ ਮਾਨ ਨੂੰ ਸਿਰੋਪਾਓ ਦੇ ਕੇ ਉਨ੍ਹਾਂ ਦਾ ਮਾਣ ਸਨਮਾਨ ਕਰਦੇ ਹੋਏ ਬੀਬੀ ਸੁਖਦੇਵ ਕੌਰ ਤੇ ਹੋਰ ਆਗੂ

ਚਾੜ੍ਹਿਆ ਜਾਂਦਾ ਤੇ ਫਿਰ ਇਹ ਸਾਨੂੰ ਬਦਨਾਮ ਕਰਦੇ ਕਿ ਅਸੀਂ ਗੁਰਦੁਆਰਿਆਂ ਵਿਚ ਝਗੜੇ ਕਰਦੇ ਹਾਂ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੈਂਬਰਾਂ ਦਾ ਇਸ ਸਥਿਤੀ ਨੂੰ ਹਲੀਮੀ ਨਾਲ ਨਜਿੱਠਣ ਅਤੇ ਬਾਦਲ ਦਲੀਆਂ ਦੇ ਮਨਸੂਬਿਆਂ ਨੂੰ ਫੇਲ੍ਹ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਬਾਦਲਾਂ ਨੇ ਪੰਜਾਬ ਵਿਚ ਮਾਫੀਆ ਰਾਹੀਂ ਹਰ ਸ਼ੈਅ ਉਤੇ ਕਬਜ਼ਾ ਕੀਤਾ ਹੋਇਆ ਹੈ। ਕਬਜ਼ੇ ਦੀ ਇਸੇ ਭਾਵਨਾ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਮਰੀਕਾ ਬਣਾਈ। ਆਪਣੇ ਰਵਾਇਤੀ ਅੰਦਾਜ ਵਿਚ ਡਾ. ਅਮਰਜੀਤ ਸਿੰਘ ਨੇ ਇਤਿਹਾਸਕ ਹਵਾਲੇ ਦਿੰਦਿਆਂ ਭਾਰਤ ਸਰਕਾਰ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਅਤੇ ਇਸ ਦੀਆਂ ਦੋਗਲੀਆਂ ਨੀਤੀਆਂ ਦਾ ਖੁਲਾਸਾ ਕੀਤਾ। ਉਨ੍ਹਾਂ ਆਖਿਆ ਕਿ ਉਹ ਦਿਨ ਦੂਰ ਨਹੀਂ ਜਦੋਂ ਦਿੱਲੀ ਤਖਤ 'ਤੇ ਅਕਾਲ ਪੁਰਖ ਦੀ ਫੌਜ ਹਕੂਮਤ ਕਰੇਗੀ।

ਟੋਰਾਂਟੋ ਤੋਂ ਪੱਤਰਕਾਰ ਸੁਖਮਿੰਦਰ ਸਿੰਘ ਹੰਸਰਾ ਨੇ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ (ਅੰਮ੍ਰਿਤਸਰ) ਦਾ ਇਹ ਕਾਨਫਰੰਸ ਕਰਨ ਲਈ ਧੰਨਵਾਦ ਕੀਤਾ ਅਤੇ ਆਪਣੀ ਗੱਲ ਮੁਹੰਮਦ ਅਲਾਮਾ ਇਕਬਾਲ ਦੇ ਸ਼ੇਅਰ 'ਕਿਆ ਹੂਆ ਜੋ ਤੇਰੇ ਮਾਥੇ ਪਰ ਹੈਂ ਸਜਦੋਂ ਕੇ ਨਿਸ਼ਾਨ, ਕੋਈ ਐਸਾ ਸਜਦਾ ਭੀ ਕਰ ਕਿ ਜ਼ਮੀਨ ਪਰ ਨਿਸ਼ਾਨ ਛੋੜ ਜਾਏ!' ਨਾਲ ਅਰੰਭ ਕਰਦਿਆਂ ਕਾਨਫਰੰਸ ਦਾ ਵਿਰੋਧ ਕਰਨ ਵਾਲੇ ਲੋਕਾਂ ਨੂੰ ਬਾਦਲ ਦਲ ਦੇ ਖਰੂਦੀ ਕਰਾਰ ਦਿੱਤਾ। ਸ. ਹੰਸਰਾ ਨੇ ਕਿਹਾ ਕਿ ਦੁਨੀਆਂ ਦੀ ਕੋਈ ਵੀ ਸਰਕਾਰ ਨਸਲਕੁਸ਼ੀ 'ਤੇ ਪਰਦਾ ਪਾਉਣ ਵਿਚ ਕਾਮਯਾਬ ਨਹੀਂ ਹੋ ਸਕੇਗੀ, ਭਾਵੇਂ ਕਿ ਭਾਰਤ ਦੀ ਪ੍ਰਾਪੇਗੰਡਾ ਮਸ਼ੀਨਰੀ ਨੇ ਸਾਨੂੰ 28 ਸਾਲ ਇਸ ਭੰਬਲਭੂਸੇ ਵਿਚ ਪਾਈ ਰੱਖਿਆ ਕਿ 1984 ਦਾ ਕਲਤੇਆਮ ਸਿੱਖ ਨਸਲਕੁਸ਼ੀ ਨਹੀਂ, ਦੰਗੇ ਸਨ। ਉਨ੍ਹਾਂ ਅਮਰੀਕਾ ਦੇ ਤੀਜੇ ਰਾਸ਼ਟਰਪਤੀ ਥਾਮਸ ਜੈਫਰਸਨ ਦਾ ਹਵਾਲਾ ਦਿੰਦਿਆਂ ਆਖਿਆ ਕਿ ਜ਼ਾਲਮ ਦਾ ਵਿਰੋਧ ਕਰਨਾ ਗੁਰੂ ਦੇ ਆਗਿਆਕਾਰੀ ਹੋਣ ਤੁੱਲ ਹੈ। ਉਜਲੇ ਭਵਿੱਖ ਦੀ ਤਮੰਨਾ ਕਰਨ ਵਾਲਿਆਂ ਨੂੰ ਅਮਰੀਕਾ ਦੇ ਕਾਲੇ ਆਗੂ ਮੈਲਕਮ ਐਕਸ ਦੇ ਇਸ ਕਥਨ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਭਵਿੱਖ ਉਨ੍ਹਾਂ ਦਾ ਹੋਇਆ ਕਰਦਾ ਹੈ ਜੋ ਅੱਜ ਭਵਿੱਖ ਲਈ ਯਤਨ ਕਰਦੇ ਹਨ। ਖਾਲਿਸਤਾਨ ਦੀ ਮੰਗ ਉਤੇ ਜ਼ੋਰ ਦੇਣ ਲਈ ਸ. ਹੰਸਰਾ ਨੇ ਮਾਰਟਿਨ ਲੂਥਰ ਕਿੰਗ ਜੂਨੀਅਰ ਦਾ ਹਵਾਲਾ ਦਿੰਦਿਆਂ ਆਖਿਆ ਕਿ ਰਾਜ ਕਦੇ ਕਿਸੇ ਨੂੰ ਪਲੇਟ ਵਿਚ ਪਾ ਕੇ ਨਹੀਂ ਮਿਲਿਆ, ਇਸ ਦੀ ਮੰਗ ਕਰਨੀ ਪੈਂਦੀ ਹੈ। ਇਹੋ ਗੱਲ ਸਿੱਖ ਵਿਰਸਾ ਕਹਿੰਦਾ ਹੈ ਕਿ 'ਕੋਊ ਕਿਸੀ ਕੋ ਰਾਜ ਨਾ ਦੇਹੈ, ਜੋ ਲੇ ਹੈ ਨਿੱਜ ਬਲ ਸੇ ਲੇ ਹੈ।' ਉਨ੍ਹਾਂ ਆਪਣੇ ਤਕਰੀਰ ਦੇ ਅਖੀਰ 'ਚ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਨੇ ਸਮੂਹ ਪੰਥਕ ਧਿਰਾਂ ਨੂੰ ਸਿਰ ਜੋੜ ਕੇ ਸਾਂਝੇ ਪੰਥਕ ਹਿੱਤਾਂ ਲਈ ਰਲ ਕੇ ਹੰਭਲਾ ਮਾਰਨ ਦਾ ਸੱਦਾ ਦਿੱਤਾ। ਫਰਾਂਸ ਤੋਂ ਆਏ ਚੈਨ ਸਿੰਘ ਨੇ ਫਰਾਂਸ ਵਿਚ ਸਿੱਖਾਂ ਨੂੰ ਪੱਗ ਅਤੇ ਸਿੱਖੀ ਸਰੂਪ ਲਈ ਪੇਸ਼ ਆ ਰਹੀਆਂ ਮੁਸ਼ਕਿਲਾਂ ਦਾ ਹਵਾਲਾ ਦਿੰਦਿਆਂ ਆਖਿਆ ਕਿ ਜੇ ਸਾਡੇ ਪਾਸ ਖਾਲਿਸਤਾਨ ਹੁੰਦਾ ਤਾਂ ਇਹ ਮੁਸ਼ਕਿਲਾਂ ਨਾ ਆਉਂਦੀਆਂ। ਡਾ. ਗੁਰਮੀਤ ਸਿੰਘ ਔਲਖ ਨੇ ਆਪਣੇ ਰਵਾਇਤੀ ਅੰਦਾਜ਼ ਵਿਚ ਭਾਰਤ ਸਰਕਾਰ ਉਤੇ ਨਿਰੰਤਰ ਸਿੱਖ ਵਿਰੋਧੀ ਰਵੱਈਆ ਅਪਨਾਏ ਜਾਣ ਦਾ ਦੋਸ਼ ਲਾਉਂਦਿਆਂ ਆਖਿਆ ਕਿ ਸਿੱਖਾਂ ਦਾ ਗੁਜ਼ਾਰਾ ਖਾਲਿਸਤਾਨ ਦੀ ਪ੍ਰਾਪਤੀ ਤੋਂ ਬਿਨਾ ਨਹੀਂ ਹੋਵੇਗਾ। ਉਨ੍ਹਾਂ ਆਖਿਆ ਕਿ ਜਿਸ ਤਰ੍ਹਾਂ ਕਸ਼ਮੀਰੀ, ਬੰਗਾਲੀ, ਤੈਲਗੂ ਅਤੇ ਅਸਾਮੀ ਲੋਕ ਆਪੋ ਆਪਣੀ ਆਜ਼ਾਦੀ ਦੀ ਆਵਾਜ਼ ਉਠਾ ਰਹੇ ਹਨ, ਭਾਰਤ ਇਕ ਦਿਨ ਖੇਰੂੰ ਖੇਰੂੰ ਹੋ ਕੇ ਰਹੇਗਾ। ਉਨ੍ਹਾਂ ਆਪਣੀ ਤਕਰੀਰ ਦੇ ਅਖੀਰ ਵਿਚ ਪੂਰੀ ਬੁਲੰਦ ਆਵਾਜ਼ ਵਿਚ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ। ਇਸ ਤੋਂ ਇਲਾਵਾ ਜਸਪਾਲ ਸਿੰਘ ਬੈਂਸ (ਯੂ.ਕੇ.), ਡਾ. ਪਰਮਜੀਤ ਸਿੰਘ ਅਜਰਾਵਤ, ਸੁਲਤਾਨ ਸਿੰਘ ਖਾਲਿਸਤਾਨੀ ਅਤੇ ਜਤਿੰਦਰ ਸਿੰਘ ਗਰੇਵਾਲ ਨੇ ਵੀ ਕਾਨਫਰੰਸ ਨੂੰ ਸੰਬੋਧਨ ਕੀਤਾ। ਇੰਡੀਆਨਾ ਤੋਂ ਅਮਰਦੀਪ ਸਿੰਘ ਅਮਰ ਨੇ ਦੋ ਕਵਿਤਾਵਾਂ ਪੜ੍ਹ ਕੇ ਸੁਣਾਈਆਂ।

ਅਖੀਰ ਵਿਚ ਰੇਸ਼ਮ ਸਿੰਘ ਕੈਲੀਫੋਰਨੀਆ ਨੇ ਸੰਗਤ ਨੂੰ ਕੁਝ ਮਤੇ ਪੜ੍ਹ ਕੇ ਸੁਣਾਏ ਜਿਨ੍ਹਾਂ ਵਿਚ ਮੰਗ ਕੀਤੀ ਗਈ ਕਿ ਕੋਸਵੋ ਦੀ ਤਰਜ਼ 'ਤੇ ਬਿਨਾਂ ਕਿਸੇ ਖੂਨ ਖਰਾਬੇ ਤੋਂ ਖਾਲਿਸਤਾਨ ਦੀ ਸਥਾਪਤੀ ਕੀਤੀ ਜਾਵੇ, ਸਿੱਖ ਵਸੋਂ ਵਾਲੇ ਇਲਾਕੇ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਚੰਡੀਗੜ੍ਹ, ਜੰਮੂ-ਕਸ਼ਮੀਰ ਅਤੇ ਲੇਹ ਲਦਾਖ ਨੂੰ ਨੋ-ਫਲਾਈ ਜੋਨ ਐਲਾਨਿਆ ਜਾਵੇ, ਐਨ.ਪੀ.ਟੀ. ਦੀ ਕੌਮਾਂਤਰੀ ਸੰਧੀ ਅਤੇ ਹੋਰ ਮਨੁੱਖੀ ਅਧਿਕਾਰ ਅਤੇ ਵਾਤਾਵਰਣ ਦੀ ਰੱਖਿਆ ਲਈ ਬਣੀਆਂ ਕੌਮਾਂਤਰੀ ਸੰਧੀਆਂ ਦੀ ਉਲੰਘਣਾ ਕਰਨ ਵਾਲੇ ਦੇਸ਼ ਨਾਲੋਂ ਜਮਹੂਰੀਅਤ ਪਸੰਦ ਮੁਲਕ ਆਪਣੇ ਸਬੰਧ ਖਤਮ ਕਰਨ, ਸਿੱਖਾਂ ਦੇ ਕੌਮੀ ਚਿੰਨ੍ਹ ਕਿਰਪਾਨ ਅਤੇ ਦਸਤਾਰ ਦੀ ਕਾਨੂੰਨੀ ਅਤੇ ਧਾਰਮਿਕ ਤੌਰ 'ਤੇ ਹਿਫਾਜਤ ਕਰਨ ਦੇ ਨਾਲ ਨਾਲ ਲਾਈਆਂ ਪਾਬੰਦੀਆਂ ਖਤਮ ਕੀਤੀਆਂ ਜਾਣ, ਕੌਮੀ ਹਵਾਲਗੀ ਸੰਧੀ ਦੇ ਕੌਮਾਂਤਰੀ ਕਾਨੂੰਨ ਦੀ ਸਹੀ ਤਰ੍ਹਾਂ ਪਾਲਣਾ ਕੀਤੀ ਜਾਵੇ ਅਤੇ ਵਾਸ਼ਿੰਗਟਨ ਡੀ.ਸੀ. ਸਟੇਟ ਡਿਪਾਰਟਮੈਂਟ ਵਿਖੇ ਤੇ ਅਮਰੀਕੀ ਸਫਾਰਤਖਾਨਿਆਂ ਵਿਚ ਸਿੱਖ ਡੈਸਕ ਸਥਾਪਤ ਕੀਤੇ ਜਾਣ। ਇਕ ਮਤੇ ਵਿਚ ਕਿਹਾ ਗਿਆ ਕਿ ਸਿੱਖ ਕੌਮ ਦੀ ਨਸਲਕੁਸ਼ੀ ਰੋਕਣ ਅਤੇ ਦੱਖਣੀ ਏਸ਼ੀਆ ਵਿਚ ਅਮਨ ਚੈਨ ਨੂੰ ਸਥਿਰ ਬਣਾਉਣ ਲਈ ਅਤੇ ਤਿੰਨ ਪ੍ਰਮਾਣੂ ਮੁਲਕਾਂ ਵਿਚ ਤਵਾਜ਼ਨ ਕਾਇਮ ਰੱਖਣ ਲਈ ਬਫਰ ਸਟੇਟ 'ਖਾਲਿਸਤਾਨ' ਬਣਾਈ ਜਾਵੇ।

ਇਹ ਵੀ ਮੰਗ ਕੀਤੀ ਗਈ ਕਿ ਮਨੁੱਖੀ ਅਧਿਕਾਰਾਂ ਦੇ ਕੇਸ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਮੁੱਖ ਮੰਤਰੀ ਦੇ ਕੇਸ ਨੂੰ ਉਤਰੀ ਅਮਰੀਕਾ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਹੋਰ ਪੰਥਕ ਜਥੇਬੰਦੀਆਂ ਸਹਿਯੋਗ ਦੇ ਕੇ ਨੇਪਰੇ ਚਾੜ੍ਹਨ, ਪੰਜਾਬ ਵਿਚ ਸਰਕਾਰੀ ਸਰਪ੍ਰਸਤੀ ਵਾਲੇ ਅਖੌਤੀ ਡੇਰੇਦਾਰਾਂ ਵਲੋਂ ਗੁਰਦੁਆਰੇ ਅਤੇ ਸਿੱਖਾਂ ਵਿਰੁਧ ਯੋਜਨਾਵੱਧ ਢੰਗ ਨਾਲ ਕੀਤੀਆਂ ਜਾ ਰਹੀਆਂ ਸਾਜਿਸ਼ਾਂ ਨੂੰ ਫੌਰੀ ਰੋਕਿਆ ਜਾਵੇ। ਇਹ ਵੀ ਕਿਹਾ ਗਿਆ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਪੰਜਾਬ ਦੇ ਕੋਨੇ ਕੋਨੇ ਵਿਚ ਸੰਗਤ ਦੇ ਸਹਿਯੋਗ ਨਾਲ 'ਨਸ਼ਾ ਭਜਾਓ-ਗੁਰਮਤਿ ਲਿਆਓ' ਮੁਹਿੰਮ ਚਲਾਈ ਜਾਵੇਗੀ ਅਤੇ ਨਾਲ ਇਨਸਾਫ ਰੈਲੀਆਂ ਕੀਤੀਆਂ ਜਾਣਗੀਆਂ ਤਾਂ ਕਿ ਲੋਕਾਂ ਦੇ ਮਨ੍ਹਾਂ ਅੰਦਰੋਂ ਡਰ ਭੈਅ ਕੱਢਿਆ ਜਾ ਸਕੇ ਅਤੇ ਨੌਜੁਆਨਾਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕੀਤਾ ਜਾ ਸਕੇ।

ਇਕ ਮਤੇ ਵਿਚ ਕਿਹਾ ਗਿਆ ਕਿ ਸ. ਸਿਮਰਨਜੀਤ ਸਿੰਘ ਮਾਨ ਵਿਰੁਧ ਭਾਰਤ ਸਰਕਾਰ ਵਲੋਂ ਬਣਾਏ ਗਏ ਦੇਸ਼ਧ੍ਰੋਹੀ ਅਤੇ ਬਗਾਵਤ ਦੇ ਕੇਸ ਝੂਠੇ ਸਾਬਤ ਹੋਏ ਹਨ ਅਤੇ ਬਸੀ ਪਠਾਣਾਂ ਵਿਚ ਬਣਾਇਆ ਨਵਾਂ ਕੇਸ ਵੀ ਗੈਰ ਕਾਨੂੰਨੀ ਹੈ ਅਤੇ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਇਕ ਵੱਖਰੇ ਮਤੇ ਵਿਚ ਅਮਰੀਕੀ ਰਾਸ਼ਟਰਪਤੀ ਬਾਰਾਕ ਓਬਾਮਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਆਸ ਪ੍ਰਗਟਾਈ ਗਈ ਕਿ ਸਿੱਖ ਨੇਸ਼ਨ ਵਲੋਂ ਪਾਈ ਗਈ ਪਟੀਸ਼ਨ ਦੀ ਰਾਸ਼ਟਰਪਤੀ ਓਬਾਮਾ ਹਮਾਇਤ ਕਰਨਗੇ ਤਾਂ ਕਿ ਅਮਰੀਕਾ ਵਲੋਂ ਸਿੱਖਾਂ ਦੇ ਕਤਲੇਆਮ ਨੂੰ ਨਸਲਕੁਸ਼ੀ ਕਰਾਰ ਦਿੱਤਾ ਜਾ ਸਕੇ। ਇਨ੍ਹਾਂ ਮਤਿਆਂ ਨੂੰ ਸੰਗਤ ਨੇ ਜੈਕਾਰਿਆਂ ਨਾਲ ਪ੍ਰਵਾਨਗੀ ਦਿੱਤੀ।

ਸਮਾਗਮ ਦੇ ਅਖੀਰ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਦੇ ਪ੍ਰਧਾਨ ਸੁਰਜੀਤ ਸਿੰਘ ਕਲਹਾਰ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ, ਸਮੂਹ ਬੁਲਾਰਿਆਂ ਅਤੇ ਸੰਗਤ ਦਾ ਸਹਿਯੋਗ ਲਈ ਧੰਨਵਾਦ ਕੀਤਾ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਸੁਖਦੇਵ ਕੌਰ ਘੁੰਮਣ ਨੇ ਅਕਾਲੀ ਦਲ (ਅੰਮ੍ਰਿਤਸਰ), ਸਮੁੱਚੀ ਸੰਗਤ ਅਤੇ ਬਾਹਰੋਂ ਆਏ ਬੁਲਾਰਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਤੁਸੀਂ ਕੌਮ ਦੇ ਭਵਿੱਖ ਨੂੰ ਰੁਸ਼ਨਾਉਣ ਲਈ ਸੰਘਰਸ਼ ਕਰ ਰਹੇ ਹੋ, ਲੱਗੇ ਰਹੋ। ਉਹ ਦਿਨ ਦੂਰ ਨਹੀਂ ਜਦੋਂ ਅਸੀਂ ਇਸ ਫਰੰਟ 'ਤੇ ਪ੍ਰਾਪਤੀਆਂ ਕਰਾਂਗੇ। ਬੀਬੀ ਸੁਖਦੇਵ ਕੌਰ ਅਤੇ ਹੋਰ ਪ੍ਰਬੰਧਕਾਂ ਨੇ ਈਮਾਨ ਸਿੰਘ ਮਾਨ ਨੂੰ ਸਿਰਪਾਓ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ।

ਇਸ ਤੋਂ ਪਹਿਲਾਂ ਸ਼ਨਿਚਰਵਾਰ ਸ਼ਾਮੀਂ ਗੁਰਦੁਆਰਾ ਪੈਲਾਟਾਈਨ ਵਿਚ ਇਕ ਮੀਟਿੰਗ ਕੀਤੀ ਗਈ ਜਿਸ ਦਾ ਬਹੁਤਾ ਵਕਤ ਸ਼੍ਰੋਮਣੀ ਅਕਾਲੀ ਦਲ-ਅੰਮ੍ਰਿਤਸਰ (ਯੂ.ਐਸ.ਏ.) ਵਲੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੁਪਰੀਮੋ ਅਤੇ ਪੰਜਾਬ ਦੇ ਮੁੱਖ ਮੰਤਰੀ ਖਿਲਾਫ 10 ਅਗਸਤ

(ਬਾਕੀ ਸਫਾ 4 'ਤੇ)

# ਐਨ ਆਰ ਆਈ ਸਭਾ ਵਲੋਂ ਅਕਾਲੀ ਆਗੂ ਵਲੋਂ ਥਾਣੇਦਾਰ ਦੇ ਕਤਲ ਦੀ ਨਿਖੇਧੀ

**ਬੇਕਰਜ਼ਫੀਲਡ (ਬਿਊਰੋ):** ਐਨ ਆਰ ਆਈ ਸਭਾ ਅਮਰੀਕਾ ਨੇ ਪਿਛਲੇ ਹਫਤੇ ਅੰਮ੍ਰਿਤਸਰ ਵਿਚ ਇਕ ਅਕਾਲੀ ਆਗੂ ਵਲੋਂ ਇਕ ਪੁਲਿਸ ਥਾਣੇਦਾਰ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੇ ਜਾਣ ਦੀ ਸਖਤ ਨਿਖੇਧੀ ਕੀਤੀ ਹੈ ਅਤੇ ਸ੍ਰੀ ਬੌਬੀ ਨੇ ਮੀਟਿੰਗ ਵਿਚ ਬੋਲਦਿਆਂ ਆਖਿਆ ਕਿ ਜੋ ਕੁਝ ਅੰਮ੍ਰਿਤਸਰ ਵਿਚ ਵਾਪਰਿਆ ਹੈ, ਉਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਵੱਡੀ ਬਦਨਾਮੀ ਹੋਈ ਹੈ। ਸਭਾ ਦੇ ਸਕੱਤਰ ਜਨਰਲ ਤੇਜਪਾਲ ਸਿੰਘ ਨਿਕਸਨ ਨੇ ਆਖਿਆ ਕਿ ਪੰਜਾਬ



ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਬੇਨਤੀ ਕੀਤੀ ਹੈ ਕਿ ਦੋਸ਼ੀਆਂ ਵਿਰੁਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।

ਇਥੇ ਗੁਰਦੁਆਰਾ ਸਟਾਈਨ ਰੋਡ ਵਿਚ ਸਭਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਅਪਰਾਧੀ ਬਿਰਤੀ ਵਾਲੇ ਅਨਸਰਾਂ ਦੀ ਸਖਤੀ ਨਾਲ ਪਛਾਣ ਕਰਕੇ ਉਨ੍ਹਾਂ ਵਿਰੁਧ ਕਾਨੂੰਨ ਦਾ ਸ਼ਿਕੰਜਾ ਕੱਸਿਆ ਜਾਵੇ ਤਾਂ ਜੋ ਅਜਿਹੀਆਂ ਵਾਰਦਾਤਾਂ ਮੁੜ ਨਾ ਵਾਪਰਨ। ਪੁਲਿਸ ਨੂੰ ਕਿਸੇ ਵੀ ਤਰ੍ਹਾਂ ਦੇ ਸਿਆਸੀ ਦਬਾਓ ਤੋਂ ਮੁਕਤ ਕੀਤਾ ਜਾਵੇ ਤਾਂ ਜੋ ਇਹ ਆਪਣਾ ਕੰਮ ਠੀਕ ਤਰੀਕੇ ਨਾਲ ਕਰ ਸਕੇ। ਮੀਟਿੰਗ ਵਿਚ ਸਭਾ ਦੀ ਬੇਕਰਜ਼ਫੀਲਡ ਇਕਾਈ ਦੇ ਪ੍ਰਧਾਨ ਪਾਲ ਸਿੰਘ ਮੰਨਣ, ਚੇਅਰਮੈਨ ਜੀਤਾ ਮਾਣਕ ਤੋਂ ਇਲਾਵਾ ਦੀਪਾ ਢੀਂਡਸਾ, ਮਨੀ ਰਾਏ, ਸੁਖਬੀਰ ਸਿੰਘ, ਗੁਰਪ੍ਰੀਤ ਰਾਏ, ਕੁਲਵੰਤ ਕੈਲੀ, ਕਰਤਾਰ ਪਾਲੀ, ਹਰਮਨ ਮੋਜੀ ਅਤੇ ਹੋਰ ਬਹੁਤ ਸਾਰੇ ਮੈਂਬਰ ਹਾਜ਼ਰ ਸਨ।

# ਰੌਣਕਾਂ ਭਰੀ ਰਹੀ ਇੰਡਸ ਵੈਲੀ ਚੈਂਬਰ ਦੀ ਸਾਲਾਨਾ ਪਾਰਟੀ



**ਸੈਕਰਾਮੈਂਟੋ (ਬਿਊਰੋ):** ਇੰਡਸ ਵੈਲੀ ਚੈਂਬਰ ਆਫ ਕਾਮਰਸ ਵਲੋਂ ਦਿੱਤੀ ਗਈ ਸਾਲਾਨਾ ਡਿਨਰ ਪਾਰਟੀ ਵਿਚ ਸਿਆਸੀ ਆਗੂਆਂ ਤੋਂ ਇਲਾਵਾ ਬੈਂਕਿੰਗ ਸਨਅਤ ਦੇ ਅਧਿਕਾਰੀਆਂ ਅਤੇ ਛੋਟੇ ਬਿਜਨਸਮੈਨਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਇਸ ਮੌਕੇ ਚੈਂਬਰ ਵਲੋਂ ਵੱਖ ਵੱਖ ਸ਼ਖਸੀਅਤਾਂ ਦਾ ਮਾਣ ਸਨਮਾਨ ਕੀਤਾ ਗਿਆ। ਕਲਾਕਾਰਾਂ ਤੇ ਡੀ ਜੇ ਨੇ ਆਏ ਮਹਿਮਾਨਾਂ ਦਾ ਭਰਪੂਰ ਮਨੋਰੰਜਨ ਕੀਤਾ।

ਪ੍ਰੋਗਰਾਮ ਦੇ ਸ਼ੁਰੂ ਵਿਚ ਚੈਂਬਰ ਦੇ ਜਨਰਲ ਸਕੱਤਰ ਸੁਖਚੈਨ ਸਿੰਘ ਨੇ ਚੈਂਬਰ ਦੀਆਂ ਸਰਗਰਮੀਆਂ ਬਾਰੇ ਚਾਨਣਾ ਪਾਇਆ ਜਦੋਂਕਿ ਪ੍ਰਧਾਨ ਇਕਬਾਲ ਬਡਵਾਲ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਐਲਕ ਗਰੂਵ ਦੇ ਨਵੇਂ ਚੁਣੇ ਗਏ ਮੇਅਰ ਗੈਰੀ ਡੇਵਿਸ, ਨਿਊ ਹੈਵਨ ਸ਼ਹਿਰ ਦੀ ਸਿਖਿਆ ਬੋਰਡ ਮੈਂਬਰ ਸਰਬਜੀਤ ਕੌਰ ਚੀਮਾ ਅਤੇ ਯੂਬਾ ਸਿਟੀ ਦੇ ਕੌਂਸਲਰ ਸਿਹਤ ਡਾਇਰੈਕਟਰ ਤੇਜ ਮਾਨ ਨੇ ਇਸ ਮੌਕੇ ਬੋਲਦਿਆਂ ਚੈਂਬਰ ਦੀਆਂ ਸਰਗਰਮੀਆਂ ਦੀ ਸ਼ਲਾਘਾ ਕੀਤੀ ਅਤੇ ਸਹਿਯੋਗ ਦਾ ਭਰੋਸਾ ਦਿੱਤਾ। ਮੁੱਖ ਮਹਿਮਾਨ ਅਸੈਂਬਲੀਮੈਨ ਰੋਜ਼ਰ ਡਿਕਸਨ ਨੇ ਪੰਜਾਬੀਆਂ ਦੇ ਉਦਮੀ ਸੁਭਾਅ ਦੀ ਖੁਲ੍ਹ ਕੇ ਸਿਫਤ ਕੀਤੀ।

ਚਾਈਨੀਜ਼ ਡਾਂਸ ਗਰੁਪ, ਵੈਸਟ ਸਾਈਡ ਭੰਗੜਾ, ਪ੍ਰੋਫੈਸ਼ਨਲ ਡਾਂਸਰ, ਕਾਜੋਲ ਜੋਗ, ਪੰਮੀ ਮਾਨ, ਪੂਨਮ ਮਲਹੋਤਰਾ, ਮਾਈਕ ਸੈਨ ਵਾਂਗ ਆਦਿ ਕਲਾਕਾਰਾਂ ਨੇ ਆਪੋ ਆਪਣੀਆਂ ਆਈਟਮਾਂ ਰਾਹੀਂ ਮਹਿਮਾਨਾਂ ਦਾ ਮਨੋਰੰਜਨ ਕੀਤਾ।

ਮਾਣ ਸਨਮਾਨ ਦੇ ਦੌਰ ਵਿਚ ਚੌਧਰੀ ਬਸ਼ੀਰ, ਜੁਝਾਰ ਗਿੱਲ, ਡਾ. ਨਾਜ ਚੌਹਾਨ, ਜਸਚਰਨ ਗਿੱਲ, ਡਾ. ਓਂਕਾਰ ਬਿੰਦਰਾ, ਪੰਮੀ ਮਾਨ ਅਤੇ ਰਣਜੀਤ ਬੋਲਾ ਦਾ ਸਨਮਾਨ ਚਿੰਨ੍ਹ ਦੇ ਕੇ ਮਾਣ ਸਨਮਾਨ ਕੀਤਾ ਗਿਆ। ਕਲਾਕਾਰਾਂ ਦਾ ਵੀ ਸਿਲਵਰ ਮੈਡਲ ਦੇ ਕੇ ਮਾਣ ਸਨਮਾਨ ਕੀਤਾ ਗਿਆ। ਇਸ ਕੰਮ ਵਿਚ ਨਰਿੰਦਰਪਾਲ ਸਿੰਘ ਹੁੰਦਲ, ਕਮਲ ਬੰਗਾ, ਅਮਰਦੀਪ ਸਿੰਘ, ਸੁਰਿੰਦਰ ਬਿੰਦਰਾ, ਮਨਜੀਤ ਗਿੱਲ, ਪਵਿੱਤਰ ਨਾਹਲ, ਡਾ. ਸ਼ੈਰੀ ਸਿੱਧੂ, ਡਾ. ਲਖਵਿੰਦਰ ਰੰਧਾਵਾ, ਜੈਕ ਰਾਮ, ਜੈਪਾਲ ਰਾਮ, ਪਰਮਿੰਦਰ ਪਰੇਵਾਲ, ਪਰਮਿੰਦਰ ਸੁੱਖ ਅਤੇ ਡਾ. ਬਡਵਾਲ ਨੇ ਹੱਥ ਵਟਾਇਆ। ਇਸ ਮੌਕੇ ਰੈਫਲ ਵੀ ਕੱਢੀ ਗਈ। ਮੰਚ ਸੰਚਾਲਨ ਕਮਲ ਜੱਜ ਅਤੇ ਕਮਲ ਬੰਗਾ ਨੇ ਕੀਤਾ। ਇਸ ਮੌਕੇ ਹਾਜ਼ਰ ਸ਼ਖਸੀਅਤਾਂ ਵਿਚ ਹੋਰਨਾਂ ਤੋਂ ਇਲਾਵਾ ਮੋਨਿਕਾ ਬੇਦੀ, ਕੇ ਕੈਲੀ, ਪਰਗਣ ਸਿੰਘ ਬੈਂਸ, ਅਮਰੀਕ ਸਿੰਘ ਪਰਹਾਰ, ਜਸਵਿੰਦਰ ਸਿੰਘ ਮੂਨ ਲਾਈਟ ਸਟੂਡੀਓ, ਲਿੰਡਾ ਜਿਨ ਅਤੇ ਅਮਰਜੀਤ ਬੇਦੀ ਸ਼ਾਮਲ ਸਨ। ਪ੍ਰੋਗਰਾਮ ਦੇ ਅਖੀਰ ਵਿਚ ਪ੍ਰਧਾਨ ਇਕਬਾਲ ਬਡਵਾਲ ਨੇ ਸਭ ਦਾ ਧੰਨਵਾਦ ਕੀਤਾ ਤੇ ਸਾਲ 2013 ਲਈ ਸ਼ੁਭ ਕਾਮਨਾਵਾਂ ਦਿੱਤੀਆਂ।

# ਅਮਰੀਕੀ ਕਬੱਡੀ ਟੀਮ ਦੇ ਪ੍ਰਬੰਧਕ ਸਪੀਕਰ ਚਰਨਜੀਤ ਸਿੰਘ ਅਟਵਾਲ ਨੂੰ ਮਿਲੇ

**ਚੰਡੀਗੜ੍ਹ (ਬਿਊਰੋ):** ਤੀਸਰੇ ਵਿਸ਼ਵ ਕੱਪ ਕਬੱਡੀ ਵਿਚ ਹਿੱਸਾ ਲੈਣ ਆਈ ਅਮਰੀਕਾ ਦੀ ਟੀਮ ਦੇ ਪ੍ਰਬੰਧਕਾਂ ਦਾ ਵਫ਼ਦ ਲੰਘੀ 7 ਦਸੰਬਰ ਵਿਚ ਸ. ਹੈਰੀ ਗਿੱਲ ਤੋਂ ਇਲਾਵਾ ਸ੍ਰੀ ਵਿਨੈ ਵੋਹਰਾ (ਮੀਤ ਪ੍ਰਧਾਨ, ਯੂਥ ਵਿੰਗ, ਸ਼੍ਰੋਮਣੀ ਅਕਾਲੀ ਦਲ, ਅਮਰੀਕਾ), ਅਤੇ ਸ੍ਰੀ ਜਸਵੰਤ ਚਾਹਲ ਤੇ



ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਚਰਨਜੀਤ ਸਿੰਘ ਅਟਵਾਲ ਨੂੰ ਮਿਲਿਆ। ਸ਼੍ਰੋਮਣੀ ਅਕਾਲੀ ਦਲ ਦੀ ਅਮਰੀਕਾ ਇਕਾਈ ਦੇ ਪ੍ਰਧਾਨ ਸ. ਹਰਿੰਦਰ ਸਿੰਘ (ਹੈਰੀ) ਗਿੱਲ ਦੀ ਅਗਵਾਈ 'ਚ ਪੁੱਜੇ ਪ੍ਰਬੰਧਕਾਂ ਨੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦਾ ਕੌਮਾਂਤਰੀ ਪੱਧਰ 'ਤੇ ਕੱਦ ਉਚਾ ਚੁੱਕਣ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

ਸ. ਅਟਵਾਲ ਨੇ ਪ੍ਰਬੰਧਕਾਂ ਤੋਂ ਅਮਰੀਕੀ ਕਬੱਡੀ ਟੀਮ ਅਤੇ ਉਨ੍ਹਾਂ ਵੱਲੋਂ ਖੇਡੇ ਜਾਣ ਵਾਲੇ ਮੈਚਾਂ ਬਾਰੇ ਜਾਣਕਾਰੀ ਲਈ।

ਅਮਰੀਕੀ ਕਬੱਡੀ ਟੀਮ ਦੇ ਪ੍ਰਬੰਧਕਾਂ ਨੇ ਪੰਜਾਬ ਸਰਕਾਰ ਵੱਲੋਂ ਉਪਲਬਧ ਕਰਵਾਈਆਂ ਸਹੂਲਤਾਂ ਅਤੇ ਢਾਂਚੇ ਦੀ ਭਰਪੂਰ ਸ਼ਲਾਘਾ ਕੀਤੀ। ਮੁਲਾਕਾਤ ਦੌਰਾਨ ਸ. ਹੈਰੀ ਗਿੱਲ ਨੇ ਅਮਰੀਕਾ ਵਿਚ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਵੀ ਚਾਨਣਾ ਪਾਇਆ। ਵਫ਼ਦ ਸ੍ਰੀ ਗੈਵੀ ਚਾਹਲ (ਦੋਵੇਂ ਪ੍ਰਬੰਧਕ ਅਮਰੀਕਨ ਕਬੱਡੀ ਟੀਮ) ਸ਼ਾਮਲ ਸਨ।

## ਉਘੇ ਸਿਤਾਰਵਾਦਕ ਪੰਡਿਤ ਰਵੀ ਸ਼ੰਕਰ ਦਾ ਦੇਹਾਂਤ

**ਨਵੀਂ ਦਿੱਲੀ:** ਮਸ਼ਹੂਰ ਸਿਤਾਰਵਾਦਕ ਪੰਡਿਤ ਰਵੀ ਸ਼ੰਕਰ ਦਾ ਸਾਨ ਡਿਆਗੋ (ਕੈਲੀਫੋਰਨੀਆ) ਦੇ ਇਕ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ 92 ਵਰ੍ਹਿਆਂ ਦੇ ਸਨ। ਪਿਛਲੇ ਵੀਰਵਾਰ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਨੂੰ ਸਾਹ ਲੈਣ 'ਚ ਤਕਲੀਫ ਹੋ ਰਹੀ ਸੀ। ਪੰਡਿਤ ਰਵੀ ਸ਼ੰਕਰ ਤਕਰੀਬਨ ਛੇ ਦਹਾਕੇ ਸੰਗੀਤ ਦੇ ਖੇਤਰ ਵਿਚ ਛਾਏ ਰਹੇ। ਉਨ੍ਹਾਂ ਆਪਣੇ ਗੁਰੂ ਬਾਬਾ ਅਲਾਉਦੀਨ ਖਾਨ ਦੀ ਧੀ ਅੰਨਪੂਰਨਾ ਨਾਲ ਵਿਆਹ ਕਰਵਾਇਆ। ਉਨ੍ਹਾਂ ਦੀ ਧੀ ਅਨੁਸ਼ਕਾ ਵੀ ਸਿਤਾਰਵਾਦਕ ਹੈ।

# ਮਾਨ ਅਕਾਲੀ ਦਲ ਦੀ ਕਾਨਫਰੰਸ

(ਸਫਾ 3 ਦੀ ਬਾਕੀ)

2012 ਨੂੰ ਉਸ ਦੀ ਅਮਰੀਕੀ ਫੇਰੀ ਦੌਰਾਨ ਕੀਤੇ ਗਏ ਕੇਸ ਬਾਰੇ ਵਿਚਾਰ-ਵਟਾਂਦਰੇ ਵਿਚ ਲੱਗਿਆ। ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸ. ਬੂਟਾ ਸਿੰਘ ਖੜੌਦ ਨੇ ਕਿਹਾ ਕਿ ਇਹ ਕੇਸ ਸਾਂਝੀ ਕੌਮ ਦਾ ਅਹਿਮ ਕੇਸ ਹੈ, ਜਿਸ ਬਾਰੇ ਗੰਭੀਰ ਵਿਚਾਰ ਵਟਾਂਦਰੇ ਦੀ ਜਰੂਰਤ ਹੈ।

ਇਸ ਮੌਕੇ ਬੋਲਦਿਆਂ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕੇਸ ਦੀ ਸਾਰੀ ਜਾਣਕਾਰੀ ਦਿੱਤੀ। ਮੀਟਿੰਗ ਵਿਚ ਉਨ੍ਹਾਂ ਨੂੰ ਕਈ ਸਵਾਲ ਕੀਤੇ ਗਏ ਅਤੇ ਸ਼ੰਕੇ ਨਵਿਰਤ ਕਰਕੇ 100 ਦੇ ਕਰੀਬ ਹਾਜ਼ਰ ਮੈਂਬਰਾਂ ਨੇ ਇੱਕ ਮੁੱਠ ਹੋ ਕੇ ਬਾਦਲ ਖਿਲਾਫ ਇਹ ਕੇਸ ਲੜਨ ਦਾ ਫੈਸਲਾ ਕੀਤਾ।

ਐਤਵਾਰ ਨੂੰ ਸਿੱਖਸ ਫਾਰ ਜਸਟਿਸ ਵਲੋਂ ਰਾਸ਼ਟਰਪਤੀ ਓਬਾਮਾ ਕੋਲ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਕਰਾਰ ਦੇਣ ਲਈ ਕੀਤੀ ਜਾ ਰਹੀ ਪਟੀਸ਼ਨ ਉਤੇ ਸੰਗਤ ਤੋਂ ਦਸਤਖਤ ਕਰਵਾਏ ਗਏ। ਇਸ ਮੌਕੇ ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਦੱਸਿਆ ਕਿ ਇਸ ਪਟੀਸ਼ਨ ਲਈ 37000 ਦਸਤਖਤਾਂ ਦੀ ਲੋੜ ਹੈ ਅਤੇ ਉਹ ਆਪਣੇ ਟੀਚੇ ਦੇ ਬਹੁਤ ਕਰੀਬ ਪਹੁੰਚ ਗਏ ਹਨ। ਉਨ੍ਹਾਂ ਨੂੰ ਉਮੀਦ ਹੈ ਕਿ ਇਨ੍ਹਾਂ ਦਸਤਖਤਾਂ ਦੀ ਗਿਣਤੀ ਇਸ ਤੋਂ ਕਿਤੇ ਵਧ ਜਾਵੇਗੀ।

## ਨਿੱਕੀ ਹੇਲੀ ਵੱਲੋਂ ਚੋਣ ਲੜਨ ਤੋਂ ਤੌਬਾ

**ਵਾਸ਼ਿੰਗਟਨ:** ਭਾਰਤੀ ਮੂਲ ਦੀ ਅਮਰੀਕੀ ਨਾਗਰਿਕ ਤੇ ਸਾਊਥ ਕੈਰੋਲੀਨਾ ਦੀ ਗਵਰਨਰ ਨਿੱਕੀ ਹੇਲੀ 2014 ਵਿਚ ਹੋਣ ਵਾਲੀਆਂ ਸੈਨੇਟ ਦੀਆਂ ਚੋਣਾਂ ਵਿਚ ਉਮੀਦਵਾਰ ਨਹੀਂ ਬਣੇਗੀ।

ਉਨ੍ਹਾਂ ਦੇ ਬੁਲਾਰੇ ਰੌਬ ਗੌਡਫਰੇਅ ਨੇ ਦੱਸਿਆ ਕਿ ਹੇਲੀ ਕੋਲ ਗਵਰਨਰ ਦੀ ਜੋ ਜ਼ਿੰਮੇਵਾਰੀ ਹੈ, ਉਹ ਉਸ ਨਾਲ ਖੁਸ਼ ਹੈ। ਇਸ ਦੌਰਾਨ ਹੇਲੀ ਨੇ ਕਿਹਾ ਕਿ ਉਹ ਸੈਨੇਟ ਦੀ ਉਸ ਸੀਟ ਲਈ ਦਾਅਵੇਦਾਰ ਨਹੀਂ ਹੈ ਜੋ ਉਸ ਦੇ ਸਾਥੀ ਰਿਪਬਲੀਕਨ ਜਿਮ ਡੀਪਿੰਟ ਦੇ ਵਾਸ਼ਿੰਗਟਨ ਚਲੇ ਜਾਣ ਕਾਰਨ ਖਾਲੀ ਹੋਈ ਹੈ। ਉਸ ਨੇ ਇਸ ਸਬੰਧ ਵਿਚ ਚੱਲ ਰਹੀ ਚਰਚਾ ਨੂੰ ਠੱਲ੍ਹ ਪਾਉਂਦਿਆਂ ਕਿਹਾ ਕਿ ਉਹ ਕਿਸੇ ਅਜਿਹੇ ਵਿਅਕਤੀ ਨੂੰ ਇਸ ਸੀਟ ਲਈ ਨਾਮਜ਼ਦ ਕਰੇਗੀ, ਜਿਸ ਦਾ ਫਲਸਫਾ ਜਿੰਮ ਡੀਪਿੰਟ ਵਰਗਾ ਹੋਵੇਗਾ।




# ਬਾਬਾ ਵਿਸਾਖਾ ਸਿੰਘ ਦੀ 55ਵੀਂ ਬਰਸੀ ਮਨਾਈ

**ਸੈਲਮਾ, ਕੈਲੀਫੋਰਨੀਆ (ਬਿਊਰੋ):** ਦੇਸ਼ ਭਗਤ ਬਾਬਾ ਵਿਸਾਖਾ ਸਿੰਘ ਦੀ 55ਵੀਂ ਬਰਸੀ ਇਥੇ ਗੁਰਦੁਆਰਾ ਸੈਲਮਾ ਵਿਚ ਬੜੀ ਸ਼ਰਧਾ ਨਾਲ ਮਨਾਈ ਗਈ। ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਅਮਰੀਕ ਸਿੰਘ ਦੇ ਜਥੇ ਨੇ ਸ਼ਬਦ ਕੀਰਤਨ ਕੀਤਾ ਅਤੇ ਕਥਾਵਾਚਕ ਭਾਈ ਅਮਰਜੀਤ ਸਿੰਘ ਯੂ ਕੇ ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ। ਭਾਈ ਗੁਰਮੇਲ ਸਿੰਘ ਬਿਲਗੇ ਵਾਲਿਆਂ ਦੇ ਢਾਡੀ ਜਥੇ ਨੇ ਬਾਬਾ ਵਿਸਾਖਾ ਸਿੰਘ ਦੇ ਮਾਣ ਵਿਚ ਸ਼ਹੀਦੀ ਵਾਰਾਂ ਦਾ ਗਾਇਨ ਕੀਤਾ।


ਬਾਬਾ ਵਿਸਾਖਾ ਸਿੰਘ

ਇਸ ਮੌਕੇ ਬੋਲਦਿਆਂ ਸ. ਗਿਆਨ ਸਿੰਘ ਬਿਲਗਾ ਅਤੇ ਬੀਬੀ ਗੁਰਬਖਸ਼ ਕੌਰ ਕਾਹਲੋਂ ਨੇ ਆਖਿਆ ਕਿ ਬਾਬਾ ਵਿਸਾਖਾ ਸਿੰਘ ਦਾ ਜੀਵਨ ਗੁਰੂ ਸਾਹਿਬਾਨ ਵਲੋਂ ਦਰਸਾਏ ਸਿੱਖੀ ਮਾਰਗ 'ਤੇ ਚੱਲਦਿਆਂ ਸੱਚੇ ਦੇਸ਼ ਭਗਤ ਅਤੇ ਸੰਤ ਸਿਪਾਹੀ ਦੇ ਜੀਵਨ ਦੀ ਮਿਸਾਲ ਹੈ। ਉਨ੍ਹਾਂ ਆਪਣੇ ਸੰਘਰਸ਼ਮਈ ਜੀਵਨ ਦਾ ਇਕ ਇਕ ਪਲ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਅਤੇ ਗਦਰ ਪਾਰਟੀ ਦੇ ਆਗੂ ਦਾ ਰੋਲ ਨਿਭਾਉਂਦਿਆਂ ਬਿਤਾਇਆ। ਦੇਸ਼ ਨੂੰ ਆਜ਼ਾਦ ਕਰਵਾਉਣ ਹਿਤ ਅੰਗਰੇਜ਼ ਸਾਮਰਾਜ ਵਿਰੁਧ ਲੜਦਿਆਂ ਕਾਲੇ ਪਾਣੀ ਦਾ ਕੁੰਭੀ ਨਰਕ ਵੀ ਭੋਗਿਆ। ਉਨ੍ਹਾਂ ਕਿਹਾ ਕਿ ਬਾਬਾ ਵਿਸਾਖਾ ਸਿੰਘ ਅਮਰੀਕਾ ਵਿਚ ਬਣਾਏ ਗਏ ਪਹਿਲੇ ਗੁਰਦੁਆਰਾ ਸਟਾਕਟਨ ਦੇ ਵੀ ਮੋਢੀਆਂ ਵਿਚੋਂ ਸਨ।

ਬਰਸੀ ਮਨਾਉਣ ਦਾ ਇਹ ਉਪਰਾਲਾ ਹਰ ਸਾਲ ਦੀ ਤਰ੍ਹਾਂ ਸਰਪੰਚ ਭਰਪੂਰ ਸਿੰਘ ਸੰਧੂ, ਦਦੇਹਰ ਸਾਹਿਬ ਨੇ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਕੀਤਾ।

## ਈਮਾਨ ਸਿੰਘ ਮਾਨ ਗੁਰਦੁਆਰਾ ਓਕ ਕਰੀਕ ਪਹੁੰਚੇ

**ਮਿਲਵਾਕੀ (ਬਿਊਰੋ):** ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸ. ਈਮਾਨ ਸਿੰਘ ਮਾਨ 8 ਦਸੰਬਰ ਸਨਿਚਰਵਾਰ ਨੂੰ ਗੁਰਦੁਆਰਾ ਓਕ ਕਰੀਕ ਪਹੁੰਚੇ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਗੁਰਮੇਲ ਸਿੰਘ ਨੇ ਉਨ੍ਹਾਂ ਨੂੰ ਜੀ ਆਇਆਂ ਆਖਿਆ।

ਗੁਰੂ ਘਰ ਦੇ ਦਰਸ਼ਨਾਂ ਉਪਰੰਤ ਸ. ਮਾਨ 5 ਅਗਸਤ 2012 ਨੂੰ ਵਾਪਰੇ ਗੋਲੀ ਕਾਂਡ ਵਿਚ ਜ਼ਖਮੀ ਹੋਏ ਪੰਜਾਬ ਸਿੰਘ ਅਤੇ ਹੋਰ ਪੀੜਤ ਪਰਿਵਾਰਾਂ ਨੂੰ ਮਿਲੇ ਅਤੇ ਉਨ੍ਹਾਂ ਨਾਲ ਹਮਦਰਦੀ ਪ੍ਰਗਟਾਈ। ਸ. ਮਾਨ ਸ਼ਿਕਾਗੋ ਵਿਚ ਦਲ ਵਲੋਂ ਕਰਵਾਈ ਗਈ ਕੌਮਾਂਤਰੀ ਕਾਨਫਰੰਸ ਵਿਚ ਹਿੱਸਾ ਲੈਣ ਲਈ ਪਹੁੰਚੇ ਸਨ। ਏਅਰਪੋਰਟ ਤੋਂ ਉਹ ਸਿੱਧੇ ਮਿਲਵਾਕੀ ਪਹੁੰਚੇ।

# ਜੈਨਕੋ ਮੈਂਬਰਾਂ ਨੇ ਗੁਰੂ ਨਾਨਕ ਗੁਰਪੁਰਬ ਮਨਾਇਆ

**ਸੈਨ ਹੋਜ਼ੇ (ਬਿਊਰੋ):** ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਜਥੇਬੰਦੀ (ਜੈਨਕੋ) ਵਲੋਂ ਹਰ ਸਾਲ ਦੀ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਗੁਰਦੁਆਰਾ ਸੈਨ ਹੋਜ਼ੇ ਵਿਚ ਸਮਾਗਮ ਮਨਾਇਆ ਗਿਆ।

ਅਖੰਡ ਪਾਠ ਦੇ ਭੋਗ ਉਪਰੰਤ ਜੈਨਕੋ ਦੇ ਆਗੂਆਂ-ਗੁਰਜੰਟ ਸਿੰਘ ਸੰਘਾ ਅਤੇ ਮੇਹਰ ਸਿੰਘ ਮਾਹਲ ਨੇ ਵਿਚਾਰ ਪੇਸ਼ ਕਰਦਿਆਂ ਜੈਨਕੋ ਦੀਆਂ ਪ੍ਰਾਪਤੀਆਂ ਦੱਸੀਆਂ ਕਿ ਇਸ ਵਲੋਂ ਵਿਸ਼ੇਸ਼ ਤੌਰ 'ਤੇ ਭਾਰਤ ਤੋਂ ਅਮਰੀਕਾ ਵਿਚ ਆਏ ਨਵੇਂ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਨੌਕਰੀ ਲੱਭਣ ਵਿਚ ਮਦਦ ਕੀਤੀ ਜਾਂਦੀ ਹੈ। ਇਹ ਵੀ ਦੱਸਿਆ ਗਿਆ ਕਿ ਸੈਨ ਹੋਜ਼ੇ ਸਟੇਟ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿਚਾਲੇ ਵਿਦਿਆਰਥੀਆਂ ਦੇ ਆਦਾਨ-ਪ੍ਰਦਾਨ ਕਰਨ ਲਈ ਉਪਰਾਲੇ ਕੀਤੇ ਗਏ ਹਨ, ਬੱਚਿਆਂ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਨ ਲਈ ਸਭਿਆਚਾਰਕ ਪ੍ਰੋਗਰਾਮ ਕਰਾਏ ਜਾਂਦੇ ਹਨ ਅਤੇ ਖੇਡਾਂ ਖਾਸ ਕਰਕੇ ਗੌਲਫ ਪ੍ਰਤੀ ਉਤਸ਼ਾਹਤ ਕੀਤਾ ਜਾਂਦਾ ਹੈ। ਸ. ਇੰਦਰਜੀਤ ਸਿੰਘ ਥਿੰਦ ਨੇ ਜੈਨਕੋ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀ ਗੁਰਦੁਆਰਾ ਸੈਨ ਹੋਜ਼ੇ ਨੂੰ ਵੱਡੀ ਦੇਣ ਹੈ ਕਿਉਂਕਿ ਉਨ੍ਹਾਂ ਨੇ ਗੁਰੂ ਘਰ ਦੀ ਨਵੀਂ ਖੂਬਸੂਰਤ ਇਮਾਰਤ ਬਣਾਉਣ ਲਈ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਗੁਰਦੁਆਰਾ ਸੈਨ ਹੋਜ਼ੇ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਢਿੱਲੋਂ ਦੀ ਅਗਵਾਈ ਵਿਚ ਦਿਨ ਰਾਤ ਇੱਕ ਕਰਕੇ ਆਪਣੀਆਂ ਸੇਵਾਵਾਂ ਨਿਭਾਈਆਂ। ਉਨ੍ਹਾਂ ਗੁਰਦੁਆਰਾ ਸਾਹਿਬ ਵਲੋਂ ਚਲਾਏ ਜਾਂਦੇ ਗੁਰੂ ਨਾਨਕ ਖਾਲਸਾ ਸਕੂਲ ਦੇ ਕਮਰਿਆਂ ਲਈ 51,000 ਡਾਲਰ ਦੀ ਸੇਵਾ ਕੀਤੀ। ਇਸ ਮੌਕੇ ਭੁਪਿੰਦਰ ਸਿੰਘ ਢਿੱਲੋਂ ਨੇ ਸਮੂਹ ਜੈਨਕੋ ਮੈਂਬਰਾਂ ਦਾ ਧੰਨਵਾਦ ਕੀਤਾ।



## ਅੰਮ੍ਰਿਤਧਾਰੀ ਨੌਜਵਾਨ ਨੂੰ ਮਾਰਕੀਟਿੰਗ ਐਵਾਰਡ

**ਆਕਲੈਂਡ:** ਨਿਊਜ਼ੀਲੈਂਡ ਵਿਚ ਇਕ ਅੰਮ੍ਰਿਤਧਾਰੀ ਪੰਜਾਬੀ ਨੌਜਵਾਨ ਜਤਿੰਦਰ ਸਿੰਘ ਨੂੰ ਦੇਸ਼ ਦਾ ਸਭ ਤੋਂ ਵੱਕਾਰੀ ਵਪਾਰਕ ਐਵਾਰਡ 'ਐਕਸੀਲੈਂਟ ਮਾਰਕੀਟਿੰਗ ਐਵਾਰਡ' ਮਿਲਿਆ ਹੈ। ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਜਤਿੰਦਰ ਸਿੰਘ ਨਿਊਜ਼ੀਲੈਂਡ ਵਿਚ ਬਿਜਲਈ ਕੰਪਨੀ ਮਰਕਰੀ ਇਲੈਕਟ੍ਰੀਕਲ ਵਿਚ ਬਤੌਰ ਬਿਜਨਸ ਮੈਨੇਜਰ ਕੰਮ ਕਰ ਰਹੇ ਹਨ। ਉਨ੍ਹਾਂ ਨੇ ਦੁਨੀਆ ਦਾ ਸਭ ਤੋਂ ਵੱਧ ਬਿਜਨਸ ਕੰਪਨੀ ਲਈ ਕਰਕੇ ਦਿੱਤਾ ਜਿਸ ਕਰਕੇ 'ਆਕਲੈਂਡ ਚੈਂਬਰ ਆਫ ਕਾਮਰਸ' ਨੇ ਉਨ੍ਹਾਂ ਨੂੰ ਸਰਬੋਤਮ ਐਵਾਰਡ ਲਈ ਚੁਣਿਆ।


ਸ. ਈਮਾਨ ਸਿੰਘ ਮਾਨ ਗੁਰਦੁਆਰਾ ਓਕ ਕਰੀਕ ਵਿਚ ਪ੍ਰਬੰਧਕਾਂ ਅਤੇ ਸੰਗਤਾਂ ਨਾਲ


**Hiring Owner Operators & Drivers**

Green Freightlines Inc. is now Hiring Owner Operator and Drivers.

ਗਰੀਨ ਫਰੇਟਲਾਈਨਜ਼ ਇੰਕ ਨੂੰ ਓਨਰ ਆਪਰੇਟਰ ਅਤੇ ਡਰਾਈਵਰ ਚਾਹੀਦੇ ਹਨ। ਸੰਪਰਕ ਕਰੋ

**Call @ 866-245-7353**

**Are You Tired Of All Treatments?**

**Try Homeopathic Natural Medicines (HNM)**

**Gurdip Singh Sandhu**

Homeopathic Practitioner/Consultant

DHMS-Gold Medalist, BAMS, MDEh.- India

1188 E Santa Clara St., San Jose, CA 95116

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

Homeopathic natural medicines supply





Gurdip Singh Sandhu

EX Member:
The California Homeopathic Society
National Center For Homeopathy- USA

**Ph:(408) 687-1899**
**(408) 729-6691**

Fax:(408)292-6200

Email: Homeomdicine@yahoo.com


Website: www.Homeopathyatoz.com

**Toll Free: 1-877-OK-HOMEO (1-877-654-6636)**

**Buy or Sell** House, Liquor Store, Gas Station etc.

**In Bay Area & Central Valley**

* For Quick Short Sale
* Refinance @ Zero Cost
* Home Loans & SBA Loans
* Free Loan Approval Letter


**Raj Singh**
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
**510-452-7370**

www.singhraj.bayeastweb.com

**Fax: 510-490-9703**

MISSIONPEAK BROKERS, INC.

46560 Fremont Blvd., Suite#111, Fremont, CA 94538

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

**National Truck Driving School**

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ





**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

1816 Main Ave., Secramento CA, 95838

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਦਹਿਸ਼ਤ ਦੇ ਜ਼ੋਰ ਨਾਲ ਸਿਆਸਤ ਚਲਾਉਣ ਨਾਲ ਹਾਲਾਤ ਡਾਵਾਂਡੋਲ

ਤੇ ਬੁਰਛਿਆਂ ਨੂੰ ਬਹੁਤ ਰਾਸ ਆਈ। ਉਹ ਕਾਂਗਰਸੀਆਂ ਨੂੰ ਨਿਸ਼ਾਨਾ ਬਣਾਉਣ ਤੋਂ ਇਲਾਵਾ ਜ਼ਮੀਨਾਂ 'ਤੇ ਕਬਜ਼ੇ ਕਰਨ ਲੱਗੇ ਤੇ ਪੁਲਿਸ ਉਨ੍ਹਾਂ ਅੱਗੇ ਬੇਵੱਸ ਹੋ ਗਈ। ਉਨ੍ਹਾਂ ਦੇ ਹੌਸਲੇ ਇੰਨੇ ਵਧ ਗਏ ਕਿ ਗੱਲ ਸ਼ਰ੍ਹੇਆਮ ਕਤਲ, ਅਗਵਾ ਅਤੇ ਬਲਾਤਕਾਰਾਂ ਤੱਕ ਜਾ ਅੱਪੜੀ। ਫਰੀਦਕੋਟ ਵਿਚ ਵਾਪਰੇ ਸ਼ਰੂਤੀ ਕਾਂਡ ਤੋਂ ਸਰਕਾਰ ਨੇ ਸਬਕ ਤਾਂ ਕੀ ਸਿੱਖਣਾ ਸੀ, ਲੋਕ ਰੋਹ ਦੇ ਬਾਵਜੂਦ ਅਕਾਲੀ ਆਗੂਆਂ ਵੱਲੋਂ ਦੋਸ਼ੀਆਂ ਨੂੰ ਸ਼ਹਿ ਦਿੱਤੀ ਜਾਂਦੀ ਰਹੀ ਅਤੇ ਅੱਜ ਦਲ ਦਾ ਹਰਿਆਵਲ ਦਸਤਾ ਹੀ ਉਸ ਲਈ ਮੁੱਖ ਚੁਣੌਤੀ ਬਣ ਗਿਆ ਹੈ। ਸੂਬੇ ਵਿਚ ਅਮਨ-ਕਾਨੂੰਨ ਦੀ ਹਾਲਤ ਇਸ ਕਦਰ ਨਿੱਘਰ ਚੁੱਕੀ ਹੈ ਕਿ ਪੰਜਾਬ ਵਿਚ ਹਰ ਦੋ ਦਿਨਾਂ ਦੌਰਾਨ ਪੰਜ ਕਤਲ ਹੋ ਰਹੇ ਹਨ। ਇਸ ਤੋਂ ਇਲਾਵਾ ਪੰਜਾਬ ਵਿਚ ਬਲਾਤਕਾਰਾਂ ਦੀਆਂ ਘਟਨਾਵਾਂ ਵਿਚ 33 ਫੀਸਦੀ ਤੇ ਅਗਵਾ ਤੇ ਉਧਾਲਣ ਦੀਆਂ ਵਾਰਦਾਤਾਂ ਵਿਚ 14 ਫੀਸਦੀ ਵਾਧਾ ਹੋਇਆ ਹੈ। ਉਂਜ ਇਹ ਅੰਕੜੇ ਉਹ ਹਨ ਜਿਹੜੇ ਕਿਸੇ ਨਾ ਕਿਸੇ ਤਰ੍ਹਾਂ ਪੁਲਿਸ ਦੀਆਂ ਫਾਈਲਾਂ ਤੱਕ ਪੁੱਜ ਜਾਂਦੇ ਹਨ। ਪਿੰਡਾਂ ਵਿਚ ਸਿਆਸੀ ਦਬਾਅ ਹੇਠ ਬਹੁਤ ਸਾਰੇ ਮਾਮਲੇ ਥਾਣੇ ਆਉਣ ਤੋਂ ਪਹਿਲਾਂ ਹੀ ਮੁਕਾ ਦਿੱਤੇ ਜਾਂਦੇ ਹਨ।

ਅਸਲ ਵਿਚ ਬਿਹਾਰ ਅਤੇ ਉਤਰ ਪ੍ਰਦੇਸ਼ ਦੀ ਤਰਜ਼ 'ਤੇ ਵਿਰੋਧੀਆਂ ਵਿਚ ਦਹਿਸ਼ਤ ਪਾ ਕੇ ਜਿੱਤ ਪ੍ਰਾਪਤ ਕਰਨ ਦੀ ਨੀਤੀ ਤਹਿਤ ਸ. ਸੁਖਬੀਰ ਸਿੰਘ ਬਾਦਲ ਦੇ ਸਾਲੇ ਅਤੇ 'ਮੁੱਖ ਸਲਾਹਕਾਰ' ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਸੂਬੇ ਭਰ ਵਿਚੋਂ ਲੜਾਕੂ ਤੇ ਜਰਾਇਮ ਪੇਸ਼ਾ ਮੁੰਡੀਰ ਨੂੰ ਪਾਰਟੀ ਵਿਚ ਸ਼ਾਮਲ ਕੀਤਾ। ਲੱਠਮਾਰਾਂ ਦੀ ਫੌਜ ਨੇ ਬਠਿੰਡਾ ਲੋਕ ਸਭਾ ਦੀ ਚੋਣ ਵਿਚ ਅਹਿਮ ਭੂਮਿਕਾ ਨਿਭਾਈ ਸੀ ਤੇ ਉਸ ਤੋਂ ਬਾਅਦ ਵਿਧਾਨ ਸਭਾ ਚੋਣਾਂ ਵਿਚ ਵੀ ਇਨ੍ਹਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ। ਇਨ੍ਹਾਂ ਨੂੰ ਪਾਰਟੀ ਵਿਚ ਅਹੁਦੇ ਦੇ ਕੇ ਸਨਮਾਨਿਆ ਗਿਆ ਤੇ ਸਥਾਨਕ ਪੁਲਿਸ ਤੇ ਪ੍ਰਸ਼ਾਸਕੀ ਅਧਿਕਾਰੀਆਂ ਨੂੰ ਇਨ੍ਹਾਂ ਦੀ ਗੱਲ ਮੰਨਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ।

ਸਿਆਸੀ ਤੇ ਪੁਲਿਸ ਦੀ ਸ਼ਹਿ ਹਾਸਲ ਹੋਣ 'ਤੇ ਪਹਿਲਾਂ ਹੀ ਜਰਾਇਮ ਪ੍ਰਵਿਰਤੀ ਵਾਲੀ ਇਹ ਮੁੰਡੀਰ ਇੰਨੀ ਆਪ ਮੁਹਾਰੀ ਹੋ ਗਈ ਕਿ ਪੁਲਿਸ ਨੂੰ ਵੀ ਵੰਗਾਰਨ ਲੱਗੀ। ਬੇਸ਼ੱਕ ਅਕਾਲੀ ਦਲ ਇਨ੍ਹਾਂ ਕਾਲੀਆਂ ਭੇਡਾਂ ਨੂੰ ਬਾਹਰ ਦਾ ਰਾਹ ਵਿਖਾਉਣ ਦੀ ਗੱਲ ਕਰ ਰਿਹਾ ਹੈ ਪਰ ਇਹ ਹੁਣ ਸੌਖਾ ਕੰਮ ਨਹੀਂ ਰਿਹਾ ਕਿਉਂਕਿ ਇਨ੍ਹਾਂ ਨੂੰ ਸੀਨੀਅਰ ਲੀਡਰਾਂ ਦੀ ਸਰਪ੍ਰਸਤੀ ਹਾਸਲ ਹੈ। ਇਸ ਨਾਲ ਪਾਰਟੀ ਵਿਚ ਬਗਾਵਤ ਵਾਲੀ ਹਾਲਤ ਵੀ ਬਣ ਸਕਦੀ ਹੈ।

ਇਸ ਤੋਂ ਇਲਾਵਾ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਪੁਲਿਸ ਦਾ ਸਿਆਸੀਕਰਨ ਕਰ ਦਿੱਤਾ ਹੈ। ਪੰਜਾਬ ਪੁਲਿਸ ਦੀ ਹਾਲਤ ਇਸ ਸਮੇਂ ਇਥੋਂ ਤੱਕ ਨਿੱਘਰ ਚੁੱਕੀ ਹੈ ਕਿ ਜ਼ਿਲ੍ਹਾ ਪੁਲਿਸ ਮੁਖੀਆਂ ਤੇ ਹੋਰ ਪੁਲਿਸ ਅਧਿਕਾਰੀਆਂ ਤੋਂ ਇਲਾਵਾ ਥਾਣਾ ਮੁਖੀਆਂ ਵੱਲੋਂ ਪੀੜਤਾਂ ਦੀਆਂ ਸ਼ਿਕਾਇਤਾਂ 'ਤੇ ਕੋਈ ਕਾਰਵਾਈ ਕਰਨ ਦੀ ਬਜਾਏ ਸਭ ਤੋਂ ਪਹਿਲਾਂ ਸ਼ਿਕਾਇਤ ਬਾਰੇ ਸਬੰਧਤ ਹਲਕੇ ਦੇ ਵਿਧਾਇਕ ਜਾਂ ਹਾਰੇ ਉਮੀਦਵਾਰ ਤੋਂ ਇਲਾਵਾ ਮੰਤਰੀ ਕੋਲੋਂ ਹੁਕਮ ਲਏ ਜਾਂਦੇ ਹਨ।

ਇਸ ਤਰ੍ਹਾਂ ਹਲਕਿਆਂ ਦੇ ਜਿੱਤੇ ਵਿਧਾਇਕ ਜਾਂ ਹਾਰੇ ਉਮੀਦਵਾਰਾਂ ਵੱਲੋਂ ਲੋੜੀਂਦੇ ਹੁਕਮ ਪ੍ਰਾਪਤ ਹੋਣ ਦੇ ਬਾਅਦ ਹੀ ਥਾਣਿਆਂ ਵਿਚ ਕੇਸ ਦਰਜ ਕੀਤੇ ਜਾ ਰਹੇ ਹਨ। ਜੇਕਰ ਸ਼ਿਕਾਇਤਕਰਤਾ ਵਿਰੋਧੀ ਧਿਰ ਦਾ ਹੋਵੇ ਤਾਂ ਸ਼ਿਕਾਇਤ ਨੂੰ ਪਾੜ ਕੇ ਖੂਹ ਖਾਤੇ ਪਾ ਦਿੱਤਾ ਜਾਂਦਾ ਹੈ ਪਰ ਜੇ ਸ਼ਿਕਾਇਤਕਰਤਾ ਸੱਤਾਧਾਰੀ ਧਿਰ ਦਾ ਸਮਰਥਕ ਹੋਵੇ ਤਾਂ ਲੋੜੀਂਦੇ ਹੁਕਮ ਪ੍ਰਾਪਤ ਕਰਨ ਤੋਂ ਬਾਅਦ ਹੀ ਥਾਣੇਦਾਰਾਂ ਵੱਲੋਂ ਕੇਸ ਦਰਜ ਕੀਤੇ ਜਾਂਦੇ ਹਨ।

ਸੀਨੀਅਰ ਅਕਾਲੀ ਆਗੂਆਂ ਨੇ ਖੁਦ ਮੰਨਿਆ ਹੈ ਕਿ ਸ਼ਰੂਤੀ ਅਗਵਾ ਕਾਂਡ, ਖਾਲੜਾ ਪੁਲਿਸ ਥਾਣੇ ਵਿਚ ਦਰਜ ਫਰਜ਼ੀ ਕੇਸ ਅਤੇ ਅਕਾਲੀ ਆਗੂਆਂ ਵੱਲੋਂ ਜ਼ਮੀਨਾਂ 'ਤੇ ਕਬਜ਼ਿਆਂ ਦੀਆਂ ਸ਼ਿਕਾਇਤਾਂ ਨੇ ਦਲ ਨੂੰ ਬੁਰੀ ਤਰ੍ਹਾਂ ਬਦਨਾਮ ਕਰ ਦਿੱਤਾ ਹੈ। ਇਸ ਬਾਰੇ ਧੜਾਧੜ ਸ਼ਿਕਾਇਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੱਕ ਪਹੁੰਚ ਰਹੀਆਂ ਹਨ ਤੇ ਉਹ ਇਸ ਗੱਲ ਨੂੰ ਲੈ ਕੇ ਡਾਢੇ ਪ੍ਰੇਸ਼ਾਨ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅੰਮ੍ਰਿਤਸਰ ਨੇੜੇ ਛੇਹਰਟਾ ਵਿਚ ਵਾਪਰੀ ਘਟਨਾ ਨੇ ਤਾਂ ਪਾਰਟੀ ਦੇ 'ਅਕਸ' ਨੂੰ ਵੱਡੀ ਢਾਹ ਲਾਈ ਹੈ ਜਿਸ ਕਰਕੇ ਪਾਰਟੀ ਦੀ ਲੀਡਰਸ਼ਿਪ ਸੋਚਣ ਲਈ ਮਜਬੂਰ ਹੋ ਗਈ ਹੈ।

ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦਾ ਮੰਨਣਾ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਅਪਰਾਧਕ ਪਿਛੋਕੜ ਵਾਲੇ ਬੰਦੇ ਪਾਰਟੀ ਵਿਚ ਘੁਸਪੈਠ ਕਰ ਗਏ ਹਨ ਜਿਸ ਕਾਰਨ ਅੰਮ੍ਰਿਤਸਰ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ। ਆਗੂਆਂ ਦੀ ਰਾਏ ਹੈ ਕਿ ਸੂਬੇ ਵਿਚ ਜੁਰਮ ਵਧਣ ਨਾਲ ਸਰਕਾਰ ਦੇ ਵੱਕਾਰ ਨੂੰ ਢਾਹ ਲੱਗ ਰਹੀ ਹੈ। ਅਕਾਲੀ ਦਲ ਨੂੰ ਡਰ ਹੈ ਕਿ ਅਮਨ ਕਾਨੂੰਨ ਦੀ ਵਿਗੜੀ ਹਾਲਤ ਦਾ ਅਸਰ 2014 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਤੇ ਵੀ ਪੈ ਸਕਦਾ ਹੈ।

ਯੂਥ ਅਕਾਲੀ ਦਲ ਵਿਚ ਪਿਛਲੇ ਸਮੇਂ



***ਧੀ ਦੀ ਰਾਖੀ ਕਰਦਾ ਮਾਰਿਆ ਗਿਆ ਪੁਲਿਸ ਅਫਸਰ ਰਵਿੰਦਰਪਾਲ ਸਿੰਘ***

ਦੌਰਾਨ ਵੱਡੀ ਗਿਣਤੀ ਵਿਚ ਅਹੁਦੇਦਾਰੀਆਂ ਵੰਡੇ ਜਾਣ ਕਾਰਨ ਪਾਰਟੀ ਨੂੰ ਇਸ ਗੱਲ ਦੀ ਵੀ ਕੋਈ ਜਾਣਕਾਰੀ ਨਹੀਂ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਿਚ ਕਿੰਨੇ ਅਹੁਦੇਦਾਰ ਹਨ। ਫਰੀਦਕੋਟ ਵਿਚ ਸ਼ਰੂਤੀ ਅਗਵਾ ਕਾਂਡ ਦੇ ਮੁੱਖ ਮੁਲਜ਼ਮ ਤੇ ਅੰਮ੍ਰਿਤਸਰ ਕਾਂਡ ਵਿਚ ਅਕਾਲੀ ਅਹੁਦੇਦਾਰਾਂ ਦੀ ਸ਼ਮੂਲੀਅਤ ਦੇ ਦੋਸ਼ ਲੱਗ ਰਹੇ ਹਨ।

# ਸਰਕਾਰ ਨੂੰ ਵਿਧਾਨ ਸਭਾ 'ਚ ਘੇਰਿਆ ਜਾਵੇਗਾ: ਕੈਪਟਨ

**ਅੰਮ੍ਰਿਤਸਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਜ਼ਿਲ੍ਹਾ ਪੱਧਰ 'ਤੇ ਬਣਾਈਆਂ ਗਈਆਂ ਡਾਇਰੈਕਟਰੀਆਂ ਜਿਨ੍ਹਾਂ ਵਿਚ ਜ਼ਿਲ੍ਹਾ ਇਕਾਈਆਂ ਦੇ ਆਗੂਆਂ ਦੇ ਨਾਂ ਤੇ ਅਹੁਦੇ ਸ਼ਾਮਲ ਹਨ, ਪੁਲੀਸ ਥਾਣਿਆਂ ਵਿਚ ਦੇ ਕੇ ਹਦਾਇਤ ਕੀਤੀ ਹੋਈ ਹੈ ਕਿ ਇਨ੍ਹਾਂ ਆਗੂਆਂ ਦਾ ਹਰ ਕੰਮ ਕੀਤਾ ਜਾਵੇ। ਅਜਿਹੀ ਹੀ ਜ਼ਿਲ੍ਹਾ ਡਾਇਰੈਕਟਰੀ ਵਿਚ ਏ.ਐਸ.ਆਈ. ਰਵਿੰਦਰਪਾਲ ਸਿੰਘ ਨੂੰ ਗੋਲੀ ਮਾਰਨ ਵਾਲੇ ਅਕਾਲੀ ਆਗੂ ਰਣਜੀਤ ਸਿੰਘ ਰਾਣਾ ਦਾ ਨਾਂ ਤੇ ਤਸਵੀਰ ਵੀ ਸ਼ਾਮਲ ਹੈ।

ਕਾਂਗਰਸ ਵਿਧਾਇਕ ਦਲ ਵੱਲੋਂ ਏਐਸਆਈ ਕਤਲ ਕਾਂਡ ਖਿਲਾਫ ਦਿੱਤੇ ਰੋਸ ਧਰਨੇ ਵਿਚ ਸ਼ਾਮਲ ਹੋਣ ਆਏ ਕੈਪਟਨ ਨੇ ਦਾਅਵਾ ਕੀਤਾ ਕਿ ਪੁਲੀਸ ਵੱਲੋਂ ਇਨ੍ਹਾਂ ਅਕਾਲੀ ਆਗੂਆਂ ਦਾ ਹਰ ਕੰਮ ਕੀਤੇ ਜਾਣ ਕਾਰਨ ਹੀ ਸ਼ਰਾਰਤੀ ਅਨਸਰਾਂ ਨੂੰ ਸ਼ਹਿ ਮਿਲੀ ਹੈ। ਇਸ ਦੇ ਸਿੱਟੇ ਵਜੋਂ ਕਾਨੂੰਨ ਦੀ ਸਥਿਤੀ ਬਦਤਰ ਹੁੰਦੀ ਜਾ ਰਹੀ ਹੈ ਤੇ ਇਸੇ ਕਾਰਨ ਹੀ ਏ.ਐਸ.ਆਈ. ਰਵਿੰਦਰਪਾਲ ਸਿੰਘ ਦਾ ਕਤਲ ਹੋਇਆ ਹੈ। ਉਨ੍ਹਾਂ ਆਖਿਆ ਕਿ 17 ਦਸੰਬਰ ਤੋਂ ਆਰੰਭ ਹੋ ਰਹੇ ਵਿਧਾਨ ਸਭਾ ਇਜਲਾਸ ਦੌਰਾਨ ਸੂਬੇ ਵਿਚ ਵਿਗੜਦੀ ਅਮਨ ਤੇ ਕਾਨੂੰਨ ਦੀ ਹਾਲਤ ਬਾਰੇ ਬਹਿਸ ਕਰਾਉਣ ਦੀ ਮੰਗ ਕੀਤੀ ਜਾਵੇਗੀ।

ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਸਰਕਾਰ ਸੂਬੇ ਵਿਚ ਕਾਨੂੰਨ ਵਿਵਸਥਾ ਤੇ ਆਰਥਿਕ ਵਿਵਸਥਾ ਨੂੰ ਸੰਭਾਲਣ ਵਿਚ ਬੁਰੀ ਤਰ੍ਹਾਂ ਅਸਫਲ ਹੋਈ ਹੈ ਜਿਸ ਦਾ ਸਿੱਟਾ ਹੈ ਕਿ ਸੂਬੇ ਵਿਚ ਵੱਖ-ਵੱਖ ਥਾਵਾਂ 'ਤੇ ਮਾੜੀਆਂ ਘਟਨਾਵਾਂ ਵਾਪਰ ਰਹੀਆਂ ਹਨ। ਉਨ੍ਹਾਂ ਇਸ ਮਾਮਲੇ ਵਿਚ ਫਰੀਦਕੋਟ ਦਾ ਸ਼ਰੂਤੀ ਅਗਵਾ ਕਾਂਡ, ਅੰਮ੍ਰਿਤਸਰ ਵਿਚ ਏ.ਐਸ.ਆਈ. ਰਵਿੰਦਰਪਾਲ ਸਿੰਘ ਕਤਲ ਕਾਂਡ, ਗੁਰਦਾਸਪੁਰ ਵਿਚ ਹੋਮਗਾਰਡ ਦੇ ਕਰਮਚਾਰੀ ਨੂੰ ਥੱਪੜ ਮਾਰਨਾ, ਜਲੰਧਰ ਵਿਚ ਕੁੜੀ ਨਾਲ ਛੇੜਖਾਨੀ ਕਰਨ ਵਾਲਿਆਂ ਨੂੰ ਰੋਕਣ ਕਰਕੇ ਪੱਤਰਕਾਰਾਂ 'ਤੇ ਹਮਲਾ ਤੇ ਮੁਕਤਸਰ ਵਿਚ ਗੋਲੀ ਚੱਲਣ ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ। ਉਨ੍ਹਾਂ ਆਖਿਆ ਕਿ ਪੰਜਾਬ ਦਾ ਭਵਿੱਖ ਧੁੰਦਲਾ ਜਾਪਦਾ ਹੈ ਕਿਉਂਕਿ ਆਰਥਿਕ ਹਾਲਤ ਦੇ ਸੁਧਾਰ ਲਈ ਸਰਕਾਰ ਕੋਲ ਕੋਈ ਯੋਜਨਾ ਨਹੀਂ ਹੈ ਤੇ ਕਾਨੂੰਨ ਵਿਵਸਥਾ ਵੀ ਨਿਰੰਤਰ ਖਰਾਬ ਹੋ ਰਹੀ ਹੈ। ਇਸ ਦੇ ਸਿੱਟੇ ਵਜੋਂ ਸੂਬੇ ਵਿਚ ਕੋਈ ਨਵੀਂ ਸਨਅਤ ਨਹੀਂ ਆ ਰਹੀ ਅਤੇ ਬੇਰੁਜ਼ਗਾਰਾਂ ਦੀ ਗਿਣਤੀ ਵਧ ਰਹੀ ਹੈ।

## ਰਾਸ਼ਟਰਪਤੀ ਵਿਰੁੱਧ ਸੰਗਮਾ ਦੀ ਪਟੀਸ਼ਨ ਖਾਰਜ

**ਨਵੀਂ ਦਿੱਲੀ:** ਲੋਕ ਸਭਾ ਦੇ ਸਾਬਕਾ ਸਪੀਕਰ ਪੀ.ਏ ਸੰਗਮਾ ਵੱਲੋਂ ਕਾਂਗਰਸ ਦੇ ਸੀਨੀਅਰ ਆਗੂ ਪ੍ਰਣਬ ਮੁਖਰਜੀ ਦੀ ਰਾਸ਼ਟਰਪਤੀ ਵਜੋਂ ਹੋਈ ਚੋਣ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਸੁਪਰੀਮ ਕੋਰਟ ਨੇ ਬਹੁਮਤ ਨਾਲ ਖਾਰਜ ਕਰ ਦਿੱਤੀ। ਚੀਫ ਜਸਟਿਸ ਅਲਤਮਸ ਕਬੀਰ ਦੀ ਅਗਵਾਈ ਹੇਠ 3-2 ਦੇ ਬਹੁਮਤ ਨਾਲ ਹੋਏ ਫੈਸਲੇ ਵਿਚ ਕਿਹਾ ਗਿਆ ਕਿ ਸ੍ਰੀ ਸੰਗਮਾ ਦੀ ਪਟੀਸ਼ਨ ਸੁਣਵਾਈ ਦੇ ਯੋਗ ਨਹੀਂ ਹੈ।

ਦੂਜੇ ਪਾਸੇ ਇਸ ਨਾਲ ਅਸਹਿਮਤੀ ਜਤਾਉਣ ਵਾਲੇ ਦੋ ਜੱਜਾਂ ਨੇ ਕਿਹਾ ਕਿ ਪਟੀਸ਼ਨ 'ਤੇ ਨਿਯਮਤ ਸੁਣਵਾਈ ਹੋ ਸਕਦੀ ਹੈ। ਇਕ ਜੱਜ ਨੇ ਇਹ ਨੁਕਤਾ ਉਭਾਰਿਆ ਕਿ ਜਦੋਂ ਸ੍ਰੀ ਮੁਖਰਜੀ ਨੇ ਨਾਮਜ਼ਦਗੀ ਪੱਤਰ ਭਰੇ ਸਨ ਤਾਂ ਉਦੋਂ ਉਹ ਲਾਭ ਵਾਲੇ ਅਹੁਦੇ 'ਤੇ ਸਨ। ਜਸਟਿਸ ਪੀ ਸਦਾਸ਼ਿਵਮ ਤੇ ਜਸਟਿਸ ਐਸ ਐਸ ਨਿੱਝਰ ਦੇ ਨਾਲ ਚੀਫ ਜਸਟਿਸ ਨੇ ਫੈਸਲੇ 'ਚ ਕਿਹਾ ਕਿ ਇਸ ਪਟੀਸ਼ਨ 'ਤੇ ਸੁਣਵਾਈ ਨਹੀਂ ਹੋ ਸਕਦੀ ਜਿਸ ਕਰਕੇ ਇਹ ਖਾਰਜ ਕੀਤੀ ਜਾ ਸਕਦੀ ਹੈ।

# ਨਿਵੇਸ਼ ਲਈ ਲੌਬਿੰਗ ਉਪਰ ਕਰੋੜਾਂ ਰੁਪਏ ਖਰਚਣ ਦੇ ਦੋਸ਼

16.5 ਲੱਖ ਡਾਲਰ (ਤਕਰੀਬਨ 10 ਕਰੋੜ ਰੁਪਏ) ਖਰਚ ਕੀਤੇ। ਇਸ ਵਿਚ ਭਾਰਤ ਵਿਚ ਐਫ.ਡੀ.ਆਈ. 'ਤੇ ਚਰਚਾ ਨਾਲ ਸਬੰਧਤ ਮੁੱਦਾ ਵੀ ਸ਼ਾਮਲ ਹੈ। ਇਸ ਤਿਮਾਹੀ ਦੌਰਾਨ ਵਾਲਮਾਰਟ ਨੇ ਅਮਰੀਕੀ ਸੈਨੇਟ, ਅਮਰੀਕੀ ਕਾਂਗਰਸ, ਅਮਰੀਕੀ ਵਪਾਰ ਪ੍ਰਤੀਨਿਧੀ (ਯੂ.ਐਸ.ਟੀ.ਆਰ.) ਤੇ ਅਮਰੀਕੀ ਵਿਦੇਸ਼ ਵਿਭਾਗ ਦੇ ਸਾਹਮਣੇ ਆਪਣੇ ਮਾਮਲੇ ਵਿਚ ਲੌਬਿੰਗ ਕੀਤੀ। ਅਮਰੀਕਾ ਵਿਚ ਕੰਪਨੀਆਂ ਨੂੰ ਕਿਸੇ ਮਾਮਲੇ ਵਿਚ ਵਿਭਾਗਾਂ ਜਾਂ ਏਜੰਸੀਆਂ ਦੇ ਸਾਹਮਣੇ ਲੌਬਿੰਗ ਦੀ ਇਜਾਜ਼ਤ ਹੈ ਪਰ ਲੌਬਿੰਗ 'ਤੇ ਹੋਏ ਖਰਚ ਦੀ ਰਿਪੋਰਟ ਤਿਮਾਹੀ ਆਧਾਰ 'ਤੇ ਸੈਨੇਟ ਵਿਚ ਦੇਣੀ ਹੁੰਦੀ ਹੈ।

ਉਂਜ, ਅਮਰੀਕਾ ਵਿਚ ਲੌਬਿੰਗ ਕਰਨ ਲਈ ਪੈਸਾ ਖਰਚਣਾ ਆਮ ਗੱਲ ਹੈ ਤੇ ਇਸ ਨੂੰ ਮਾਨਤਾ ਹਾਸਲ ਹੈ ਪਰ ਭਾਰਤ ਵਿਚ ਇਸ ਨੂੰ ਗੈਰਕਾਨੂੰਨੀ ਮੰਨਿਆ ਜਾਂਦਾ ਹੈ। ਭਾਰਤ ਵਿਚ ਇਸ ਮਾਮਲੇ ਨੂੰ ਤੂਲ ਦਿੰਦਿਆਂ ਵੱਖ ਵੱਖ ਪਾਰਟੀਆਂ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਲੋਂ ਮੰਗ ਕੀਤੀ ਹੈ ਕਿ ਵਾਲਮਾਰਟ ਵੱਲੋਂ 'ਰਿਸ਼ਵਤ ਦੇਣ' ਦੇ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ। ਇਸ ਮਾਮਲੇ ਨੂੰ ਲੈ ਕੇ ਵਿਰੋਧੀ ਧਿਰਾਂ ਨੂੰ ਇਕ ਵਾਰ ਫਿਰ ਸੰਸਦ ਦੀ ਕਾਰਵਾਈ ਵਿਚ ਅੜਿੱਕਾ ਪਾਉਣ ਦਾ ਮੌਕਾ ਮਿਲ ਗਿਆ ਹੈ। ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਉਹ ਸਰਕਾਰ 'ਤੇ ਸੱਚਾਈ ਸਾਹਮਣੇ ਲਿਆਉਣ ਲਈ ਜ਼ੋਰ ਪਾਉਣਗੀਆਂ ਤੇ ਆਪਣੇ ਵਿਰੋਧ ਜਾਰੀ ਰੱਖਣਗੀਆਂ।

ਵਾਲਮਾਰਟ ਨੇ ਸੈਨੇਟ ਨੂੰ ਦਿੱਤੀ ਰਿਪੋਰਟ ਵਿਚ ਦੱਸਿਆ ਹੈ ਕਿ ਉਸ ਨੇ ਸਾਲ 2008 ਤੋਂ ਲੈ ਕੇ 2012 ਤਕ ਆਪਣੇ ਦੇਸ਼ ਦੇ ਪਾਰਲੀਮੈਂਟ ਮੈਂਬਰਾਂ ਅਤੇ ਵੱਖ ਵੱਖ ਦੇਸ਼ਾਂ ਵਿਚ ਆਪਣੇ ਵਾਸਤੇ ਹਮਾਇਤ ਜੁਟਾਉਣ ਲਈ 125 ਕਰੋੜ ਰੁਪਏ ਖਰਚੇ ਹਨ ਤੇ ਇਨ੍ਹਾਂ ਵਿਚ ਭਾਰਤ ਵੀ ਸ਼ਾਮਲ ਹੈ। ਇਸ ਰਿਪੋਰਟ ਨੇ ਯੂ.ਪੀ.ਏ. ਸਰਕਾਰ ਲਈ ਨਵੀਂ ਮੁਸੀਬਤ ਖੜ੍ਹੀ ਕਰ ਦਿੱਤੀ ਹੈ।

ਭਾਰਤੀ ਜਨਤਾ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ, ਮਾਰਕਸਵਾਦੀ ਕਮਿਊਨਿਸਟ ਪਾਰਟੀ, ਸਮਾਜਵਾਦੀ ਪਾਰਟੀ, ਜਨਤਾ ਦਲ ਯੂ, ਤ੍ਰਿਣਮੂਲ ਕਾਂਗਰਸ, ਅੰਨਾ. ਡੀ.ਐਮ.ਕੇ. ਤੇ ਆਸਾਮ ਗਣ ਪ੍ਰੀਸ਼ਦ ਨੇ ਵਾਲਮਾਰਟ ਦੇ ਭਾਰਤ ਦੀ ਮਾਰਕੀਟ ਵਿਚ ਦਾਖਲ ਹੋਣ ਲਈ 'ਰਿਸ਼ਵਤ' ਦੇਣ ਦੇ ਮਾਮਲੇ ਨੂੰ ਬੜਾ ਸੰਵੇਦਨਸ਼ੀਲ ਕਰਾਰ ਦਿੰਦਿਆਂ ਇਸ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ।

ਭਾਰਤੀ ਜਨਤਾ ਪਾਰਟੀ ਦਾ ਕਹਿਣਾ ਹੈ ਕਿ ਵਾਲਮਾਰਟ ਨੇ ਭਾਰਤ ਦੀ ਮੰਡੀ ਵਿਚ ਦਾਖਲ ਹੋਣ ਲਈ ਵੱਡੀ ਪੱਧਰ 'ਤੇ ਪੈਸਾ ਖਰਚਿਆ ਹੈ ਤੇ ਹੁਣ ਉਸ ਵੱਲੋਂ ਖੁਦ ਇੰਕਸ਼ਾਫ ਕਰਨ ਨਾਲ ਇਹ ਗੱਲ ਸਹੀ ਸਾਬਤ ਹੋ ਗਈ ਹੈ। ਭਾਰਤ ਵਿਚ ਲੌਬਿੰਗ ਗੈਰਕਾਨੂੰਨੀ ਹੈ ਤੇ ਇਹ ਰਿਸ਼ਵਤ ਦੇਣ ਦੇ ਬਰਾਬਰ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਭਾਰਤ ਵਿਚ ਵਾਲਮਾਰਟ ਨੇ ਕਿਸ ਨੂੰ ਰਿਸ਼ਵਤ ਦਿੱਤੀ, ਉਨ੍ਹਾਂ ਦੇ ਨਾਂ ਜਨਤਕ ਕੀਤੇ ਜਾਣ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਖੁਦ ਇਸ ਬਾਰੇ ਜਾਣਕਾਰੀ ਦੇਣ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ


# ਤਖਤ ਕੇਸਗੜ੍ਹ ਸਾਹਿਬ ਦੀ ਆਮਦਨੀ ’ਚ ਰਿਕਾਰਡ ਵਾਧਾ

**ਆਨੰਦਪੁਰ ਸਾਹਿਬ:** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਆਮਦਨੀ ਵਿਚ ਵਿਰਾਸਤ-ਏ-ਖਾਲਸਾ ਆਮ ਲੋਕਾਂ ਲਈ ਖੁੱਲ੍ਹਣ ਪਿੱਛੋਂ ਰਿਕਾਰਡ ਵਾਧਾ ਹੋਇਆ ਹੈ। ਇਹੀ ਕਾਰਨ ਹੈ ਕਿ ਤਖ਼ਤ ਸਾਹਿਬ ਵਿਖੇ 2013 ਲਈ ਹੋਈ ਥੜ੍ਹਿਆਂ ਦੀ ਬੋਲੀ ਵਿਚ ਇਕ ਕਰੋੜ ਨੌਂ ਲੱਖ ਰੁਪਏ ਦਾ ਰਿਕਾਰਡ ਵਾਧਾ ਦਰਜ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਬੋਲੀ ਦੇਣ ਲਈ 20 ਲੱਖ ਰੁਪਏ ਬਤੌਰ ਜ਼ਮਾਨਤ ਦੇਣ ਵਾਲੇ ਨੂੰ ਬੋਲੀ ਦੇਣ ਦਾ ਹੱਕ ਦਿੱਤਾ ਹੋਇਆ ਸੀ। ਇਸ ਤਹਿਤ ਕੁੱਲ ਸੱਤ ਬੋਲੀਕਾਰ ਪੰਜਾਬ ਤੇ ਹਰਿਆਣਾ ਤੋਂ ਪਹੁੰਚੇ ਹੋਏ ਸਨ।

ਇਸ ਦੌਰਾਨ ਬੇਸ਼ੱਕ ਸਾਰੇ ਬੋਲੀਕਾਰਾਂ ਨੇ ਦੋ ਕਰੋੜ ਤੱਕ ਬੋਲੀ ਲਾਈ ਪਰ ਬਾਅਦ ਵਿਚ ਮੁੱਖ ਮੁਕਾਬਲਾ ਦੋ ਧਿਰਾਂ ਵਿਚਾਲੇ ਰਹਿ ਗਿਆ। ਇਸ ਪਿੱਛੋਂ ਰਮੇਸ਼ ਰਾਠੀ ਨੇ ਸਭ ਤੋਂ ਵੱਡੀ ਢਾਈ ਕਰੋੜ ਰੁਪਏ ਦੀ ਬੋਲੀ ਦਿੱਤੀ। ਇਸ ਤੋਂ ਪਹਿਲਾਂ ਪਿਛਲੇ ਸਾਲ 1 ਕਰੋੜ 41 ਲੱਖ ਰੁਪਏ ਦੀ ਗਈ ਸੀ। ਇਸ ਵਿਚ ਇਸ ਸਾਲ ਇਕ ਕਰੋੜ ਅੱਠ ਲੱਖ ਰੁਪਏ ਦਾ ਰਿਕਾਰਡ ਵਾਧਾ ਹੋਇਆ ਹੈ। ਇਸੇ ਤਰ੍ਹਾਂ ਕੀਰਤਪੁਰ ਸਾਹਿਬ ਵਿਖੇ ਬਾਬਾ ਗੁਰਦਿੱਤਾ ਜੀ ਵਿਖੇ ਜਿਹੜੀ ਬੋਲੀ ਪਿਛਲੇ ਸਾਲ ਸਾਢੇ ਛੇ ਲੱਖ ਰੁਪਏ ਦੀ ਗਈ ਸੀ, ਉਹ ਇਸ ਵਾਰ 21 ਲੱਖ 20 ਹਜ਼ਾਰ ਹੋ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਜਦੋਂ ਤੋਂ ਵਿਰਾਸਤ-ਏ-ਖਾਲਸਾ ਖੋਲਿਆ ਗਿਆ ਹੈ ਉਦੋਂ ਤੋਂ ਸੰਗਤ ਦੀ ਆਮਦ ਵਿਚ ਰਿਕਾਰਡ ਵਾਧਾ ਹੋਇਆ ਹੈ। ਇਹੀ ਕਾਰਨ ਹੈ ਕਿ ਤਖ਼ਤ ਸਾਹਿਬ ਦੀ ਗੋਲਕ ਵਿਚ ਚੜ੍ਹਾਵਾ ਵੀ ਵਧਿਆ ਹੈ ਤੇ ਹੋਰ ਵਸੀਲਿਆਂ ਦੀ ਆਮਦਨ ਵੀ ਕਾਫੀ ਵਧੀ ਹੈ।

ਇਸੇ ਦੌਰਾਨ ਪਤਾ ਲੱਗਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਲੰਗਰ ਹਾਲ ਵਿਖੇ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਦੀ ਸਹੂਲਤ ਲਈ ਵਿਸ਼ੇਸ਼ ਤੌਰ ’ਤੇ ਦੋ ਲਿਫਟਾਂ ਲਗਾਉਣ ਲਈ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਦਾ ਕੰਮ ਵੀ ਜਲਦੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਲਈ ਲਗਾਈ ਜਾਣ ਵਾਲੀ ਲਿਫਟ ਦਾ ਕੰਮ ਅਧਵਾਟੇ ਰੋਕ ਦਿੱਤਾ ਗਿਆ ਸੀ ਪਰ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਕੁਝ ਦੇਰ ਪਹਿਲਾਂ ਹੀ ਤਿਆਰ ਕੀਤੇ ਗਏ ਆਧੁਨਿਕ ਸਹੂਲਤਾਂ ਵਾਲੇ ਲੰਗਰ ਹਾਲ ਵਿਖੇ ਸ਼ਰਧਾਲੂਆਂ ਦੀ ਸਹੂਲਤ ਨੂੰ ਮੁੱਖ ਰੱਖਦੇ ਦੋ ਲਿਫਟਾਂ ਲਗਾਉਣ ਲਈ ਹਰੀ ਝੰਡੀ ਦਿੱਤੀ ਗਈ ਹੈ।

ਲੰਗਰ ਹਾਲ ਵਿਚ ਵਿਸ਼ਵ ਪੱਧਰ ਦੀਆਂ ਕੰਪਨੀਆਂ ਵੱਲੋਂ ਤਿਆਰ ਕੀਤੀਆਂ ਜਾਣ ਵਾਲੀਆਂ ਅਤਿ-ਆਧੁਨਿਕ ਲਿਫਟਾਂ ਲਵਾਈਆਂ ਜਾਣਗੀਆਂ। ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਵੱਲੋਂ ਅਲਾਟ ਕੀਤੇ ਤੇ 33.05 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸਟੇਨਲੈੱਸ ਸਟੀਲ ਦੇ ਢਾਂਚੇ ਵਾਲੇ ਪਾਲੀਕਾਰਬੋਨੇਟ ਸ਼ੈੱਡ ਬਣਾਉਣ ਦਾ ਕੰਮ ਵੀ ਸ਼ੁਰੂ ਹੋ ਗਿਆ ਹੈ। ਇਸ ਤਹਿਤ ਤਖਤ ਸਾਹਿਬ ਦੀ ਚਰਨ ਗੰਗਾ (ਪੈਰ ਧੋਣ ਵਾਲੇ ਸਥਾਨ) ਤੋਂ ਲੈ ਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਦਰਵਾਜ਼ੇ ਤੱਕ ਮੀਂਹ-ਕਣੀ, ਧੁੱਪ-ਛਾਂ ਤੋਂ ਬਚਾਅ ਲਈ ਆਉਣ-ਜਾਣ ਵਾਸਤੇ ਦੋਵੇਂ ਪਾਸੇ ਪਾਲੀਕਾਰਬੋਨੇਟ ਦੀ ਸ਼ੈੱਡ ਤਿਆਰ ਹੋਵੇਗੀ।



ਗੁਰੂ ਘਰ ਦੀ ਨਵੀਂ ਬਣ ਰਹੀ ਇਮਾਰਤ ਦਾ ਮਾਡਲ

## ਗੁਰਦੁਆਰਾ ਸਿੱਖ ਸਟੱਡੀ ਸਰਕਲ, ਮਿਜ਼ੌਰੀ

## ਗ੍ਰੰਥੀ ਸਿੰਘ ਦੀ ਲੋੜ ਹੈ

ਗੁਰਦੁਆਰਾ ਸਿੱਖ ਸਟੱਡੀ ਸਰਕਲ, ਸੇਂਟ ਲੁਇਸ, ਮਿਜ਼ੌਰੀ ਲਈ ਗ੍ਰੰਥੀ ਸਿੰਘ ਦੀ ਲੋੜ ਹੈ ਜੋ ਕਿ ਕਥਾ ਕੀਰਤਨ ਕਰ ਸਕਦਾ ਹੋਵੇ।

ਸੰਪਰਕ ਕਰੋ: ਸੁਖਚੈਨ ਸਿੰਘ ਫੋਨ 314-612-0800
ਜਾਂ ਸਤਨਾਮ ਸਿੰਘ ਫੋਨ 314-452-8083

ਨੋਟ: ਗੁਰੂ ਘਰ ਦੀ ਇਕ ਸੁੰਦਰ ਇਮਾਰਤ ਬਣ ਰਹੀ ਹੈ ਜਿਸ ਲਈ ਪ੍ਰਬੰਧਕਾਂ ਵਲੋਂ ਸਮੂਹ ਸੰਗਤ ਨੂੰ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਭੇਟਾ ਕਰਨ ਦੀ ਬੇਨਤੀ ਹੈ ਜੀ।


# ਢਾਕਾ ਦੇ ਇਤਿਹਾਸਕ ਗੁਰਦੁਆਰੇ ’ਤੇ ਕਬਜ਼ਾ

**ਢਾਕਾ:** ਇਥੋਂ ਦੇ ਬੰਗਲਾ ਬਾਜ਼ਾਰ ਵਿਚ ਇਤਿਹਾਸਕ ਗੁਰਦੁਆਰਾ ਸਾਹਿਬ ਸੰਗਤ ਟੋਲਾ ’ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ। ਇਸ ਸਥਾਨ ’ਤੇ ਸ੍ਰੀ ਗੁਰੂ ਤੇਗ ਬਹਾਦਰ ਆਪਣੀ ਢਾਕਾ ਫੇਰੀ ਦੌਰਾਨ ਕੋਈ ਢਾਈ ਸਾਲ ਬਾਬਾ ਬਲਾਕੀ ਦਾਸ ਦੇ ਘਰ ਰਹੇ ਸਨ।

ਅਣਗੌਲਿਆ ਰਿਹਾ ਇਹ ਧਾਰਮਿਕ ਸਥਾਨ ਕਾਰ ਸੇਵਾ ਵਾਲੇ ਬਾਬਾ ਸੁੱਖਾ ਸਿੰਘ ਤੇ ਬਾਬਾ ਹਾਕਮ ਸਿੰਘ ਦੇ ਯਤਨਾਂ ਸਦਕਾ ਇਥੇ ਕਾਬਜ਼ 10 ਪਰਿਵਾਰਾਂ ਵਿਚੋਂ 4 ਨੂੰ ਕਰੀਬ 40 ਲੱਖ ਰੁਪਏ ਦੇ ਕੇ ਖਾਲੀ ਕਰਵਾ ਲਿਆ ਗਿਆ ਸੀ। ਬੰਗਲਾ ਦੇਸ਼ ਦੇ ਸਿੱਖ ਅਸਥਾਨਾਂ ਦੇ ਦਰਸ਼ਨਾਂ ਲਈ ਜਥੇ ਨਾਲ ਆਏ ਬਾਬਾ ਹਾਕਮ ਸਿੰਘ ਮੁਤਾਬਕ ਅਜੇ ਵੀ ਇਥੇ ਛੇ ਪਰਿਵਾਰਾਂ ਦਾ ਕਬਜ਼ਾ ਹੈ। ਜੋ ਕਮਰੇ ਖਾਲੀ ਕਰਵਾਏ ਗਏ ਹਨ, ਉਥੇ ਗੁਰੂ ਤੇਗ ਬਹਾਦਰ ਜੀ ਰਿਹਾ ਕਰਦੇ ਸਨ। ਇਨ੍ਹਾਂ ਵਿਚੋਂ ਇਕ ਕਮਰਾ ਤਾਂ ਬਿਲਕੁਲ ਢਹਿ ਢੇਰੀ ਹੋ ਚੁੱਕਾ ਹੈ। ਉਸ ਦੀਆਂ ਸਿਰਫ਼ ਕੰਧਾਂ ਹੀ ਖੜ੍ਹੀਆਂ ਹਨ ਜਿਨ੍ਹਾਂ ਉਪਰ ਹਾਲ ਦੀ ਘੜੀ ਟੀਨ ਦੀਆਂ ਚਾਦਰਾਂ ਪਾਈਆਂ ਗਈਆਂ ਹਨ। ਇਸ ਸਥਾਨ ’ਤੇ ਅਜੇ ਵੀ ਜਿਹੜੇ ਛੇ ਪਰਿਵਾਰ ਨਾਜਾਇਜ਼ ਤੌਰ ’ਤੇ ਕਾਬਜ਼ ਹਨ। ਉਨ੍ਹਾਂ ਦਾ ਤਰਕ ਹੈ ਕਿ ਉਹ ਪਿਛਲੇ 50 ਸਾਲ ਤੋਂ ਵੀ ਵੱਧ ਸਮੇਂ ਤੋਂ ਇਥੇ ਰਹਿ ਰਹੇ ਹਨ ਤੇ ਹੁਣ ਉਹ ਕਿਥੇ ਜਾਣ? ਜਦਕਿ ਕਾਰ ਸੇਵਾ ਵਾਲਿਆਂ ਦਾ ਕਹਿਣਾ ਹੈ ਕਿ ਉਹ ਇਨ੍ਹਾਂ ਪਰਿਵਾਰਾਂ ਨੂੰ ਮਕਾਨ ਖਾਲੀ ਕਰਨ ਦੇ ਪੈਸੇ ਦੇਣ ਲਈ ਰਾਜ਼ੀ ਹਨ।


## ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
## ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ

ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ

**ਫੋਨ: (559) 317-2149**



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577



# Short Sale Specialist

## Selling HUD homes anywhere in California



| Just Sold | Listing |
|---|---|
| 7 Derow Ct., Sacramento, CA 95833 **$40,000.00** | 2519 Tornado Way, Rancho Cordova, CA 95670 **$105,000** |
| 2625 Hayden Brook Ave., Stockton, CA 95212 **$141,500** | 4545 Valley Hi Dr., Sacramento, CA 95823 **$140,000** |
| | 2430 Yreka Ave, Sacramento, CA 95822 **$63,000** |

*Call: Sohanpreet ‘Sam’ Chahal*
**@916-612-5773**
visit: www.hudhomestore.com
Serving from Bay Area to Sacramento

**Sohanpreet (Sam) Chahal**
CA Lic. 01504071
Realtor/Notary Public
email:samchahal@hotmail.com

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

# Golden State Realty

Sacramento Office: 8695 Territorial Way, Elk Grove CA 95624
**Tel: 916-612-5773 Fax: 916-689-5707**



# Global Multi Services

## ਕੈਲੀਫੋਰਨੀਆ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਦੀਆਂ ਪਲੇਟਾਂ ਤੁਸੀਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

## ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਦੀ ਲੋੜ ਨਹੀਂ
> ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ

ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

**ਉਪਲਬਧ ਸੇਵਾਵਾਂ**
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

**High Five Plaza #207**
**16925 S. Harlan Rd.**
**Lathrop CA 95330**
**Exactly on I-5 and Louise Exit**
**Opposite Dennys Restaurant**



ਰਾਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
**ਫੋਨ 209-982-9996**
ਫੈਕਸ:209-982-9997

**DMV Lic No. 62822**

# ਬਾਦਲਾਂ ਦੇ ਬੁਰਛੇ

ਛੇਹਰਟਾ ਵਿਚ ਅਕਾਲੀ ਆਗੂ ਰਣਜੀਤ ਸਿੰਘ ਰਾਣਾ ਵੱਲੋਂ ਕੀਤੀ ਬੁਰਛਾਗਰਦੀ ਪੰਜਾਬ ਲਈ ਨਵੀਂ ਨਹੀਂ ਹੈ। ਬਾਦਲ ਪਿਉ-ਪੁੱਤਰ ਪਿਛਲੇ ਦਹਾਕੇ ਤੋਂ ਜਿਸ ਢੰਗ ਨਾਲ ਸਿਆਸੀ ਪਿੜ ਵਿਚ ਵਿਚਰ ਰਹੇ ਹਨ ਅਤੇ ਜਿਸ ਢੰਗ ਨਾਲ ਅਪਾਰਾਧੀ ਅਨਸਰਾਂ ਦੀ ਪੁਸ਼ਤਪਨਾਹੀ ਕਰ ਰਹੇ ਹਨ, ਉਸੇ ਦੀ ਲਗਾਤਾਰਤਾ ਵਿਚ ਹੀ ਇਹ ਘਟਨਾ ਹੋਈ ਹੈ। ਹੁਣ ਮਾਮਲਾ ਸਿਰਫ ਇਸ ਕਰ ਕੇ ਵਧ ਗਿਆ ਹੈ ਕਿਉਂਕਿ ਇਸ ਘਟਨਾ ਵਿਚ ਆਪਣੀ ਧੀ ਦੀ ਪੱਤ ਬਚਾ ਰਹੇ ਪਿਉ ਦੀ ਮੌਤ ਹੋ ਗਈ। ਇਹ ਅਜਿਹੀ ਘਟਨਾ ਸੀ ਜਿਸ ਨਾਲ ਬਾਦਲਾਂ ਦਾ ਤਖਤ ਡੋਲਣਾ ਚਾਹੀਦਾ ਸੀ, ਪਰ ਇਸ ਘਟਨਾ ਨੂੰ ਵੀ ਸ਼ਾਇਦ ਉਹ ਸੰਭਾਲ ਗਏ ਹਨ! ਪੰਜਾਬੀਆਂ ਲਈ ਇਸ ਤੋਂ ਵੱਡੀ ਨਮੋਸ਼ੀ ਸ਼ਾਇਦ ਹੀ ਕੋਈ ਹੋਰ ਹੋਵੇ! ਕੁਝ ਸਮਾਂ ਪਹਿਲਾਂ ਜਦੋਂ ਇਕ ਅਕਾਲੀ ਸਰਪੰਚ ਨੇ ਰੋਸ ਪ੍ਰਗਟ ਕਰ ਰਹੀਆਂ ਕੁੜੀਆਂ ਵਿਚੋਂ ਇਕ ਅਧਿਆਪਕਾ ਵਰਿੰਦਰਪਾਲ ਕੌਰ ਦੇ ਥੱਪੜ ਮਾਰਿਆ ਸੀ, ਤਾਂ ਉਸ ਖਿਲਾਫ ਕੋਈ ਕਾਰਵਾਈ ਨਹੀਂ ਸੀ ਕੀਤੀ ਗਈ। ਪੁਲਿਸ ਨੇ ਚਲਾਨ ਹੀ ਪੇਸ਼ ਨਹੀਂ ਸੀ ਕੀਤਾ ਅਤੇ ਸਰਪੰਚ ਬਚ ਨਿਕਲਿਆ ਸੀ। ਹੁਣ ਇਸ ਘਟਨਾ ਲਈ ਜ਼ਿੰਮੇਵਾਰ ਅਕਾਲੀ ਆਗੂ ਰਣਜੀਤ ਸਿੰਘ ਰਾਣਾ ਨੂੰ ਅੰਦਰ ਖਾਤੇ ਬਚਾਉਣ ਦੀ ਕਵਾਇਦ ਚੱਲ ਰਹੀ ਹੈ।



*ਬਠਿੰਡਾ ਵਿਚ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਇਕ ਬੇਰੁਜ਼ਗਾਰ ਨੌਜਵਾਨ ਉਤੇ ਹਮਲਾ ਕਰਦਾ ਹੋਇਆ।*

# ਅਕਾਲੀ ਦਲ ਵਿਚ ਬੁਰਛਿਆਂ ਦਾ ਬੋਲਬਾਲਾ

## ਧੀ ਨਾਲ ਛੇੜਖਾਨੀ ਰੋਕਣ ‘ਤੇ ਥਾਣੇਦਾਰ ਦੀ ਹੱਤਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਥਕ ਪਾਰਟੀ ਅਕਾਲੀ ਦਲ ਵਿਚ ਹੁਣ ‘ਬੁਰਛਿਆਂ’ ਦਾ ਬੋਲਬਾਲਾ ਹੈ। ਸੱਤਾ ਦੀ ਲਾਲਸਾ ਵਿਚ ਬਾਦਲਾਂ ਵੱਲੋਂ ਸਿੱਖਾਂ ਦੇ ਵੱਡੇ ਹਿੱਸੇ ਦੀ ਨੁਮਾਇੰਦਗੀ ਕਰਦੀ ਪਾਰਟੀ ਵਿਚ ਅਜਿਹੇ ਜਰਾਇਮ ਪੇਸ਼ਾ ਅਨਸਰਾਂ ਨੂੰ ਸ਼ਾਮਲ ਕਰ ਲਿਆ ਹੈ ਜਿਹੜੇ ਉਨ੍ਹਾਂ ਲਈ ਨਿੱਤ ਨਵੀਆਂ ਮੁਸੀਬਤਾਂ ਖੜ੍ਹੀਆਂ ਕਰ ਰਹੇ ਹਨ। ਇਸ ਬੁਰਛਾਗਰਦੀ ਦੀ ਹੱਦ ਉਸ ਵੇਲੇ ਹੋ ਗਈ ਜਦੋਂ ਲੰਘੇ ਦਿਨ ਅੰਮ੍ਰਿਤਸਰ ਜ਼ਿਲ੍ਹੇ ਵਿਚ ਬੇਟੀ ਨਾਲ ਛੇੜਖਾਨੀ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੀ ਜ਼ਿਲ੍ਹਾ ਇਕਾਈ ਦੇ ਜਨਰਲ ਸਕੱਤਰ ਰਣਜੀਤ ਸਿੰਘ ਰਾਣਾ ਨੂੰ ਰੋਕਣ ਲਈ ਆਏ ਸਹਾਇਕ ਸਬ ਇੰਸਪੈਕਟਰ ਪਿਤਾ ਨੂੰ ਦਿਨ ਦਿਹਾੜੇ ਛੇਹਰਟਾ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ।

ਕਤਲ ਕੀਤਾ ਗਿਆ ਸਹਾਇਕ ਸਬ ਇੰਸਪੈਕਟਰ ਦੀ ਸ਼ਨਾਖਤ ਰਵਿੰਦਰਪਾਲ ਸਿੰਘ ਘਰਿੰਡਾ ਥਾਣੇ ਵਿਚ ਤਾਇਨਾਤ ਸੀ। ਇਹ ਘਟਨਾ ਛੇਹਰਟਾ ਥਾਣੇ ਤੋਂ ਕੁਝ ਦੂਰੀ ‘ਤੇ ਵਾਪਰੀ ਹੈ ਜਿਥੋਂ ਪੁਲਿਸ ਨੇ ਘਟਨਾ ਸਥਾਨ ਤਕ ਪੁੱਜਣ ਵਿਚ ਏਨਾ ਸਮਾਂ ਲਾ ਦਿੱਤਾ ਕਿ ਹਮਲਾਵਰ ਦੂਜੀ ਵਾਰ ਆਏ ਤੇ ਜ਼ਖਮੀ ਹੋਏ ਏ.ਐਸ.ਆਈ. ਨੂੰ ਮੁੜ ਗੋਲੀਆਂ ਮਾਰ ਕੇ ਕਤਲ ਕਰ ਗਏ। ਇਸ ਪੁਲਿਸ ਕਰਮਚਾਰੀ ਦੀ ਬੇਟੀ ਛੇਹਰਟਾ ਦੇ ਬੈਂਕ ਵਿਚ ਤਾਇਨਾਤ ਸੀ ਜਿਸ ਨੂੰ ਕੁਝ ਨੌਜਵਾਨਾਂ ਵੱਲੋਂ ਰੋਜ਼ ਪ੍ਰੇਸ਼ਾਨ ਕੀਤਾ ਜਾਂਦਾ ਸੀ।



*ਅੱਖਾਂ ਸਾਹਮਣੇ ਪਿਤਾ ਦੇ ਕਤਲ ਤੋਂ ਬਾਅਦ ਤੜਫ ਰਹੀ ਰੌਬਿਨਜੀਤ*

ਇਨ੍ਹਾਂ ਨੌਜਵਾਨਾਂ ਵੱਲੋਂ ਛੇੜਖਾਨੀ ਕਰਨ ‘ਤੇ ਕੁੜੀ ਨੇ ਆਪਣੇ ਪਿਤਾ ਨੂੰ ਫੋਨ ਕਰ ਦਿੱਤਾ। ਰਵਿੰਦਰ ਪਾਲ ਸਿੰਘ ਵਰਦੀ ਵਿਚ ਹੀ ਮੌਕੇ ‘ਤੇ ਪੁੱਜ ਗਿਆ। ਨੌਜਵਾਨਾਂ ਨਾਲ ਹੋਈ ਤਕਰਾਰ ਝਗੜੇ ਵਿਚ ਬਦਲ ਗਈ ਤੇ ਅਕਾਲੀ ਆਗੂ ਨੇ ਆਪਣੀ ਰਿਵਾਲਵਰ ਨਾਲ ਏ.ਐਸ.ਆਈ. ‘ਤੇ ਗੋਲੀ ਚਲਾ ਦਿੱਤੀ ਜੋ ਉਸ ਦੀ ਲੱਤ ਵਿਚ ਵੱਜੀ। ਇਹ ਨੌਜਵਾਨ ਜ਼ਖਮੀ ਏ.ਐਸ.ਆਈ. ਨੂੰ ਛੱਡ ਕੇ ਚਲੇ ਗਏ ਪਰ ਕੁਝ ਸਮੇਂ ਬਾਅਦ ਹੀ ਪਰਤ ਆਏ ਤੇ ਮੁੜ ਇਕ ਬੰਦੂਕ ਨਾਲ ਉਸ ‘ਤੇ ਗੋਲੀਆਂ ਚਲਾਈਆਂ ਜਿਸ ਨਾਲ ਉਸ ਦੀ ਮੌਤ ਹੋ ਗਈ।

ਪੰਜਾਬ ਵਿਚ ਨਵੀਂ ਸਰਕਾਰ ਦੇ ਗਠਨ ਤੋਂ ਬਾਅਦ ਹੁਕਮਰਾਨ ਪਾਰਟੀ ਨੂੰ ਪਿਛਲੇ ਕੁਝ ਮਹੀਨਿਆਂ ਦੌਰਾਨ ਸੂਬੇ ਵਿਚ ਵਾਪਰੀਆਂ ਵੱਡੀਆਂ ਘਟਨਾਵਾਂ ਕਾਰਨ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਫਰੀਦਕੋਟ ਦੇ ਸ਼ਰੁਤੀ ਅਗਵਾ ਕਾਂਡ ਨੇ ਪਾਰਟੀ ਦੀ ਸੂਬਾ ਪੱਧਰ ‘ਤੇ ਬਦਨਾਮੀ ਹੀ ਨਹੀਂ ਕਰਵਾਈ ਸਗੋਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਅਜੇ ਤੱਕ ਇਸ ਸ਼ਹਿਰ ਦਾ ਦੌਰਾ ਕਰਨ ਦਾ ਹੌਸਲਾ ਨਹੀਂ ਕਰ ਰਹੇ।ਤਰਨ ਤਾਰਨ ਜ਼ਿਲ੍ਹੇ ਦੇ ਖਾਲੜਾ ਥਾਣੇ ਦੀ ਪੁਲਿਸ ਵੱਲੋਂ ਕਤਲ ਦੇ ਦੋਸ਼ੀਆਂ ਨੂੰ ਬਚਾਉਣ ਦਾ ਮਾਮਲਾ ਠੰਢਾ ਵੀ ਨਹੀਂ ਸੀ ਪਿਆ ਕਿ ਤਰਨ ਤਾਰਨ ਵਿਚ ਅਕਾਲੀ ਦਲ ਦੇ ਹੀ ਿ ਆਗੂ ਨੇ ਏ.ਐਸ.ਆਈ. ਦਾ ਕਤਲ ਕਰ ਦਿੱਤਾ।

ਖੰਨਾ ਪੁਲਿਸ ਜ਼ਿਲ੍ਹੇ ਦੇ ਮਾਛੀਵਾੜਾ ਵਿਚ ਰੇਤ ਮਾਫੀਆ ਨੇ ਮੋਹਤਵਬਰ ਵਿਅਕਤੀ ਨੂੰ ਪੁਲਿਸ ਦੀ ਸ਼ਹਿ ‘ਤੇ ਸ਼ਰੇਆਮ ਕੁੱਟਿਆ। ਉਸ ਤੋਂ ਬਾਅਦ ਕੁਝ ਪੁਲੀਸ ਅਫਸਰ ਮੁਅੱਤਲ ਵੀ ਕੀਤੇ ਗਏ। ਰਾਜਧਾਨੀ ਦੀ ਬੁੱਕਲ ਵਿਚ ਖਰੜ ਵਿਖੇ ਵੀ ਕੁਝ ਦਿਨ ਪਹਿਲਾਂ ਲੜਕੀਆਂ ਨਾਲ ਛੇੜਛਾੜ ਕਰਨ ਵਾਲੇ ਬਦਮਾਸ਼ਾਂ ਨੂੰ ਰੋਕਣਾ ਚਾਹਿਆ ਤਾਂ ਆਮ ਬੰਦਿਆਂ ਦੀ ਕੁੱਟਮਾਰ ਕੀਤੀ ਗਈ। ਪ੍ਰਸ਼ਾਸਕੀ, ਸਿਵਲ ਤੇ ਰਾਜਨੀਤਕ ਹਲਕਿਆਂ ਵਿਚ ਚਰਚਾ ਹੈ ਕਿ ਇਸ ਸੂਬੇ ਵਿਚ ਜੇਕਰ ਵਰਦੀਧਾਰੀ ਵੀ ਸੁਰੱਖਿਅਤ ਨਹੀਂ ਤਾਂ ਆਮ ਬੰਦੇ ਨਾਲ ਕੀ ਬੀਤਦੀ ਹੋਵੇਗੀ।

## ਬਾਦਲ ਵੱਲੋਂ ਪੱਲਾ ਝਾੜਨ ਦਾ ਯਤਨ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਏ.ਐਸ.ਆਈ. ਰਵਿੰਦਰਪਾਲ ਸਿੰਘ ਕਤਲ ਕਾਂਡ ਦੇ ਮੁੱਖ ਮੁਲਜ਼ਮ ਜ਼ਿਲ੍ਹਾ ਅਕਾਲੀ ਜਥਾ ਸ਼ਹਿਰੀ ਦੇ ਜਨਰਲ ਸਕੱਤਰ ਰਣਜੀਤ ਸਿੰਘ ਰਾਣਾ ਬਾਰੇ ਅਣਜਾਣਤਾ ਪ੍ਰਗਟਾ ਕੇ ਪੱਲਾ ਝਾੜਨ ਦਾ ਯਤਨ ਕੀਤਾ ਹੈ ਤੇ ਕਿਹਾ ਕਿ ਇਸ ਅਕਾਲੀ ਆਗੂ ਦੇ ਪਿਛੋਕੜ ਬਾਰੇ ਪਾਰਟੀ ਨੂੰ ਕੋਈ ਜਾਣਕਾਰੀ ਨਹੀਂ ਸੀ। ਇਥੇ ਇਹ ਵੀ ਹੈਰਾਨੀ ਦੀ ਗੱਲ ਹੈ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤਰਨ ਤਾਰਨ ਜ਼ਿਲ੍ਹੇ ਵਿਚ ਕਬੱਡੀ ਮੈਚ ਦੇਖਣ ਲਈ ਤਾਂ ਆਏ ਪਰ ਪੀੜਤ ਪਰਿਵਾਰ ਦੇ ਘਰ ਨੇੜਿਉਂ ਲੰਘਣ ਦੇ ਬਾਵਜੂਦ ਦੁੱਖ ਸਾਂਝਾ ਕਰਨ ਲਈ ਨਹੀਂ ਗਏ।



*ਆਪਣੀ ਪਤਨੀ ਦੀ ਮੌਤ ’ਤੇ ਧਾਹਾਂ ਪਰ ਲੋਕਾਂ ਲਈ ਕੋਈ ਦਰਦ ਨਹੀਂ!*


ਇਸ ਮੌਕੇ ਮਪੱਖ ਮੰਤਰੀ ਨੂੰ ਜਦੋਂ ਰਣਜੀਤ ਸਿੰਘ ਰਾਣਾ ਦੀ ਪਾਰਟੀ ਵਿਚ ਆਮਦ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਆਪਣੇ ਸੁਭਾਅ ਮੁਤਾਬਕ ਇਹ ਕਹਿ ਕੇ ਟਾਲਾ ਵੱਟਿਆ ਕਿ ਉਨ੍ਹਾਂ ਨੂੰ ਇਸ ਆਗੂ ਬਾਰੇ ਕੋਈ ਜਾਣਕਾਰੀ ਨਹੀਂ। ਉਹ ਕੁਝ ਸਮਾਂ ਪਹਿਲਾਂ ਹੀ ਪਾਰਟੀ ਵਿਚ ਸ਼ਾਮਲ ਹੋਇਆ ਸੀ ਤੇ ਉਸ ਦੇ ਅਜਿਹੇ ਕਿਰਦਾਰ ਬਾਰੇ ਕੋਈ ਜਾਣਕਾਰੀ ਨਹੀਂ ਸੀ। ਹੋਰ ਤਾਂ ਹੋਰ ਉਨ੍ਹਾਂ ਆਖਿਆ ਕਿ ਇਸ ਬਾਰੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਵੀ ਕੋਈ ਜਾਣਕਾਰੀ ਨਹੀਂ ਸੀ। ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਰਣਜੀਤ ਸਿੰਘ ਰਾਣਾ ਨੂੰ ਪਾਰਟੀ ਵਿਚ ਲਿਆਉਣ ਲਈ ਹੁਣ ਤਕ ਕਿਸੇ ਵੀ ਆਗੂ ਦੀ ਜ਼ਿੰਮੇਵਾਰੀ ਤੈਅ ਨਹੀਂ ਕੀਤੀ ਗਈ।

## ਮਾਮਲਾ ਸੰਸਦ ਵਿਚ ਗੂੰਜਿਆ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂ ਰਣਜੀਤ ਸਿੰਘ ਰਾਣਾ ਅਤੇ ਉਸ ਦੇ ਸਾਥੀਆਂ ਵੱਲੋਂ ਥਾਣੇਦਾਰ ਦੀ ਹੱਤਿਆ ਮਾਮਲਾ ਸੰਸਦ ਵਿਚ ਵੀ ਗੂੰਜਿਆ। ਇਹ ਮਾਮਲਾ ਆਨੰਦਪੁਰ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਉਠਾਇਆ ਅਤੇ ਕਿਹਾ ਕਿ ਪੰਜਾਬ ਵਿਚ ਅਮਨ ਕਾਨੂੰਨ ਦੀ ਹਾਲਤ ਬਹੁਤ ਜ਼ਿਆਦਾ ਵਿਗੜ ਚੁੱਕੀ ਹੈ ਤੇ ਸੂਬੇ ਵਿਚ ਦਿਨ-ਦਿਹਾੜੇ ਕਤਲ ਹੋ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਦੋ ਮੈਂਬਰਾਂ ਡਾ.ਰਤਨ ਸਿੰਘ ਅਜਨਾਲਾ ਅਤੇ ਸ਼ੇਰ ਸਿੰਘ ਘੁਬਾਇਆ ਨੇ ਉਸ ਦਾ ਇਹ ਕਹਿ ਕੇ ਵਿਰੋਧ ਕੀਤਾ ਕਿ ਅਕਾਲੀ ਦਲ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਇਸ ਮੌਕੇ ਕਾਂਗਰਸ ਦੇ ਲੋਕ ਸਭਾ ਮੈਂਬਰਾਂ ਪ੍ਰਤਾਪ ਸਿੰਘ ਬਾਜਵਾ, ਮਹਿੰਦਰ ਸਿੰਘ ਕੇਪੀ ਅਤੇ ਸੁਖਦੇਵ ਸਿੰਘ ਲਿਬੜਾ ਨੇ ਅਕਾਲੀ ਦਲ ਦੇ ਮੈਂਬਰਾਂ ਨੂੰ ਖਰੀਆਂ ਖਰੀਆਂ ਸੁਣਾਈਆਂ। ਸ੍ਰੀ ਬਿੱਟੂ ਨੇ ਕਿਹਾ ਕਿ ਇਕ ਪਾਸੇ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ‘ਨੰਨ੍ਹੀ ਛਾਂ’ ਦੇ ਨਾਂ ਹੇਠ ਲੜਕੀਆਂ ਦੇ ਹੱਕ ਵਿਚ ਮੁਹਿੰਮ ਚਲਾ ਰਹੀ ਹੈ ਤੇ ਉਸੇ ਸੂਬੇ ਵਿਚ ਲੜਕੀਆਂ ਨਾਲ ਮਾੜਾ ਵਰਤਾਓ ਕੀਤਾ ਜਾ ਰਿਹਾ ਹੈ ਤੇ ਇਕ ਪੁਲੀਸ ਅਫਸਰ ਨੇ ਇਸ ਦਾ ਵਿਰੋਧ ਕੀਤਾ ਤਾਂ ਉਸ ਦਾ ਕਤਲ ਕਰ ਦਿੱਤਾ ਗਿਆ।

## ਮੀਡੀਆ ਦਾ ਮਿਸ਼ਨ!

ਇਸ ਦਰਦਨਾਕ ਘਟਨਾ ਬਾਰੇ ਹਰ ਅਖਬਾਰ ਨੇ ਸੰਪਾਦਕੀ ਟਿੱਪਣੀ ਕੀਤੀਆਂ। ਬਾਦਲਾਂ ਨਾਲ ਨਜ਼ਦੀਕੀ ਰੱਖਣ ਵਾਲੇ ਸ. ਬਰਜਿੰਦਰ ਸਿੰਘ ਹਮਦਰਦ ਨੇ ਵੀ ਆਪਣੀ ਅਖਬਾਰ ਜਿਸ ਦੇ ਮੱਥੇ ਉਤੇ ‘ਪੰਜਾਬ ਦੀ ਆਵਾਜ਼’ ਲਿਖਿਆ ਹੁੰਦਾ ਹੈ, ਵਿਚ ਸੰਪਾਦਕੀ ਲਿਖੀ ਪਰ ਉਨ੍ਹਾਂ ਕਥਿਤ ਕਾਤਲ ਰਣਜੀਤ ਸਿੰਘ ਰਾਣਾ ਦੀ ਪਾਰਟੀ-ਸ਼੍ਰੋਮਣੀ ਅਕਾਲੀ ਦਲ, ਦਾ ਨਾਂ ਨਹੀਂ ਲਿਖਿਆ। ਇਸ ਦੀ ਥਾਂ ਸੱਤਾਧਾਰੀ ਪਾਰਟੀ ਲਿਖ ਕੇ ਹੀ ਸਾਰ ਲਿਆ। ਇਕ ਹੋਰ ਵੱਡੀ ਅਖਬਾਰ ‘ਪੰਜਾਬੀ ਟ੍ਰਿਬਿਊਨ’ ਜਿਸ ਦੇ ਮੱਥੇ ਉਤੇ ‘ਨਿਧੜਕ ਤੇ ਨਿਰਪੱਖ ਸੋਚ ਦਾ ਪਹਿਰੇਦਾਰ’ ਛਾਪਿਆ ਜਾਂਦਾ ਹੈ, ਨੇ ਸੰਪਾਦਕੀ ਇਕ ਦਿਨ ਲੇਟ ਲਿਖੀ।



*ਬਰਜਿੰਦਰ ਸਿੰਘ ਨੇ ਬਾਦਲ ਨਾਲ ਯਾਰੀ ਨਿਭਾਈ!*

## ਸਵੈ-ਸੁਰੱਖਿਆ ਵਿਚ ਚਲਾਈ ਗੋਲੀ?



ਰਣਜੀਤ ਸਿੰਘ ਰਾਣਾ ਦਾ ਬਿਆਨ ਆਇਆ ਹੈ ਕਿ ਜੇ ਉਹ ਥਾਣੇਦਾਰ ਉਤੇ ਗੋਲੀ ਨਾ ਚਲਾਉਂਦਾ ਤਾਂ ਉਸ ਨੇ ਉਸ ਨੂੰ ਮਾਰ ਦੇਣਾ ਸੀ; ਭਾਵ ਉਸ ਨੇ ਆਪਣੀ ਸੁਰੱਖਿਆ ਲਈ ਗੋਲੀ ਚਲਾਈ ਜਿਸ ਵਿਚ ਥਾਣੇਦਾਰ ਮਾਰਿਆ ਗਿਆ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਰਾਣਾ ਹੁਣ ਆਪਣੇ ਬਚਾ ਦਾ ਬੰਨ੍ਹ-ਸੁੱਬ ਕਰ ਰਿਹਾ ਹੈ ਅਤੇ ਅਦਾਲਤ ਵਿਚ ਆਪਣਾ ਪੱਖ ਮਜ਼ਬੂਤ ਕਰਨ ਲਈ ਅਜਿਹੇ ਬਿਆਨ ਮਿਥ ਕੇ ਦੇ ਰਿਹਾ ਹੈ। ਸੂਤਰਾਂ ਮੁਤਾਬਕ ਇਸ ਹੌਲਨਾਕ ਘਟਨਾ ਦੇ ਬਾਵਜੂਦ ਕੁਝ ਲੀਡਰ ਉਸ ਨੂੰ ਬਚਾਉਣ ਲਈ ਸਰਗਰਮੀ ਵੀ ਕਰ ਰਹੇ ਹਨ।

## ਕਿੱਥੇ ਹੈ ਨੰਨ੍ਹੀ ਛਾਂ ਦੀ ਰਾਖੀ ਹਰਸਿਮਰਤ?

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨੂੰਹ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪਤਨੀ ਅਤੇ ਬਠਿੰਡਾ ਲੋਕ ਸਭਾ ਹਲਕੇ ਤੋਂ ਹਰਸਿਮਰਤ ਕੌਰ ਬਾਦਲ ਨੇ ਧੀਆਂ ਦੀ ਰਾਖੀ ਲਈ ‘ਨੰਨ੍ਹੀ ਛਾਂ’ ਨਾਂ ਤਹਿਤ ਵਿਸ਼ੇਸ਼ ਮਹਿੰਮ ਚਲਾਈ ਸੀ, ਪਰ ਪਿਛਲੇ ਸਮੇਂ ਦੌਰਾਨ ਕੁੜੀਆਂ ਉਤੇ ਜਿੰਨੇ ਵੀ ਜ਼ੁਲਮ ਹੋਏ, ਉਹ ਅਕਾਲੀ ਦਲ ਨਾਲ ਜੁੜੇ ਬੁਰਛਾਗਰਦਾਂ ਨੇ ਕੀਤੇ ਅਤੇ ਬੀਬੀ ਬਾਦਲ ਉਕਾ ਹੀ ਖਾਮੋਸ਼ ਰਹੇ। ਕਿਸੇ ਵੀ ਮਾਮਲੇ ਬਾਰੇ ਉਹ ਕੁਝ ਵੀ ਨਹੀਂ ਬੋਲੇ। ਹਾਂ, ਸੰਸਦ ਵਿਚ ਕੁੜੀਆਂ ਦੇ ਹੱਕ ਵਿਚ ਭਾਸ਼ਣ ਦੇ ਕੇ ਉਹ ਆਪਣੀ ਚਰਚਾ ਜ਼ਰੂਰ ਕਰਵਾ ਲੈਂਦੇ ਹਨ।



## ਜੀਜੇ-ਸਾਲੇ ਦੀ ਜੋੜੀ ਜ਼ਿੰਮੇਵਾਰ



ਪੰਜਾਬ ਵਿਚ ਜਿਸ ਤਰ੍ਹਾਂ ਦਾ ਰੁਝਾਨ ਬਣਿਆ ਹੈ, ਉਸ ਖ਼ਤਰਨਾਕ ਰੁਝਾਨ ਨੂੰ ਸ਼ਹਿ ਦੇਣ ਵਾਲੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਹਨ ਜਿਨ੍ਹਾਂ ਕੋਲ ਗ੍ਰਹਿ ਮੰਤਰਾਲਾ ਹੈ। ਉਹ ਅਕਾਲੀ ਦਲ ਦੇ ਪ੍ਰਧਾਨ ਵੀ ਹਨ। ਉਨ੍ਹਾਂ ਦੇ ਸਾਲੇ ਅਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਉਨ੍ਹਾਂ ਦਾ ਸਹਿਯੋਗ ਕਰ ਰਹੇ ਹਨ। ਇਸ ਰੁਝਾਨ ਦੀਆਂ ਜੜ੍ਹਾਂ ਸੁਖਬੀਰ ਬਾਦਲ ਵਲੋਂ ਪਾਰਟੀ ਦੇ ਮੌਜੂਦਾ ਅਤੇ ਸਾਬਕਾ ਵਿਧਾਇਕਾਂ ਨੂੰ ਉਨ੍ਹਾਂ ਦੇ ਆਪੋ-ਆਪਣੇ ਹਲਕਿਆਂ ਵਿਚ ‘ਏਰੀਆ ਇੰਚਾਰਜ’ ਬਣਾਉਣ ਵਿਚ ਹਨ। ਇਹ ਏਰੀਆ ਇੰਚਾਰਜ ਹਰ ਥਾਂ ਚੰਮ ਦੀਆਂ ਚਲਾ ਰਹੇ ਹਨ।

## ਸਾਰੀ ਖੇਡ ਪੈਸੇ ਤੇ ਜਾਇਦਾਦ ਦੀ

ਪਿਛਲੇ ਕੁਝ ਸਾਲਾਂ ਦੌਰਾਨ ਤਕਰੀਬਨ ਸਾਰੀਆਂ ਸਿਆਸੀ ਪਾਰਟੀ ਵਿਚ ਧਨਾਢ ਲੋਕਾਂ ਨੇ ਧਾਂਕ ਜਮਾਈ ਹੈ; ਖਾਸ ਕਰ ਕੇ ਪ੍ਰਾਪਰਟੀ ਡੀਲਰ ਜਦੋਂ ਦੇ ਸਿਆਸੀ ਖੇਤਰ ਵਿਚ ਆਏ ਹਨ, ਸਿਆਸਤ ਦਾ ਮੂੰਹ-ਮੁਹਾਂਦਰਾ ਹੀ ਬਦਲ ਗਿਆ ਹੈ। ਇਨ੍ਹਾਂ ਲੋਕਾਂ ਨਾਲ ਬੁਰਛਾਗਰਦ ਬ੍ਰਿਗੇਡ ਤਾਂ ਪਹਿਲਾਂ ਹੀ ਹੁੰਦੀ ਹੈ, ਕਿਸੇ ਪਾਰਟੀ ਦਾ ਸਰਟੀਫਿਕੇਟ ਲੈ ਕੇ ਫਿਰ ਇਹ ਲੋਕ ਮਨ-ਆਈਆਂ ਕਰਦੇ ਹਨ। ਸਿਆਸੀ ਪਾਰਟੀ ਨੇ ਚੋਣਾਂ ਜਿੱਤਣ ਨੂੰ ਧਿਆਨ ਵਿਚ ਰੱਖਦਿਆਂ ਅਜਿਹੇ ਲੋਕਾਂ ਨੂੰ ਬਹੁਤ ਜ਼ਿਆਦਾ ਥਾਂ ਦਿੱਤੀ ਹੈ। ਰਾਣੇ ਨੂੰ ਅਕਾਲੀ ਦਲ ਦੀ ਅਹੁਦੇਦਾਰੀ ਇਸੇ ‘ਲੋੜ’ ਵਿਚੋਂ ਦਿੱਤੀ ਗਈ।

# ਅਕਾਲੀ ਰਾਜ 'ਚ ਅਪਰਾਧਾਂ ਦਾ ਗਰਾਫ਼ ਚੜ੍ਹਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਬਲਾਤਕਾਰਾਂ ਦੀਆਂ ਘਟਨਾਵਾਂ ਵਿਚ 33 ਫੀਸਦੀ ਤੇ ਅਗਵਾ ਤੇ ਉਧਾਲਣ ਦੀਆਂ ਵਾਰਦਾਤਾਂ ਵਿਚ 14 ਫੀਸਦੀ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਖੋਹਾਂ ਦੀਆਂ ਘਟਨਾਵਾਂ ਵਿਚ 22 ਫੀਸਦੀ ਤੇ ਸੰਨ੍ਹਾਂ ਲੱਗਣ ਦੀਆਂ ਵਾਰਦਾਤਾਂ ਵਿਚ 15 ਫੀਸਦੀ ਵਾਧਾ ਹੋਇਆ ਹੈ। ਰਾਜ ਵਿਚ ਕਤਲ, ਇਰਾਦਾ ਕਤਲ ਤੇ ਚੋਰੀਆਂ-ਚਕਾਰੀਆਂ ਦੇ ਕੇਸ ਵੀ ਵਧ ਰਹੇ ਹਨ। ਪੰਜਾਬ ਪੁਲੀਸ ਨੇ ਇਸ ਵਰ੍ਹੇ ਐਨ.ਡੀ.ਪੀ.ਐਸ. ਐਕਟ ਤਹਿਤ ਰਿਕਾਰਡ 84 ਫੀਸਦੀ ਵੱਧ ਕੇਸ ਦਰਜ ਕੀਤੇ ਹਨ।

ਹਾਸਲ ਅੰਕੜਿਆਂ ਅਨੁਸਾਰ ਇਸ ਵਰ੍ਹੇ ਪਹਿਲੇ 10 ਮਹੀਨਿਆਂ ਦੌਰਾਨ ਡਕੈਤੀ ਦੀਆਂ ਘਟਨਾਵਾਂ ਵਿਚ 68 ਫੀਸਦੀ ਵਾਧਾ ਹੋਇਆ ਹੈ। ਜਿਥੇ ਪਿਛਲੇ ਵਰ੍ਹੇ ਪਹਿਲੇ 10 ਮਹੀਨਿਆਂ ਦੌਰਾਨ ਡਕੈਤੀ ਦੀਆਂ 25 ਘਟਨਾਵਾਂ ਵਾਪਰੀਆਂ ਸਨ, ਉਥੇ ਇਸ ਵਰ੍ਹੇ 31 ਅਕਤੂਬਰ ਤੱਕ 42 ਕੇਸ ਦਰਜ ਕੀਤੇ ਗਏ ਹਨ ਜੋ ਪਿਛਲੇ ਵਰ੍ਹੇ ਨਾਲੋਂ 17 ਵਧੇ ਹਨ।

ਰਾਜ ਵਿਚ ਖੋਹਾਂ ਦੇ ਮਾਮਲਿਆਂ ਵਿਚ ਵੀ 22 ਫੀਸਦੀ ਵਾਧਾ ਹੋਇਆ ਹੈ। ਪਿਛਲੇ ਵਰ੍ਹੇ 31 ਅਕਤੂਬਰ ਤੱਕ ਭਾਰਤੀ ਦੰਡਾਵਲੀ ਦੀ ਧਾਰਾ 382 ਤਹਿਤ 1004 ਕੇਸ ਦਰਜ ਕੀਤੇ ਸਨ ਉਥੇ ਇਸ ਵਰ੍ਹੇ ਪਹਿਲੇ 10 ਮਹੀਨਿਆਂ ਦੌਰਾਨ 1219 ਕੇਸ ਦਰਜ ਹੋਏ ਹਨ ਜੋ ਪਿਛਲੇ ਸਾਲ ਨਾਲੋਂ 215 ਵੱਧ ਹਨ। ਪੰਜਾਬ ਵਿਚ ਸੰਨ੍ਹਮਾਰ ਹੋਰ ਸਰਗਰਮ ਹੋਏ ਜਾਪਦੇ ਹਨ ਕਿਉਂਕਿ ਇਸ ਵਰ੍ਹੇ 31 ਅਕਤੂਬਰ ਤੱਕ ਰਾਜ ਦੇ ਥਾਣਿਆਂ ਵਿਚ ਸੰਨ੍ਹਾਂ ਲੱਗਣ ਦੇ 2444 ਕੇਸ ਦਰਜ ਕੀਤੇ ਗਏ ਹਨ ਜੋ ਪਿਛਲੇ ਵਰ੍ਹੇ ਨਾਲੋਂ 322 (15 ਫੀਸਦੀ) ਵੱਧ ਹਨ।



ਮੁਕਤਸਰ ਜ਼ਿਲ੍ਹੇ ਵਿਚ ਰੋਸ ਪ੍ਰਗਟ ਕਰਨ ਆਈ ਕੁੜੀ ਵਰਿੰਦਰਪਾਲ ਕੌਰ ਦੇ ਥੱਪੜ ਮਾਰਨ ਵਾਲੇ ਅਕਾਲੀ ਸਰਪੰਚ ਖਿਲਾਫ ਕੋਈ ਕਾਰਵਾਈ ਨਹੀਂ ਸੀ ਹੋਈ।

ਰਾਜ ਵਿਚ ਚੋਰੀਆਂ ਦੇ ਕੇਸਾਂ ਵਿਚ ਸੱਤ ਫੀਸਦੀ ਵਾਧਾ ਹੋਇਆ ਹੈ। ਇਸ ਵਰ੍ਹੇ ਪਹਿਲੇ 10 ਮਹੀਨਿਆਂ ਦੌਰਾਨ ਹੀ ਰਾਜ ਵਿਚ 3315 ਚੋਰੀਆਂ ਹੋਈਆਂ ਜੋ ਪਿਛਲੇ ਵਰ੍ਹੇ ਨਾਲੋਂ 226 ਵੱਧ ਹਨ। ਅੰਕੜਿਆਂ ਅਨੁਸਾਰ ਰਾਜ ਵਿਚ ਚੋਰੀਆਂ ਦੀਆਂ ਰੋਜ਼ਾਨਾ ਔਸਤਨ 11 ਘਟਨਾਵਾਂ ਵਾਪਰਦੀਆਂ ਹਨ। ਜਾਣਕਾਰ ਹਲਕਿਆਂ ਅਨੁਸਾਰ ਚੋਰੀਆਂ, ਖੋਹਾਂ, ਲੁੱਟਾਂ ਦੀਆਂ ਘਟਨਾਵਾਂ ਦੇ ਪੁਲਿਸ ਵੱਲੋਂ ਬਹੁਤ ਘੱਟ ਕੇਸ ਦਰਜ ਕੀਤੇ ਜਾਂਦੇ ਹਨ ਜਦਕਿ ਇਹ ਅੰਕੜੇ ਕੇਸ ਦਰਜ ਕਰਨ ਦੇ ਆਧਾਰਤ ਹੀ ਹਨ।

ਪੰਜਾਬ ਪੁਲੀਸ ਨੇ ਇਸ ਵਰ੍ਹੇ ਪਹਿਲੇ 10 ਮਹੀਨਿਆਂ ਦੌਰਾਨ ਹੀ ਐਨ.ਡੀ.ਪੀ.ਐਸ. ਐਕਟ ਤਹਿਤ 8708 ਕੇਸ ਦਰਜ ਕੀਤੇ ਹਨ ਜੋ ਪਿਛਲੇ ਵਰ੍ਹੇ ਨਾਲੋਂ 3965 ਵੱਧ ਹਨ। ਜਿਸ ਦਾ ਭਾਵ ਹੈ ਕਿ ਰਾਜ ਵਿਚ ਡਰੱਗਜ਼ ਦੀ ਤਸਕਰੀ ਵਧੀ ਹੈ ਪਰ ਦੂਸਰੇ ਪਾਸੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਤਸਕਰੀ ਵਿਚ ਵਾਧਾ ਨਹੀਂ ਹੋਇਆ ਸਗੋਂ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਕਾਰਨ ਡਰੱਗਜ਼ ਦੀ ਬਰਾਮਦਗੀ ਪਿਛਲੇ ਸਾਲ ਨਾਲੋਂ ਵੱਧ ਹੋਈ ਹੈ। ਪੰਜਾਬ ਪੁਲੀਸ ਨੇ ਇਸ ਵਰ੍ਹੇ ਨਾਜਾਇਜ਼ ਸ਼ਰਾਬ ਬਣਾਉਣ ਤੇ ਵੇਚਣ ਦੇ ਵਿਰੁੱਧ ਵੀ ਕਾਫੀ ਸਰਗਰਮੀ ਦਿਖਾਈ ਜਾਪਦੀ ਹੈ ਕਿਉਂਕਿ ਇਸ ਵਰ੍ਹੇ ਪਹਿਲੇ 10 ਮਹੀਨਿਆਂ ਦੌਰਾਨ ਹੀ ਪੁਲਿਸ ਨੇ ਆਬਕਾਰੀ ਐਕਟ ਦੇ 6675 ਕੇਸ ਦਰਜ ਕੀਤੇ ਹਨ ਜੋ ਪਿਛਲੇ ਸਾਲ ਨਾਲੋਂ 17 ਫੀਸਦੀ ਵੱਧ ਹਨ।

## ਮਜੀਠੀਆ ਦੀ ਸ਼ਹਿ 'ਤੇ ਹੋ ਰਿਹਾ ਸਭ ਕੁਝ: ਕੈਪਟਨ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅੰਮ੍ਰਿਤਸਰ ਵਿਚ ਅਕਾਲੀ ਆਗੂ ਵੱਲੋਂ ਏ.ਐਸ.ਆਈ. ਰਵਿੰਦਰਪਾਲ ਸਿੰਘ ਦੀ ਬੇਰਹਿਮੀ ਨਾਲ ਹੱਤਿਆ ਕਰਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਅਜਿਹੇ ਅਪਰਾਧੀਆਂ ਨੂੰ ਸ਼ਹਿ ਦੇਣ ਦੇ ਦੋਸ਼ ਲਾਏ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪੰਜਾਬ ਨੂੰ ਗੁੰਡਾਰਾਜ ਤੇ ਅਰਾਜਕਤਾ ਵੱਲ ਧੱਕ ਰਹੇ ਹਨ। ਮਜੀਠੀਆ ਨੇ ਰਾਜਸੀ ਵਿਰੋਧੀਆਂ ਨੂੰ ਧਮਕਾਉਣ ਖਾਤਰ ਅਪਰਾਧੀਆਂ ਦੀ ਬ੍ਰਿਗੇਡ ਬਣਾਈ ਹੈ। ਕੁਝ ਮਹੀਨੇ ਪਹਿਲਾਂ ਇਕ ਹੋਰ ਅਕਾਲੀ ਆਗੂ ਨਿਸ਼ਾਨ ਸਿੰਘ ਨੇ ਫਰੀਦਕੋਟ ਵਿਚ ਲੜਕੀ ਨੂੰ ਉਸ ਦੇ ਮਾਪਿਆਂ ਦੀ ਕੁੱਟਮਾਰ ਕਰਕੇ ਘਰੋਂ ਅਗਵਾ ਕਰ ਲਿਆ ਸੀ। ਉਦੋਂ ਪੁਲਿਸ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਪੁਲਿਸ ਅਫਸਰਾਂ ਨੂੰ ਮੁਅੱਤਲ ਕਰਨ ਨਾਲ ਕਾਨੂੰਨ ਦੀ ਸਥਿਤੀ ਨਹੀਂ ਸੁਧਰਨ ਵਾਲੀ ਸਗੋਂ ਗੁੰਡਿਆਂ ਨੂੰ ਡੱਕਣ ਦੀ ਲੋੜ ਹੈ।



## ਬਲਾਤਕਾਰ ਦੇ ਕੇਸਾਂ ਵਿਚ 33 ਫੀਸਦੀ ਵਾਧਾ ਹੋਇਆ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਇਸ ਵਰ੍ਹੇ 31 ਅਕਤੂਬਰ ਤੱਕ ਦੇ ਰਿਕਾਰਡ ਅਨੁਸਾਰ ਰਾਜ ਵਿਚ ਬਲਾਤਕਾਰਾਂ ਦੇ ਕੇਸਾਂ ਵਿਚ ਬੇਹੱਦ ਵਾਧਾ ਹੋਇਆ ਹੈ। ਇਨ੍ਹਾਂ ਮਾਮਲਿਆਂ ਵਿਚ ਨਾਬਾਲਗ ਲੜਕੀਆਂ ਵੀ ਸ਼ਿਕਾਰ ਹੋਈਆਂ ਹਨ। ਅੰਕੜਿਆਂ ਅਨੁਸਾਰ ਪਿਛਲੇ 10 ਮਹੀਨਿਆਂ ਦੌਰਾਨ ਰਾਜ ਵਿਚ ਬਲਾਤਕਾਰ ਦੀਆਂ 554 ਘਟਨਾਵਾਂ ਵਾਪਰੀਆਂ ਹਨ ਜੋ ਪਿਛਲੇ ਵਰ੍ਹੇ ਤੋਂ 136 ਵੱਧ ਹਨ। ਪਿਛਲੇ ਵਰ੍ਹੇ 31 ਅਕਤੂਬਰ ਤੱਕ ਬਲਾਤਕਾਰ ਦੀਆਂ 418 ਘਟਨਾਵਾਂ ਵਾਪਰੀਆਂ ਸਨ। ਇਸ ਵਰ੍ਹੇ ਬਲਾਤਕਾਰ ਦੀਆਂ ਵਾਰਦਾਤਾਂ ਵਿਚ 33 ਫੀਸਦੀ ਵਾਧਾ ਹੋਇਆ ਹੈ। ਅੰਕੜਿਆਂ ਅਨੁਸਾਰ ਰਾਜ ਵਿਚ ਰੋਜ਼ਾਨਾ ਦੋ ਬਲਾਤਕਾਰ ਹੋ ਰਹੇ ਹਨ।

ਇਸ ਤੋਂ ਇਲਾਵਾ ਅਗਵਾ ਤੇ ਉਧਾਲਣ ਦੇ ਮਾਮਲਿਆਂ ਵਿਚ ਵੀ ਵਾਧਾ ਹੋਇਆ ਹੈ। ਇਸ ਵਰ੍ਹੇ ਪਹਿਲੇ 10 ਮਹੀਨਿਆਂ ਦੌਰਾਨ ਅਗਵਾ ਦੀਆਂ 714 ਘਟਨਾਵਾਂ ਵਾਪਰੀਆਂ। ਪਿਛਲੇ ਵਰ੍ਹੇ ਇਸ ਸਮੇਂ ਤੱਕ ਅਜਿਹੀਆਂ 629 ਵਾਰਦਾਤਾਂ ਦਰਜ ਹੋਈਆਂ ਜੋ ਪਿਛਲੇ ਵਰ੍ਹੇ ਤੋਂ 85 (14 ਫੀਸਦੀ) ਵੱਧ ਹਨ। ਇਨ੍ਹਾਂ ਅਗਵਾ ਦੀਆਂ ਘਟਨਾਵਾਂ ਵਿਚ ਜ਼ਿਆਦਾਤਰ ਲੜਕੀਆਂ/ਔਰਤਾਂ ਸ਼ਾਮਲ ਹਨ। ਅਗਵਾ ਦੇ ਕਈ ਮਾਮਲਿਆਂ ਨੂੰ ਨਾਜਾਇਜ਼ ਸਬੰਧਾਂ ਨਾਲ ਵੀ ਜੋੜਿਆ ਜਾ ਰਿਹਾ ਹੈ।

## ਖ਼ੁਫੀਆ ਵਿੰਗ ਲੱਭੇਗਾ ਅਕਾਲੀ ਦਲ 'ਚੋਂ 'ਕਾਲੀਆਂ ਭੇਡਾਂ'

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਦਲ ਵਿਚਲੇ ਸ਼ੱਕੀ ਕਿਰਦਾਰ ਵਾਲੇ ਅਹੁਦੇਦਾਰਾਂ ਦੀ ਸ਼ਨਾਖਤ ਲਈ ਪੰਜਾਬ ਪੁਲੀਸ ਦੇ ਖੁਫੀਆ ਵਿੰਗ ਤੋਂ ਰਿਪੋਰਟਾਂ ਲੈਣ ਲਈ ਕਿਹਾ ਹੈ। ਇਹ ਫੈਸਲਾ ਪਾਰਟੀ ਦੇ ਸਰਪ੍ਰਸਤ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਚੰਡੀਗੜ੍ਹ ਵਿਚ ਹੋਈ ਮੀਟਿੰਗ ਦੌਰਾਨ ਲਿਆ ਗਿਆ। ਪਾਰਟੀ ਸੂਤਰਾਂ ਮੁਤਾਬਕ ਅੰਮ੍ਰਿਤਸਰ ਦੀ ਘਟਨਾ ਨੇ ਪਾਰਟੀ ਤੇ ਸਰਕਾਰ ਦੇ ਅਕਸ ਨੂੰ ਢਾਅ ਲਾਈ ਹੈ।

ਇਸ ਮਾਮਲੇ 'ਤੇ ਡੂੰਘੀ ਵਿਚਾਰ ਕਰਨ ਤੋਂ ਬਾਅਦ ਫੈਸਲਾ ਲਿਆ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਿਚ ਪਿਛਲੇ ਕੁਝ ਸਾਲਾਂ ਦੌਰਾਨ ਮਹੱਤਵਪੂਰਨ ਅਹੁਦਿਆਂ 'ਤੇ ਨਿਯੁਕਤ ਵਿਅਕਤੀਆਂ ਦੇ ਪਿਛੋਕੜ ਬਾਰੇ ਸੀਆਈਡੀ ਤੋਂ ਜਾਣਕਾਰੀ ਹਾਸਲ ਕੀਤੀ ਜਾਵੇ। ਸੀਆਈਡੀ ਦੀ ਰਿਪੋਰਟ ਤੋਂ ਬਾਅਦ ਜਿਸ ਕਿਸੇ ਵੀ ਅਹੁਦੇਦਾਰ ਦਾ ਪਿਛੋਕੜ ਅਪਰਾਧੀ ਹੋਣ ਬਾਰੇ ਪਤਾ ਲਗਦਾ ਹੈ, ਉਸ ਨੂੰ ਬਾਹਰ ਦਾ ਰਾਸਤਾ ਦਿਖਾਇਆ ਜਾ ਸਕਦਾ ਹੈ। ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦਾ ਮੰਨਣਾ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਅਪਰਾਧਕ ਪਿਛੋਕੜ ਵਾਲੇ ਵਿਅਕਤੀ ਪਾਰਟੀ ਵਿਚ ਘੁਸਪੈਠ ਕਰ ਗਏ ਹਨ ਜਿਸ ਕਾਰਨ ਅੰਮ੍ਰਿਤਸਰ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਇਹ ਵੀ ਕਿਹਾ ਗਿਆ ਹੈ ਕਿ ਪੰਜਾਬ ਪੁਲਿਸ ਨੂੰ ਅਪਰਾਧੀ ਅਨਸਰਾਂ ਖਿਲਾਫ਼ ਸਖ਼ਤ ਕਾਰਵਾਈ ਦੇ ਆਦੇਸ਼ ਦਿੱਤੇ ਜਾਣ।

ਪਾਰਟੀ ਦੇ ਸੀਨੀਅਰ ਆਗੂ ਦਾ ਕਹਿਣਾ ਹੈ ਕਿ ਯੂਥ ਅਕਾਲੀ ਦਲ ਵਿਚ ਪਿਛਲੇ ਸਮੇਂ ਦੌਰਾਨ ਵੱਡੀ ਗਿਣਤੀ ਵਿਚ ਅਹੁਦੇਦਾਰੀਆਂ ਵੰਡੇ ਜਾਣ ਕਾਰਨ ਪਾਰਟੀ ਨੂੰ ਇਸ ਗੱਲ ਦੀ ਵੀ ਕੋਈ ਜਾਣਕਾਰੀ ਨਹੀਂ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਿਚ ਕਿੰਨੇ ਅਹੁਦੇਦਾਰ ਹਨ। ਫਰੀਦਕੋਟ ਵਿਚ ਸ਼ਰੁਤੀ ਅਗਵਾ ਕਾਂਡ ਦੇ ਮੁੱਖ ਮੁਲਜ਼ਮ ਤੇ ਅੰਮ੍ਰਿਤਸਰ ਕਾਂਡ ਵਿਚ ਅਕਾਲੀ ਅਹੁਦੇਦਾਰਾਂ ਦੀ ਸ਼ਮੂਲੀਅਤ ਦੇ ਦੋਸ਼ ਲੱਗ ਰਹੇ ਹਨ। ਇਹ ਦੋਵੇਂ ਮਾਮਲੇ ਪੰਜਾਬ ਵਿਚ ਰਾਜਸੀ ਰੰਗਤ ਵੀ ਫੜ ਗਏ ਹਨ ਤੇ ਹਾਕਮ ਪਾਰਟੀ ਨਮੋਸ਼ੀ ਝੱਲ ਰਹੀ ਹੈ।

## ਸੁਖਬੀਰ ਸਿੰਘ ਬਾਦਲ ਵੱਲੋਂ ਮਾੜੇ ਅਨਸਰਾਂ ਦੀ ਛਾਂਟੀ ਦਾ ਐਲਾਨ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਅੰਮ੍ਰਿਤਸਰ ਦੀ ਘਟਨਾ ਤੋਂ ਸਬਕ ਲੈਂਦਿਆਂ ਪਾਰਟੀ ਵਿਚਲੇ ਮਾੜੇ ਅਨਸਰਾਂ ਦੀ ਛਾਂਟੀ ਦਾ ਫ਼ੈਸਲਾ ਕੀਤਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਨੁਸਾਰ ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੂੰ ਅਜਿਹੇ ਅਨਸਰਾਂ ਦੀ ਪਛਾਣ ਕਰਨ ਲਈ ਕਿਹਾ ਗਿਆ ਹੈ। ਉਂਜ ਆਪਣੇ ਆਪ ਨੂੰ ਬਰੀ ਕਰਦਿਆਂ ਉਨ੍ਹਾਂ ਕਿਹਾ ਕਿ ਹਰ ਬੰਦੇ ਦੀ ਪੈੜ ਨੱਪਣੀ ਸੌਖਾ ਨਹੀਂ ਪਰ ਕਿਸੇ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਸ਼ਰੁਤੀ ਅਗਵਾ ਕਾਂਡ, ਖਾਲੜਾ ਪੁਲਿਸ ਥਾਣੇ ਵਿਚ ਦਰਜ ਫਰਜ਼ੀ ਕੇਸ ਤੇ ਅਕਾਲੀ ਆਗੂਆਂ ਵੱਲੋਂ ਜ਼ਮੀਨਾਂ 'ਤੇ ਕਬਜ਼ਿਆਂ ਦੀਆਂ ਸ਼ਿਕਾਇਤਾਂ ਨੇ ਦਲ ਨੂੰ ਬੁਰੀ ਤਰ੍ਹਾਂ ਬਦਨਾਮ ਕਰ ਦਿੱਤਾ ਹੈ। ਦਲ ਦੇ ਆਗੂਆਂ ਅਨੁਸਾਰ ਮੁਹਾਲੀ ਦੇ ਸੀਨਅਰ ਅਕਾਲੀ ਆਗੂ ਵੱਲੋਂ ਪਲਾਟਾਂ 'ਤੇ ਨਜਾਇਜ਼ ਕਬਜ਼ਿਆਂ ਬਾਰੇ ਸ਼ਿਕਾਇਤਾਂ ਵੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੱਕ ਪਹੁੰਚ ਚੁੱਕੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਅੰਮ੍ਰਿਤਸਰ ਦੀ ਘਟਨਾ ਨਾਲ ਬਿਨਾਂ ਸ਼ੱਕ ਪਾਰਟੀ ਦੇ ਅਕਸ ਨੂੰ ਢਾਅ ਲੱਗੀ ਹੈ ਕਿਉਂਕਿ ਹਮਲਾਵਰ ਪਾਰਟੀ ਨਾਲ ਸਬੰਧਤ ਸੀ। ਉਨ੍ਹਾਂ ਕਿਹਾ ਕਿ ਇਸ ਘਟਨਾ ਦੇ ਦੋਸ਼ੀ ਨਾਲ ਕਿਸੇ ਕਿਸਮ ਦਾ ਨਰਮਾਈ ਨਹੀਂ ਵਰਤੀ ਜਾਵੇਗੀ ਤੇ ਇਸ ਬਾਰੇ ਸੁਖਬੀਰ ਸਿੰਘ ਬਾਦਲ ਨਾਲ ਵੀ ਗੱਲਬਾਤ ਕੀਤੀ ਹੈ।

## ਮਨਪ੍ਰੀਤ ਨੇ ਤਾਏ ਤੇ ਭਰਾ ਦਾ ਅਸਤੀਫ਼ਾ ਮੰਗਿਆ

**ਅੰਮ੍ਰਿਤਸਰ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਤੇ ਸਾਂਝੇ ਮੋਰਚੇ ਦੇ ਚੇਅਰਮੈਨ ਮਨਪ੍ਰੀਤ ਸਿੰਘ ਬਾਦਲ ਨੇ ਛੇਹਰਟਾ ਵਿਚ ਥਾਣੇਦਾਰ ਦੇ ਦਿਨ ਦਿਹਾੜੇ ਹੋਏ ਕਤਲ ਦੇ ਮਾਮਲੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ ਤੇ ਦੋਵਾਂ ਕੋਲੋਂ ਨੈਤਿਕ ਆਧਾਰ 'ਤੇ ਅਸਤੀਫੇ ਦੀ ਮੰਗ ਕੀਤੀ ਹੈ। ਉਹ ਅੱਜ ਮਰਹੂਮ ਏ.ਐਸ.ਆਈ. ਰਵਿੰਦਰਪਾਲ ਸਿੰਘ ਦੇ ਗ੍ਰਹਿ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਆਏ ਸੀ। ਉਨ੍ਹਾਂ ਕਿਹਾ ਇਸ ਮਾਮਲੇ ਵਿਚ ਛੇਹਰਟਾ ਥਾਣੇ ਦੇ ਐਸ.ਐਚ.ਓ. ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਅਹੁਦੇ ਤੋਂ ਫਾਰਗ ਕਰਨਾ ਨਾਕਾਫ਼ੀ ਹੈ ਤੇ ਇਹ ਗ੍ਰਹਿ ਮੰਤਰੀ ਦੀ ਨਾਕਾਮੀ 'ਤੇ ਪਰਦਾ ਪਾਉਣ ਦਾ ਯਤਨ ਹੈ। ਇਸ ਨਾਲ ਲੋਕਾਂ ਦੀ ਤਸੱਲੀ ਨਹੀਂ ਹੋ ਸਕਦੀ ਸਗੋਂ ਇਸ ਮਾਮਲੇ ਵਿਚ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਆਪਣੇ ਅਹੁਦਿਆਂ ਤੋਂ ਅਸਤੀਫੇ ਦੇਣ। ਇਸ ਬਾਰੇ ਜਲਦੀ ਹੀ ਰਾਜਪਾਲ ਨੂੰ ਮੰਗ ਪੱਤਰ ਦਿੱਤਾ ਜਾਵੇਗਾ।



## ਸਭ ਕਾਸੇ ਲਈ ਸੁਖਬੀਰ ਤੇ ਮਜੀਠੀਆ ਜ਼ਿੰਮੇਵਾਰ: ਮਾਨ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੀ ਨਿੱਘਰ ਰਹੀ ਹਾਲਤ ਲਈ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਕੈਬਨਿਟ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵੱਲੋਂ ਏ.ਐਸ.ਆਈ. ਦਾ ਕੀਤਾ ਗਿਆ ਕਤਲ ਸੂਬੇ ਦੇ ਸਰੁੱਖਿਆ ਪ੍ਰਬੰਧਾਂ 'ਤੇ ਸਵਾਲੀਆ ਚਿੰਨ੍ਹ ਹੈ। ਉਨ੍ਹਾਂ ਕਿਹਾ ਕਿ ਚੇਅਰਮੈਨ ਨਾਮਧਾਰੀ ਵੀ ਬਾਦਲਾਂ ਦਾ ਚਹੇਤਾ ਸੀ ਜੋ ਪੌਂਟੀ ਚੱਡਾ ਹੱਤਿਆ ਕਾਂਡ ਵਿਚ ਨਾਮਜ਼ਦ ਹੈ। ਸ਼ਰੂਤੀ ਅਗਵਾ ਕਾਂਡ ਦਾ ਮੁੱਖ ਮੁਲਜ਼ਮ ਵੀ ਬਾਦਲਾਂ ਦਾ ਨਜ਼ਦੀਕੀ ਸੀ। ਸਾਬਕਾ ਵਿਧਾਇਕ ਮਰਹੂਮ ਮਲਕੀਤ ਸਿੰਘ ਕੀਤੂ ਦਾ ਗੰਨਮੈਨਾਂ ਦੇ ਹੁੰਦਿਆਂ ਵੀ ਮਾਰੇ ਜਾਣਾ ਪੰਜਾਬ ਸਰਕਾਰ ਦੇ ਸਰੁੱਖਿਆ ਪ੍ਰਬੰਧਾਂ 'ਤੇ ਸਵਾਲ ਉਠਾਉਂਦਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਜਾਂ ਸਰਕਾਰ ਵੱਲੋਂ ਦਿੱਤੀ ਸਰੁੱਖਿਆ ਦੀ ਉਮੀਦ ਛੱਡ ਕੇ ਲੋਕਾਂ ਦੇਣ।



# ਥਾਣਿਆਂ ਵਿਚ ਹੁਣ ਜਥੇਦਾਰਾਂ ਦੀ ਸਰਦਾਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ ਭਾਜਪਾ ਸਰਕਾਰ ਨੇ ਪੰਜਾਬ ਪੁਲਿਸ ਦਾ ਪੂਰੀ ਤਰ੍ਹਾਂ ਨਾਲ ਸਿਆਸੀਕਰਨ ਕਰ ਦਿੱਤਾ ਹੈ। ਪੰਜਾਬ ਪੁਲਿਸ ਦੀ ਹਾਲਤ ਇਸ ਸਮੇਂ ਇਥੋਂ ਤੱਕ ਨਿੱਘਰ ਚੁੱਕੀ ਹੈ ਕਿ ਜ਼ਿਲ੍ਹਾ ਪੁਲਿਸ ਮੁਖੀਆਂ ਤੇ ਹੋਰ ਪੁਲਿਸ ਅਧਿਕਾਰੀਆਂ ਤੋਂ ਇਲਾਵਾ ਥਾਣਾ ਮੁਖੀਆਂ ਵੱਲੋਂ ਪੀੜਤਾਂ ਦੀਆਂ ਸ਼ਿਕਾਇਤਾਂ 'ਤੇ ਕੋਈ ਕਾਰਵਾਈ ਕਰਨ ਦੀ ਬਜਾਏ ਸਭ ਤੋਂ ਪਹਿਲਾਂ ਸ਼ਿਕਾਇਤ ਬਾਰੇ ਸਬੰਧਤ ਹਲਕੇ ਦੇ ਵਿਧਾਇਕ ਜਾਂ ਹਾਰੇ ਉਮੀਦਵਾਰ ਤੋਂ ਇਲਾਵਾ ਮੰਤਰੀ ਕੋਲੋਂ ਹੁਕਮ ਲਏ ਜਾਂਦੇ ਹਨ।

ਇਸ ਤਰ੍ਹਾਂ ਹਲਕਿਆਂ ਦੇ ਜਿੱਤੇ ਵਿਧਾਇਕ ਜਾਂ ਹਾਰੇ ਉਮੀਦਵਾਰਾਂ ਵੱਲੋਂ ਲੋੜੀਂਦੇ ਹੁਕਮ ਪ੍ਰਾਪਤ ਹੋਣ ਦੇ ਬਾਅਦ ਹੀ ਥਾਣਿਆਂ ਵਿਚ ਕੇਸ ਦਰਜ ਕੀਤੇ ਜਾ ਰਹੇ ਹਨ। ਪਤਾ ਲੱਗਾ ਹੈ ਕਿ ਜੇਕਰ ਸ਼ਿਕਾਇਤਕਰਤਾ ਵਿਰੋਧੀ ਧਿਰ ਦਾ ਹੋਵੇ ਤਾਂ ਸ਼ਿਕਾਇਤ ਨੂੰ ਪਾੜ ਕੇ ਖੂਹ ਖਾਤੇ ਪਾ ਦਿੱਤਾ ਜਾਂਦਾ ਹੈ ਪਰ ਜੇ ਸ਼ਿਕਾਇਤਕਰਤਾ ਸੱਤਾਧਾਰੀ ਧਿਰ ਦਾ ਸਮਰਥਕ ਹੋਵੇ ਤਾਂ ਲੋੜੀਂਦੇ ਹੁਕਮ ਪ੍ਰਾਪਤ ਕਰਨ ਤੋਂ ਬਾਅਦ ਹੀ ਥਾਣੇਦਾਰਾਂ ਵੱਲੋਂ ਕੇਸ ਦਰਜ ਕੀਤੇ ਜਾਂਦੇ ਹਨ। ਜ਼ਿਲ੍ਹਿਆਂ ਦੇ ਪੁਲਿਸ ਕਪਤਾਨਾਂ ਵੱਲੋਂ ਉਨ੍ਹਾਂ ਦੇ ਜ਼ਿਲ੍ਹਿਆਂ ਅੰਦਰ ਪੈਂਦੇ ਥਾਣਿਆਂ

### ਅਫਸਰ ਅਕਾਲੀ ਆਗੂਆਂ ਤੋਂ ਲੈਂਦੇ ਨੇ ਹਦਾਇਤਾਂ

ਦੇ ਮੁਖੀ ਵੀ ਅਕਸਰ ਸਬੰਧਤ ਹਲਕਿਆਂ ਦੇ ਸੱਤਾਧਾਰੀ ਗੱਠਜੋੜ ਨਾਲ ਸਬੰਧਤ ਜਿੱਤੇ ਹਾਰੇ ਵਿਧਾਇਕਾਂ ਜਾਂ ਮੰਤਰੀਆਂ ਦੇ ਆਦੇਸ਼ਾਂ 'ਤੇ ਲਾਏ ਜਾਂਦੇ ਹਨ। ਹਾਸਲ ਅਨੁਸਾਰ ਬਹੁਤੀ ਵਾਰ ਲੜਾਈ ਝਗੜਿਆਂ ਦੇ ਮਾਮਲਿਆਂ ਵਿਚ ਉਸੇ ਧਿਰ ਦੇ ਹੱਕ ਵਿਚ ਫ਼ੈਸਲੇ ਕੀਤੇ ਜਾਂਦੇ ਹਨ ਜਿਹੜੀ ਧਿਰ ਸੱਤਾਧਾਰੀ ਗੱਠਜੋੜ ਨਾਲ ਸਬੰਧਤ ਹੁੰਦੀ ਹੈ। ਕਾਂਗਰਸ ਸਮੇਤ ਹੋਰ ਸਾਰੀਆਂ ਵਿਰੋਧੀ ਧਿਰਾਂ ਦੇ ਸਮਰਥਕਾਂ ਨੂੰ ਥਾਣਿਆਂ ਵਿਚੋਂ ਇਨਸਾਫ਼ ਮਿਲਣਾ ਦੂਰ ਦੀ ਗੱਲ ਹੈ। ਇਸ ਤਰ੍ਹਾਂ ਦੇ ਅਨੇਕਾਂ ਕੇਸ ਸਾਹਮਣੇ ਆ ਚੁੱਕੇ ਹਨ ਜਿਨ੍ਹਾਂ ਵਿਚ ਕਤਲਾਂ ਦੇ ਮਾਮਲਿਆਂ ਵਿਚ ਅਕਾਲੀ ਭਾਜਪਾ ਗੱਠਜੋੜ ਨਾਲ ਸਬੰਧਤ ਦੋਸ਼ੀ ਸ਼ਰੇਆਮ ਆਪਣੇ ਪਿੰਡਾਂ ਵਿਚ ਕੰਮਕਾਰ ਕਰ ਰਹੇ ਹਨ ਪਰ ਸਿਆਸੀ ਦਬਾਅ ਹੇਠ ਪੁਲਿਸ ਵੱਲੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਹਿੰਮਤ ਹੀ ਨਹੀਂ ਕੀਤੀ ਜਾ ਰਹੀ। ਗੁਰਦਾਸਪੁਰ ਦੇ ਦੋਰਾਂਗਲਾ ਥਾਣੇ ਵਿਚ ਮਾਮਲਾ ਸਾਹਮਣੇ ਆਇਆ ਕਿ ਸੱਤਾਧਾਰੀ ਗੱਠਜੋੜ ਨਾਲ ਸਬੰਧਤ ਵਿਅਕਤੀ ਵੱਲੋਂ ਕਿਸੇ ਉੱਪਰ ਪਿਸਤੌਲ ਕੱਢ ਕੇ ਚਲਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਮਾਮਲਾ ਸਰਪੰਚ ਖਿਲਾਫ਼ ਦਰਜ ਕਰਨ ਦੀ ਬਜਾਏ ਉਨ੍ਹਾਂ ਵਿਅਕਤੀਆਂ ਖਿਲਾਫ਼ ਦਰਜ ਕਰ ਦਿੱਤਾ ਗਿਆ ਜਿਹੜੇ ਵਿਅਕਤੀ ਉਪਰ ਅਕਾਲੀ ਸਰਪੰਚ ਵੱਲੋਂ ਪਿਸਤੌਲ ਤਾਣਿਆ ਗਿਆ ਸੀ। ਜਦੋਂ ਕਾਂਗਰਸ ਜਾਂ ਹੋਰ ਵਿਰੋਧੀ ਪਾਰਟੀਆਂ ਨਾਲ ਸਬੰਧਤ ਪੀੜਤ ਆਪਣੀ ਸੁਣਵਾਈ ਜ਼ਿਲ੍ਹਾ ਪੁਲਿਸ ਕਪਤਾਨਾਂ ਤੱਕ ਵੀ ਲੈ ਕੇ ਜਾਂਦੇ ਹਨ ਤਾਂ ਉਨ੍ਹਾਂ ਵੱਲੋਂ ਗੱਲ ਸੁਣਨ ਤੋਂ ਹੀ ਇਨਕਾਰ ਕਰ ਦਿੱਤਾ ਜਾਂਦਾ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇ ਕਿਸੇ ਮਾਮਲੇ ਵਿਚ ਦੋਸ਼ੀ ਦਿਖਾਈ ਦੇ ਰਹੇ ਸੱਤਾਧਾਰੀ ਗੱਠਜੋੜ ਦੇ ਵਿਅਕਤੀਆਂ ਖਿਲਾਫ਼ ਕਾਰਵਾਈ ਕੀਤੀ ਜਾਂਦੀ ਹੈ ਤਾਂ ਸਬੰਧਤ ਪੁਲਿਸ ਅਧਿਕਾਰੀ ਨੂੰ ਇਸ ਦਾ ਖ਼ਮਿਆਜ਼ਾ ਵੀ ਭੁਗਤਣਾ ਪੈਂਦਾ ਹੈ।

# ਅਮਨ ਦੀ ਬੋਲੀ ਬੋਲਣ ਵਾਲਾ ਕਾਗ

ਭਾਸ਼ਾ ਵਿਭਾਗ ਪੰਜਾਬ ਵਲੋਂ 2010 ਤੇ 2011 ਲਈ ਸਨਮਾਨੀਆਂ ਹਸਤੀਆਂ ਵਿਚ ਅੱਸੀ ਸਾਲਾ ਅਮਰਜੀਤ ਗੁਰਦਾਸਪੁਰੀ ਵੀ ਸੀ। ਦੋ ਦਹਾਕੇ ਪਹਿਲਾਂ ਪੰਜਾਬ ਕਲਾ ਪ੍ਰੀਸ਼ਦ ਦਾ ਕੰਮ ਦੇਖਦਿਆਂ ਮੈਂ ਗੁਰਦਾਸਪੁਰੀ ਦੇ ਬੋਲਾਂ ਦਾ ਕਲਾ ਭਵਨ ਦੇ ਵਿਹੜੇ ਸਿੱਧਾ ਆਨੰਦ ਮਾਣਿਆ ਹੈ। ਉਸ ਤੋਂ ਤਿੰਨ ਦਹਾਕੇ ਪਹਿਲਾਂ ਜਦ ਉਹ ਰੇਡੀਓ ਰਾਹੀਂ ਤੇਰਾ ਸਿੰਘ ਚੰਨ ਦਾ ਲਿਖਿਆ 'ਕਾਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ' ਗੀਤ ਗਾਉਂਦਾ ਸੀ ਤਾਂ ਸੱਚ ਮੁੱਚ ਹੀ ਆਕਾਸ਼ ਦੀ ਵਾਣੀ ਸਿਰਜਦਾ ਸੀ। ਉਦੋਂ ਜੰਗਬਾਜ਼ਾਂ ਦੇ ਵਿਰੁਧ ਆਵਾਜ਼ ਚੁੱਕਣ ਵਾਲੀ ਸਭ ਤੋਂ ਵੱਡੀ ਧਿਰ ਸੋਵੀਅਤ ਦੇਸ ਸੀ ਜਿਸ ਨੇ ਜਗਤ ਪ੍ਰਸਿੱਧ ਚਿੱਤਰਕਾਰ ਪਿਕਾਸੋ ਦੀ ਚਿਤਰੀ ਘੁੱਗੀ ਨੂੰ ਸੰਸਾਰ ਅਮਨ ਦਾ ਚਿੰਨ ਬਣਾਇਆ ਸੀ। ਗੁਰਦਾਸਪੁਰੀ ਨੂੰ ਵੇਖ ਕੇ ਤੇ ਮਿਲ ਕੇ ਉਸ ਵੇਲੇ ਦੀ ਅਮਨ ਲਹਿਰ ਦਾ ਚੇਤੇ ਆਉਣਾ ਕੁਦਰਤੀ ਹੈ। ਇਹ ਚੰਗੀ ਗੱਲ ਹੈ ਕਿ ਬੋਲਾਂ ਵਿਚ ਧੀਮਾਪਨ ਆਉਣ ਦੇ ਬਾਵਜੂਦ ਉਸ ਦੇ ਚਿਹਰੇ ਦੀ ਰੌਣਕ ਪਹਿਲਾਂ ਵਾਂਗ ਹੀ ਕਾਇਮ ਹੈ। ਜੇ ਉਹ ਗੁੱਸਾ ਨਾ ਕਰੇ ਤਾਂ 'ਖੰਡਰਾਤ ਬਤਾਤੇ ਹੈਂ ਕਿ ਇਮਾਰਤ ਅਜ਼ੀਮ ਥੀ' ਕਹਿਣ ਨੂੰ ਜੀ ਕਰਦਾ ਹੈ। ਭਲੇ ਸਮਿਆਂ ਦੇ ਇਸ ਗਾਇਕ ਨੂੰ ਉਚੇਚੀ ਵਧਾਈ। ਉਦੋਂ ਚੰਨ ਨੇ ਗੁਰਦਾਸਪੁਰੀ ਨੂੰ ਭਾਵ ਭਿੰਨਾ ਗੀਤ ਪ੍ਰਦਾਨ ਕੀਤਾ ਤੇ ਨਵਯੁੱਗ ਪ੍ਰੈਸ ਦਿੱਲੀ ਦੇ ਮਾਲਕ ਦੀ ਪਤਨੀ ਦਲਜੀਤ ਕੌਰ ਨੇ ਅਮਨ ਲਹਿਰ ਦੇ ਹੱਕ ਵਿਚ ਲਏ ਜਾਂ ਰਹੇ ਦਸਤਖਤਾਂ ਦੀ ਮੁਹਿੰਮ



ਅਮਰਜੀਤ ਗੁਰਦਾਸਪੁਰੀ

ਵਿਚ ਇਤਿਹਾਸਕ ਹਿੱਸਾ ਪਾਇਆ। ਦੁਨੀਆਂ ਭਰ ਵਿਚ ਸਭ ਤੋਂ ਵਧ ਦਸਤਖਤ ਕਰਵਾਉਣ ਨਾਤੇ ਦਲਜੀਤ ਕੌਰ ਨੂੰ 1952 ਵਿਚ ਸੋਵੀਅਤ ਦੇਸ ਵਾਲਿਆਂ ਆਪਣੀ ਰਾਜਧਾਨੀ ਮਾਸਕੋ ਵਿਚ ਸੱਦ ਕੇ ਸਨਮਾਨਿਆ ਸੀ। ਮੈਨੂੰ ਭਾਸ਼ਾ ਵਿਭਾਗ ਵਲੋਂ ਗੁਰਦਾਸਪੁਰੀ ਦੇ ਸਨਮਾਨੇ ਜਾਣ ਦੀ ਉਨੀ ਹੀ ਖੁਸ਼ੀ ਹੋਈ ਹੈ ਜਿੰਨੀ ਦਲਜੀਤ ਕੌਰ ਦੇ 1952 ਵਿਚ ਮਾਸਕੋ ਵਿਖੇ ਸਨਮਾਨੇ ਜਾਣ ਦੀ ਹੋਈ ਸੀ। ਅਮਨ ਸ਼ਾਂਤੀ ਉਤੇ ਪਹਿਰਾ ਦੇਣ ਵਾਲੇ ਹਰ ਬੋਲ ਦਾ ਹਰ ਘੜੀ ਤੇ ਹਰ ਪਲ ਸਵਾਗਤ ਕਰਨਾ ਬਣਦਾ ਹੈ। ਮੈਂ ਆਸ ਰਖਦਾ ਹਾਂ ਕਿ ਭਾਸ਼ਾ ਵਿਭਾਗ ਵਡੇਰੀ ਉਮਰਾ ਵਾਲੇ ਆਦਰਯੋਗ ਹਸਤਾਖਰਾਂ ਦੀ ਹਾਜ਼ਰੀ ਲਾ ਕੇ ਇਨ੍ਹਾਂ ਸਨਮਾਨਾਂ ਦੀ ਪੜਤ ਬਣਾਈ ਰਖੇਗਾ।

### ਭਾਰਤੀ ਰਾਜਨੀਤੀ ਦਾ ਆਉਣ ਵਾਲਾ ਚਿਹਰਾ

ਪ੍ਰਚੂਨ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੇ ਮੁੱਦੇ ਨੇ ਭਾਰਤੀ ਰਾਜਨੀਤੀ ਨੂੰ ਇੱਕ ਦਹਾਕੇ ਤੋਂ ਵਧ ਸਮਾਂ ਧੱਬਾਂ ਭਾਰ ਕਰੀ ਰੱਖਿਆ ਹੈ। ਇਸ ਦੇ ਦੋਵਾਂ ਸਦਨਾਂ ਵਿਚ ਪਾਸ ਹੋਣ ਤੱਕ ਪ੍ਰਮੁੱਖ ਰਾਜਨੀਤਕ ਪਾਰਟੀਆਂ ਦੇ ਚਿਹਰਿਆਂ ਤੋਂ ਪਰਦਾ ਚੁਕਣ ਵਿਚ ਵੀ ਕਸਰ ਨਹੀਂ ਛੱਡੀ। ਪਰ ਏਸ ਰਿੜਕਣੇ ਵਿਚੋਂ ਨਿਕਲਿਆਂ ਮੱਖਣ ਉਹੀਓ ਹੈ ਜਿਹੜਾ ਦੇਸ਼ ਦੇ ਸੁਤੰਤਰ ਹੁੰਦੇ ਸਾਰ ਖਾਂਦੇ ਸਾਂ। ਉਹ ਇਹ ਕਿ ਫਿਰਕੂ ਪ੍ਰਣਾਲੀ ਖੇਤਰੀ ਪੱਧਰ ਉਤੇ ਜਿੰਨੀਆਂ ਮਰਜ਼ੀ ਬਾਜ਼ੀਆਂ ਮਾਰੇ, ਕੇਂਦਰ ਵਿਚ ਫਿਕਰਾਪ੍ਰਸਤੀ ਤਿਆਗ ਕੇ ਅਤੇ ਦਲਿਤਾਂ ਨੂੰ ਨਾਲ ਲਏ ਬਿਨਾ ਨਹੀਂ ਸਰਦਾ। ਸਿੱਧੇ ਵਿਦੇਸ਼ੀ ਨਿਵੇਸ਼ ਨਾਲ ਦੇਸ਼ ਦੀ ਆਰਥਿਕਤਾ ਉਤੇ ਕੀ ਪ੍ਰਭਾਵ ਪੈਂਦਾ ਹੈ, ਇਹ ਤਾਂ ਸਮੇਂ ਨੇ ਦੱਸਣਾ ਹੈ ਪਰ ਅੰਤਕਾਰ ਮੁਲਾਇਮ ਸਿੰਘ ਯਾਦਵ ਦੀ ਸਮਾਜਵਾਦੀ ਪਾਰਟੀ ਦਾ ਇੱਕ ਪਾਸੇ ਖਲੋਣਾ ਅਤੇ ਮਾਇਆਵਤੀ ਦੀ ਬਸਪਾ ਦਾ ਨਿੱਕੇ ਮੋਟੇ ਪਛੰਡੇ ਮਾਰਨ ਉਪਰੰਤ ਵਰਤਮਾਨ ਸਰਕਾਰ ਨਾਲ ਤੁਰ ਪੈਣਾ ਇਹੀਓ ਸਿੱਧ ਕਰਦਾ ਹੈ। ਇਸ ਨੂੰ ਅਸੀਂ ਉਸ ਗਣਤੰਤਰ ਦੀ ਜਿੱਤ ਵੀ ਕਹਿ ਸਕਦੇ ਹਾਂ ਜਿਸ ਦੀ ਸਥਾਪਨਾ ਸੱਠ ਸਾਲ ਪਹਿਲਾਂ ਕੀਤੀ ਗਈ ਸੀ। ਸਪਸ਼ਟ ਹੈ ਕਿ ਸਿਖਲਾਈ ਟੀਸੀ ਉਤੇ ਟਿਕੇ ਰਹਿਣ ਲਈ ਗੈਰ ਹਿੰਦੂ ਥਮਲੇ 'ਤੇ ਤੇ ਦਲਿਤ ਪੀਲ ਪਾਵਾ ਹੀ ਕੰਮ ਆਉਂਦਾ ਹੈ। ਕਿਸ ਨੇ ਕਿਸ ਪਾਰਟੀ ਨੂੰ ਕਿਵੇਂ ਤੇ ਕਦੋਂ ਗੇੜਿਆ, ਕਰੂਰ ਹੁੰਦਾ ਹੋਇਆ ਵੀ ਰਾਜਨੀਤਕ ਪੈਂਤੜੇ ਦੇ ਨਾਂ ਉਤੇ ਮੁਆਫ ਕੀਤਾ ਜਾ ਸਕਦਾ ਹੈ।

ਸਪਸ਼ਟ ਹੈ ਕਿ ਆਰਥਕ ਤਰੁਟੀਆਂ ਦੇ ਸ਼ਿਕਾਰ ਭਾਈਚਾਰੇ ਵਿਚ ਬਾਜ਼ੀ ਮਾਰਨ ਲਈ ਹਰ ਉਹ ਪੱਤਾ ਰੰਗ ਦਾ ਪੱਤਾ ਹੋ ਨਿਬੜਦਾ ਹੈ ਜਿਸ ਨੂੰ ਵਰਤਣ ਵਾਲਾ ਖਿਡਾਰੀ ਖੇਡਣ ਦਾ ਵੱਲ ਜਾਣਦਾ ਹੈ। ਇਥੇ ਨਿਰੋਲ ਰਾਜਨੀਤੀ ਦੇ ਮਾਹਿਰਾਂ ਨੂੰ ਅਰਥ ਵਿਗਿਆਨ ਦੇ ਮਾਹਰ ਮਾਤ ਪਾ ਜਾਂਦੇ ਹਨ। ਸਾਹਮਣੇ ਲਟਕਦੀਆਂ ਗਾਜਰਾਂ ਵਲ ਕੌਣ ਨਹੀਂ ਖਿੱਚਿਆ ਜਾਂਦਾ? ਮਨਮੋਹਨ ਸਰਕਾਰ ਦੀਆਂ ਗਾਜਰਾਂ ਸਵਰਗ ਪ੍ਰਾਪਤੀ ਤੋਂ ਪਿੱਛੋਂ ਮਿਲਣ ਵਾਲੇ ਮੇਵਿਆਂ ਨਾਲੋਂ ਮਿੱਠੀਆਂ ਹਨ। ਵੱਡੀ ਗੱਲ ਇਹ ਕਿ ਇਨ੍ਹਾਂ ਨੇ ਪ੍ਰਮੁਖ ਰਾਜਸੀ ਪਾਰਟੀਆਂ ਦੇ ਮੁਖੌਟੇ ਲਾਹ ਛੱਡੇ ਹਨ। ਲੰਮੇ ਸਮੇਂ ਤੋਂ ਚਲਿਆ ਆ ਰਿਹਾ ਰਾਜਨੀਤਕ ਧੁੰਦਲਕਾ ਵੀ ਸਾਫ ਹੁੰਦਾ ਦਿਖਾਈ ਦੇ ਰਿਹਾ ਹੈ। ਇਹੋ ਜਿਹੇ ਵਿਚ ਭਲੇ ਦਿਲਾਂ ਦੀ ਆਸ ਰਖਣ ਦਾ ਕੋਈ ਹਰਜ ਨਹੀਂ।

**ਅੰਤਿਕਾ:** ਮਿਰਜ਼ਾ ਗ਼ਾਲਿਬ

ਔਰ ਬਾਜ਼ਾਰ ਸੇ ਲੇ ਆਏ
ਅਗਰ ਟੂਟ ਗਿਆ,
ਸਾਗ਼ਰ ਏ ਜਮ ਸੇ ਮਿਰਾ
ਜਾਮ ਏ ਸਫਾਲ ਅੱਛਾ ਹੈ।
ਹਮ ਕੋ ਮਾਲੂਮ ਹੈ
ਜੰਨਤ ਕੀ ਹਕੀਕਤ ਲੇਕਿਨ,
ਦਿਲ ਕੇ ਖ਼ੁਸ਼ ਰਖਨੇ ਕੋ ਗਾਲਿਬ
ਯੇਹ ਖਿਆਲ ਅੱਛਾ ਹੈ।

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

## ਨੇਪਾਲ 'ਚ ਪ੍ਰਧਾਨ ਮੰਤਰੀ ਚੁਣਨ ਲਈ ਹੋਰ ਮੋਹਲਤ

**ਕਾਠਮੰਡੂ:** ਨੇਪਾਲ ਦੇ ਰਾਸ਼ਟਰਪਤੀ ਰਾਮ ਬਰਨ ਯਾਦਵ ਨੇ ਮੁੱਖ ਸਿਆਸੀ ਪਾਰਟੀਆਂ ਨੂੰ ਸਰਕਾਰ ਬਣਾਉਣ ਲਈ ਕਿਸੇ ਸਮਝੌਤੇ 'ਤੇ ਪੁੱਜਣ ਲਈ ਹੋਰ ਛੇ ਦਿਨ ਦਾ ਸਮਾਂ ਦੇ ਦਿੱਤਾ ਹੈ। ਇਹ ਦੂਜੀ ਵਾਰ ਹੈ ਜਦੋਂ ਉਨ੍ਹਾਂ ਨੂੰ ਹੋਰ ਮੋਹਲਤ ਦਿੱਤੀ ਗਈ ਹੈ। ਸ਼ੁਰੂ ਵਿਚ ਇਨ੍ਹਾਂ ਪਾਰਟੀਆਂ ਨੂੰ 29 ਨਵੰਬਰ ਤਕ ਦਾ ਸਮਾਂ ਦਿੱਤਾ ਗਿਆ ਸੀ।

## ਸੈਨ ਹੋਜ਼ੇ ਗੁਰੂ ਘਰ 'ਚ ਗੁਰੂ ਨਾਨਕ ਗੁਰਪੁਰਬ 'ਤੇ ਕਵੀ ਦਰਬਾਰ

**ਸੈਨ ਹੋਜ਼ੇ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਬੇ-ਏਰੀਆ) ਵਲੋਂ ਐਤਵਾਰ 2 ਦਸੰਬਰ ਨੂੰ ਗੁਰਦੁਆਰਾ ਸੈਨ ਹੋਜ਼ੇ 'ਚ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਸਬੰਧੀ ਇੱਕ ਕਵੀ ਦਰਬਾਰ ਕੀਤਾ ਗਿਆ ਜਿਸ ਵਿਚ ਡਾ. ਗੁਰਮੀਤ ਸਿੰਘ ਬਰਸਾਲ, ਈਸਰ ਸਿੰਘ ਮੋਮਨ, ਚਰਨ ਸਿੰਘ ਸਿੱਧਰਾ, ਪ੍ਰਮਿੰਦਰ ਸਿੰਘ ਪ੍ਰਵਾਨਾ, ਤਰਸੇਮ ਸਿੰਘ ਸੁਮਨ ਅਤੇ ਕੁਲਦੀਪ ਸਿੰਘ ਢੀਂਡਸਾ ਨੇ ਭਾਗ ਲਿਆ।

ਸਭਾ ਦੇ ਇਨ੍ਹਾਂ ਮੈਂਬਰਾਂ ਵੱਲੋਂ ਪੇਸ਼ ਕੀਤੀਆਂ ਕਵਿਤਾਵਾਂ ਨੂੰ ਸੰਗਤਾਂ ਤੋਂ ਭਰਵਾਂ ਹੁੰਗਾਰਾ ਮਿਲਿਆ। ਕਵੀ ਦਰਬਾਰ ਦੇ ਅਖੀਰ ਵਿਚ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦਾ ਸਹਿਯੋਗ ਲਈ ਧੰਨਵਾਦ ਕੀਤਾ। ਗੁਰਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਵੀ ਸਭਾ ਦੇ ਮੈਂਬਰਾਂ ਨੂੰ ਯਕੀਨ ਦਵਾਇਆ ਗਿਆ ਕਿ ਉਹ ਭਵਿੱਖ ਵਿਚ ਵੀ ਉਨ੍ਹਾਂ ਨੂੰ ਸਭਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਵਿਚ ਭਰਪੂਰ ਸਹਿਯੋਗ ਦਿੱਤਾ ਜਾਏਗਾ।

ਸਭਾ ਵਲੋਂ ਜਾਰੀ ਬਿਆਨ ਅਨੁਸਾਰ ਸਭਾ ਦੇ ਬਾਲ ਸਾਹਿਤ ਅਤੇ ਰੰਗ-ਮੰਚ ਵਿੰਗ ਦੇ ਬੱਚਿਆਂ ਵੱਲੋਂ ਫਤਿਹਗੜ੍ਹ ਸਾਹਿਬ ਦੀਆਂ ਸੰਗਤਾਂ ਅਤੇ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਚਰਨ ਸਿੰਘ ਸਿੱਧਰਾ ਦੇ ਨਿਰਦੇਸ਼ਨ ਹੇਠ ਆਉਂਦੀ 22 ਦਸੰਬਰ ਨੂੰ 'ਨਿੱਕੀਆਂ ਜਿੰਦਾਂ-ਵੱਡਾ ਸਾਕਾ' ਰੂਪਕ ਸਭਾ ਖੇਡਿਆ ਜਾਵੇਗਾ।




ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

vaisakhi
Coupon Code

ਜਿੰਨੀ ਦੇਰ ਗੱਲਾਂ ਕਰੋਗੇ
ਉਨੇ ਹੀ ਮਿੰਟ ਕੱਟੇ ਜਾਣਗੇ

24/7 Customer Service Available
Same rate for lanline and mobile.

ਟੋਲ ਫਰੀ ਨੰਬਰ 1-888-652-6268
732-983-4332/4333



UMA Disability Center
(A Not for Profit Organization)
SERVING THE DISABLED COMMUNITY SINCE 1999

97% SUCCESS RATE

500 ਤੋਂ 2800 ਡਾਲਰ ਮਹੀਨਾ ਡਿਸਏਬਿਲਟੀ ਲੈ ਸਕਦੇ ਹੋ

ਫੀਸ ਸਿਰਫ ਕੇਸ ਪਾਸ ਹੋ ਜਾਣ ਤੋਂ ਬਾਅਦ

ਸਿਰਫ ਮੁਢਲਾ ਡਿਪਾਜ਼ਿਟ ਦੇਣਾ ਪਵੇਗਾ

ALL 50 STATES

- ਸਟੇਟ ਡਿਸਏਬਿਲਟੀ (TANF)
- ਫੈਡਰਲ ਡਿਸਏਬਿਲਟੀ (SSI, SSDI)
- ਬਿਨਾ ਪ੍ਰੀਖਿਆ ਸਿਟੀਜ਼ਨਸ਼ਿਪ (N-648 Waiver)
- Member NOSSCR; NADR; ADRSA
- ਸਾਡੇ ਡਿਸਏਬਿਲਟੀ ਸਲਾਹਕਾਰਾਂ ਪਾਸ ਡਿਸਏਬਿਲਟੀ ਬਾਰੇ ਦੱਸਣ, ਇਸ ਦੇ ਮੁਲੰਕਣ ਅਤੇ ਇਲਾਜ ਬਾਰੇ 20 ਸਾਲ ਦਾ ਤਜ਼ਰਬਾ ਹੈ
- ਕੋਈ ਵੀ ਮੈਡੀਕਲ ਸਮੱਸਿਆ ਹੋਵੇ



Sharif Rahman, Sc.D.
Disability Consultant



Eric W. Frazier, Esq.
Attorney at Law

NEW YORK : 40-22 74th Street, Elmhurst, NY 11373
Tel: 718.290.6500, Fax: 718.732.1858, Cell: 718-280-6500
PENNSYLVANIA : 108 New Alexander St., Wilkes Barre, PA 18702, Tel: 570.606.3720
LOS ANGELES : 22156, Sherman Way, Suite C1, Canoga Park, CA 91303
Tel: 818-703-7000, Fax: 818-703-7003, Cell: 323-510-1100
SAN FRANCISCO: 170 A South Spruce Ave., South San Francisco, CA 94080
TEL: 650-952-6000, FAX: 650-873-5000

www.umadisabilitycenter.org

# Matrimonials

## ਕੰਨਿਆ ਦੀ ਲੋੜ ਹੈ

Suitable US/Canadian match for Sikh 26, 5'-10" boy working as a software engineer. Green card under process. Caste no bar. Contact: ksingh0615@gmail.com or 425-773-9030

ਪੰਜਾਬ ਰਹਿੰਦੇ ਜੱਟ ਸਿੱਖ ਸੋਹਣੇ ਸੁਨੱਖੇ ਐਮ ਬੀ ਏ ਲੜਕੇ, ਉਮਰ 26 ਸਾਲ, ਕੱਦ 5'-11", ਚੰਗਾ ਖਾਨਦਾਨ, ਚੰਗੀ ਪੇਂਡੂ ਤੇ ਸ਼ਹਿਰੀ ਜਾਇਦਾਦ, ਵਾਸਤੇ ਚੰਗੇ ਪਰਿਵਾਰ ਦੀ ਉਚੀ ਲੰਮੀ ਖੂਬਸੂਰਤ ਅਮਰੀਕਨ ਸਿਟੀਜਨ ਲੜਕੀ ਦੀ ਲੋੜ ਹੈ। ਲੜਕੇ ਦਾ ਪਿਤਾ ਪੰਜਾਬ ਸਰਕਾਰ ਵਿਚ ਉਚ ਅਫਸਰ। ਸੰਪਰਕ ਕਰੋ, ਫੋਨ: (510) 760-9600
E-Mail Tigerjatt@gmail.com

## ਵਰ ਦੀ ਲੋੜ ਹੈ

ਲੁਧਿਆਣਾ ਨਿਵਾਸੀ ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੀ ਐਮ.ਐਸ.ਸੀ. ਨਰਸਿੰਗ ਖੂਬਸੂਰਤ ਲੜਕੀ 29 ਸਾਲ, ਕੱਦ 5'-1'' ਲਈ ਅਮਰੀਕਾ ਜਾਂ ਕੈਨੇਡਾ ਵਿਚ ਸਥਾਈ ਰਹਿਣ ਵਾਲੇ ਲੜਕੇ ਦੀ ਤਲਾਸ਼ ਹੈ। ਲੜਕੀ ਦੇ ਪਿਤਾ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿੰਦੇ ਹਨ। ਵਧੇਰੇ ਜਾਣਕਾਰੀ ਲਈ 650-273-2999 'ਤੇ ਬਾਅਦ ਦੁਪਿਹਰ 1:00 ਤੋਂ ਰਾਤ 11:30 ਤੱਕ ਫ਼ੋਨ ਕਰੋ।

punjabtimesusa.com

# ਨਸ਼ਿਆਂ ਬਾਰੇ ਵਿਧਾਨ ਸਭਾ 'ਚ ਬਹਿਸ ਹੋਵੇ: ਗਾਖਲ, ਮਹੇੜੂ

**ਫਰੀਮਾਂਟ:** ਕੈਲੀਫੋਰਨੀਆ ਤੋਂ ਨਸ਼ਿਆਂ ਦੇ ਖ਼ਿਲਾਫ਼ ਮੁਹਿੰਮ ਚਲਾ ਰਹੀ ਉੱਘੀ ਸੰਸਥਾ ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਚੇਅਰਮੈਨ ਸ. ਅਮਲੋਕ ਸਿੰਘ ਗ਼ਾਖਲ ਅਤੇ ਸਕੱਤਰ ਸ. ਗੁਰਦਾਵਰ ਸਿੰਘ ਮਹੇੜੂ ਨੇ ਕਿਹਾ ਹੈ ਕਿ ਪੰਜਾਬ ਵਿਚ ਵਧ ਰਹੀਆਂ ਅਪਰਾਧਕ ਵਾਰਦਾਤਾਂ ਲਈ ਮੁੱਖ ਤੌਰ 'ਤੇ ਨਸ਼ੇ ਹੀ ਜ਼ਿੰਮੇਵਾਰ ਹਨ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਵਿਧਾਨ ਸਭਾ ਦੇ ਆ ਰਹੇ ਸੈਸ਼ਨ ਵਿਚ ਨਸ਼ਿਆਂ ਬਾਰੇ ਵਿਸਥਾਰ ਸਹਿਤ ਬਹਿਸ ਹੋਣੀ ਚਾਹੀਦੀ ਹੈ।



ਅਮੋਲਕ ਸਿੰਘ ਗਾਖਲ



ਗੁਰਦਾਵਰ ਸਿੰਘ ਮਹੇੜੂ

ਸ. ਗਾਖਲ ਅਤੇ ਸ. ਮਹੇੜੂ ਨੇ ਕਿਹਾ ਕਿ ਨੌਜਵਾਨ ਨਸ਼ਿਆਂ ਦੀ ਪੂਰਤੀ ਲਈ ਪਹਿਲਾਂ ਛੋਟੀਆਂ-ਮੋਟੀਆਂ ਚੋਰੀਆਂ ਕਰਦੇ ਹਨ ਅਤੇ ਫਿਰ ਵੱਡੇ ਕਾਰਿਆਂ ਨੂੰ ਅੰਜ਼ਾਮ ਦਿੰਦੇ ਹਨ। ਅਜਿਹੇ ਹੀ ਲੋਕਾਂ ਵਿਚੋਂ ਫਿਰ ਰਣਜੀਤ ਸਿੰਘ ਰਾਣਾ ਵਰਗੇ ਅਪਰਾਧਕ ਬਿਰਤੀ ਵਾਲੇ ਲੋਕ ਨਿਕਲਦੇ ਹਨ ਜੋ ਹਰ ਕਿਸੇ ਨੂੰ ਡਰਾਉਂਦੇ ਵੀ ਹਨ ਅਤੇ ਕਾਨੂੰਨ ਦੇ ਰਖਵਾਲਿਆਂ ਨਾਲ ਭਿੜਨ ਤੋਂ ਵੀ ਖ਼ੌਫ ਨਹੀਂ ਖਾਂਦੇ। ਕੁਝ ਸਵਾਰਥੀ ਸਿਆਸੀ ਆਗੂ ਜਦੋਂ ਅਜਿਹੇ ਲੋਕਾਂ ਨੂੰ ਸਰਪ੍ਰਸਤੀ ਦਿੰਦੇ ਹਨ ਤਾਂ ਅਪਰਾਧਕ ਵਾਰਦਾਤਾਂ ਕਰਨ ਵਾਲੇ ਇਹ ਲੋਕ ਸ਼ੇਰ੍ਹਆਮ ਦਨ-ਦਨਾਉਂਦੇ ਹਨ। ਅਜਿਹੀ ਸੂਰਤ ਵਿਚ ਪੁਲਿਸ ਵੀ ਲਾਚਾਰ ਸਾਬਿਤ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਜਦੋਂ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਪੰਜਾਬ ਦੇ 10 ਵਿਚੋਂ 7 ਨੌਜਵਾਨ ਨਸ਼ੇੜੀ ਹਨ ਤਾਂ ਪੰਜਾਬ ਦੀ ਸਿਆਸਤ ਇਕ ਦਮ ਭਖ ਪਈ ਸੀ। ਰਾਹੁਲ ਗਾਂਧੀ ਦੇ ਇਸ ਬਿਆਨ ਦੀ ਤਸਦੀਕ ਭਾਜਪਾ ਆਗੂ ਤੇ ਮੁੱਖ ਸੰਸਦੀ ਸਕੱਤਰ ਨਵਜੋਤ ਕੌਰ ਸਿੱਧੂ ਨੇ ਵੀ ਕੀਤੀ ਸੀ; ਜਦਕਿ ਜ਼ਿੰਮੇਵਾਰ ਆਗੂ ਆਪਾ-ਵਿਰੋਧੀ ਬਿਆਨਾਂ ਵਿਚ ਹੀ ਫਸੇ ਰਹੇ ਸਨ। ਕੁਝ ਆਗੂ ਤਾਂ ਇਕ-ਦੂਜੇ ਖਿਲਾਫ ਦੂਸ਼ਣਬਾਜ਼ੀ ਵੀ ਕਰਨ ਲੱਗ ਪਏ ਸਨ ਪਰ ਸੱਚਾਈ ਇਹ ਹੈ ਕਿ ਨਸ਼ਿਆਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਲੀਹ ਤੋਂ ਲਾਹ ਦਿੱਤਾ ਹੈ ਅਤੇ ਇਸ ਦੀ ਵੱਡੀ ਜ਼ਿੰਮੇਵਾਰੀ ਕੁਝ ਸਵਾਰਥੀ ਲੀਡਰਾਂ ਦੀ ਹੀ ਹੈ।

ਉਨ੍ਹਾਂ ਮੰਗ ਕੀਤੀ ਹੈ ਕਿ ਵਿਧਾਨ ਸਭਾ ਦੇ ਆ ਰਹੇ ਸੈਸ਼ਨ ਵਿਚ ਨਸ਼ਿਆਂ ਬਾਰੇ ਵਿਸਥਾਰ ਸਹਿਤ ਬਹਿਸ ਹੋਵੇ। ਜਿਸ ਤਰ੍ਹਾਂ ਪਹਿਲਾਂ ਵਿਧਾਨ ਸਭਾ ਵਿਚ ਪੰਜਾਬੀ ਭਾਸ਼ਾ ਅਤੇ ਪਾਣੀਆਂ ਬਾਰੇ ਮਤੇ ਪਾਸ ਕੀਤੇ ਗਏ ਸਨ, ਇਸੇ ਤਰ੍ਹਾਂ ਦਾ ਮਤਾ ਨਸ਼ਿਆਂ ਖਿਲਾਫ ਕਾਰਵਾਈ ਲਈ ਪਾਸ ਕਰਵਾਇਆ ਜਾਵੇ ਤਾਂ ਕਿ ਪੰਜਾਬ ਅਤੇ ਪੰਜਾਬੀਆਂ ਦਾ ਭਲਾ ਹੋ ਸਕੇ।

# ਸਰਵੋਤਮ ਏਸ਼ੀਅਨ ਸ਼ੈਫ ਲਈ ਮੁਕਾਬਲੇ 7 ਜਨਵਰੀ ਤੋਂ

**ਨਿਊ ਯਾਰਕ (ਬਿਊਰੋ):** ਡਿਸ਼ ਨੈਟਵਰਕ ਅਤੇ ਸੀਜ਼ਰਜ਼ ਐਂਟਰਟੇਨਮੈਂਟ ਵਲੋਂ 'ਕਲਿਨਰੀ ਬੈਟਲਜ਼: ਸੁਪਰੀਮ ਏਸ਼ੀਅਨ ਸ਼ੈਫ' ਨਾਂ ਦਾ ਦੇਸੀ ਖਾਣੇ ਬਣਾਉਣ ਦੇ ਮੁਕਾਬਲੇ ਆਉਂਦੀ 7 ਜਨਵਰੀ ਤੋਂ 28 ਜਨਵਰੀ 2013 ਤੱਕ ਕਰਵਾਏ ਜਾ ਰਹੇ ਹਨ। ਇਹ ਮੁਕਾਬਲੇ ਸ਼ਿਕਾਗੋ, ਫਿਲਾਡੈਲਫੀਆ, ਵਾਸ਼ਿੰਗਟਨ ਡੀ ਸੀ ਅਤੇ ਨਿਊ ਯਾਰਕ ਦੇ ਇਲਾਕਿਆਂ ਵਿਚ ਦੱਖਣ ਏਸ਼ੀਆਈ ਖਾਣਿਆਂ ਦੇ ਸਭ ਤੋਂ ਵਧੀਆ ਬਾਵਰਚੀ ਲੱਭਣ ਲਈ ਕਰਵਾਏ ਜਾ ਰਹੇ ਹਨ। ਜੇਤੂ ਦਾ ਕੌਮੀ ਪੱਧਰ ਉਤੇ ਸਨਮਾਨ ਕੀਤਾ ਜਾਏਗਾ ਅਤੇ ਵਿਸ਼ੇਸ਼ ਇਨਾਮ ਦਿੱਤਾ ਜਾਏਗਾ।

ਇਹ ਮੁਕਾਬਲੇ 7 ਜਨਵਰੀ ਨੂੰ ਸ਼ਿਕਾਗੋ ਖੇਤਰ ਦੇ ਬਾਵਰਚੀਆਂ ਲਈ ਹੌਰਸਸ਼ੂ ਕੈਸੀਨੋ ਹੇਮੰਡ ਵਿਚ, ਨਿਊ ਯਾਰਕ ਤੇ ਨਿਊ ਜਰਸੀ ਲਈ 14 ਜਨਵਰੀ ਨੂੰ ਹੱਰਾ'ਜ਼ ਰਿਜ਼ੌਰਟ, ਅਟਲਾਂਟਿਕ ਸਿਟੀ ਵਿਚ ਅਤੇ ਫਿਲਾਡੈਲਫੀਆ ਖੇਤਰ ਲਈ 21 ਜਨਵਰੀ ਨੂੰ ਹੱਰਾ'ਜ਼, ਫਿਲਾਡੈਲਫੀਆ ਵਿਚ ਹੋਵੇਗਾ। ਫਾਈਨਲ ਮੁਕਾਬਲਾ 28 ਜਨਵਰੀ 2013 ਨੂੰ ਅਟਲਾਂਟਿਕ ਸਿਟੀ ਦੇ ਅਟਲਾਂਟਿਕ ਗਰਿਲ ਰੈਸਟੋਰੈਂਟ ਵਿਚ ਹੋਵੇਗਾ ਜਿਸ ਵਿਚ ਉਪਰੋਕਤ ਤਿੰਨਾਂ ਖੇਤਰਾਂ ਦੇ ਪਹਿਲੇ ਨੰਬਰ 'ਤੇ ਆਉਣ ਵਾਲੇ ਸ਼ੈਫ ਭਿੜਨਗੇ।

ਫਾਈਨਲ ਮੁਕਾਬਲੇ ਦੇ ਜੇਤੂ ਵਲੋਂ ਤਿਆਰ ਕੀਤੀ ਗਈ ਡਿਸ਼ ਸੀਜ਼ਰਜ਼ ਅਟਲਾਂਟਿਕ ਸਿਟੀ ਦੇ ਕੇ ਡਬਲਯੂ ਆਈ ਰੈਸਟੋਰੈਂਟ ਅਤੇ ਨੂਡਲ ਬਾਰ ਦੇ ਮੀਨੂ ਵਿਚ ਸ਼ਾਮਲ ਕੀਤੀ ਜਾਵੇਗੀ, ਜੇਤੂ ਨੂੰ ਹੱਰਾ'ਜ਼ ਰਿਜ਼ੌਰਟ ਅਟਲਾਂਟਿਕ ਸਿਟੀ ਦੇ ਵਾਈਕਿੰਗ ਕੁਕਿੰਗ ਸਕੂਲ ਵਿਚ ਪੜ੍ਹਾਉਣ ਦਾ ਮੌਕਾ ਮਿਲੇਗਾ, ਸੀਜ਼ਰਜ਼ ਰਿਜ਼ੌਰਟਸ ਅਟਲਾਂਟਿਕ ਸਿਟੀ ਵਿਚ ਚਾਰ ਰਾਤਾਂ ਤੇ ਚਾਰ ਦਿਨ ਰਹਿਣ ਦਾ ਮੌਕਾ ਮਿਲੇਗਾ ਅਤੇ ਇਸ ਤੋਂ ਇਲਾਵਾ 500 ਡਾਲਰ ਦਾ ਅਮੈਰਿਕਨ ਐਕਸਪ੍ਰੈਸ ਪੁਰਸਕਾਰ ਦਿੱਤਾ ਜਾਵੇਗਾ। ਇਸ ਤੋਂ ਬਿਨਾਂ ਇਕ ਸਾਲ ਲਈ ਡਿਸ਼ ਹਿੰਦੀ ਮੈਗਾ ਪੈਕ ਮੁਫਤ ਦਿੱਤਾ ਜਾਏਗਾ।

ਮੁਕਾਬਲੇ ਵਿਚ ਹਿੱਸਾ ਲੈਣ ਦੇ ਚਾਹਵਾਨ 21 ਦਸੰਬਰ 2012 ਤੱਕ ਵੈਬਸਾਈਟ www.culinarybattles.com 'ਤੇ ਜਾ ਕੇ ਅਰਜੀ ਭਰ ਸਕਦੇ ਹਨ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)
Cell: (510)-677-9942
Shop: (510)-505-9605





To Advertise with Punjab Times
Call: 847-359-0746
Fax:847-705-9388

MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
India Vacation tour package also available.
Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES



ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
FARMERS INSURANCE GROUP Symbol of Superior Service
FARMERS®
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



Gurcharan Singh Mann
Insurance Agent
License # 0C 70672

ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
tunein market iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

ਪੰਜਾਬ ਟਾਈਮਜ਼

*ਸਨਿਚਰਵਾਰ, 15 ਦਸੰਬਰ 2012*

## ਪੰਜਾਬ ਵਿਚ ਪਰਲੋ

ਛੇਹਰਟਾ ਵਿਚ ਹੋਈ ਘਟਨਾ ਸੁੰਨ ਕਰ ਦੇਣ ਵਾਲੀ ਹੈ। ਸੋਚ ਕੇ ਹੌਲ ਪੈਂਦਾ ਹੈ ਕਿ ਕੋਈ ਘਟਨਾ ਇਸ ਤਰ੍ਹਾਂ ਵੀ ਵਾਪਰ ਸਕਦੀ ਹੈ। ਪੰਜਾਬ ਵਿਚ ਹਨ੍ਹੇਰਗਰਦੀ ਦੀਆਂ ਘਟਨਾਵਾਂ ਭਾਵੇਂ ਪਿਛਲੇ ਸਮੇਂ ਦੌਰਾਨ ਲਗਾਤਾਰ ਵਾਪਰ ਰਹੀਆਂ ਹਨ, ਪਰ ਇਹ ਘਟਨਾ ਪਰਲੋ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਸੀ। ਇਸ ਇਕੱਲੀ ਘਟਨਾ ਨੇ ਕੋਝੀ ਅਤੇ ਕਰੂਰ ਰੂਪ ਧਾਰ ਚੁੱਕੀ ਸਿਆਸਤ ਦਾ ਭਾਂਡਾ ਚੌਰਾਹੇ ਵਿਚ ਲਿਆ ਭੰਨ੍ਹਿਆ ਹੈ। ਇਸ ਘਟਨਾ ਦਾ ਦਰਦਨਾਕ ਪਹਿਲੂ ਇਹ ਹੈ ਕਿ ਜਦੋਂ ਪਿਉ-ਧੀ ਨਾਲ ਸ਼ਰ੍ਹੇਆਮ ਜੱਗੋਂ ਤੇਰਵੀਂ ਹੋ ਰਹੀ ਸੀ ਤਾਂ ਤਮਾਮ ਲੋਕ ਖੜ੍ਹੇ ਤਮਾਸ਼ਾ ਦੇਖ ਰਹੇ ਸਨ। ਬੇਵੱਸ ਕੁੜੀ ਦੀਆਂ ਚੀਕਾਂ ਕਿਸੇ ਨੂੰ ਨਹੀਂ ਸੁਣੀਆਂ, ਨਾ ਹੀ ਬਚਾਅ ਲਈ ਨੱਠੇ ਜਾਂਦੇ ਪਿਉ-ਧੀ ਉਤੇ ਕਿਸੇ ਨੂੰ ਤਰਸ ਆਇਆ। ਬਿਨਾਂ ਸ਼ੱਕ, ਸਭ ਨੂੰ ਬੱਸ ਆਪਣੀ ਜਾਨ ਹੀ ਪਿਆਰੀ ਸੀ। ਉਂਜ ਉਸ ਵੇਲੇ ਬੇਵੱਸ ਹੋਏ ਲੋਕ ਹੁਣ ਤੱਕ ਵੀ ਬੇਵੱਸ ਹਨ। ਉਦੋਂ ਘਟਨਾ ਤੋਂ ਤੁਰੰਤ ਬਾਅਦ, ਤੱਤੇ ਤੱਤੇ ਘਾਹ ਬਹੁਤ ਸਾਰਿਆਂ ਨੇ ਇਸ ਘਟਨਾ ਦੇ ਪੂਰੇ ਵੇਰਵੇ ਬਿਆਨ ਕੀਤੇ ਅਤੇ ਇਹ ਸਾਰੇ ਵੇਰਵੇ ਅਖਬਾਰਾਂ ਵਿਚ ਵੀ ਛਪੇ ਪਰ ਜਦੋਂ ਪੁਲਿਸ ਅਤੇ ਅਦਾਲਤੀ ਰਿਕਾਰਡ ਲਈ ਇਨ੍ਹਾਂ ਗਵਾਹਾਂ ਨੂੰ ਹਾਕਾਂ ਮਾਰੀਆਂ ਗਈਆਂ ਤਾਂ ਇਕ ਵੀ ਮਾਈ ਦਾ ਲਾਲ ਨਿੱਤਰ ਨਹੀਂ ਸਕਿਆ। ਅਜਿਹੀ ਖਾਮੋਸ਼ ਹਿੰਸਾ ਅਕਸਰ ਕਦੀ ਦਿਸਦੀ ਨਹੀਂ। ਹੁਣ ਦਿਸੀ ਹੈ ਤਾਂ ਬੇਵਸੀ ਦੀ ਚਾਦਰ ਵਿਚ ਲਪੇਟੀ ਹੋਈ ਹੈ। ਇਹ ਬੇਵਸੀ ਅਸਲ ਵਿਚ ਉਸ ਸਿਆਸੀ ਸਰਪ੍ਰਸਤੀ ਕਾਰਨ ਹੈ ਜਿਸ ਨੇ ਸਮੁੱਚਾ ਤਾਣਾ-ਬਾਣਾ ਹੀ ਬਦਲ ਸੁੱਟਿਆ ਹੈ। ਬੁਰਛਾਗਰਦਾਂ ਨੂੰ ਮਿਲ ਰਹੀ ਸਿਆਸੀ ਸਰਪ੍ਰਸਤੀ ਹੁਣ ਕਿਸੇ ਤੋਂ ਲੁਕੀ ਹੋਈ ਨਹੀਂ ਹੈ; ਨਿੱਤ ਦਿਨ ਅਜਿਹੇ ਵੇਰਵੇ ਆਮ ਮਿਲ ਜਾਂਦੇ ਹਨ। ਬਹੁਤ ਸਾਰੇ ਮਾਮਲੇ ਤਾਂ ਰਿਪੋਰਟ ਵੀ ਨਹੀਂ ਹੁੰਦੇ ਕਿਉਂਕਿ ਅਜਿਹੇ ਮਾਮਲੇ ਰਿਪੋਰਟ ਕਰਨ ਵਾਲੇ ਪੱਤਰਕਾਰਾਂ ਵਿਚੋਂ ਬਹੁਤੇ ਅੱਜਕੱਲ੍ਹ ਵੱਖ ਵੱਖ ਆਗੂਆਂ ਅਤੇ ਜਥੇਬੰਦੀਆਂ ਦੇ ਗੁਰਗੇ ਬਣੇ ਹੋਏ ਹਨ। ਕਈ ਅਖਬਾਰਾਂ ਦੇ ਕਰਤਾ-ਧਰਤਾ ਵੀ ਪਾਰਟੀਆਂ ਦੇ ਪੱਖ ਤੋਂ ਬਹੁਤ ਸਾਰੀਆਂ ਖਬਰਾਂ ਸੈਂਸਰ ਕਰ ਲੈਂਦੇ ਹਨ। ਇਹ ਰੁਝਾਨ ਪਿਛਲੇ ਕੁਝ ਸਮੇਂ ਦੌਰਾਨ ਕੁਝ ਜ਼ਿਆਦਾ ਹੀ ਭਾਰੂ ਹੋਇਆ ਹੈ। ਜ਼ਾਹਿਰ ਹੈ ਕਿ ਲੱਠਮਾਰ ਸਿਆਸਤ ਵਿਚ ਨਪੀੜੇ ਜਾ ਰਹੇ ਆਮ ਬੰਦੇ ਦੀ ਕਿਤੇ ਸੁਣਵਾਈ ਨਹੀਂ। ਅਕਾਲੀ ਆਗੂ ਰਾਣੇ ਦੀ ਕਾਰਵਾਈ ਇਸੇ ਲੱਠਮਾਰ ਸਿਆਸਤ ਦਾ ਹੀ ਨਤੀਜਾ ਹੈ। ਹੁਣ ਵਾਲਾ ਮਾਮਲਾ ਇਸ ਕਰ ਕੇ ਸਭ ਦੀਆਂ ਨਜ਼ਰਾਂ ਵਿਚ ਚੜ੍ਹਿਆ ਕਿਉਂਕਿ ਇਸ ਅਕਾਲੀ ਆਗੂ ਨੇ ਪੁਲਿਸ ਅਫਸਰ ਦੀ ਜਾਨ ਲੈ ਲਈ। ਇਕ ਪਲ ਲਈ ਸੋਚੋ, ਜੇ ਰਣਜੀਤ ਸਿੰਘ ਰਾਣਾ ਘਟਨਾ ਵਾਲੀ ਥਾਂ ਉਤੇ ਦੁਬਾਰਾ ਨਾ ਜਾਂਦਾ ਅਤੇ ਕਤਲ ਨਾ ਕਰਦਾ ਤਾਂ ਇਸ ਘਟਨਾ ਬਾਰੇ ਗੱਲ ਕਿਸ ਨੇ ਕਰਨੀ ਸੀ? ਕਿਸੇ ਨੇ ਵੀ ਨਹੀਂ! ਪੰਜਾਬ ਦੀ ਇਕ ਚੋਟੀ ਦੀ ਅਖਬਾਰ ਦੇ ਸੰਪਾਦਕ ਨੇ ਤਾਂ ਸੰਪਾਦਕੀ ਲਿਖਦਿਆਂ ਸ਼੍ਰੋਮਣੀ ਅਕਾਲੀ ਦਲ ਲਿਖਣ ਦੀ ਥਾਂ ਸੂਬੇ ਦੀ ਇਕ ਵੱਡੀ ਸੱਤਾਧਾਰੀ ਸਿਆਸੀ ਪਾਰਟੀ ਲਿਖ ਕੇ ਲੀਡਰਾਂ ਨਾਲ ਯਾਰੀ ਨਿਭਾਈ ਹੈ। ਇਸ ਤਰ੍ਹਾਂ ਦੀਆਂ ਯਾਰੀਆਂ ਪੱਤਰਕਾਰ ਲਗਾਤਾਰ ਨਿਭਾ ਰਹੇ ਹਨ। ਅਜਿਹੇ ਲੋਕਾਂ ਨੇ ਮੀਡੀਆ ਦੇ ਮਿਸ਼ਨ ਵਾਲੇ ਪੱਖ ਦੀ ਥਾਂ ਕਾਰੋਬਾਰ ਨੂੰ ਪਹਿਲ ਦਿੱਤੀ ਹੋਈ ਹੈ ਅਤੇ ਸਭ ਨੂੰ ਇਲਮ ਹੈ ਕਿ ਅੱਜਕੱਲ੍ਹ ਕਾਰੋਬਾਰ ਦਾ ਸਭ ਤੋਂ ਸੌਖਾ ਅਤੇ ਕਾਮਯਾਬ ਤਰੀਕਾ ਸਿਆਸੀ ਸਰਪ੍ਰਸਤੀ ਹਾਸਲ ਕਰਨਾ ਹੈ। ਪੱਤਰਕਾਰ ਵੀ ਇਸ ਦੌੜ ਵਿਚ ਕਿਸੇ ਤੋਂ ਘੱਟ ਨਹੀਂ ਹਨ; ਰਤਾ ਕੁ ਬੇਫਿਕਰੀ ਨਾਲ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਦੋ ਕਦਮ ਅੱਗੇ ਹੀ ਹਨ!

ਛੇਹਰਟੇ ਵਾਲੀ ਘਟਨਾ ਦੀਆਂ ਲੜੀਆਂ ਬਹੁਤ ਸਾਰੇ ਪੱਖਾਂ ਨਾਲ ਜੁੜੀਆਂ ਹੋਈਆਂ ਹਨ। ਇਸ ਵਿਚ ਕੁੜੀਆਂ ਦੀ ਸੁਰੱਖਿਆ ਦਾ ਮੁੱਦਾ ਸਭ ਤੋਂ ਅਹਿਮ ਅਤੇ ਸੰਵੇਦਨਸ਼ੀਲ ਹੈ। ਲੱਚਰ ਗੀਤ-ਸੰਗੀਤ, ਸਿਆਸੀ ਬੁਰਛਾਗਰਦੀ, ਹਥਿਆਰਾਂ ਅਤੇ ਨਸ਼ਿਆਂ ਦੀ ਚੰਡਾਲ ਚੌਕੜੀ ਨੇ ਅੱਜ ਦੇ 'ਮਨੁੱਖ' ਨੂੰ 'ਮਰਦ' ਬਣਾ ਧਰਿਆ ਹੈ। ਮਨੁੱਖ ਤੋਂ ਮਰਦ ਬਣਨ ਦਾ ਸਾਰਾ ਅਮਲ ਸਮਾਜ ਵਿਚ ਸਦਾ ਹੀ ਔਰਤ ਦੇ ਖਿਲਾਫ ਭੁਗਤਦਾ ਆਇਆ ਹੈ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਜਿਸ ਤਰ੍ਹਾਂ ਦੀ ਸਿਆਸਤ ਪਿਛਲੇ ਕੁਝ ਸਮੇਂ ਤੋਂ ਕਰਦਾ ਆ ਰਿਹਾ ਸੀ, ਉਸ ਨੇ ਛੇਹਰਟੇ ਵਰਗੀਆਂ ਘਟਨਾਵਾਂ ਲਈ ਹੀ ਰਾਹ ਖੋਲ੍ਹਣਾ ਸੀ। ਦੂਰ ਕੀ ਜਾਣਾ ਹੈ, ਅਕਾਲੀ ਦਲ ਦੀਆਂ ਜਥੇਬੰਦਕ ਚੋਣਾਂ, ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤੇ ਫਿਰ ਵਿਧਾਨ ਸਭਾ ਚੋਣਾਂ ਉਤੇ ਹੀ ਤਰਦੀ ਤਰਦੀ ਨਿਗ੍ਹਾ ਮਾਰ ਲਉ, ਸਾਫ ਹੋ ਜਾਂਦਾ ਹੈ ਕਿ ਗੱਲ ਕਿਸ ਪਾਸੇ ਤੁਰ ਰਹੀ ਸੀ। ਜੇ ਕਿਸੇ ਨੇ ਇਸ ਪਾਸੇ ਧਿਆਨ ਨਹੀਂ ਸੀ ਦਿੱਤਾ ਤਾਂ ਇਸ ਨੂੰ ਹੁਣ ਖਾਮੋਸ਼ ਹਿੰਸਾ ਵਾਂਗ ਬੁਰਛਾਗਰਦੀ ਤੋਂ ਕਿਸੇ ਵੀ ਲਿਹਾਜ਼ ਘੱਟ ਨਹੀਂ ਸਮਝਣਾ ਚਾਹੀਦਾ। ਇਸ ਪਿੱਛੇ ਲੁਕੀ ਸਿਆਸਤ ਨੂੰ ਨਾ ਸਮਝ ਸਕਣਾ ਸਿਰੇ ਦੀ ਨਾਲਾਇਕੀ ਹੋਵੇਗੀ ਤੇ ਸਮਝ ਕੇ ਕੁਝ ਵੀ ਨਾ ਕਰਨਾ ਬੁਜ਼ਦਿਲੀ!

ਹੁਣ ਇਕ ਕੌੜਾ ਸੱਚ ਅਤੇ ਸਵਾਲ...! ਕੀ ਇਸ ਘਟਨਾ ਤੋਂ ਬਾਅਦ ਕੁਝ ਬਦਲੇਗਾ? ਰਤਾ ਕੁ ਪਿਛਾਂਹ ਝਾਤੀ ਮਾਰੋ। ਗੁਰਾਂ ਦੇ ਨਾਂ ਉਤੇ ਵਸਦੇ ਪੰਜਾਬ ਦੇ ਵਸਨੀਕ ਕਿੰਨਾ ਕੁਝ ਸਹਿਣਾ ਅਤੇ ਸਬਰ ਕਰਨਾ ਸਿੱਖ ਗਏ ਹਨ। ਛੇਹਰਟੇ ਵਾਲੀ ਘਟਨਾ ਤੋਂ ਬਾਅਦ ਇਸ ਘਟਨਾ ਸਬੰਧਤ ਹੋਰ ਘਟਨਾਵਾਂ ਦੀ ਲੜੀ ਤੁਰ ਪਈ ਹੈ। ਰਾਣੇ ਦੇ ਬਚਾਅ ਲਈ ਕਾਰਵਾਈ ਵੀ ਸ਼ੁਰੂ ਹੋ ਚੁੱਕੀ ਹੈ। ਉਹਦਾ ਬਿਆਨ ਹੈ ਕਿ ਉਸ ਨੇ ਆਪਣੇ ਬਚਾਅ ਖਾਤਰ ਥਾਣੇਦਾਰ ਉਤੇ ਗੋਲੀ ਚਲਾਈ। ਅਜਿਹੀਆਂ ਹੋਰ ਕਿੰਨੀਆਂ ਘਟਨਾਵਾਂ ਆਈਆਂ ਅਤੇ ਭੁਲਾ ਦਿੱਤੀਆਂ ਗਈਆਂ। ਇਹਨੂੰ ਮਿਹਣਾ ਨਾ ਆਖਣਾ; ਮਨੁੱਖ ਤੋਂ ਮਰਦ ਬਣੇ ਸਮਾਜ ਵਿਚ ਅਜਿਹਾ ਹੋਣਾ ਤੈਅ ਹੈ। ਬੱਸ ਹੁਣ ਇਕ ਗੱਲ ਤੈਅ ਹੋਣੀ ਬਾਕੀ ਹੈ ਕਿ ਇਸ ਖਾਮੋਸ਼ ਹਿੰਸਾ ਖਿਲਾਫ ਖਾਮੋਸ਼ੀ ਕਦੋਂ ਟੁੱਟਣੀ ਹੈ? ਹੁਣ ਕਿਸ ਤਰ੍ਹਾਂ ਦੀ ਲਾਮਬੰਦੀ ਹੋਣੀ ਹੈ ਅਤੇ ਇਹ ਕਿੰਨੀ ਤਿੱਖੀ ਤੇ ਕਿੰਨੇ ਚਿਰ ਲਈ ਚੱਲਣੀ ਹੈ? ਗਰਕ ਹੋ ਰਹੇ ਸਮਾਜ ਵਿਚ ਉਠ ਕੇ ਖੜ੍ਹਨਾ ਖਾਲਾ ਜੀ ਦਾ ਵਾੜਾ ਨਹੀਂ। ਇਸ ਲਈ ਹੁਣ ਮਰਦ ਤੋਂ ਮਨੁੱਖ ਬਣਨ ਤੱਕ ਦੇ ਸਫਰ ਲਈ ਪਰਖ ਦੀਆਂ ਘੜੀਆਂ ਵੀ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜ਼ਮੀਰ ਗੁਆਉ, ਸਨਮਾਨ ਪਾਉ!*

ਰੱਖੇ ਲਾਲਸਾ ਰਾਜਸੀ ਕੁਰਸੀਆਂ ਤੋਂ, ਪਾਉ ਕੌਮ ਦੀ ਦਾੜ੍ਹੀ ਵਿਚ ਢੂੰਲ ਜਾਣੋ।
ਕੁਫਰ ਤੋਲਿਆ ਮੋਢੇ 'ਤੇ ਫੀਤੀਆਂ ਲਈ, ਕੌਡੀ ਪਿਆ ਜ਼ਮੀਰ ਦਾ ਮੁੱਲ ਜਾਣੋ।
ਕਰਦੇ ਉਲਫ਼ਤਾਂ ਝੂਠੀਆਂ ਮੂਠੀਆਂ ਜੋ, ਏਦੂੰ ਵੱਡੀ ਕੀ ਹੋਵੇਗੀ ਭੁੱਲ ਜਾਣੋ।
ਭੇਲੀ ਭੰਨਦੇ ਬੁੱਕਲ ਦੇ ਵਿਚ ਭਾਵੇਂ, ਜੱਗ ਜਾਣਦਾ ਹੁੰਦਾ ਏ ਕੁੱਲ ਜਾਣੋ।
ਤਲੇ ਚੱਟਦੀ ਫਿਰੇ ਜੇ ਵਿਦਵਤਾ ਵੀ, ਬੱਤੀ ਹੋਵੇ ਸਿਆਣਪ ਦੀ ਗੁੱਲ ਜਾਣੋ।
ਲਿਆ ਹੋਵੇ ਜੋ ਕਾਂ ਨੂੰ ਹੰਸ ਕਹਿ ਕੇ, ਉਹ ਸਨਮਾਨ ਅਪਮਾਨ ਦੇ ਤੁੱਲ ਜਾਣੋ।

# ਪੰਜਾਬੀਓ! ਜੇ ਬੁਰਛਾਗਰਦੀ ਦੇ ਤੂਫਾਨ ਤੋਂ ਬਚਣਾ ਹੈ...

*ਹਨੇਰਗਰਦੀ ਅਤੇ ਬੁਰਛਾਗਰਦੀ ਵੱਲ ਵਧ ਰਹੇ ਵਕਤਾਂ ਬਾਰੇ ਫਿਕਰ ਹਰ ਕਿਸੇ ਨੂੰ ਹੈ; ਜਿੱਥੇ ਵੀ ਚਾਰ ਬੰਦੇ ਜੁੜਦੇ ਹਨ, ਇਸ ਬਾਰੇ ਗੱਲਾਂ ਵੀ ਚਲਦੀਆਂ ਹਨ ਪਰ ਇਸ ਦੇ ਹੱਲ ਬਾਰੇ ਗੱਲ ਘੱਟ ਹੀ ਤੁਰਦੀ ਹੈ। ਅਜਿਹੇ ਮਸਲੇ ਤਦ ਹੀ ਹੱਲ ਹੁੰਦੇ ਹਨ ਜਦੋਂ ਇਨ੍ਹਾਂ ਬਾਰੇ ਹਰ ਹਾਲ, ਹਰ ਹੀਲੇ ਅਤੇ ਹਰ ਪੱਖ ਤੋਂ ਵਿਚਾਰ ਹੋਵੇ। ਜਸਟਿਸ ਸੱਯਦ ਆਸਿਫ਼ ਸ਼ਾਹਕਾਰ ਦਾ ਇਹ ਲੇਖ ਇਸ ਪਾਸੇ ਹੀ ਹੰਭਲਾ ਹੈ। ਇਸ ਲੇਖ ਵਿਚ ਪ੍ਰਗਟ ਵਿਚਾਰਾਂ ਨਾਲ ਕਿਸੇ ਦੀ ਵੀ ਸਹਿਮਤੀ ਜਾਂ ਅਸਹਿਮਤੀ ਸੰਭਵ ਹੈ ਪਰ ਇਹ ਸੱਚ ਹੈ ਕਿ ਇਹ ਮਸਲਾ ਹੁਣ ਬਹੁਤ ਭਿਅੰਕਰ ਰੂਪ ਵਿਚ ਸਾਡੇ ਸਾਹਮਣੇ ਹੈ ਅਤੇ ਜੇ ਇਸ ਦਾ ਕੋਈ ਹੱਲ ਨਾ ਸੋਚਿਆ ਗਿਆ ਤਾਂ ਆਉਣ ਵਾਲੀਆਂ ਪੀੜ੍ਹੀਆਂ ਦਾ ਸਾਡੇ ਸਿਰ ਸਦਾ ਸਦਾ ਲਈ ਉਲਾਂਭਾ ਰਹਿ ਜਾਵੇਗਾ।- ਸੰਪਾਦਕ*

ਪਹਿਲਾਂ ਦੁੱਖ ਦੀ ਗੱਲ; ਕਿ ਅਸੀਂ ਪੰਜਾਬੀ 65 ਸਾਲ ਲੰਘਣ ਮਗਰੋਂ ਵੀ ਗੁਲਾਮੀ ਦੇ ਦੌਰ ਦੀ ਤਾਰੀਫ਼ ਕਰ ਰਹੇ ਹਾਂ। ਨਾਲ ਹੀ ਖ਼ੁਸ਼ੀ ਇਸ ਗੱਲ ਦੀ ਕਿ ਪੰਜਾਬੀ ਇਨ੍ਹਾਂ 65 ਸਾਲਾਂ ਵਿਚ ਰਗੜਾ ਖਾਣ ਮਗਰੋਂ ਨਾਮ-ਨਿਹਾਦ ਆਜ਼ਾਦੀ ਦੇ ਪਖੰਡੀ ਪ੍ਰਚਾਰ ਤੋਂ ਆਜ਼ਾਦ ਹੋ ਕੇ ਸੱਚ ਬੋਲ ਰਿਹਾ ਹੈ। ਸਾਡੇ ਕੋਲ ਹੁਣ ਸੱਚ ਬੋਲਣ ਬਿਨਾਂ ਕੋਈ ਚਾਰਾ ਵੀ ਨਹੀਂ ਹੈ। ਝੂਠ ਬੋਲਣ ਦਾ ਮਤਲਬ ਹੈ, ਆਪਣੇ ਆਪ ਨੂੰ ਧੋਖਾ ਦੇਣਾ। 1947 ਦੀ ਵੰਡ ਤੋਂ ਲੈ ਕੇ ਹੁਣ ਤੱਕ ਸਾਡੀਆਂ ਕਿੰਨੀਆਂ ਪੀੜ੍ਹੀਆਂ ਇਸ ਧੋਖੇ ਦਾ ਸ਼ਿਕਾਰ ਹੋਈਆਂ। ਇਹ ਧੋਖਾ ਜੋ ਸਾਨੂੰ ਸਾਡੇ ਲੀਡਰਾਂ, ਮਜ਼ਹਬੀ ਆਗੂਆਂ ਅਤੇ ਵਿਦਵਾਨਾਂ ਦਿੱਤਾ ਤਾਂ ਸਭ ਤੋਂ ਵੱਡਾ ਧੋਖਾ ਅਸੀਂ ਆਪਣੇ ਆਪ ਨੂੰ ਆਪ ਦਿੱਤਾ।



ਜਸਟਿਸ ਸੱਯਦ ਆਸਿਫ਼ ਸ਼ਾਹਕਾਰ

ਪੰਜਾਬੀਆਂ ਨੇ ਆਪਣੇ ਆਪ ਨੂੰ ਮਜ਼ਹਬਾਂ/ਧਰਮਾਂ ਵਿਚ ਵੰਡ ਕੇ ਕੁਝ ਨਹੀਂ ਖੱਟਿਆ; ਜੇ ਕਿਸੇ ਖੱਟਿਆ ਹੈ ਤਾਂ ਇਹ ਸਾਡੇ ਕੁਰਪਟ ਸਿਆਸੀ ਤੇ ਧਾਰਮਿਕ ਲੀਡਰ ਨੇ। ਜਿਥੋਂ ਤੱਕ ਸਾਡੇ ਮੁਸਤਕਬਿਲ (ਭਵਿੱਖ) ਦਾ ਤਾਅਲੁੱਕ (ਸਬੰਧ) ਹੈ, ਅਸੀਂ ਅਨਾਰਕੀ ਦੇ ਦੌਰ ਵਿਚੋਂ ਲੰਘ ਰਹੇ ਹਾਂ। ਜਿਵੇਂ ਸਾਨੂੰ ਇਤਿਹਾਸ ਦੱਸਦਾ ਹੈ ਕਿ ਅਨਾਰਕੀ ਦੀ ਅਗਲੀ ਪੌੜੀ ਹਮੇਸ਼ ਖ਼ਾਨਾਜੰਗੀ ਤੇ ਬੁਰਛਾਗਰਦੀ ਹੁੰਦੀ ਹੈ, ਇਸ ਤਰ੍ਹਾਂ ਅਸੀਂ ਵੀ ਉਸੇ ਪਾਸੇ ਤੁਰੇ ਜਾ ਰਹੇ ਹਾਂ।

ਪਾਕਿਸਤਾਨੀ ਪੰਜਾਬ ਬੁਰਛਾਗਰਦੀ ਦੇ ਇਸ ਦੌਰ ਵਿਚ ਦਾਖ਼ਲ ਹੋ ਚੁੱਕਿਆ ਹੈ, ਇਸ ਬੁਰਛਾਗਰਦੀ ਦੀ ਸ਼ਕਲ ਮਿਸਲਾਂ ਵਾਲੀ ਬੁਰਛਾਗਰਦੀ ਵਰਗੀ ਨਹੀਂ ਹੈ ਪਰ ਉਥੇ ਵੀ ਮਿਸਲਾਂ ਬਣ ਚੁੱਕੀਆਂ ਨੇ। ਫ਼ੌਜ ਇੱਕ ਮਿਸਲ ਏ। ਸਿਆਸੀ ਪਾਰਟੀਆਂ ਦੂਜੀ ਮਿਸਲ ਹੈ। ਸੁਪਰੀਮ ਕੋਰਟ ਤੀਜੀ ਮਿਸਲ ਹੈ। ਕੱਟੜ ਧਾਰਮਿਕ ਪਾਰਟੀਆਂ ਚੌਥੀ ਮਿਸਲ ਹੈ। ਵਕੀਲ ਪੰਜਵੀਂ ਅਤੇ ਮੀਡੀਆ ਛੇਵੀਂ ਮਿਸਲ ਹੈ। ਇਸ ਤਰ੍ਹਾਂ ਦੀਆਂ ਥੋੜ੍ਹੇ ਹੋਰ ਕਿੰਨੀਆਂ ਮਿਸਲਾਂ ਨੇ। ਭਾਵੇਂ ਇਨ੍ਹਾਂ ਨਵੀਆਂ ਤੇ ਪੁਰਾਣੀਆਂ ਮਿਸਲਾਂ ਦੀ ਸ਼ਕਲ ਇਕੋ ਜਿਹੀ ਨਹੀਂ ਹੈ, ਪਰ ਇਨ੍ਹਾਂ ਵਿਚ ਮੁਢਲੀਆਂ ਗੱਲਾਂ ਸਾਂਝੀਆਂ ਨੇ। ਹਰ ਮਿਸਲ ਤਾਕਤ ਤੇ ਲੋਭ ਦੀ ਭੁੱਖੀ ਹੈ ਤੇ ਲੋਕਾਂ ਨੂੰ ਡਰਾ ਧਮਕਾ ਕੇ ਥੱਲੇ ਲਾਉਣਾ ਚਾਹੁੰਦੀ ਹੈ। ਸਾਰੀਆਂ ਮਿਸਲਾਂ ਆਪਸ ਵਿਚ ਲੜ ਰਹੀਆਂ ਨੇ। ਪੂਰਬੀ ਪੰਜਾਬ ਭਾਵੇਂ ਹਾਲੇ ਪੱਛਮੀ ਪੰਜਾਬ ਦੇ ਬਰਾਬਰ ਨਹੀਂ ਆਇਆ ਪਰ ਉਥੇ ਅਨਾਰਕੀ ਦੀ ਰਫ਼ਤਾਰ ਦਿਨੋ ਦਿਨ ਵਧ ਰਹੀ ਹੈ। ਹੋ ਸਕਦਾ ਹੈ, ਉਥੇ ਪੱਛਮੀ ਪੰਜਾਬ ਵਰਗੀਆਂ ਮਿਸਲਾਂ ਨਾ ਬਣਨ, ਪਰ ਇਹ ਨਹੀਂ ਹੋ ਸਕਦਾ ਕਿ ਉਥੇ ਇਹ ਮਿਸਲਾਂ ਨਾ ਬਣਨ! ਅਸਲ ਵਿਚ ਤਾਂ ਉਥੇ ਇਨ੍ਹਾਂ ਮਿਸਲਾਂ ਦਾ ਮੁੱਢ ਬੱਝ ਚੁੱਕਿਆ ਏ; ਜਿਹਦੇ ਵਿਚ ਸਿਆਸੀ ਤੇ ਧਾਰਮਿਕ ਮਿਸਲਾਂ ਪਹਿਲੀ ਕਤਾਰ ਵਿਚ ਖੜ੍ਹੀਆਂ ਨੇ।

ਕੁਝ ਲੋਕ ਇਹ ਸਵਾਲ ਕਰਨਗੇ ਕਿ ਜਦ ਸਾਨੂੰ ਇਸ ਗੱਲ ਦਾ ਪਤਾ ਹੈ ਕਿ ਅਸੀਂ ਤਬਾਹੀ ਤੇ ਖ਼ੂਨ-ਖ਼ਰਾਬੇ ਵੱਲ ਤੁਰੇ ਜਾ ਰਹੇ ਹਾਂ, ਤਾਂ ਫਿਰ ਕੀ ਇਸ ਨੂੰ ਰੋਕਿਆ ਨਹੀਂ ਜਾ ਸਕਦਾ ਹੈ? ਹਾਂ, ਰੋਕਿਆ ਜਾ ਸਕਦਾ ਹੈ ਪਰ ਇਹ ਮੁਹਿੰਮ ਸਰ ਕਰਨ ਲਈ ਪਹਿਲੀ ਸ਼ਰਤ ਪੰਜਾਬੀ ਬਣਨਾ ਹੈ। ਸਾਨੂੰ ਆਪਣੇ ਗਿਰੇਬਾਨ ਵਿਚ ਦੇਖਣਾ ਪਵੇਗਾ ਕਿ ਕੀ ਅਸੀਂ ਪੰਜਾਬੀ ਹਾਂ?

ਪੰਜਾਬੀ ਦਾ ਸ਼ਬਦ ਪੰਜਾਬ ਤੋਂ ਨਿਕਲਿਆ ਹੈ। ਪੰਜਾਬ ਦਾ ਮਤਲਬ ਹੈ ਪੰਜ ਦਰਿਆਵਾਂ ਦੀ ਧਰਤੀ। ਹੁਣ ਇਹ ਪੰਜਾਂ ਦਰਿਆਵਾਂ ਦੀ ਧਰਤੀ ਕਿਹੜੀ ਹੈ? ਪੂਰਬੀ ਪੰਜਾਬ? ਉਥੇ ਢਾਈ ਦਰਿਆ ਵਗਦੇ ਨੇ। ਪੱਛਮੀ ਪੰਜਾਬ? ਉਥੇ ਵੀ ਢਾਈ ਦਰਿਆ ਵਗਦੇ ਨੇ। ਇਨ੍ਹਾਂ ਢਾਈ ਦਰਿਆਵਾਂ ਵਿਚੋਂ ਕੁਝ ਸੁੱਕ ਗਏ ਨੇ, ਕੁਝ ਦਾ ਪਾਣੀ ਚੋਰੀ ਹੋ ਕੇ ਦੂਜੇ ਸੂਬਿਆਂ ਨੂੰ ਤੁਰ ਜਾਂਦਾ ਹੈ। ਕੁਝ ਵਿਚ ਪਰਬਤਾਂ ਤੋਂ ਆਏ ਆਬ-ਏ-ਹਯਾਤ ਦੀ ਥਾਂ ਇੰਡਸਟਰੀ ਤੇ ਸ਼ਹਿਰਾਂ ਦਾ ਗੰਦਾ ਤੇ ਜ਼ਹਿਰੀਲਾ ਪਾਣੀ ਵਗਦਾ ਹੈ। ਇਹ ਦਰਿਆ ਜੋ ਹਜ਼ਾਰਾਂ ਸਾਲ ਜ਼ਿੰਦਗੀ ਤੇ ਖ਼ੁਸ਼ਹਾਲੀ ਦਾ ਸੁਨੇਹਾ ਲੈ ਕੇ ਵਗੇ, ਅੱਜ ਮੌਤ ਤੇ ਬਿਮਾਰੀਆਂ ਵੰਡ ਰਹੇ ਹਨ। ਪੱਛਮੀ ਪੰਜਾਬ ਦਾ ਕਿਸਾਨ ਜਦ ਪਾਣੀ ਦੀ ਥੁੜ ਕਾਰਨ ਮਰਦਾ ਹੈ ਤਾਂ ਉਹਨੂੰ ਪੂਰਬੀ ਪੰਜਾਬ ਵਿਚ ਵਸਦਾ ਪੰਜਾਬੀ ਆਪਣਾ ਭਰਾ ਨਹੀਂ ਦਿਸਦਾ ਸਗੋਂ ਦੁਸ਼ਮਣ ਦਿਸਦਾ ਹੈ ਕਿਉਂ ਜੇ ਉਹ ਆਪਣੇ ਢਿੱਡ 'ਤੇ ਹੱਥ ਮਾਰਨ ਪਾਰੋਂ ਪੱਛਮੀ ਪੰਜਾਬੀ ਕਿਸਾਨ ਦਾ ਪਾਣੀ ਖੋਹ ਕੇ ਉਹਨੂੰ ਮਾਰ ਰਿਹਾ ਹੈ। ਇਹ ਪਾਣੀ ਤਾਂ ਸਾਰੇ ਪੰਜਾਬ ਦੀ ਮਲਕੀਅਤ ਸੀ। ਸਾਬਤੇ ਪੰਜ ਦਰਿਆਵਾਂ ਵਾਲੀ ਧਰਤੀ ਦਾ ਨਾਂ ਪੰਜਾਬ ਸੀ। ਇਨ੍ਹਾਂ ਦਰਿਆਵਾਂ ਨੂੰ ਵਿਚਕਾਰੋਂ ਵੰਡਣ ਨਾਲ ਤਾਂ ਪੰਜਾਬ, ਪੰਜਾਬ ਨਹੀਂ ਨਾ ਰਿਹਾ ਸਗੋਂ ਇਹ ਢਾਈ, ਢਾਈ ਆਬ ਬਣ ਚੁੱਕਿਆ ਹੈ। ਇਸੇ ਤਰ੍ਹਾਂ ਪੰਜਾਬੀ ਵੀ ਪੰਜਾਬੀ ਨਹੀਂ ਰਿਹਾ ਸਗੋਂ ਢਾਈ ਆਬੀ ਬਣ ਗਿਆ ਏ। ਦਰਿਆਵਾਂ ਦੀ ਇਸ ਵੰਡ ਰਾਹੀਂ ਤਾਂ ਇਹ ਢਾਈ ਆਬੀ ਏ ਪਰ ਦੂਜੀਆਂ ਵੰਡਾਂ ਰਾਹੀਂ ਇਹ ਕੁਝ ਵੀ ਨਹੀਂ। ਇਹੋ ਹੀ ਇਹਦੀ ਤਬਾਹੀ ਦਾ ਕਾਰਨ ਹੈ।

> **ਪੰਜਾਬੀਆਂ ਨੇ ਆਪਣੇ ਆਪ ਨੂੰ ਮਜ਼ਹਬਾਂ/ਧਰਮਾਂ ਵਿਚ ਵੰਡ ਕੇ ਕੁਝ ਨਹੀਂ ਖੱਟਿਆ; ਜੇ ਕਿਸੇ ਖੱਟਿਆ ਹੈ ਤਾਂ ਇਹ ਸਾਡੇ ਕੁਰਪਟ ਸਿਆਸੀ ਤੇ ਧਾਰਮਿਕ ਲੀਡਰ ਨੇ। ਜਿਥੋਂ ਤੱਕ ਸਾਡੇ ਮੁਸਤਕਬਿਲ (ਭਵਿੱਖ) ਦਾ ਤਾਅਲੁੱਕ (ਸਬੰਧ) ਹੈ, ਅਸੀਂ ਅਨਾਰਕੀ ਦੇ ਦੌਰ ਵਿਚੋਂ ਲੰਘ ਰਹੇ ਹਾਂ। ਜਿਵੇਂ ਸਾਨੂੰ ਇਤਿਹਾਸ ਦੱਸਦਾ ਹੈ ਕਿ ਅਨਾਰਕੀ ਦੀ ਅਗਲੀ ਪੌੜੀ ਹਮੇਸ਼ ਖ਼ਾਨਾਜੰਗੀ ਤੇ ਬੁਰਛਾਗਰਦੀ ਹੁੰਦੀ ਹੈ, ਇਸ ਤਰ੍ਹਾਂ ਅਸੀਂ ਵੀ ਉਸੇ ਪਾਸੇ ਤੁਰੇ ਜਾ ਰਹੇ ਹਾਂ। ਪਾਕਿਸਤਾਨੀ ਪੰਜਾਬ ਬੁਰਛਾਗਰਦੀ ਦੇ ਇਸ ਦੌਰ ਵਿਚ ਦਾਖ਼ਲ ਹੋ ਚੁੱਕਿਆ ਹੈ... ਪੂਰਬੀ ਪੰਜਾਬ ਭਾਵੇਂ ਹਾਲੇ ਪੱਛਮੀ ਪੰਜਾਬ ਦੇ ਬਰਾਬਰ ਨਹੀਂ ਆਇਆ ਪਰ ਉਥੇ ਅਨਾਰਕੀ ਦੀ ਰਫ਼ਤਾਰ ਦਿਨੋ ਦਿਨ ਵਧ ਰਹੀ ਹੈ।**

ਜਿਵੇਂ ਕਿਸੇ ਡਾਕਟਰ ਨੂੰ ਕਿਸੇ ਬਿਮਾਰ ਦੀ ਬਿਮਾਰੀ ਲੱਭ ਜਾਵੇ ਤੇ ਉਹ ਉਹਦਾ ਇਲਾਜ ਕਰ ਕੇ ਉਹਨੂੰ ਮਰਨ ਤੋਂ ਬਚਾ ਲੈਂਦਾ ਹੈ। ਸਾਨੂੰ ਆਪਣੀ ਬਿਮਾਰੀ ਲੱਭਣ ਲਈ ਕਿਸੇ ਸਪੈਸ਼ਲਿਸਟ ਕੋਲ ਜਾਣ ਦੀ ਲੋੜ ਨਹੀਂ ਹੈ। ਸਾਡੇ ਚੋਂ ਹਰ ਸੁਰਤ ਵਾਲਾ ਪੰਜਾਬੀ ਇਹ ਬਿਮਾਰੀ ਲੱਭ ਸਕਦਾ ਏ ਤੇ ਇਸ ਸੁਰਤ ਵਾਲੇ ਪੰਜਾਬੀ ਨੂੰ ਸਾਡੀ ਬਿਮਾਰੀ ਦਾ ਇਲਮ ਹੈ, ਇਸ ਬਿਮਾਰੀ ਦਾ ਨਾਂ ਵੰਡ ਅਤੇ ਨਾ-ਇਤਫ਼ਾਕੀ ਹੈ।

ਕੀ ਇਸ ਬਿਮਾਰੀ ਦਾ ਇਲਾਜ ਮੁਮਕਿਨ ਹੈ? ਜੀ ਹਾਂ, ਮੁਮਕਿਨ ਹੈ। ਇਤਿਹਾਸ ਵਿਚ ਕੌਮਾਂ ਵੰਡੀਆਂ ਵੀ ਗਈਆਂ ਤੇ ਫ਼ਿਰ ਇਕੱਠਿਆਂ ਵੀ ਹੋਈਆਂ। ਮੈਂ ਇਸ ਗੱਲ ਨੂੰ ਇਉਂ ਦੇਖਦਾ ਹਾਂ ਕਿ ਕੋਈ ਬੰਦਾ ਤੁਰਿਆ ਤੁਰਿਆ ਦੋਰਾਹੇ 'ਤੇ ਪਹੁੰਚ ਜਾਂਦਾ ਹੈ, ਇਥੋਂ ਇੱਕ ਸਿੱਧਾ ਰਾਹ ਹੈ ਤੇ ਦੂਜਾ ਕੁਰਾਹਾ ਹੈ। ਹੁਣ ਜੇ ਇਹ ਬੰਦਾ ਬਦਕਿਸਮਤੀ ਨਾਲ ਕੁਰਾਹੇ ਪੈ ਜਾਵੇ ਤਾਂ ਇਸ ਬੰਦੇ ਨੂੰ ਅੰਨ੍ਹੇਵਾਹ ਤੁਰੇ ਜਾਣ ਦੀ ਥਾਂ ਕੁਝ ਚਿਰ ਤੁਰਨ ਮਗਰੋਂ ਸੋਚਣਾ ਚਾਹੀਦਾ ਹੈ ਕਿ ਉਹ ਸਿੱਧੇ ਰਾਹ ਜਾ ਰਿਹਾ ਜਾਂ ਕੁਰਾਹੇ ਪੈ ਗਿਆ ਹੈ। ਜੇ ਉਹਨੂੰ ਇਸ ਗੱਲ ਦ ਇਲਮ ਹੋ ਜਾਏ ਕਿ ਉਹ ਕੁਰਾਹੇ ਪੈ ਗਿਆ ਹੈ, ਤਾਂ ਫਿਰ ਉਹਦੇ ਸਾਹਮਣੇ ਦੋ ਰਸਤੇ ਨੇ। ਇੱਕ ਤਾਂ ਇਹ ਕਿ ਉਹ ਕੁਰਾਹੇ ਈ ਪਿਆ ਰਹੇ, ਦੂਜਾ ਉਹ ਵਾਪਸ ਮੁੜ ਜਾਵੇ। ਹੁਣ ਸਾਨੂੰ ਇਸ ਗੱਲ ਦਾ ਚਾਨਣ ਏ ਕਿ ਅਸੀਂ ਕੁਰਾਹੇ ਪਏ ਹੋਏ ਹਾਂ ਤੇ ਇਸ ਕੁਰਾਹ ਦਾ ਅੰਤ ਅਨਾਰਕੀ ਤੇ ਬੁਰਛਾਗਰਦੀ ਹੈ। ਦੂਜਾ ਰਸਤਾ ਵਾਪਸ ਮੁੜਨ ਵਾਲਾ ਹੈ। ਮੁੜ ਕੇ ਉਸ ਦੋਰਾਹੇ 'ਤੇ ਆਉਣਾ ਜਿਥੋਂ ਅਸੀਂ ਬਹੁਲੀ ਪਏ ਸਾਂ। ਮੇਰੇ ਖ਼ਿਆਲ ਵਿਚ ਇਸ ਦੋਰਾਹੇ ਤੋਂ ਇੱਕ ਰਾਹ ਵੰਡਾਂ ਵੱਲ ਨਿਕਲਿਆ ਤੇ ਦੂਜਾ ਰਾਹ ਪੰਜਾਬੀ ਏਕਤਾ ਦਾ ਸੀ। ਇਹ ਉਹੋ ਹੀ ਰਾਹ ਹੈ ਜਿਸ 'ਤੇ ਰਾਜਾ ਪੋਰਸ ਤੁਰਿਆ, ਰਾਜਾ ਰਣਜੀਤ ਸਿੰਘ ਤੁਰਿਆ ਤੇ ਇਸ ਮਗਰੋਂ ਪੰਜਾਬ ਯੂਨੀਅਨਿਸਟ ਪਾਰਟੀ ਤੁਰੀ। ਇਹ ਪੁਰਾਣੇ ਜ਼ਮਾਨੇ ਪੰਜਾਬ ਦੇ ਇਤਿਹਾਸ ਦੇ ਸੁਨਹਿਰੀ ਜ਼ਮਾਨੇ ਗਿਣੇ ਜਾਂਦੇ ਨੇ। ਜੇ 1947 ਵਿਚ ਸਰ ਛੋਟੂ ਰਾਮ ਜੀਂਦਾ ਹੁੰਦਾ ਤਾਂ ਪੰਜਾਬ ਨਹੀਂ ਸੀ ਵੰਡਿਆ ਜਾਣਾ। ਜੇ ਪੰਜਾਬ ਨਾ ਵੰਡਿਆ ਜਾਂਦਾ, ਫਿਰ ਨਾ ਤਾਂ ਦਸ ਲੱਖ ਪੰਜਾਬੀ ਮਰਨਾ ਸੀ, ਨਾ ਇੱਕ ਲੱਖ ਪੰਜਾਬੀ ਔਰਤ ਨਾਲ ਬਲਾਤਕਾਰ ਹੋਣਾ ਸੀ ਤੇ ਨਾ ਹੀ ਚਾਰ ਕਰੋੜ ਪੰਜਾਬੀ ਉਜੜਨਾ ਸੀ।

ਇਹ ਸਰ ਛੋਟੂ ਰਾਮ ਜਿਸ ਪਾਰਟੀ ਦਾ ਆਗੂ ਸੀ, ਉਹਦਾ ਨਾਂ ਪੰਜਾਬ ਯੂਨੀਅਨਿਸਟ ਪਾਰਟੀ ਸੀ। ਇਹ ਪੰਜਾਬੀਆਂ ਦੀ ਪਾਰਟੀ ਸੀ। ਇਹ ਭਾਵੇਂ ਜ਼ਿਮੀਂਦਾਰਾਂ ਦੀ ਪਾਰਟੀ ਸੀ, ਪਰ ਇਸ ਪਾਰਟੀ ਦੀ ਸਭ ਤੋਂ ਪਹਿਲੀ ਵੱਡੀ ਖ਼ੂਬੀ ਇਹ ਸੀ ਕਿ ਇਹ ਸੈਕੂਲਰ ਪਾਰਟੀ ਸੀ ਜਿਹਦੇ ਵਿਚ ਸਾਰੇ ਧਰਮਾਂ ਦੇ ਬੰਦੇ ਜੁੜ ਕੇ ਬੈਠੇ ਸਨ। ਇਸ ਪਾਰਟੀ ਦਾ ਮੁੱਢ ਬੰਨ੍ਹਣ ਵਾਲੇ ਸਰ ਸਿਕੰਦਰ ਹਯਾਤ, ਸਰ ਫ਼ਜ਼ਲੀ ਹੁਸੈਨ ਤੇ ਸਰ ਛੋਟੂ ਰਾਮ ਸਨ। ਇਸ ਪਾਰਟੀ ਦੀ ਦੂਜੀ ਵੱਡੀ ਖ਼ੂਬੀ ਇਹ ਸੀ ਕਿ ਇਸ ਦੀ ਹਕੂਮਤ ਦੌਰਾਨ ਪੰਜਾਬ ਵਿਚ ਮੁਕੰਮਲ ਅਮਨ ਤੇ ਸ਼ਾਂਤੀ ਰਹੀ ਅਤੇ ਪੰਜਾਬ ਵਿਚ ਹਰਾ ਇਨਕਲਾਬ ਆ ਗਿਆ। ਗ਼ੈਰ-ਆਬਾਦ ਪੰਜਾਬ ਲਹਿਲਹਾਂਦੇ ਖੇਤਾਂ ਨਾਲ ਭਰ ਗਿਆ ਜਿਹਦੇ ਨਤੀਜੇ ਵਿਚ ਖ਼ੁਸ਼ਹਾਲੀ ਵਧੀ। ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਪਾਰਟੀ ਖ਼ਾਮੀਆਂ ਤੋਂ ਪਾਕ ਸੀ ਪਰ ਜਦ ਅਸੀਂ ਇਸ ਪਾਰਟੀ ਦੀਆਂ ਪਾਲਿਸੀਆਂ ਅਤੇ ਰਾਜ ਦਾ ਮੁਕਾਬਲਾ ਉਨ੍ਹਾਂ ਪਾਰਟੀਆਂ ਨਾਲ ਕਰਦੇ ਹਾਂ ਜਿਨ੍ਹਾਂ ਇਸ ਮਗਰੋਂ ਪੰਜਾਬ ਵਿਚ ਹਕੂਮਤ ਕੀਤੀ ਤਾਂ ਇਹ ਪਾਰਟੀ, ਮਿਸਾਲੀ ਲਗਦੀ ਹੈ। ਕੁਝ ਲੋਕ ਇਸ ਪਾਰਟੀ 'ਤੇ ਇਹ ਇਤਰਾਜ਼ ਕਰਨਗੇ ਕਿ ਇਹ ਜਾਗੀਰਦਾਰਾਂ ਤੇ ਅੰਗਰੇਜ਼ਾਂ ਦੇ ਪਿੱਠੂਆਂ ਦੀ ਪਾਰਟੀ ਸੀ। ਮੈਂ ਜਦ ਪੰਜਾਬੀ ਏਕਤਾ ਦੇ ਰਸਤੇ ਉਤੇ ਪੈਣ ਲਈ ਇਸ ਪਾਰਟੀ ਦਾ ਜ਼ਿਕਰ ਕਰਦਾ ਹਾਂ ਤਾਂ ਮੇਰਾ ਮਕਸਦ ਹਰਗਿਜ਼ ਇਹ ਨਹੀਂ ਕਿ ਅੱਜ ਇਹਦੀ ਫ਼ੋਟੋਕਾਪੀ ਪਾਰਟੀ ਬਣਾਈ ਜਾਵੇ। ਇਹ ਨਾ ਤਾਂ ਮੁਮਕਿਨ ਹੈ ਤੇ ਨਾ ਹੀ ਇਹਦੀ ਲੋੜ ਹੈ। ਸਾਨੂੰ ਅੱਜ ਦੇ ਹਾਲਾਤ ਮੁਤਾਬਿਕ ਅੱਜ ਦੀਆਂ ਲੋੜਾਂ ਪੂਰੀਆਂ ਕਰਨ ਵਾਲੀ ਸੈਕੂਲਰ, ਕੌਮਪ੍ਰਸਤ ਅਤੇ ਪੰਜਾਬੀ ਪਾਰਟੀ ਦੀ ਲੋੜ ਹੈ ਜੋ ਪੰਜਾਬੀਆਂ ਨੂੰ ਇੱਕ ਪਲੇਟਫ਼ਾਰਮ 'ਤੇ ਇਕੱਠਿਆਂ ਕਰੇ। ਜੇ ਅੱਜ ਅਸੀਂ ਪੰਜਾਬੀ ਏਕਤਾ ਦਾ ਕੋਈ ਪਲੇਟਫ਼ਾਰਮ ਨਹੀਂ ਬਣਾਉਂਦੇ ਤਾਂ ਫਿਰ ਸਾਨੂੰ ਅਨਾਰਕੀ ਤੇ ਬੁਰਛਾਗਰਦੀ ਦੇ ਤੂਫ਼ਾਨ ਤੋਂ ਕੋਈ ਨਹੀਂ ਬਚਾ ਸਕਦਾ।

# ਭਾਰਤੀ ਹੁਕਮਰਾਨ ਅਤੇ ਮੈਲਾ ਢੋਣ ਦਾ ਚੱਕਰਵਿਊਹ

**ਬੂਟਾ ਸਿੰਘ**
ਫ਼ੋਨ:91-94634-74342

21ਵੀਂ ਸਦੀ ਵਿਚ ਵੀ ਜੇ ਭਾਰਤ ਅੰਦਰ ਦੂਜਿਆਂ ਦਾ ਗੰਦ ਹੱਥਾਂ ਨਾਲ ਚੁੱਕਣ ਅਤੇ ਸਿਰਾਂ 'ਤੇ ਢੋਣ ਦਾ ਘੋਰ ਅਣਮਨੁੱਖੀ ਤੇ ਘਿਣਾਉਣਾ ਕਿੱਤਾ ਪ੍ਰਚਲਤ ਹੈ ਤਾਂ ਇਸ ਕਾਰਨ ਕਿ ਰਸਮੀ ਆਜ਼ਾਦੀ ਤੋਂ ਬਾਅਦ ਮੁਲਕ ਵਿਚ ਸਥਾਪਤ ਕੀਤੇ ਗਏ ਰਾਜ ਪ੍ਰਬੰਧ ਦੇ ਕਰਤਾ-ਧਰਤਾ ਇਸ ਕੋਹੜ ਨੂੰ ਖ਼ਤਮ ਕਰਨ ਦੀ ਰਾਜਨੀਤਕ ਇੱਛਾ ਨਹੀਂ ਰੱਖਦੇ। ਇਨਸਾਨੀਅਤ ਨਾਲ ਇਸ ਤੋਂ ਵੱਡਾ ਖਿਲਵਾੜ ਕੀ ਹੋ ਸਕਦਾ ਹੈ ਕਿ ਸਾਢੇ ਛੇ ਦਹਾਕੇ ਬਾਅਦ ਵੀ 'ਆਜ਼ਾਦ' ਮੁਲਕ ਦੀ ਸੰਸਦ ਇਹ ਬਹਿਸ ਕਰ ਰਹੀ ਹੈ ਕਿ ਮੈਲਾ ਢੋਣ ਦੇ ਖ਼ਾਤਮੇ ਲਈ ਬਿਹਤਰ ਕਾਨੂੰਨ ਕਿਹੋ ਜਿਹਾ ਹੋ ਸਕਦਾ ਹੈ। ਬੁਨਿਆਦੀ ਸਵਾਲ ਇਹ ਹੈ ਕਿ ਹੁਕਮਰਾਨ ਕਿਸੇ ਵੀ ਮਸਲੇ ਨੂੰ ਕਿਸ ਰਵੱਈਏ ਨਾਲ ਮੁਖ਼ਾਤਿਬ ਹੁੰਦੇ ਹਨ, ਅੰਦਰੂਨੀ ਇੱਛਾ ਤੋਂ ਪ੍ਰੇਰਤ ਹੋ ਕੇ ਜਾਂ ਬਾਹਰੀ ਦਬਾਅ ਦੀ ਮਜਬੂਰੀ ਤਹਿਤ ਜ਼ਬਾਨੀ-ਕਲਾਮੀ? ਸਚਾਈ ਇਹ ਹੈ ਕਿ ਹੁਕਮਰਾਨ ਜਮਾਤਾਂ ਆਪਣੇ ਜਮਾਤੀ ਸਵਾਰਥਾਂ ਕਾਰਨ ਉਨ੍ਹਾਂ ਹਾਲਾਤ ਨੂੰ ਖ਼ਤਮ ਨਹੀਂ ਕਰਨਾ ਚਾਹੁੰਦੀਆਂ ਜਿਨ੍ਹਾਂ ਨੇ ਸਮਾਜ ਦੇ ਸਭ ਤੋਂ ਦੱਬੇ-ਕੁਚਲੇ ਹਿੱਸੇ ਨੂੰ ਮਨੁੱਖੀ ਸਵੈ-ਮਾਣ ਤੋਂ ਵਾਂਝਾ ਕਰ ਕੇ ਦੂਜਿਆਂ ਦੀ ਸਹੂਲਤ ਲਈ ਇਹ ਘਿਣਾਉਣਾ ਕੰਮ ਕਰਨ ਲਈ ਮਜਬੂਰ ਕੀਤਾ ਹੋਇਆ ਹੈ। ਉਨ੍ਹਾਂ ਦੇ ਜ਼ਿੰਦਗੀ ਦੇ ਹਾਲਾਤ ਅਜਿਹੇ ਬੇਵਸੀ ਵਾਲੇ ਬਣਾਏ ਗਏ ਹਨ ਕਿ ਜੇ ਉਹ ਇਹ 'ਪੁਸ਼ਤੈਨੀ' ਕੰਮ ਕਰਨ ਤੋਂ ਇਨਕਾਰ ਕਰਨਗੇ ਤਾਂ ਢਿੱਡ ਕਿੱਥੋਂ ਭਰਨਗੇ? ਸਭ ਤੋਂ ਦੱਬੇ-ਕੁਚਲਿਆਂ ਦੀ ਇਹ ਬੇਵਸੀ ਉਸ ਘਿਣਾਉਣੇ ਜਾਤਪਾਤੀ ਪ੍ਰਬੰਧ ਦੀ ਪੈਦਾਇਸ਼ ਹੈ ਜਿਸ ਤਹਿਤ ਕਿੱਤਿਆਂ ਨੂੰ ਜਾਤ ਆਧਾਰਤ ਬਣਾਈ ਰੱਖਣ ਦੀ ਸੋਚ ਨੇ ਹਜ਼ਾਰਾਂ ਸਾਲਾਂ ਤੋਂ ਭਾਰਤੀ ਸਮਾਜ ਨੂੰ ਜਕੜਿਆ ਹੋਇਆ ਹੈ। ਇਸ ਮਸਲੇ ਬਾਰੇ ਹਕੂਮਤਾਂ ਵਲੋਂ ਬਣਾਈਆਂ ਕਮੇਟੀਆਂ ਵੱਲੋਂ ਬੇਸ਼ੁਮਾਰ ਸਿਫਾਰਸ਼ਾਂ ਕੀਤੀਆਂ ਗਈਆਂ ਹੋਣਗੀਆਂ, ਪਰ ਕਿੰਨੀਆਂ ਕੁ ਸਿਫ਼ਾਰਸ਼ਾਂ ਹਨ ਜਿਨ੍ਹਾਂ ਨੂੰ ਹੁਕਮਰਾਨਾਂ ਨੇ ਅਮਲ 'ਚ ਲਿਆਉਣ ਦੀ ਸੰਜੀਦਗੀ ਦਿਖਾਈ? ਫਿਲਮੀ ਸਿਤਾਰੇ ਆਮਿਰ ਖ਼ਾਂ ਵੱਲੋਂ ਆਪਣੇ ਟੀ.ਵੀ. ਪ੍ਰੋਗਰਾਮ 'ਸੱਤਿਆਮੇਵ ਜਯਤੇ' ਜ਼ਰੀਏ ਇਹ ਮਸਲਾ ਉਠਾਉਣ ਅਤੇ ਪ੍ਰਧਾਨ ਮੰਤਰੀ (ਤੇ ਸਬੰਧਤ ਮੰਤਰੀ) ਨੂੰ ਮਿਲ ਕੇ ਸਵਾਲ ਕਰਨ 'ਤੇ ਹੀ ਪ੍ਰਧਾਨ ਮੰਤਰੀ ਨੂੰ ਯਾਦ ਆਉਂਦਾ ਕਿ ਇਹ ਤਾਂ 'ਭਾਰਤ ਦੇ ਮੱਥੇ ਉੱਪਰ ਸਭ ਤੋਂ ਵੱਡਾ ਕਲੰਕ ਹੈ'! ਸਵਾਲ ਇਹ ਹੈ ਕਿ 1950 'ਚ ਸੰਵਿਧਾਨਕ ਤੌਰ 'ਤੇ ਛੂਆਛਾਤ ਖ਼ਤਮ ਕਰ ਦਿੱਤੀ ਗਈ; ਸੰਵਿਧਾਨ ਅੰਦਰ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਮੈਲਾ ਢੋਣ ਦੀ ਪ੍ਰਥਾ ਨੂੰ ਖ਼ਤਮ ਕਰਨ ਦਾ ਨਿਰਦੇਸ਼ ਦਿੱਤਾ ਗਿਆ; ਸੰਵਿਧਾਨ ਦੇ ਤੀਜੇ ਹਿੱਸੇ ਵਿਚ ਬੁਨਿਆਦੀ ਹੱਕਾਂ ਦੀ ਜ਼ਾਮਨੀ ਦੇਣ ਸਮੇਂ ਸਵੈਮਾਣ ਵਾਲੀ ਜ਼ਿੰਦਗੀ ਦੇ ਹੱਕ ਨੂੰ ਤਸਲੀਮ ਕੀਤਾ ਗਿਆ; ਫਿਰ ਵੀ ਜੇ ਇਹ ਘਿਣਾਉਣੀ ਪ੍ਰਥਾ ਖ਼ਤਮ ਨਹੀਂ ਹੋਈ ਤਾਂ ਇਸ ਦੀ ਮੁੱਖ ਜ਼ਿੰਮੇਵਾਰੀ ਹੁਕਮਰਾਨ ਜਮਾਤਾਂ ਦੀ ਨਹੀਂ ਤਾਂ ਹੋਰ ਕਿਸ ਦੀ ਹੈ? ਮੁਲਕ ਦੇ ਬਜਟ ਵਿਚ ਹਰ ਵਰ੍ਹੇ ਜੋ 37,510 ਕਰੋੜ ਰੁਪਏ ਸੂਚੀਦਰਜ ਜਾਤਾਂ ਅਤੇ ਸੂਚੀਦਰਜ ਕਬੀਲਿਆਂ ਦੀ ਭਲਾਈ ਲਈ ਰੱਖੇ ਜਾਂਦੇ ਹਨ, ਉਹ ਆਖ਼ਿਰ ਕਿਸ ਢਿੱਡ 'ਚ ਪੈਂਦੇ ਰਹੇ ਹਨ?

ਸਮਾਜੀ ਨਿਆਂ ਅਤੇ ਹੱਕ ਦੇਣ (ਇੰਪਾਵਰਮੈਂਟ) ਬਾਬਤ ਮੰਤਰਾਲਾ ਇਸ ਮਾਮਲੇ ਨਾਲ ਸਿੱਧੇ ਤੌਰ 'ਤੇ ਸਬੰਧਤ ਹੈ। ਉਸ ਦੀ ਕਾਰਗੁਜ਼ਾਰੀ ਮਸਲੇ ਪ੍ਰਤੀ ਰਾਜ ਦੀ ਪਹੁੰਚ ਨੂੰ ਸਮਝਣ ਲਈ ਕਾਫ਼ੀ ਹੈ। ਮਾਲੀ ਵਰ੍ਹੇ 2011-12 ਲਈ ਕੇਂਦਰੀ ਸਰਕਾਰ ਵਲੋਂ ਮੈਲਾ ਢੋਣ ਦੇ ਖ਼ਾਤਮੇ ਲਈ ਸਿੱਧੇ ਤੌਰ 'ਤੇ ਰੱਖੇ 100 ਕਰੋੜ ਰੁਪਏ ਵਿਚੋਂ ਇਕ ਰੁਪਿਆ ਵੀ ਖ਼ਰਚਿਆ ਨਹੀਂ ਗਿਆ। ਪਹਿਲਾਂ ਮੰਤਰਾਲੇ ਨੇ ਦਾਅਵਾ ਕੀਤਾ ਕਿ 1989 ਤੱਕ ਪੂਰੇ ਮੁਲਕ ਵਿਚ ਸਿਰਫ਼ 4 ਲੱਖ ਬੰਦੇ ਮੈਲਾ ਢੋਂਦੇ ਸਨ। ਫਿਰ ਇਸ ਨੇ ਹਲਫ਼ਨਾਮਾ ਦਿੱਤਾ ਕਿ ਸੰਨ 2002 ਤੱਕ 1 ਲੱਖ 56 ਹਜ਼ਾਰ ਬੰਦਿਆਂ ਨੂੰ ਸਿਖਲਾਈ ਦੇ ਕੇ ਇਸ ਕਿੱਤੇ ਤੋਂ ਨਿਜਾਤ ਦਿਵਾਈ ਗਈ ਹੈ ਅਤੇ 4.08 ਲੱਖ ਬੰਦਿਆਂ ਦਾ ਮੁੜ-ਵਸੇਬਾ ਕਰ ਦਿੱਤਾ ਗਿਆ ਹੈ ਅਤੇ ਇਸ ਸਬੰਧ 'ਚ ਸੂਬਿਆਂ ਨੂੰ 712.14 ਕਰੋੜ ਰੁਪਏ ਜਾਰੀ ਕੀਤੇ ਗਏ ਹਨ; ਪਰ ਸੰਨ 2002-03 'ਚ ਮੰਤਰਾਲੇ ਨੇ ਮੰਨਿਆ ਕਿ 21 ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚ 92 ਲੱਖ ਸੁੱਕੇ ਪਖ਼ਾਨੇ ਹਨ ਅਤੇ 6.76 ਲੱਖ ਲੋਕ ਹੱਥਾਂ ਨਾਲ ਮਨੁੱਖੀ ਗੰਦ ਚੁੱਕ ਕੇ ਡੰਗ ਟਪਾਉਂਦੇ ਹਨ।

ਮੈਲਾ ਢੋਣ ਵਾਲਿਆਂ ਦੀ ਬੰਦ-ਖ਼ਲਾਸੀ ਅਤੇ ਮੁੜ-ਵਸੇਬੇ ਲਈ ਕੌਮੀ ਸਕੀਮ ਵਾਸਤੇ ਜਾਰੀ ਕੀਤੀ ਗਰਾਂਟ ਦਾ (1992 ਤੋਂ 2002 ਦੇ ਅਰਸੇ ਦਾ) ਲੇਖਾ-ਜੋਖਾ ਕੀਤੇ ਜਾਣ ਸਮੇਂ ਕੈਗ ਨੇ ਜੋ ਟਿੱਪਣੀ ਕੀਤੀ, ਉਸ ਦਾ ਜ਼ਿਕਰ ਕੁਥਾਂ ਨਹੀਂ ਹੋਵੇਗਾ। ਕੈਗ ਨੇ ਕਿਹਾ ਕਿ ਕੇਂਦਰ ਵਲੋਂ ਸੂਬਿਆਂ ਨੂੰ ਦਿੱਤੀ 600 ਕਰੋੜ ਰੁਪਏ ਦੀ ਗਰਾਂਟ 'ਸੱਚੀਓਂ ਹੀ, ਪਖ਼ਾਨੇ 'ਚ ਖਪ ਗਈ'। ਜਦੋਂ ਸਫ਼ਾਈ ਕਰਮਚਾਰੀ ਅੰਦੋਲਨ ਅਤੇ 18 ਹੋਰ ਐਕਸ਼ਨ ਗਰੁੱਪਾਂ ਨੇ ਸੁਪਰੀਮ ਕੋਰਟ 'ਚ ਪਟੀਸ਼ਨ ਪਾ ਕੇ ਹੁਕਮਰਾਨਾਂ ਤੋਂ ਮੈਲਾ ਢੋਣ ਦੇ ਜਾਰੀ ਰਹਿਣ ਦੀ ਜਵਾਬਦੇਹੀ ਮੰਗੀ ਤਾਂ ਜ਼ਿਆਦਾਤਰ ਸੂਬਾ ਸਰਕਾਰਾਂ ਅਦਾਲਤ ਨੂੰ ਦਿੱਤੇ ਹਲਫ਼ਨਾਮਿਆਂ 'ਚ ਸਾਫ਼ ਮੁੱਕਰ ਗਈਆਂ ਕਿ ਉਨ੍ਹਾਂ ਦੇ ਸੂਬਿਆਂ ਵਿਚ ਤਾਂ ਅਜਿਹੇ ਕੋਈ ਪਖ਼ਾਨੇ ਹੀ ਨਹੀਂ। ਉਨ੍ਹਾਂ ਨੇ ਤਾਂ ਮੈਲਾ ਢੋਣ ਵਾਲੇ ਸਾਰੇ ਲੋਕਾਂ ਨੂੰ ਬਦਲਵਾਂ ਰੋਜ਼ਗਾਰ ਦੇ ਕੇ ਕਦੋਂ ਦਾ ਮੁੜ-ਵਸੇਬਾ ਕਰ ਦਿੱਤਾ ਹੈ; ਪਰ ਇਹ ਜਵਾਬ ਹਾਸਲ ਕਰਨ ਲਈ ਵੀ ਅਦਾਲਤ ਨੂੰ ਤਿੰਨ ਵਰ੍ਹੇ ਲੱਗ ਗਏ ਅਤੇ ਸਖ਼ਤ ਝਾੜਾਂ ਪਾਏ ਜਾਣ ਪਿੱਛੋਂ ਵੀ ਝੂਠ ਦਾ ਪੁਲੰਦਾ ਹੀ ਪੇਸ਼ ਕੀਤਾ ਗਿਆ। ਦਿੱਲੀ ਹਕੂਮਤ ਨੇ ਆਪਣੇ ਹਲਫ਼ਨਾਮੇ ਵਿਚ ਉਲਟਾ ਅਦਾਲਤ 'ਚ ਅਰਜ਼ੀ ਦੇਣ ਵਾਲਿਆਂ ਨੂੰ ਹੀ ਮੁਜਰਮ ਬਣਾ ਕੇ ਪੱਲਾ ਝਾੜ ਲਿਆ ਕਿ ਇਨ੍ਹਾਂ ਨੇ ਹਕੂਮਤ ਉੱਪਰ 'ਬਿਨਾ ਤੱਥ ਜਾਣੇ ਗ਼ਲਤ ਇਲਜ਼ਾਮ ਲਾਏ ਹਨ'। ਹਰਿਆਣਾ ਹਕੂਮਤ ਨੇ 2006 ਵਿਚ ਸੁਪਰੀਮ ਕੋਰਟ 'ਚ ਹਲਫ਼ਨਾਮਾ ਦੇ ਕੇ ਦਾਅਵਾ ਕੀਤਾ ਕਿ 1992 'ਚ ਸੂਬੇ ਅੰਦਰ 2.02 ਸੁੱਕੇ ਪਖ਼ਾਨੇ ਸਨ ਪਰ ਹੁਣ ਹਰਿਆਣਾ ਇਸ ਤੋਂ ਪੂਰੀ ਤਰ੍ਹਾਂ ਮੁਕਤ ਹੈ। ਪੰਜਾਬ ਸਰਕਾਰ ਵਲੋਂ 1992 'ਚ ਕਰਵਾਏ ਸਰਵੇਖਣ 'ਚ ਸਾਹਮਣੇ ਆਇਆ ਸੀ ਕਿ ਸੂਬੇ ਵਿਚ 12,444 ਪਰਿਵਾਰ ਮੈਲਾ ਢੋਣ ਦਾ ਕਿੱਤਾ ਕਰਦੇ ਹਨ ਪਰ 2006 'ਚ ਸੂਬਾ ਸਰਕਾਰ ਨੇ ਹਲਫ਼ਨਾਮਾ ਦੇ ਕੇ ਦਾਅਵਾ ਕੀਤਾ ਕਿ ਹੁਣ ਤਾਜ਼ਾ ਸਰਵੇਖਣ 'ਚ ਸਾਹਮਣੇ ਆਇਆ ਹੈ ਕਿ ਅਜਿਹੇ ਸਿਰਫ਼ 531 ਬੰਦੇ ਹੀ ਮੈਲਾ ਢੋਂਦੇ ਸਨ ਜਿਨ੍ਹਾਂ ਵਿਚੋਂ 389 ਖ਼ੁਦ ਹੀ ਇਹ ਕੰਮ ਛੱਡ ਗਏ, ਬਾਕੀ 142 ਦਾ ਸਡਿਊਲਡ ਕਾਸਟ ਭੂਮੀ ਵਿਕਾਸ ਅਤੇ ਵਿੱਤ ਨਿਗਮ ਨੇ ਮੁੜ-ਵਸੇਬਾ ਕਰ ਦਿੱਤਾ। ਇਹ 'ਚਮਤਕਾਰ' ਕਿੰਨਾ ਕੁ ਸੱਚ ਹੈ, ਇਹ ਤਾਂ ਹੁਕਮਰਾਨ ਹੀ ਜਾਣਨ, ਪਰ ਇਹ ਦੋਵੇਂ ਸੂਬੇ ਮੈਲਾ ਢੋਣ ਤੋਂ ਸੌ ਫ਼ੀ ਸਦੀ ਮੁਕਤ ਹੋ ਗਏ ਹਨ, ਇਸ ਦਾਅਵੇ ਨੂੰ ਸੱਚ ਮੰਨਣ ਦਾ ਕੋਈ ਆਧਾਰ ਨਹੀਂ ਹੈ। ਕਿਉਂਕਿ ਇਹ ਮਸਲਾ ਸਿਰਫ਼ ਸੁੱਕੇ ਪਖ਼ਾਨਿਆਂ ਵਿਚੋਂ ਮਨੁੱਖੀ ਮੈਲਾ ਚੁੱਕਣ ਤੱਕ ਸੀਮਤ ਨਹੀਂ ਹੈ, ਸੀਵਰ ਦੀ ਸਫ਼ਾਈ ਇਸੇ ਦਾ ਇਕ ਹੋਰ ਰੂਪ ਹੈ।

ਜਦੋਂ ਹੁਕਮਰਾਨਾਂ ਦਾ ਰਵੱਈਆ ਹੀ ਮਸਲੇ ਦੀ ਹੋਂਦ ਤੋਂ ਸਾਫ਼ ਮੁੱਕਰ ਜਾਣ ਦਾ ਹੋਵੇ ਤਾਂ ਨਾ ਇਸ ਬਾਰੇ ਭਰੋਸੇਯੋਗ ਅੰਕੜੇ ਹਾਸਲ ਹੋ ਸਕਦੇ ਹਨ ਅਤੇ ਨਾ ਹੀ ਇਸ ਦੀ ਗੰਭੀਰਤਾ ਦਾ ਸਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸਾਰੀਆਂ ਸਰਕਾਰਾਂ 2010 ਤੱਕ ਸਾਫ਼ ਝੂਠ ਬੋਲਦੀਆਂ ਰਹੀਆਂ। 2010 'ਚ ਸਫ਼ਾਈ ਕਰਮਚਾਰੀ ਅੰਦੋਲਨ ਨੇ ਸੁਪਰੀਮ ਕੋਰਟ 'ਚ ਪ੍ਰਮਾਣਿਕ ਸਬੂਤ ਪੇਸ਼ ਕੀਤੇ ਕਿ ਮੁਲਕ ਦੇ 252 ਜ਼ਿਲ੍ਹਿਆਂ ਵਿਚ ਹਾਲੇ ਵੀ ਸਿਰਾਂ 'ਤੇ ਮੈਲਾ ਢੋਇਆ ਜਾਂਦਾ ਹੈ। ਅਜਿਹੇ ਵਿਵਾਦਾਂ 'ਚ ਘਿਰ ਕੇ ਸਮਾਜੀ ਨਿਆਂ ਮੰਤਰਾਲੇ ਨੂੰ ਇਸ ਬਾਰੇ ਤਾਜ਼ਾ ਸਰਵੇਖਣ ਕਰਾਉਣ ਦਾ ਫ਼ੈਸਲਾ ਕਰਨਾ ਪਿਆ। ਟਾਸਕ ਫੋਰਸ ਬਣਾਈ ਗਈ ਜਿਸ ਵਿਚ ਚਾਰ ਮੰਤਰਾਲੇ ਸ਼ਾਮਲ ਕੀਤੇ ਗਏ। ਮੰਤਰਾਲੇ ਵਲੋਂ ਇਸ ਖ਼ਾਤਰ 35 ਕਰੋੜ ਰੁਪਏ ਵੀ ਜਾਰੀ ਕਰ ਦਿੱਤੇ ਗਏ ਪਰ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ। ਆਖ਼ਿਰ 13 ਮਹੀਨੇ ਪਿੱਛੋਂ ਮੰਤਰਾਲੇ ਨੇ ਇਹ ਕਹਿ ਕੇ ਸਰਵੇਖਣ ਵਾਪਸ ਲੈ ਲਿਆ ਕਿ ਸਰਵੇਖਣ ਕਰਨ ਲਈ ਕੋਈ ਲੋੜੀਂਦੀ ਤਕਨੀਕੀ ਏਜੰਸੀ ਹੀ ਨਹੀਂ ਲੱਭੀ!

ਮਰਦਮਸ਼ੁਮਾਰੀ (2011) ਅਨੁਸਾਰ ਭਾਰਤ 'ਚ ਹਾਲੇ ਵੀ 26 ਲੱਖ ਸੁੱਕੇ ਪਖ਼ਾਨੇ ਹਨ ਜਿਨ੍ਹਾਂ ਵਿਚੋਂ 7, 94,390 ਅਜਿਹੇ ਪਖ਼ਾਨੇ ਹਨ ਜਿੱਥੋਂ ਮੈਲਾ ਦਲਿਤ ਸਿਰਾਂ 'ਤੇ ਢੋਂਦੇ ਹਨ। 13,14,652 ਪਖ਼ਾਨਿਆਂ ਦਾ ਮੈਲਾ ਨਾਲੀਆਂ 'ਚ ਵਗ ਜਾਂਦਾ ਹੈ ਅਤੇ 4,97236 ਪਖ਼ਾਨਿਆਂ ਦਾ ਮੈਲਾ ਜਾਨਵਰ 'ਸਾਫ਼' ਕਰਦੇ ਹਨ। ਸਫ਼ਾਈ ਕਰਮਚਾਰੀ ਅੰਦੋਲਨ ਵਲੋਂ ਆਪਣੇ ਤੌਰ 'ਤੇ ਸੈਂਪਲ ਸਰਵੇਖਣ ਰਾਹੀਂ ਜੁਟਾਈ ਜਾਣਕਾਰੀ ਮੁਤਾਬਿਕ ਹਾਲੇ ਵੀ 13 ਲੱਖ ਲੋਕ ਮੈਲਾ ਢੋਣ ਦਾ ਕੰਮ ਕਰ ਰਹੇ ਹਨ। ਅੰਕੜਿਆਂ 'ਚ ਐਨੇ ਵੱਡਾ ਪਾੜੇ ਦੀ ਕੋਈ ਵਾਜਬੀਅਤ ਨਜ਼ਰ ਨਹੀਂ ਆਉਂਦੀ, ਸਿਵਾਏ ਇਸ ਦੇ ਇਸ ਪਿੱਛੇ ਹੁਕਮਰਾਨਾਂ ਦੀ ਬਦਦਿਆਨਤਦਾਰੀ ਅਤੇ ਹੇਰਾਫੇਰੀ ਕੰਮ ਕਰਦੀ ਹੈ। ਹੁਣ ਅਕਤੂਬਰ-ਨਵੰਬਰ 2012 'ਚ ਪੰਜ ਸੂਬਾ ਸਰਕਾਰਾਂ ਨੇ ਸੁਪਰੀਮ ਕੋਰਟ 'ਚ ਹਲਫ਼ਨਾਮੇ ਦੇ ਕੇ ਕਹਿ ਦਿੱਤਾ ਹੈ ਕਿ ਮਰਦਮਸ਼ੁਮਾਰੀ ਦੇ ਅੰਕੜੇ ਸਹੀ ਨਹੀਂ ਹਨ।

ਮਸਲੇ ਦੀ ਗੰਭੀਰਤਾ ਇਸ ਤੱਥ ਤੋਂ ਵੀ ਸਮਝੀ ਜਾ ਸਕਦੀ ਹੈ ਕਿ ਸੰਵਿਧਾਨ ਵਿਚ ਤਾਂ ਛੂਆਛਾਤ 1950 'ਚ ਹੀ ਖ਼ਤਮ ਕਰ ਦਿੱਤੀ ਗਈ, ਪਰ ਦਲਿਤਾਂ ਉੱਪਰ ਅੱਤਿਆਚਾਰਾਂ ਨੂੰ ਰੋਕਣ ਲਈ ਕਾਨੂੰਨ 1989 'ਚ ਬਣਦਾ ਹੈ। ਛੂਆਛਾਤ ਦੇ ਸਭ ਤੋਂ ਜ਼ਾਲਮ ਰੂਪ, ਮੈਲਾ ਢੋਣ, ਬਾਰੇ ਕਾਨੂੰਨ ਬਣਾਉਣ ਦੀ ਲੋੜ ਹੁਕਮਰਾਨਾਂ ਨੂੰ 46 ਸਾਲ ਬਾਅਦ 1993 'ਚ ਮਹਿਸੂਸ ਹੁੰਦੀ ਹੈ। 1993 'ਚ ਬਣਾਏ ਕਾਨੂੰਨ (ਹੱਥੀਂ ਮੈਲਾ ਚੁੱਕਣ ਅਤੇ ਸੁੱਕੇ ਪਖ਼ਾਨੇ ਬਣਾਉਣ ਦੀ (ਮਨਾਹੀ) ਕਾਨੂੰਨ) ਨੂੰ ਅਪਨਾਉਣ ਲਈ ਸੂਬਿਆਂ ਨੂੰ ਮਨਾਉਣ 'ਤੇ ਇਕ ਦਹਾਕਾ ਹੋਰ ਲੱਗ ਗਿਆ। ਕਈ ਸੂਬਿਆਂ ਨੇ ਤਾਂ ਸਾਫ਼ ਕਹਿ ਦਿੱਤਾ ਕਿ ਕਿਉਂਕਿ ਉਨ੍ਹਾਂ ਦੇ ਸੂਬੇ ਵਿਚ ਸੁੱਕੇ ਪਖ਼ਾਨੇ ਹੀ ਨਹੀਂ, ਇਸ ਲਈ ਉਹ ਇਹ ਕਾਨੂੰਨ ਕਿਉਂ ਅਪਨਾਉਣ; ਹਾਲਾਂਕਿ ਤੱਥ ਇਸ ਤੋਂ ਐਨ ਉਲਟ ਸਨ। ਕੁਝ ਸੂਬਿਆਂ ਨੇ



ਇਹ ਕਾਨੂੰਨ ਫਿਰ ਹੀ ਅਪਣਾਇਆ ਜਦੋਂ ਸਫ਼ਾਈ ਕਰਮਚਾਰੀ ਅੰਦੋਲਨ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਜਾ ਖੜਕਾਇਆ। ਅਜਿਹੀ ਹਾਲਤ 'ਚ ਇਸ ਘ੍ਰਿਣਤ ਦਸਤੂਰ ਨੂੰ ਖ਼ਤਮ ਕਰਨ ਲਈ ਹੁਕਮਰਾਨਾਂ ਦੇ ਗੰਭੀਰ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਹੀ ਵਜ੍ਹਾ ਹੈ ਕਿ ਭਾਵੇਂ ਦੋ ਦਹਾਕੇ ਪਹਿਲਾਂ 1993 'ਚ ਕਾਨੂੰਨ ਬਣਾ ਕੇ ਇਸ ਦੀ ਮਨਾਹੀ ਕਰ ਦਿੱਤੀ ਗਈ ਸੀ ਪਰ ਅੱਜ ਤੱਕ ਮੁਲਕ ਦੇ 625 ਜ਼ਿਲ੍ਹਿਆਂ ਵਿਚੋਂ ਕਿਸੇ ਇਕ ਵਿਚ ਵੀ ਇਸ ਬਾਬਤ ਇਕ ਵੀ ਮਾਮਲਾ ਦਰਜ ਨਹੀਂ ਹੋਇਆ, ਸਜ਼ਾ ਹੋਣੀ ਤਾਂ ਦੂਰ ਦੀ ਗੱਲ ਹੈ।

ਖ਼ੈਰ, ਮਰਦਮਸ਼ੁਮਾਰੀ ਦੇ ਅੰਕੜਿਆਂ ਦੇ ਮੱਦੇਨਜ਼ਰ ਹੁਕਮਰਾਨ ਇਸ ਘ੍ਰਿਣਾਉਣੇ ਕਿੱਤੇ ਨੂੰ ਖ਼ਤਮ ਕਰਨ ਲਈ ਕੀ ਕਰ ਰਹੇ ਹਨ? ਬਸ ਕੁਝ ਸਾਲ ਬਾਅਦ ਸਕੀਮਾਂ ਤੇ ਕਾਨੂੰਨਾਂ ਦੇ ਨਾਂ ਬਦਲ ਦਿੰਦੇ ਹਨ; ਪਹਿਲਾਂ ਸਕੀਮ ਦਾ ਨਾਂ ਮੈਲਾ ਢੋਣ ਵਾਲਿਆਂ ਦੀ ਬੰਦ-ਖ਼ਲਾਸੀ ਅਤੇ ਮੁੜ-ਵਸੇਬੇ ਲਈ ਕੌਮੀ ਸਕੀਮ ਸੀ, 2007 'ਚ ਇਸ ਦਾ ਨਾਂ ਬਦਲ ਕੇ ਮਨੁੱਖ ਵਲੋਂ ਮੈਲਾ ਢੋਣ ਦੇ ਮੁਕੰਮਲ ਖ਼ਾਤਮੇ ਲਈ ਕੌਮੀ ਐਕਸ਼ਨ ਪਲਾਨ ਕਰ ਦਿੱਤਾ ਗਿਆ। ਪਹਿਲਾਂ 1993 'ਚ ਹੱਥੀਂ ਮੈਲਾ ਢੋਣ ਅਤੇ ਸੁੱਕੇ ਪਖ਼ਾਨੇ ਬਣਾਉਣ ਦੀ (ਮਨਾਹੀ) ਕਾਨੂੰਨ ਬਣਾਇਆ ਗਿਆ, ਹੁਣ ਕਾਨੂੰਨ ਦਾ ਨਾਂ ਬਦਲ ਕੇ ਮਨੁੱਖ ਵਲੋਂ ਮੈਲਾ ਢੋਣ ਦੇ ਕੰਮ ਦੀ ਮਨਾਹੀ ਅਤੇ ਮੁੜ ਵਸੇਬਾ ਬਿੱਲ 2012 ਰੱਖ ਦਿੱਤਾ ਗਿਆ ਹੈ। ਹੁਕਮਰਾਨਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਇਹ ਮੁਹਿੰਮ ਜੰਗੀ ਪੱਧਰ ਦੀ ਹੈ। ਬਕੌਲ ਸਮਾਜੀ ਨਿਆਂ ਅਤੇ ਇੰਪਾਵਰਮੈਂਟ ਮੰਤਰੀ ਮੁਕੁਲ ਵਾਸਨਿਕ, "ਮਸਲੇ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ...ਪੁਸ਼ਤਾਂ ਤੋਂ..., ਯੁਗਾਂ ਤੋਂ ਇਸੇ ਤਰ੍ਹਾਂ ਚਲ ਰਿਹੈ...ਹੁਣ ਅਸੀਂ ਇਸ ਨੂੰ ਕੌਮੀ ਤਰਜੀਹ ਵਜੋਂ ਲੈ ਰਹੇ ਹਾਂ...ਮਤਲਬ ਜੰਗੀ ਪੱਧਰ 'ਤੇ।" 'ਜੰਗੀ ਪੱਧਰ 'ਤੇ' ਦਾ ਅਮਲੀ ਰੂਪ ਹੈ ਨਵੇਂ ਕਾਨੂੰਨ ਦੀ ਮਸ਼ਕ!

ਨਵਾਂ ਕਾਨੂੰਨ ਬਣਾਉਣ ਲਈ 3 ਸਤੰਬਰ 2012 ਨੂੰ ਸੰਸਦ ਵਿਚ ਬਿੱਲ ਪੇਸ਼ ਕੀਤਾ ਗਿਆ। ਜਦੋਂ ਪਹਿਲਾ ਕਾਨੂੰਨ ਹੀ ਲਾਗੂ ਨਹੀਂ ਹੋਇਆ ਤਾਂ ਨਵੇਂ ਬਿੱਲ ਤੋਂ ਕੀ ਉਮੀਦ ਹੋ ਸਕਦੀ ਹੈ? ਪਰ ਹੁਕਮਰਾਨ ਇਹੀ ਪ੍ਰਭਾਵ ਦੇਣਾ ਚਾਹੁੰਦੇ ਹਨ ਕਿ ਸਖ਼ਤ ਕਾਨੂੰਨ ਦੀ ਅਣਹੋਂਦ ਕਾਰਨ ਹੀ ਇਹ ਘ੍ਰਿਣਤ ਕਿੱਤਾ ਜਾਰੀ ਸੀ, ਮੌਜੂਦਾ ਸਖ਼ਤ ਕਾਨੂੰਨ ਇਸ ਨੂੰ ਜੜ੍ਹੋਂ ਮਿਟਾ ਦੇਵੇਗਾ! ਠੀਕ ਹੈ, ਕਾਨੂੰਨ ਦੀ ਕਮਜ਼ੋਰੀ ਦੂਰ ਕਰਨਾ ਇਕ ਪਹਿਲੂ ਹੋ ਸਕਦਾ ਹੈ ਪਰ ਜਿਹੜੇ ਲੋਕ ਇਹ ਘਿਣਾਉਣਾ ਕੰਮ ਢਿੱਡ ਭਰਨ ਦੀ ਮਜਬੂਰੀ ਵਿਚੋਂ ਕਰਦੇ ਹਨ, ਉਹ ਬਦਲਵੇਂ ਰੋਜ਼ਗਾਰ ਦੇ ਪੁਖ਼ਤਾ ਇੰਤਜ਼ਾਮ ਅਤੇ ਮੁੜ-ਵਸੇਬੇ ਦੇ ਸੰਜੀਦਾ ਪ੍ਰੋਗਰਾਮ ਦੀ ਅਣਹੋਂਦ 'ਚ ਮਹਿਜ਼ ਕਾਨੂੰਨੀ ਮਸ਼ਕ ਨਾਲ ਇਸ ਕਿੱਤੇ ਤੋਂ ਖ਼ਲਾਸੀ ਕਿਵੇਂ ਪਾ ਲੈਣਗੇ?

ਇਸ ਬਿੱਲ ਵਿਚ ਮੈਲਾ ਢੋਣ ਵਾਲੇ ਦਲਿਤਾਂ ਪੱਖੀ ਕੁਝ ਨਹੀਂ, ਵਿਰੋਧ 'ਚ ਕਾਫ਼ੀ ਕੁਝ ਹੈ। ਮਸਲਨ, ਜ਼ਿਆਦਾਤਰ ਮੈਲਾ ਔਰਤਾਂ ਢੋਂਦੀਆਂ ਹਨ, ਪਰ ਬਿੱਲ ਔਰਤਾਂ ਦੀਆਂ ਜ਼ਰੂਰਤਾਂ, ਮਸਲਿਆਂ ਅਤੇ ਮੁੱਦਿਆਂ ਪ੍ਰਤੀ ਪੂਰੀ ਤਰ੍ਹਾਂ ਉਦਾਸੀਨ ਹੈ। ਦੂਜਾ, ਬਿੱਲ ਮੈਲਾ ਢੋਣ ਵਾਲਿਆਂ ਦੀ ਸ਼ਨਾਖ਼ਤ ਕਰਨ ਤੇ ਇਸ ਲਈ ਸਰਵੇਖਣ ਕਰਨ ਦੀ ਜ਼ਿੰਮੇਵਾਰੀ ਸਥਾਨਕ ਸਰਕਾਰਾਂ ਉੱਪਰ ਸੁੱਟਦਾ ਹੈ ਜੋ ਪਹਿਲਾਂ ਹੀ ਇਸ ਮਸਲੇ ਦੀ ਹੋਂਦ ਸਵੀਕਾਰਨ ਤੋਂ ਇਨਕਾਰੀ ਹਨ। ਦਰਅਸਲ ਕਿਸੇ ਆਜ਼ਾਦ ਏਜੰਸੀ ਵਲੋਂ ਕੀਤਾ ਸਰਵੇਖਣ ਹੀ ਸਹੀ ਜਾਣਕਾਰੀ ਮੁਹੱਈਆ ਕਰ ਸਕਦਾ ਹੈ ਜੋ ਸਰਕਾਰਾਂ ਕਰਨ ਲਈ ਤਿਆਰ ਨਹੀਂ ਹਨ। ਨਵੇਂ ਬਿੱਲ ਅੰਦਰ ਲਫ਼ਜ਼ 'ਜੋਖ਼ਮ ਭਰਿਆ' ਸ਼ਾਮਲ ਕਰ ਕੇ ਸੀਵਰ ਅਤੇ ਸੈਪਟਿਕ ਟੈਂਕ ਮਨੁੱਖ ਵਲੋਂ ਸਾਫ਼ ਕੀਤੇ ਜਾਣ ਨੂੰ ਮਨਾਹੀ ਦੀ ਜ਼ੱਦ 'ਚ ਲਿਆਂਦਾ ਗਿਆ ਹੈ ਅਤੇ ਰੇਲਵੇ ਪਟੜੀਆਂ ਦੀ ਸਫ਼ਾਈ ਨੂੰ ਮੈਲਾ ਢੋਣ ਦੀ ਪ੍ਰੀਭਾਸ਼ਾ 'ਚ ਸ਼ਾਮਲ ਕੀਤਾ ਗਿਆ ਹੈ ਪਰ ਇਹ ਭਾਰਤੀ ਰੇਲਵੇ ਉੱਪਰ ਛੱਡ ਦਿੱਤਾ ਗਿਆ ਹੈ ਕਿ ਉਹ ਇਸ ਐਕਟ ਨੂੰ ਲਾਗੂ ਬਾਰੇ ਨੋਟੀਫੀਕੇਸ਼ਨ ਕਦੋਂ ਜਾਰੀ ਕਰੇਗੀ। ਕਰੇਗੀ ਵੀ ਜਾਂ ਨਹੀਂ, ਇਹ ਵੀ ਪਤਾ ਨਹੀਂ।

ਇਹ ਹੁਕਮਰਾਨਾਂ ਨੂੰ ਵੀ ਪਤਾ ਹੈ ਕਿ ਮਸਲਾ ਮਹਿਜ਼ ਸੁੱਕੇ ਪਖ਼ਾਨਿਆਂ ਤੱਕ ਮਹਿਦੂਦ ਨਹੀਂ ਹੈ। ਭਾਰਤ ਵਿਚ ਰੇਲ ਮਾਰਗਾਂ ਦਾ ਜਾਲ ਦੁਨੀਆ ਦੇ ਸਭ ਤੋਂ ਵੱਡੇ ਰੇਲ ਮਾਰਗਾਂ ਵਿਚੋਂ ਹੈ। ਇੱਥੇ ਲਗਭਗ ਇਕ ਲੱਖ ਕਿਲੋਮੀਟਰ ਲੰਮੀਆਂ ਰੇਲਵੇ ਪਟੜੀਆਂ ਹਨ ਪਰ ਮਨੁੱਖੀ ਟੱਟੀ-ਪੇਸ਼ਾਬ ਨੂੰ ਜ਼ਮੀਨਦੋਜ਼ ਕਰਨ ਦਾ ਕੋਈ ਇੰਤਜ਼ਾਮ ਨਹੀਂ ਹੈ ਅਤੇ ਇਹ ਸਿੱਧਾ ਪਟੜੀਆਂ ਉੱਪਰ ਡੇਗਿਆ ਜਾਂਦਾ ਹੈ। ਜ਼ਿਆਦਾਤਰ ਪਲੈਟਫਾਰਮ ਕੰਕਰੀਟ ਦੇ ਨਾ ਬਣੇ ਹੋਣ ਕਾਰਨ ਇਨ੍ਹਾਂ ਨੂੰ ਪਾਣੀ ਦੇ ਪ੍ਰੈਸ਼ਰ ਨਾਲ ਸਾਫ਼ ਕਰਨਾ ਸੰਭਵ ਨਹੀਂ ਹੈ ਅਤੇ ਇਹ ਮਨੁੱਖੀ ਗੰਦ ਵੀ ਬੇਵੱਸ ਦਲਿਤਾਂ ਨੂੰ ਹੀ ਸਾਫ਼ ਕਰਨਾ ਪੈਂਦਾ ਹੈ। ਦੁਨੀਆਂ ਦੇ ਜ਼ਿਆਦਾਤਰ ਮੁਲਕਾਂ ਨੇ ਰੇਲਵੇ ਦੇ ਆਧੁਨਿਕੀਕਰਨ ਰਾਹੀਂ ਇਸ ਦਾ ਹੱਲ ਕਰ ਲਿਆ, ਪਰ ਸਾਡੇ ਮੁਲਕ 'ਚ ਅੰਗਰੇਜ਼ਾਂ ਦੇ ਜ਼ਮਾਨੇ ਦੀ 19ਵੀਂ ਸਦੀ ਵਾਲੀ ਤਕਨੀਕ ਹੀ ਲਾਗੂ ਹੈ।


ਧੜਵੈਲ ਸੀਵਰ ਪ੍ਰਣਾਲੀ ਇਸ ਮਸਲੇ ਦਾ ਇਕ ਹੋਰ ਵਿਆਪਕ ਪਸਾਰ ਹੈ। ਮਨੁੱਖੀ ਮੈਲਾ, ਪਖ਼ਾਨੇ ਸਾਫ਼ ਕਰਨ ਵਾਲਾ ਤੇਜ਼ਾਬ, ਸੈਨੀਟਰੀ ਪੈਡ ਸਮੇਤ ਘਰਾਂ ਦਾ ਕਈ ਤਰ੍ਹਾਂ ਦਾ ਕਚਰਾ, ਫੈਕਟਰੀਆਂ ਦਾ ਅਤਿ ਜ਼ਹਿਰੀਲਾ ਡਿਸਪੋਜ਼ਲ ਇਹ ਸਭ ਕੁਝ ਸੀਵਰ ਦੇ ਢਿੱਡ 'ਚ ਹੀ ਖਪਦਾ ਹੈ। ਸ਼ਹਿਰੀਕਰਨ ਦੇ ਵਧਣ ਨਾਲ ਇਹ ਮਸਲਾ ਦਿਨੋ ਦਿਨ ਹੋਰ ਗੰਭੀਰ ਹੋ ਰਿਹਾ ਹੈ। ਸੀਵਰ ਸਫ਼ਾਈ ਕਾਮੇ ਸਿੱਧਾ ਨੰਗੇ ਧੜ ਸੀਵਰ 'ਚ ਉੱਤਰ ਕੇ ਬੰਦ ਸੀਵਰ ਨੂੰ ਚਲਾਉਣ ਲਈ ਮਜਬੂਰ ਹਨ। ਉਨ੍ਹਾਂ ਕੋਲ ਕੋਈ ਵੀ ਸੁਰੱਖਿਆ ਯੰਤਰ ਨਹੀਂ ਹੁੰਦਾ। ਇਹ ਮੈਲਾ ਢੋਣ ਤੋਂ ਵੀ ਘ੍ਰਿਣਤ ਕੰਮ ਹੈ ਜੋ ਬੰਦੇ ਨੂੰ ਗਲ ਤੱਕ ਮਨੁੱਖੀ ਗੰਦ 'ਚ ਵੜ ਕੇ ਕਰਨਾ ਪੈਂਦਾ ਹੈ। ਸਾਡੇ ਗੁਆਂਢੀ ਪਾਕਿਸਤਾਨ ਨੇ ਸੀਵਰ ਕਾਮਿਆਂ ਲਈ ਇਟਲੀ ਤੋਂ ਆਧੁਨਿਕ ਸੇਫਟੀ ਕਿੱਟਾਂ ਮੰਗਵਾ ਲਈਆਂ, ਪਰ ਭਾਰਤ ਦੇ ਸੀਵਰ ਕਾਮੇ ਮੌਤ ਦੇ ਇਨ੍ਹਾਂ ਖੂਹਾਂ ਤੋਂ ਕਦੋਂ ਮੁਕਤ ਹੋਣਗੇ? ਇਨ੍ਹਾਂ ਨੂੰ ਉਹ ਆਧੁਨਿਕ ਤਕਨੀਕੀ ਸਾਜ਼ੋ-ਸਮਾਨ ਕਦੋਂ ਨਸੀਬ ਹੋਵੇਗਾ ਜੋ ਇਨ੍ਹਾਂ ਨੂੰ ਮੌਤਾਂ ਦੇ ਖ਼ੌਫ਼ ਅਤੇ ਗੰਦ 'ਚ ਡੁੱਬ ਕੇ ਕੰਮ ਕਰਨ ਤੋਂ ਨਿਜਾਤ ਦਿਵਾ ਦੇਵੇ? ਇਕ ਪਾਸੇ ਪੀਣ ਵਾਲੇ ਪਾਣੀ ਦੇ ਦੂਸ਼ਿਤ ਹੋਣ ਅਤੇ ਇਸ ਕਾਰਨ ਜਾਨਲੇਵਾ ਬਿਮਾਰੀਆਂ ਫੈਲਣ ਬਾਰੇ ਫ਼ਿਕਰਮੰਦੀ ਜ਼ਾਹਰ ਕੀਤੀ ਜਾ ਰਹੀ ਹੈ, ਪਰ ਜਿਹੜੇ ਇਨਸਾਨਾਂ ਨੂੰ ਮਨੁੱਖੀ ਗੰਦ, ਖ਼ਤਰਨਾਕ ਰਸਾਇਣਾਂ ਅਤੇ ਤਰ੍ਹਾਂ ਤਰ੍ਹਾਂ ਦੇ ਕਚਰੇ ਨਾਲ ਨੱਕੋ-ਨੱਕ ਭਰੇ ਸੀਵਰਾਂ 'ਚ ਵੜ ਕੇ ਪੂਰਾ ਪੂਰਾ ਦਿਨ ਇਸ ਨੂੰ ਸਾਫ਼ ਕਰਨਾ ਪੈਂਦਾ ਹੈ, ਉਨ੍ਹਾਂ ਦੀ ਸਿਹਤ ਦਾ ਫਿਕਰ ਕਿਸੇ ਨੂੰ ਨਹੀਂ ਹੈ। ਇਹ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ ਕਿ ਅਜਿਹੇ ਹਾਲਾਤ 'ਚ ਲਗਾਤਾਰ ਕੰਮ ਕਰਨ ਵਾਲੇ ਇਨਸਾਨਾਂ ਦੀ ਔਸਤ ਉਮਰ ਕਿੰਨੀ ਕੁ ਹੋ ਸਕਦੀ ਹੈ ਅਤੇ ਉਸ ਨੂੰ ਕਿੰਨੀਆਂ ਜਾਨਲੇਵਾ ਬਿਮਾਰੀਆਂ ਚਿੰਬੜਦੀਆਂ ਹੋਣਗੀਆਂ।

ਇਕੱਲੀ ਦਿੱਲੀ ਵਿਚ ਹੀ ਸੀਵਰ ਲਾਈਨਾਂ ਦੀ ਲੰਬਾਈ 5,300 ਕਿਲੋਮੀਟਰ ਹੈ। ਇਕ ਮੋਟੇ ਅੰਦਾਜ਼ੇ ਅਨੁਸਾਰ ਹਰ ਵਰ੍ਹੇ ਇਸ ਮੁਲਕ ਵਿਚ 22,327 ਕਾਮੇ ਸੀਵਰ ਸਾਫ਼ ਕਰਦਿਆਂ ਮੌਤ ਦੇ ਮੂੰਹ 'ਚ ਜਾ ਪੈਂਦੇ ਹਨ। ਇਨ੍ਹਾਂ ਵਿਚ ਜ਼ਿਆਦਾਤਰ ਠੇਕੇ 'ਤੇ ਰੱਖੇ ਦਲਿਤ ਮਜ਼ਦੂਰ ਹੁੰਦੇ ਹਨ ਜਿਨ੍ਹਾਂ ਦੀ ਸਿਹਤ ਅਤੇ ਸੁਰੱਖਿਆ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ। ਮੌਤ ਹੋਣ 'ਤੇ ਮੁਆਵਜ਼ੇ ਦੇ ਨਾਂ ਹੇਠ ਮਾਮੂਲੀ ਰਕਮ ਦੇ ਕੇ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਜਾਂਦਾ ਹੈ। ਪਿੱਛੇ ਜਿਹੇ ਸੁਪਰੀਮ ਕੋਰਟ ਵੱਲੋਂ ਦਿੱਲੀ ਜਲ ਬੋਰਡ ਨੂੰ ਝਾੜ ਪਾ ਕੇ ਮੁਆਵਜ਼ੇ ਦੀ ਰਕਮ 5 ਲੱਖ ਰੁਪਏ ਦਿਵਾਈ ਗਈ। ਸੂਚਨਾ ਅਧਿਕਾਰ ਕਾਨੂੰਨ ਤਹਿਤ ਮੁੰਬਈ ਕਾਰਪੋਰੇਸ਼ਨ ਨੇ ਦੱਸਿਆ ਸੀ ਕਿ ਸ਼ਹਿਰ ਦੇ ਸਿਰਫ਼ 24 ਵਾਰਡਾਂ ਵਿਚ ਹੀ ਅਜਿਹੀਆਂ 3495 ਮੌਤਾਂ ਹੋ ਚੁੱਕੀਆਂ ਹਨ ਅਤੇ ਹਰ ਮਹੀਨੇ ਮੁੰਬਈ ਵਿਚ ਔਸਤ 25 ਮੌਤਾਂ ਸੀਵਰ ਦੀ ਗੈਸ ਚੜ੍ਹਨ ਨਾਲ ਹੁੰਦੀਆਂ ਹਨ। ਪੰਜਾਬ ਵੀ ਇਸ ਮਾਮਲੇ 'ਚ ਪਿੱਛੇ ਨਹੀਂ ਹੈ। ਲੰਘੇ ਛੇ ਮਹੀਨਿਆਂ ਦੌਰਾਨ ਹੀ 22 ਤੇ 26 ਮਈ ਨੂੰ ਬਠਿੰਡਾ 'ਚ ਚਾਰ, 28 ਅਕਤੂਬਰ ਨੂੰ ਕਪੂਰਥਲਾ 'ਚ ਤਿੰਨ, 17 ਨਵੰਬਰ ਨੂੰ ਲੁਧਿਆਣਾ 'ਚ ਇਕ, 22 ਨਵੰਬਰ ਨੂੰ ਬਰਨਾਲਾ ਵਿਚ ਦੋ ਮਜ਼ਦੂਰ ਸੀਵਰ ਹਾਦਸਿਆਂ 'ਚ ਜਾਨਾਂ ਤੋਂ ਹੱਥ ਧੋ ਬੈਠੇ।

ਇੱਥੇ ਅਸੀਂ ਕੁਪੋਸ਼ਣ ਨਾਲ ਮੌਤਾਂ, ਕਿਸਾਨਾਂ ਦੀਆਂ ਖ਼ੁਦਕੁਸ਼ੀਆਂ, ਘੱਟ-ਗਿਣਤੀਆਂ ਦੇ ਘਾਣ ਅਤੇ ਢਾਂਚਾਗਤ ਹਿੰਸਾ ਦੇ ਹੋਰ ਰੂਪਾਂ ਦਾ ਜਵਾਬ ਨਹੀਂ ਮੰਗਾਂਗੇ, ਪਰ ਕੀ ਹੁਕਮਰਾਨਾਂ ਨੂੰ ਇਹ ਸਵਾਲ ਕਰਨਾ ਜਾਇਜ਼ ਨਹੀਂ ਹੈ ਕਿ ਜੇ 'ਮੁਲਕ ਲਈ ਸਭ ਤੋਂ ਵੱਡੇ ਅੰਦਰੂਨੀ ਖ਼ਤਰੇ' ਦਾ ਪੈਮਾਨਾ ਇਨਸਾਨਾਂ ਦੀਆਂ ਮੌਤਾਂ ਦੀ ਗਿਣਤੀ ਹੈ ਤਾਂ ਮਾਓਵਾਦੀ ਜਾਂ ਕੌਮੀਅਤ ਸੰਘਰਸ਼ਾਂ ਦੀ ਕੁਲ 'ਹਿੰਸਾ' ਨਾਲੋਂ ਤਾਂ ਇਕੱਲੇ ਸੀਵਰਾਂ ਦੀ 'ਹਿੰਸਾ' ਹੀ ਕਈ ਗੁਣਾ ਵੱਧ ਹੈ। ਕੀ ਇਹ 'ਸਭ ਤੋਂ ਵੱਡਾ ਖ਼ਤਰਾ' ਨਹੀਂ ਹੈ? ਇਹ ਸਵਾਲ ਉਨ੍ਹਾਂ ਲਈ ਵੀ ਹੈ ਜੋ ਆਏ ਦਿਨ ਮਾਓਵਾਦੀ ਹਿੰਸਾ ਬਾਰੇ ਐਨਾ ਵਾ-ਵੇਲਾ ਖੜ੍ਹਾ ਕਰਨ 'ਚ ਮਸ਼ਗੂਲ ਰਹਿੰਦੇ ਹਨ ਪਰ ਢਾਂਚਾਗਤ ਹਿੰਸਾ ਬਾਰੇ ਖ਼ਾਮੋਸ਼ ਹਨ। ਅਸਲ ਵਿਚ ਇਹ ਇਕ ਸਾਲਮ ਬ੍ਰਾਹਮਣਵਾਦੀ ਵਿਚਾਰਧਾਰਕ ਢਾਂਚੇ ਦਾ ਅਨਿੱਖੜ ਹਿੱਸਾ ਹੈ ਜੋ ਸਾਡੇ ਸਮਾਜ ਦੀ ਮਾਨਸਿਕਤਾ ਨੂੰ ਘੜਨ 'ਚ ਬੁਨਿਆਦੀ ਭੂਮਿਕਾ ਨਿਭਾਉਂਦਾ ਹੈ। ਇਹ ਘਿਣਾਉਣਾ ਕੰਮ ਇਕ ਜਾਂ ਦੂਜੇ ਰੂਪ 'ਚ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਸਾਡਾ ਸਮਾਜੀ ਢਾਂਚਾ ਜਾਤਪਾਤ ਦੇ ਹਿੱਸੇ ਵਜੋਂ ਕੁਝ ਗੰਦੇ ਕੰਮਾਂ ਨੂੰ ਇਕ ਖ਼ਾਸ ਭਾਈਚਾਰੇ ਦੇ ਗਲ ਮੜ੍ਹਨਾ ਬੰਦ ਨਹੀਂ ਕਰਦਾ।

# ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ...

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

**ਪੰਜਵੀਂ ਵਾਰੀ ਮੁੱਖ ਮੰਤਰੀ ਬਣੇ ਬਾਦਲ ਸਾਹਿਬ ਨੂੰ ਐਮਰਜੈਂਸੀ ਵਾਲਾ ਸਮਾਂ ਤੇ ਸੰਜੇ ਗਾਂਧੀ ਦੀ ਭੂਮਿਕਾ ਪਿੱਛੋਂ ਕਾਂਗਰਸ ਦਾ ਹਸ਼ਰ ਯਾਦ ਰੱਖਣਾ ਚਾਹੀਦਾ ਹੈ। ਉਸ ਵੇਲੇ ਕਾਂਗਰਸ ਪਾਰਟੀ ਦੇ ਅੰਦਰ ਆਣ ਵੜੀ ਇਸ ਧਾੜ ਨੇ ਪਾਰਟੀ ਨੂੰ ਪਹਿਲੀ ਵਾਰੀ ਰਾਜ-ਮਹਿਲਾਂ ਤੋਂ ਪਰ੍ਹੇ ਕੀਤਾ ਸੀ। ਜੇ ਕਾਂਗਰਸ ਵਾਲੇ ਇਤਿਹਾਸ ਨੂੰ ਬਾਦਲ ਸਾਹਿਬ ਵਾਚਣ ਦੇ ਯੋਗ ਨਹੀਂ ਸਮਝਦੇ ਤਾਂ ਲਾਹੌਰ ਦਰਬਾਰ ਬਾਰੇ ਸ਼ਾਹ ਮੁਹੰਮਦ ਦਾ ਕਿੱਸਾ ਪੜ੍ਹ ਲੈਣ। ਇੱਕ ਸਮਾਂ ਅਜਿਹਾ ਵੀ ਆਇਆ ਸੀ, ਜਿਸ ਬਾਰੇ ਉਸ ਵਿਚ ਦਰਜ ਹੈ: 'ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ, ਭੂਤ ਮੰਡਲੀ ਹੋਈ ਤਿਆਰ ਮੀਆਂ।' ਸਾਡੇ ਸਮੇਂ ਵਿਚ ਵੀ ਰਾਜ ਦਰਬਾਰ ਦੇ ਨੇੜੇ-ਤੇੜੇ ਸਾਊ ਬੰਦਾ ਜੇ ਕੋਈ ਬਚਿਆ ਰਹਿ ਗਿਆ ਹੈ ਤਾਂ ਲਾਹੌਰ ਦੇ ਉਦੋਂ ਦੇ ਸਰਦਾਰਾਂ ਵਾਂਗ ਉਹ ਸਿਰੀ ਦਬਾਈ ਦਿਨ ਕੱਟ ਰਿਹਾ ਹੈ, ਕਿਉਂਕਿ ਅਕਾਲੀ ਦਲ ਵਿਚ ਹੁਣ ਉਹ ਭੂਤ ਮੰਡਲੀ ਤਿਆਰ ਹੋ ਗਈ ਹੈ, ਜਿਹੜੀ ਰਾਣਿਆਂ, ਰਵੀਸ਼ੇਰਾਂ ਤੇ ਨਿਸ਼ਾਨਾਂ ਵਾਂਗ ਨਾ ਸ਼ਕਲੋਂ ਅਕਾਲੀ ਹੈ ਤੇ ਨਾ ਅਕਲੋਂ ਹੀ। ਇਹ ਭੂਤ ਮੰਡਲੀ ਜਦੋਂ ਤੇ ਜਿੱਥੇ ਤਿਆਰ ਹੋ ਜਾਵੇ, ਉਥੇ ਸੁੱਖ ਨਹੀਂ ਰਹਿੰਦੀ ਹੁੰਦੀ, ਗਲੀਆਂ ਦੀ ਜੰਗ ਰਾਜ ਦਰਬਾਰ ਦੇ ਕੁਨਬੇ ਤੱਕ ਪਹੁੰਚ ਜਾਇਆ ਕਰਦੀ ਹੈ।**

ਅੰਮ੍ਰਿਤਸਰ ਸ਼ਹਿਰ ਵਿਚ ਇੱਕ ਬੰਦੇ ਦਾ ਕਤਲ ਹੋ ਗਿਆ, ਬੰਦਾ ਵੀ ਸਧਾਰਨ ਨਹੀਂ, ਪੁਲਿਸ ਦਾ ਥਾਣੇਦਾਰ ਸੀ ਤੇ ਸੀ ਵੀ ਵਰਦੀ ਵਿਚ ਜਦੋਂ ਉਸ ਨੂੰ ਕਤਲ ਕੀਤਾ ਗਿਆ ਸੀ। ਥੋੜ੍ਹੀ ਦੂਰ ਥਾਣਾ ਸੀ, ਪਰ ਆਪਣੇ ਪੁਲਿਸ ਵਾਲੇ ਭਾਈਬੰਦ ਦਾ ਸਾਥ ਦੇਣ ਲਈ ਪੁਲਿਸ ਵਾਲੇ ਥਾਣੇ ਤੋਂ ਬਾਹਰ ਹੀ ਨਾ ਨਿਕਲੇ। ਕਾਰਨ ਇਹ ਸੀ ਕਿ ਉਨ੍ਹਾਂ ਨੂੰ ਕਾਤਲਾਂ ਦੀ ਪੰਜਾਬ ਦੀ ਰਾਜਧਾਨੀ ਤੱਕ ਸਿੱਧੀ ਪਹੁੰਚ ਬਾਰੇ ਪਤਾ ਸੀ। ਕਾਤਲਾਂ ਨੇ ਥਾਣੇਦਾਰ ਨੂੰ ਗੋਲੀਆਂ ਮਾਰੀਆਂ, ਜ਼ਖਮੀ ਕੀਤਾ ਤੇ ਚਲੇ ਗਏ। ਜ਼ਖਮੀ ਹੋਏ ਥਾਣੇਦਾਰ ਦੀ ਧੀ ਲੋਕਾਂ ਦੇ ਤਰਲੇ ਕਰਦੀ ਰਹੀ ਕਿ ਉਸ ਦੇ ਪਿਤਾ ਨੂੰ ਹਸਪਤਾਲ ਪੁਚਾਉਣ ਲਈ ਮਦਦ ਕੀਤੀ ਜਾਵੇ, ਪਰ ਕੋਈ ਨਾਲ ਨਹੀਂ ਸੀ ਤੁਰ ਰਿਹਾ। ਏਨੀ ਦੇਰ ਨੂੰ ਕਾਤਲ ਫਿਰ ਆ ਗਏ। ਉਨ੍ਹਾਂ ਨੇ ਡਿੱਗੇ ਪਏ ਜ਼ਖਮੀ ਹੋਏ ਥਾਣੇਦਾਰ ਨੂੰ ਹੋਰ ਗੋਲੀਆਂ ਮਾਰ ਕੇ ਇਹ ਯਕੀਨੀ ਬਣਾਇਆ ਕਿ ਮਰ ਗਿਆ ਹੈ, ਕਿਧਰੇ ਜ਼ਿੰਦਾ ਨਾ ਰਹਿ ਜਾਵੇ। ਪੰਜਾਬ ਦੀ ਸਰਕਾਰ ਅਜੇ ਵੀ ਕਹਿੰਦੀ ਹੈ ਕਿ ਰਾਜ ਦੀ ਅਮਨ-ਕਾਨੂੰਨ ਦੀ ਸਥਿਤੀ ਉਸ ਦੇ ਕੰਟਰੋਲ ਵਿਚ ਹੈ। ਜੇ ਸਥਿਤੀ ਉਸ ਦੇ ਕੰਟਰੋਲ ਵਿਚ ਹੈ ਤਾਂ ਚਿੱਟੇ ਦਿਨ ਭਰੇ ਬਾਜ਼ਾਰ ਵਿਚ ਕਤਲ ਕਰਨ ਦਾ ਇਹ ਕਹਿਰ ਕੀ ਉਸ ਦੀ ਆਗਿਆ ਨਾਲ ਵਰਤਿਆ ਹੈ, ਜਿਸ ਨੂੰ ਸਥਿਤੀ ਉਤੇ ਕੰਟਰੋਲ ਦੇ ਦਾਅਵੇ ਕਰ ਰਹੀ ਸਰਕਾਰ ਨੇ ਰੋਕਿਆ ਨਹੀਂ? ਜਾਂ ਤਾਂ ਸਥਿਤੀ ਉਤੇ ਉਸ ਦਾ ਕੰਟਰੋਲ ਨਹੀਂ ਜਾਂ ਕਾਤਲ ਏਨੀ ਉਚੀ ਪਹੁੰਚ ਵਾਲੇ ਸਨ ਕਿ ਉਹ ਆਪਣੇ ਆਪ ਨੂੰ ਉਨ੍ਹਾਂ ਜਾਬਰਾਂ ਵਿਚੋਂ ਸਮਝਦੇ ਸਨ, ਜਿਨ੍ਹਾਂ ਬਾਰੇ ਮੁਹਾਵਰਾ ਪ੍ਰਚਲਿਤ ਹੈ ਕਿ ਉਨ੍ਹਾਂ ਨੂੰ 'ਸੱਤ ਖੂਨ ਮਾਫ' ਹੁੰਦੇ ਹਨ।

ਕਤਲ ਕਿਉਂ ਕੀਤਾ ਗਿਆ? ਇਸ ਲਈ ਕਿ ਥਾਣੇਦਾਰ ਆਪਣੀ ਧੀ ਦੀ ਇੱਜ਼ਤ ਦੀ ਰਾਖੀ ਲਈ ਇੱਕ ਬਾਪ ਦਾ ਫਰਜ਼ ਨਿਭਾਉਣ ਦਾ ਹੌਸਲਾ ਉਦੋਂ ਕਰ ਬੈਠਾ ਸੀ, ਜਦੋਂ ਅਜਿਹਾ ਕਰਨਾ ਪੰਜਾਬ ਵਿਚ ਗੁਨਾਹ ਹੁੰਦਾ ਜਾ ਰਿਹਾ ਹੈ। ਉਸ ਦੀ ਧੀ ਅੰਮ੍ਰਿਤਸਰ ਦੇ ਉਸ ਛੇਹਰਟਾ ਖੇਤਰ ਵਿਚ ਇੱਕ ਬੈਂਕ ਦੀ ਨੌਕਰੀ ਕਰਦੀ ਸੀ, ਜਿੱਥੇ ਕਦੇ ਲਾਲ ਝੰਡਾ ਝੁਲਦਾ ਹੁੰਦਾ ਸੀ ਤੇ ਗੁੰਡੇ-ਬਦਮਾਸ਼ ਸਿਰ ਨਹੀਂ ਸੀ ਚੁੱਕ ਸਕਦੇ। ਹੁਣ ਉਥੇ ਗੁੰਡੇ ਹਰਲ-ਹਰਲ ਕਰਦੇ ਫਿਰਦੇ ਹਨ। ਰਾਜ-ਦਰਬਾਰ ਨਾਲ ਗੁੰਡਿਆਂ ਦਾ ਕੌਣ ਸੰਪਰਕ ਕਿਸੇ ਸਰਕਾਰੀ ਮਹਿਕਮੇ ਦੀ ਹਾਟ-ਲਾਈਨ ਵਾਂਗ ਹੁੰਦਾ ਹੈ। ਥਾਣੇਦਾਰ ਦੀ ਧੀ ਨੂੰ ਰੋਜ਼ ਰਾਹ ਜਾਂਦੀ ਨੂੰ ਛੇੜਿਆ ਜਾਂਦਾ ਸੀ। ਉਸ ਨੇ ਇੱਕ ਵਾਰੀ ਥਾਣੇ ਵਿਚ ਸ਼ਿਕਾਇਤ ਵੀ ਕੀਤੀ। ਦੱਸਦੇ ਹਨ ਕਿ ਪੁਲਿਸ ਵਾਲਿਆਂ ਨੇ ਆਪਣੇ ਪੁਲਿਸ ਵਾਲੇ ਭਾਈਬੰਦ ਦੀ ਧੀ ਵੱਲੋਂ ਕੀਤੀ ਸ਼ਿਕਾਇਤ ਉਤੇ ਕਾਰਵਾਈ ਇਸ ਲਈ ਨਾ ਕੀਤੀ ਕਿ ਉਹ ਜ਼ੋਰਾਵਰਾਂ ਦੇ ਕਹਿਰ ਤੋਂ ਆਪ ਕੰਬਦੇ ਦਿਨ-ਕਟੀ ਕਰ ਰਹੇ ਸਨ। ਇੱਕ ਦਿਨ ਥਾਣੇਦਾਰ ਖੁਦ ਆਪਣੀ ਧੀ ਨੂੰ ਤੰਗ ਕਰਨ ਵਾਲਿਆਂ ਨਾਲ ਗੱਲ ਕਰਨ ਆ ਗਿਆ ਤਾਂ ਉਹ ਉਸ ਨੂੰ ਕਤਲ ਕਰ ਕੇ ਦੌੜ ਗਏ। ਕਾਤਲਾਂ ਦੀ ਧਾੜ ਦੇ ਅੱਗੇ ਲੱਗਾ ਆਪਣੇ ਆਪ ਨੂੰ ਜਿਊਣਾ ਮੌੜ ਸਮਝਦਾ ਅਕਾਲੀ ਦਲ ਦਾ ਅਹੁਦੇਦਾਰ ਏਦਾਂ ਦੇ ਦਬਦਬੇ ਵਾਲਾ ਸੀ, ਜਿਸ ਬਾਰੇ ਸੁਰਜੀਤ ਬਿੰਦਰਖੀਏ ਦਾ ਗੀਤ ਆਖਦਾ ਹੈ, "ਕਹਿੰਦੇ ਡੀ ਸੀ ਵੀ ਸਲੂਟ ਉਹਨੂੰ ਮਾਰਦਾ, ਪੈਰਾਂ 'ਚ ਥਾਣੇਦਾਰ ਰੋਲ'ਤਾ।" ਇਸ ਘਟਨਾ ਨੇ ਸਾਬਤ ਕਰ ਦਿੱਤਾ ਹੈ ਕਿ 'ਕੱਟਾ ਕਿੱਲੇ ਦੇ ਜ਼ੋਰ ਉਤੇ ਤੀਂਘੜਦਾ' ਸੀ।

ਅੱਗੇ ਕਹਿੰਦੇ ਹੁੰਦੇ ਸਨ ਕਿ ਏਦਾਂ ਦੀ ਘਟਨਾ ਵਾਪਰੀ ਹੈ, ਜਿਸ ਨੇ ਸਾਰਿਆਂ ਨੂੰ ਸੁੰਨ ਕਰ ਦਿੱਤਾ ਹੈ। ਹੁਣ ਇਹ ਕਹਿਣ ਦੀ ਲੋੜ ਨਹੀਂ ਰਹੀ। ਏਦਾਂ ਦੀ ਗੱਲ ਉਦੋਂ ਕਹੀਦੀ ਹੈ, ਜਦੋਂ ਕਦੇ-ਕਦਾਈਂ ਏਦਾਂ ਦੀ ਘਟਨਾ ਵਾਪਰਦੀ ਹੈ। ਜੇ ਹਾਲਾਤ ਏਨੇ ਵਿਗੜ ਜਾਣ ਕਿ ਇਹ ਨਿੱਤ ਦੀ ਕਹਾਣੀ ਹੋ ਜਾਵੇ, ਫਿਰ ਏਦਾਂ ਨਹੀਂ ਕਹੀਦਾ। ਪੰਜਾਬ ਵਿਚ ਤਾਂ ਇਹ ਹੁਣ ਰੋਜ਼ ਦੀ ਗੱਲ ਹੋ ਚੁੱਕੀ ਹੈ। ਹੁਣ ਇਹ ਘਟਨਾ ਨਹੀਂ ਹੁੰਦੀ, ਘਟਨਾਕ੍ਰਮ ਦਾ ਇੱਕ ਹੋਰ ਕਾਂਡ ਹੁੰਦੀ ਹੈ।

ਹਾਲੇ ਬਹੁਤੇ ਦਿਨ ਨਹੀਂ ਹੋਏ, ਜਦੋਂ ਫਰੀਦਕੋਟ ਦੇ ਸ਼ਹਿਰ ਵਿਚੋਂ ਇੱਕ ਨਿਤਾਣੇ ਪਰਿਵਾਰ ਦੀ ਧੀ ਚਿੱਟੇ ਦਿਨ ਇੱਕ ਜ਼ੋਰਾਵਰ ਨੇ ਬੰਦੂਕਾਂ ਦੀ ਗੂੰਜ ਵਿਚ ਅਗਵਾ ਕੀਤੀ ਸੀ। ਪੁਲਿਸ ਵਾਲੇ ਮੌਕੇ ਉਤੇ ਮੌਜੂਦ ਹੁੰਦਿਆਂ ਵੀ ਇਸ ਕਰ ਕੇ ਕੁਸਕੇ ਨਹੀਂ ਸਨ ਕਿ ਦੋਸ਼ੀ ਦੀ ਪਿੱਠ ਉਤੇ ਇੱਕ ਵੱਡੇ ਅਕਾਲੀ ਆਗੂ ਦਾ ਹੱਥ ਸੀ। ਅਗਵਾ ਕਰਦੇ ਵਕਤ ਅਗਵਾਕਾਰਾਂ ਦੀ ਕਾਰ ਨਾਲੀ ਵਿਚ ਫਸ ਗਈ। ਉਹ ਜਦੋਂ ਧੱਕਾ ਲਾ ਕੇ ਕੱਢ ਰਹੇ ਸਨ, ਪੁਲਿਸ ਵਾਲੇ ਆਸ-ਪਾਸ ਖੜੇ ਵੇਖਦੇ ਰਹੇ, ਕਿਸੇ ਨੇ ਉਦੋਂ ਵੀ ਦਖਲ ਦੇਣ ਦੀ ਹਿੰਮਤ ਨਹੀਂ ਸੀ ਕੀਤੀ। ਸਾਰਾ ਸ਼ਹਿਰ ਬੰਦ ਹੋ ਗਿਆ। ਇਸ ਨਾਲ ਪੰਜਾਬ ਦੀ ਸਰਕਾਰੀ ਮਸ਼ੀਨਰੀ ਹਿੱਲ ਗਈ, ਸਰਕਾਰ ਚਲਾਉਣ ਵਾਲੇ ਨਹੀਂ ਸੀ ਹਿੱਲੇ ਤੇ ਉਦੋਂ ਹੀ ਹਰਕਤ ਵਿਚ ਆਏ ਸਨ, ਜਦੋਂ ਸਥਿਤੀ ਸੰਭਾਲਣੀ ਔਖੀ ਹੋ ਗਈ ਸੀ। ਅਗਵਾਕਾਰ ਕਿਤੇ ਲੁਕਿਆ ਨਹੀਂ ਸੀ ਹੋਇਆ, ਕੁਝ ਪੁਲਿਸ ਵਾਲਿਆਂ ਦੇ ਸੰਪਰਕ ਵਿਚ ਸੀ ਤੇ ਉਸ ਅਕਾਲੀ ਆਗੂ ਦੇ ਵੀ, ਜਿਸ ਦਾ ਉਸ ਨੂੰ ਥਾਪੜਾ ਸੀ। ਜਦੋਂ ਮਜਬੂਰੀ ਬਣ ਗਈ ਤਾਂ ਉਸ ਨੂੰ ਪੁਲਿਸ ਨੇ ਚੁੱਕ ਲਿਆਂਦਾ। ਇਸ ਦੇ ਬਾਅਦ ਵੀ ਉਸ ਨਾਲ ਲਿਹਾਜ਼ਦਾਰੀ ਚੱਲਦੀ ਰਹੀ। ਪੁਲਿਸ ਦੇ ਕੁਝ ਅਫਸਰ ਤੇ ਸਰਕਾਰ ਦੇ ਕੁਝ ਬਾਹਲੇ ਨੇੜੂ ਇਹ ਯਤਨ ਕਰਦੇ ਰਹੇ ਕਿ ਨਾਬਾਲਗ ਬੱਚੀ ਨੂੰ ਇੱਕੀ ਮੁਕੱਦਮਿਆਂ ਦੇ ਦਾਗੀ ਅਗਵਾਕਾਰ ਦੀ ਪ੍ਰੇਮ-ਵਿਆਹ ਕਰ ਚੁੱਕੀ ਬੀਵੀ ਬਣਾ ਦਿੱਤਾ ਜਾਵੇ। ਬੇਗਾਨੇ ਘਰ ਲੱਗੀ ਅੱਗ ਜਿਨ੍ਹਾਂ ਨੂੰ ਬਸੰਤਰ ਜਾਪਦੀ ਰਹੀ, ਜੇ ਇਹੋ ਭਾਣਾ ਉਨ੍ਹਾਂ ਵਿਚੋਂ ਕਿਸੇ ਦੇ ਆਪਣੇ ਨਾਲ ਵਾਪਰਿਆ ਹੁੰਦਾ, ਕੀ ਫਿਰ ਵੀ ਇਹੋ ਕੁਝ ਕਿਹਾ ਜਾਣਾ ਸੀ ਜਾਂ ਬੀਬੀ ਜਗੀਰ ਕੌਰ ਦੀ ਧੀ ਵਾਂਗ ਕੁੜੀ ਨੂੰ ਅੱਧ-ਸੜੀ ਨੂੰ ਦਰਿਆ ਵਿਚ ਰੋੜ੍ਹ ਕੇ ਮੁੰਡੇ ਦੇ ਪਿੱਛੇ ਪੁਲਿਸ ਲਾ ਦੇਣੀ ਸੀ? ਰਾਜ ਦੀ ਨਵੀਂ ਰੀਤ ਸਾਡੇ ਲੋਕਾਂ ਦੇ ਸਮਝ ਵਿਚ ਆਉਣ ਵਾਲੀ ਕਿਉਂ ਨਹੀਂ ਰਹਿ ਗਈ?

ਇਹ ਕਹਾਣੀ ਨਿਸ਼ਾਨ ਸਿੰਘ ਵੱਲੋਂ ਫਰੀਦਕੋਟ ਦੀ ਇੱਕ ਕੁੜੀ ਨੂੰ ਅਗਵਾ ਕਰਨ ਤੱਕ ਸੀਮਤ ਨਹੀਂ ਰਹੀ, ਉਸ ਦੇ ਪਿੱਛੋਂ ਰਵੀਸ਼ੇਰ ਜੋਸ਼ ਤੱਕ ਚਲੀ ਗਈ ਹੈ। ਉਹ ਹੁਸ਼ਿਆਰਪੁਰ ਜ਼ਿਲ੍ਹੇ ਵਿਚੋਂ ਅਕਾਲੀ ਦਲ ਦੀ ਵਿਧਾਇਕ ਤੇ ਪੰਜਾਬ ਦੀ ਇੱਕ ਚੀਫ ਪਾਰਲੀਮੈਂਟਰੀ ਸੈਕਟਰੀ ਦਾ ਭਤੀਜਾ ਹੈ। ਇੱਕ ਦਿਨ ਉਸ ਨੇ ਗੱਡੀ ਹੇਠ ਤਿੰਨ ਕੁੜੀਆਂ ਦਰੜ ਦਿੱਤੀਆਂ। ਦੋ ਕੁੜੀਆਂ ਦੀ ਮੌਤ ਹੋ ਗਈ। ਸਰਕਾਰ ਤੱਕ ਜਰਵਾਣੇ ਦੀ ਸਿੱਧੀ ਪਹੁੰਚ ਦਾ ਸਿੱਟਾ ਸੀ ਕਿ ਪੁਲਿਸ ਨੇ ਪਹਿਲਾਂ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਕਿ ਰਵੀਸ਼ੇਰ ਗੱਡੀ ਨਹੀਂ ਸੀ ਚਲਾ ਰਿਹਾ, ਫਿਰ ਸਧਾਰਨ ਹਾਦਸਾ ਬਣਾ ਦੇਣ ਦੀ ਵਾਹ ਲਾਈ ਅਤੇ ਅੰਤ ਨੂੰ ਲੋਕਾਂ ਦਾ ਰੋਹ ਵੇਖ ਕੇ ਮੰਨ ਲਿਆ ਕਿ ਕੇਸ ਬੁਰਛਾਗਰਦੀ ਦਾ ਸੀ। ਮੁੰਡਾ ਰੋਜ਼ ਕੁੜੀਆਂ ਦੇ ਮਗਰ ਗੱਡੀ ਲਾ ਕੇ ਉਨ੍ਹਾਂ ਕੋਲ ਜਾ ਕੇ ਹਾਰਨ ਮਾਰ ਕੇ ਉਨ੍ਹਾਂ ਨੂੰ ਛੇੜਦਾ ਸੀ ਤੇ ਉਹ ਉਸ ਤੋਂ ਡਰ ਕੇ ਭੱਜ ਕੇ ਬਚਦੀਆਂ ਸਨ। ਉਸ ਦਿਨ ਉਹ ਬਚ ਨਹੀਂ ਸਕੀਆਂ। ਅੰਮ੍ਰਿਤਸਰ ਦੀ ਘਟਨਾ ਵਾਂਗ ਇਸ ਮਾਮਲੇ ਵਿਚ ਵੀ ਪੁਲਿਸ ਨੂੰ ਕਈ ਵਾਰ ਸ਼ਿਕਾਇਤ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਪੁਲਿਸ ਨੇ ਮੌਕੇ ਦੇ ਮਾਲਕਾਂ ਦਾ ਰੌਂਅ ਵੇਖ ਕੇ ਟਾਲ ਦਿੱਤਾ ਸੀ। ਕੀ ਰਾਜਸੀ ਪਹੁੰਚ ਵਾਲੇ ਪਰਿਵਾਰਾਂ ਦੇ ਮੈਂਬਰਾਂ ਨੂੰ ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਨੂੰ ਹੱਥ ਪਾਉਣ ਦਾ ਹੱਕ ਦੇ ਦਿੱਤਾ ਗਿਆ ਹੈ?

ਕਤਲ ਪਿਛਲੇ ਸਾਲ ਵੀ ਇੱਕ ਹੋਇਆ ਸੀ। ਪੰਜਾਬ ਦੇ ਯੂਥ ਅਕਾਲੀ ਦਲ ਦੇ ਇੱਕ ਆਗੂ ਨੂੰ ਚੰਡੀਗੜ੍ਹ ਵਿਚ ਕਤਲ ਕਰ ਦਿੱਤਾ ਗਿਆ ਸੀ। ਕਤਲ ਕਰਨ ਵਾਲਾ ਵੀ ਯੂਥ ਅਕਾਲੀ ਦਲ ਦਾ ਆਗੂ ਸੀ। ਕਾਰਨ ਇਹ ਸੀ ਕਿ ਕਤਲ ਹੋਣ ਵਾਲੇ ਨੇ ਕਤਲ ਕਰਨ ਵਾਲੇ ਦੀ ਭੈਣ ਦੀ ਬਲਿਊ ਸੀ ਡੀ ਬਣਾ ਕੇ ਅੱਗੇ ਵੰਡੀ ਸੀ, ਪਰ ਅਕਾਲੀ ਦਲ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਬਾਪ-ਬੇਟੇ ਦੇ ਆਪਣੇ ਜ਼ਿਲ੍ਹੇ ਦੇ ਸ਼ਹਿਰ ਦਾ ਮਾਮਲਾ ਹੋਣ ਦੇ ਬਾਵਜੂਦ ਪੁਲਿਸ ਵੱਲੋਂ ਕਾਰਵਾਈ ਨਹੀਂ ਸੀ ਕੀਤੀ ਗਈ। ਜਿਸ ਦੀ ਭੈਣ ਸੀ, ਉਸ ਦੀ ਪਹੁੰਚ ਘੱਟ ਸੀ ਤੇ ਜਿਸ ਨੇ ਬਦਤਮੀਜ਼ੀ ਕੀਤੀ, ਉਹ ਵੱਧ ਪਹੁੰਚ ਵਾਲਾ ਸੀ, ਇਸ ਲਈ ਵੱਡੀ ਪਹੁੰਚ ਵਾਲੇ ਦੀ ਗੁੰਡਾਗਰਦੀ ਨੂੰ ਪੁਲਿਸ ਅੱਖੋਂ ਪਰੋਖਾ ਕਰਦੀ ਗਈ ਤੇ ਫਿਰ ਘੱਟ ਪਹੁੰਚ ਵਾਲੇ ਨੇ ਸਾਂਝੀ ਰਾਜਧਾਨੀ ਵਿਚ ਜਾ ਕੇ ਆਪਣੇ ਹੱਥੀਂ ਇਨਸਾਫ ਕਰਨ ਦਾ ਉਹ ਯਤਨ ਕੀਤਾ, ਜਿਸ ਦੇ ਨਤੀਜੇ ਵਜੋਂ ਹੁਣ ਉਹ ਖੁਦ ਵੀ ਜੇਲ੍ਹ ਵਿਚ ਹੈ। ਇਸ ਘਟਨਾ ਤੋਂ ਬਾਅਦ ਵੀ ਅਕਾਲੀ ਦਲ ਨੇ ਕੋਈ ਸਬਕ ਕਿਉਂ ਨਾ ਸਿੱਖਿਆ?

ਸਬਕ ਸਿੱਖਣ ਦੀ ਗੱਲ ਉਨ੍ਹਾਂ ਦੇ ਮਨ ਵਿਚ ਆਈ ਹੋਵੇਗੀ, ਪਰ ਸ਼ਾਇਦ ਇਸ ਲਈ ਛੱਡ ਦਿੱਤੀ ਹੋਵੇ ਕਿ ਚੋਣਾਂ ਵਿਚ ਮਾਰ-ਖੋਰੇ ਬੰਦੇ ਵੀ ਚਾਹੀਦੇ ਹਨ। ਜੇ ਅਜਿਹਾ ਨਾ ਹੁੰਦਾ ਤਾਂ ਖਰੜ ਦੀ ਸਟੇਜ ਉਤੇ ਜੋ ਕੁਝ ਵਾਪਰਿਆ ਸੀ, ਉਸ ਦੇ ਬਾਅਦ ਮਾਰ-ਖੋਰੇ ਬੰਦੇ ਅਕਾਲੀ ਦਲ ਵਿਚ ਬਹੁਤੇ ਨਹੀਂ ਸੀ ਹੋਣੇ। ਉਥੇ ਕੁਝ ਸਾਲ ਪਹਿਲਾਂ ਸ. ਪ੍ਰਕਾਸ਼ ਸਿੰਘ ਬਾਦਲ ਆਉਣ ਵਾਲੇ ਸਨ। ਉਨ੍ਹਾਂ ਦੇ ਆਉਣ ਤੋਂ ਪਹਿਲਾਂ ਸਟੇਜ ਉਤੇ ਕਬਜ਼ੇ ਲਈ ਦੋ ਧਿਰਾਂ ਦਾ ਸਿੱਧਾ ਭੇੜ ਹੋ ਗਿਆ। ਸਟੇਜ ਉਤੇ ਗੋਲੀਆਂ ਚੱਲੀਆਂ ਤੇ ਕੁਝ ਬੰਦੇ ਮਾਰੇ ਗਏ। ਇਹ ਗੱਲ ਬਾਦਲ ਸਾਹਿਬ ਦੇ ਆਉਣ ਤੋਂ ਬਾਅਦ ਵੀ ਵਾਪਰ ਸਕਦੀ ਸੀ, ਸ਼ੁਕਰ ਹੈ ਕਿ ਥੋੜ੍ਹਾ ਪਹਿਲਾਂ ਵਾਪਰ ਗਈ। ਅਕਾਲੀ ਲੀਡਰਸ਼ਿਪ ਨੇ ਉਥੇ ਵੀ ਮੁਕਤਸਰ ਵਾਂਗ ਜਿਹੜੀ ਧਿਰ ਵੱਧ ਮਾਰ-ਖੋਰੀ ਸੀ, ਉਸ ਨੂੰ ਆਪਣੇ ਨਾਲ ਜੋੜੀ ਰੱਖਿਆ ਤੇ ਜਿਹੜਾ ਥੋੜ੍ਹਾ ਘੱਟ ਮਾਰ-ਖੋਰਾ ਟੋਲਾ ਸੀ, ਉਹ ਅੱਕ ਕੇ ਅਕਾਲੀਆਂ ਦਾ ਪੱਲਾ ਛੱਡ ਕੇ ਕਾਂਗਰਸ ਵਾਲਿਆਂ ਦੀ ਸ਼ਰਨ ਵਿਚ ਚਲਾ ਗਿਆ।

ਲੁਧਿਆਣੇ ਵਿਚ ਜੋ ਕੁਝ ਵਾਪਰਿਆ ਸੀ, ਉਹ ਵੀ ਆਪਣੀ ਮਿਸਾਲ ਆਪ ਸੀ। ਅਕਾਲੀ ਦਲ ਦਾ ਇੱਕ ਕੌਂਸਲਰ ਇੱਕ ਦਿਨ ਆਪਣੀ ਧਾੜ ਲੈ ਕੇ ਮਿੰਨੀ ਸੈਕਟਰੀਏਟ ਗਿਆ ਤੇ ਅਦਾਲਤ ਲਾਈ ਬੈਠੇ ਰਜਿਸਟਰਾਰ ਨੂੰ ਧੂਹ ਕੇ ਬਾਹਰ ਕੱਢ ਕੇ ਸੈਕਟਰੀਏਟ ਦੀ ਪਾਰਕਿੰਗ ਵਿਚ ਕੁੱਟਣ ਲੱਗ ਪਿਆ। ਮੈਜਿਸਟਰੇਟ ਦੇ ਸਾਰੇ ਕੱਪੜੇ ਪਾੜ ਦਿੱਤੇ ਗਏ। ਸਿਰਫ ਕੱਛਾ ਰਹਿ ਗਿਆ ਤੇ ਉਹ ਵੀ ਇਸ ਲਈ ਕਿ ਕੁਝ ਬਜ਼ੁਰਗਾਂ ਨੇ ਕਿਹਾ ਸੀ ਕਿ ਇਹ ਲੋਹੜਾ ਨਾ ਕਰੋ। ਜ਼ਿਲ੍ਹੇ ਦਾ ਪੁਲਿਸ ਮੁਖੀ ਤੇ ਡਿਪਟੀ ਕਮਿਸ਼ਨਰ ਕੋਲ ਖੜੇ ਉਸ ਮੈਜਿਸਟਰੇਟ ਨੂੰ ਕੁੱਟ ਪੈਂਦੀ ਵੇਖਦੇ ਰਹੇ ਸਨ, ਪਰ ਜਦੋਂ ਉਸ ਕੌਂਸਲਰ ਨੂੰ ਗ੍ਰਿਫਤਾਰ ਕਰਨਾ ਪਿਆ ਤਾਂ ਪੰਜਾਬ ਦਾ ਡਿਪਟੀ ਮੁੱਖ ਮੰਤਰੀ ਲੁਧਿਆਣੇ ਦੀ ਜੇਲ੍ਹ ਵਿਚ ਉਸ ਦੀ ਸੁਖ-ਸਹੂਲਤ ਦਾ ਪੱਕਾ ਪ੍ਰਬੰਧ ਕਰਨ ਲਈ ਅਗਲੇ ਦਿਨ ਆਪ ਉਚੇਚਾ ਗੇੜਾ ਮਾਰਨ ਗਿਆ। ਉਹ ਕੌਂਸਲਰ ਇਸ ਵਾਰ ਵਿਧਾਨ ਸਭਾ ਚੋਣ ਵਿਚ ਅਕਾਲੀ ਦਲ ਨੂੰ ਵੀ ਅੰਗੂਠਾ ਦਿਖਾ ਕੇ ਸਿੱਧਾ ਹੋ ਗਿਆ ਤੇ ਵਿਧਾਨ ਸਭਾ ਚੋਣ ਜਿੱਤ ਗਿਆ। ਬਾਅਦ ਵਿਚ ਉਹ ਅਕਾਲੀ ਦਲ ਵਿਚ ਵਾਪਸ ਨਹੀਂ ਆਇਆ, ਮਾਰ-ਖੋਰਾ ਬੰਦਾ ਨਾਲ ਰੱਖਣ ਦੀ ਨੀਤੀ ਹੇਠ ਅਕਾਲੀ ਦਲ ਦੇ ਇਤਿਹਾਸ ਦਾ ਸਭ ਤੋਂ ਛੋਟੀ ਉਮਰ ਦਾ ਪ੍ਰਧਾਨ ਉਸ ਦੀ ਵਾਪਸੀ ਕਰਵਾਉਣ ਖੁਦ ਗਿਆ ਸੀ। ਇਹ ਕਈ ਹੋਰ ਲੋਕਾਂ ਨੂੰ ਸੰਕੇਤ ਹੋ ਸਕਦਾ ਹੈ ਕਿ ਜੇ ਤੁਸੀਂ ਰਾਜ ਦਰਬਾਰ ਦੇ ਨੇੜੇ ਰਹਿਣਾ ਮੰਗਦੇ ਹੋ ਤਾਂ ਏਦਾਂ ਜੁਰਅੱਤ ਦਾ ਕੰਮ ਕਰ ਕੇ ਵਿਖਾਉਣਾ ਪਵੇਗਾ ਕਿ ਤੁਹਾਡੀ ਲੋੜ ਮਹਿਸੂਸ ਹੋਵੇ, ਤੁਸੀਂ ਕੰਮ ਦੇ ਬੰਦੇ ਜਾਪਣ ਲੱਗ ਪਵੋ।

ਅਸੀਂ ਮਿਸਾਲਾਂ ਦੀ ਲੰਮੀ ਲੜੀ ਬੰਨ੍ਹ ਸਕਦੇ ਹਾਂ। ਇਹ ਮੁੱਕਣ ਦੀ ਥਾਂ ਪੰਜ ਗਰਾਈਂ ਦੇ ਸਾਬਕਾ ਅਕਾਲੀ ਮੰਤਰੀ ਦੇ ਮੰਤਰੀ ਹੁੰਦਿਆਂ ਉਸ ਦੇ ਪੁੱਤਰ ਵੱਲੋਂ ਕੀਤੇ ਕਾਰਿਆਂ ਤੱਕ ਵੀ ਜਾ ਸਕਦੀ ਹੈ। ਫਿਰ ਇਹ ਲੜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਕਲੋਂ ਮੋਟੇ ਪ੍ਰਧਾਨ ਦੇ ਪੁੱਤਰਾਂ ਵੱਲੋਂ ਮੋਗੇ ਦੀ ਨਗਰ ਕੌਂਸਲ ਚੋਣ ਮੌਕੇ ਪੋਲਿੰਗ ਬੂਥ ਦਾ ਦਰਵਾਜ਼ਾ ਬੰਦ ਕਰ ਕੇ ਮਚਾਏ ਧਮੱਚੜ ਅਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਮੁਖੀ ਵੱਲੋਂ ਦਰਵਾਜ਼ੇ ਦੇ ਬਾਹਰ ਖੜੇ ਰਹਿਣ ਦੀ ਕਹਾਣੀ ਤੱਕ ਜਾ ਸਕਦੀ ਹੈ। ਲਿਖਦੇ ਜਾਈਏ ਤਾਂ ਲੜੀ ਲੰਮੀ ਹੋ ਜਾਵੇਗੀ। ਇਸ ਦੀ ਥਾਂ ਅਸੀਂ ਇਹ ਕਹਿਣ ਦੀ ਲੋੜ ਸਮਝਦੇ ਹਾਂ ਕਿ ਪੰਜਵੀਂ ਵਾਰੀ ਮੁੱਖ ਮੰਤਰੀ ਬਣੇ ਬਾਦਲ ਸਾਹਿਬ ਨੂੰ ਐਮਰਜੈਂਸੀ ਵਾਲਾ ਸਮਾਂ ਤੇ ਸੰਜੇ ਗਾਂਧੀ ਦੀ ਭੂਮਿਕਾ ਪਿੱਛੋਂ ਕਾਂਗਰਸ ਦਾ ਹਸ਼ਰ ਯਾਦ ਰੱਖਣਾ ਚਾਹੀਦਾ ਹੈ। ਉਸ ਵੇਲੇ ਕਾਂਗਰਸ ਪਾਰਟੀ ਦੇ ਅੰਦਰ ਆਣ ਵੜੀ ਇਸ ਧਾੜ ਨੇ ਪਾਰਟੀ ਨੂੰ ਪਹਿਲੀ ਵਾਰੀ ਰਾਜ-ਮਹਿਲਾਂ ਤੋਂ ਪਰ੍ਹੇ ਕੀਤਾ ਸੀ। ਜੇ ਕਾਂਗਰਸ ਵਾਲੇ ਇਤਿਹਾਸ ਨੂੰ ਬਾਦਲ ਸਾਹਿਬ ਵਾਚਣ ਦੇ ਯੋਗ ਨਹੀਂ ਸਮਝਦੇ ਤਾਂ ਲਾਹੌਰ ਦਰਬਾਰ ਬਾਰੇ ਸ਼ਾਹ ਮੁਹੰਮਦ ਦਾ ਕਿੱਸਾ ਪੜ੍ਹ ਲੈਣ। ਇੱਕ ਸਮਾਂ ਅਜਿਹਾ ਵੀ ਆਇਆ ਸੀ, ਜਿਸ ਬਾਰੇ ਉਸ ਵਿਚ ਦਰਜ ਹੈ: 'ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ, ਭੂਤ ਮੰਡਲੀ ਹੋਈ ਤਿਆਰ ਮੀਆਂ।' ਸਾਡੇ ਸਮੇਂ ਵਿਚ ਵੀ ਰਾਜ ਦਰਬਾਰ ਦੇ ਨੇੜੇ-ਤੇੜੇ ਸਾਊ ਬੰਦਾ ਜੇ ਕੋਈ ਬਚਿਆ ਰਹਿ ਗਿਆ ਹੈ ਤਾਂ ਲਾਹੌਰ ਦੇ ਉਦੋਂ ਦੇ ਸਰਦਾਰਾਂ ਵਾਂਗ ਉਹ ਸਿਰੀ ਦਬਾਈ ਦਿਨ ਕੱਟ ਰਿਹਾ ਹੈ, ਕਿਉਂਕਿ ਅਕਾਲੀ ਦਲ ਵਿਚ ਹੁਣ ਉਹ ਭੂਤ ਮੰਡਲੀ ਤਿਆਰ ਹੋ ਗਈ ਹੈ, ਜਿਹੜੀ ਰਾਣਿਆਂ, ਰਵੀਸ਼ੇਰਾਂ ਤੇ ਨਿਸ਼ਾਨਾਂ ਵਾਂਗ ਨਾ ਸ਼ਕਲੋਂ ਅਕਾਲੀ ਹੈ ਤੇ ਨਾ ਅਕਲੋਂ ਹੀ। ਇਹ ਭੂਤ ਮੰਡਲੀ ਜਦੋਂ ਤੇ ਜਿੱਥੇ ਤਿਆਰ ਹੋ ਜਾਵੇ, ਉਥੇ ਸੁੱਖ ਨਹੀਂ ਰਹਿੰਦੀ ਹੁੰਦੀ, ਗਲੀਆਂ ਦੀ ਜੰਗ ਰਾਜ ਦਰਬਾਰ ਦੇ ਕੁਨਬੇ ਤੱਕ ਪਹੁੰਚ ਜਾਇਆ ਕਰਦੀ ਹੈ। ਹੁਣ ਵੀ ਲੋਕ ਏਦਾਂ ਦੀਆਂ ਗੱਲਾਂ ਦੱਬੀ ਜ਼ਬਾਨ ਵਿਚ ਕਰਦੇ ਸੁਣੇ ਜਾਂਦੇ ਹਨ। ਕੀ ਮੁੱਖ ਮੰਤਰੀ ਬਾਦਲ ਸਾਹਿਬ ਇਸ ਭੂਤ-ਮੰਡਲੀ ਨੂੰ ਲੋਕਾਂ ਦੀ ਪੱਤ ਲਾਹੁੰਦੀ ਅਤੇ ਖੂਨ ਵਗਾਉਂਦੀ ਉਦੋਂ ਤੱਕ ਵੇਖਦੇ ਰਹਿਣਗੇ, ਜਦ ਤੱਕ ਇਹ ਰਾਜ-ਦਰਬਾਰ ਤੱਕ ਨਹੀਂ ਪਹੁੰਚ ਜਾਂਦੀ? ਕੀ ਉਹ ਅਵਧ ਦੇ ਨਵਾਬਾਂ ਦਾ ਹਸ਼ਰ ਯਾਦ ਨਹੀਂ ਕਰਨਗੇ, ਜਿਨ੍ਹਾਂ ਨੇ ਉਦੋਂ ਹੀ ਸੋਝੀ ਕੀਤੀ ਸੀ, ਜਦੋਂ ਕੁਝ ਕਰਨ ਨੂੰ ਬਾਕੀ ਨਹੀਂ ਸੀ ਰਹਿ ਗਿਆ?

# ਕਵਿਤਾ ਦਾ ਪੁਨਰ ਜਨਮ

ਇਕ ਸਾਹਿਤ ਸਭਾ ਵਲੋਂ ਇਕ ਨਾਮਵਰ ਕਵੀ ਦੀ ਯਾਦ ਵਿਚ ਸ਼ਰਧਾਂਜਲੀ ਵਜੋਂ ਕਵੀ ਦਰਬਾਰ ਕਰਵਾਇਆ ਗਿਆ। ਵੱਖ ਵੱਖ ਕਵੀ ਆਪੋ ਆਪਣੀਆਂ ਰਚਨਾਵਾਂ ਸਰੋਤਿਆਂ ਦੀ ਨਜ਼ਰ ਕਰਨ ਲੱਗੇ। ਇਕ ਕਵੀ ਨੇ ਇਕ ਕਵਿਤਾ ਪੇਸ਼ ਕੀਤੀ ਜਿਸ ਨੂੰ ਸੁਣਦਿਆਂ ਹੀ ਮੈਂ 1980 ਦੇ ਦਹਾਕੇ ਵਿਚ ਜਾ ਪਹੁੰਚਿਆ। ਚੇਤੇ ਆਇਆ ਕਿ ਇਹ ਕਵਿਤਾ ਤਾਂ ਮੈਂ ਲਿਖੀ ਸੀ ਜੋ ਕਾਲਜ ਦੇ ਸਮਿਆਂ ਦੌਰਾਨ ਕਾਲਜ ਮੈਗਜ਼ੀਨ ਅਤੇ ਹੋਰ ਰਸਾਲਿਆਂ ਵਿਚ ਵੀ ਛਪੀ। ਇਸ ਦਾ ਹਿੰਦੀ ਰੂਪਾਂਤਰਣ ਵੀ ਛਪਿਆ। ਕਵੀ ਬੇਝਿਜਕ ਲਹਿਜੇ ਵਿਚ ਕਵਿਤਾ ਪੜ੍ਹੀ ਜਾ ਰਿਹਾ ਸੀ। ਮੈਂ ਮਨ 'ਚ ਸੋਚਿਆ ਕਿ ਸ਼ਾਇਦ ਅੰਤਲੀਆਂ ਲਾਈਨਾਂ ਕਹਿਣ ਉਪਰੰਤ ਉਹ ਕਵੀ ਲੇਖਕ ਵਜੋਂ ਮੇਰਾ ਨਾਂ ਲਵੇਗਾ ਪਰ ਉਸ ਨੇ ਆਪਣਾ ਨਾਂ ਫਿਟ ਕਰਦਿਆਂ ਜਾਹਰ ਕੀਤਾ ਜਿਵੇਂ ਕਵਿਤਾ ਉਸੇ ਨੇ ਲਿਖੀ ਹੋਵੇ। ਜਿਸ ਕਾਲਜ ਰਸਾਲੇ ਅਤੇ ਹੋਰ ਰਸਾਲੇ ਵਿਚ ਇਹ ਕਵਿਤਾ ਛਪੀ ਸੀ ਉਹ ਮੇਰੇ ਪਾਸ ਅਜੇ ਵੀ ਪਏ ਹਨ। ਸਰੋਤੇ ਕਵਿਤਾ ਦੀ ਦਾਦ ਦੇ ਰਹੇ ਸਨ ਅਤੇ ਕਵੀ ਵੀ ਖੁਸ਼ ਹੋ ਰਿਹਾ ਸੀ।

ਮੈਂ ਉਠ ਕੇ ਇਹ ਨਾ ਆਖ ਸਕਿਆ ਕਿ ਇਹ ਕਵਿਤਾ ਤਾਂ ਮੇਰੀ ਲਿਖੀ ਹੋਈ ਹੈ ਜਿਸ ਬਾਰੇ ਇਹ ਸ਼ਾਇਰ ਕਹਿ ਰਿਹਾ ਹੈ ਕਿ ਉਸ ਨੇ ਹੁਣੇ ਲਿਖੀ ਹੈ। ਲਗਦਾ ਹੈ ਇਹ ਜਰੂਰ ਮੇਰੇ ਤੋਂ ਮਰ ਗਈ ਹੋਵੇਗੀ। ਇਸੇ ਕਰਕੇ ਇਸ ਦਾ ਹੁਣ ਪੁਨਰ ਜਨਮ ਬਿਨਾ ਕਿਸੇ ਤਬਦੀਲੀ ਤੋਂ ਨਵੇਂ ਕਵੀ ਸਾਹਿਬ ਦੀ ਕਲਮ ਤੋਂ ਹੋਇਆ ਹੈ। ਮੇਰੇ ਮਨ ਵਿਚ ਇਕ ਪ੍ਰਸ਼ਨ ਉਠਿਆ ਕਿ ਜਿਸ ਸ਼ਾਇਰ ਨੂੰ ਅਸੀਂ ਸ਼ਰਧਾਂਜਲੀ ਦੇ ਰਹੇ ਹਾਂ, ਕੀ ਉਸ ਦੀਆਂ ਅਤੇ ਹੋਰ ਨਾਮਵਰ ਕਵੀਆਂ ਦੀਆਂ ਰਚਨਾਵਾਂ ਦਾ ਵੀ ਪੁਨਰ ਜਨਮ ਨਵੇਂ ਲੇਖਕਾਂ ਦੀ ਕਲਮ ਤੋਂ ਹੋਵੇਗਾ?

-ਕੁਲਵੰਤ ਉਭੀ ਧਾਲੀਆਂ

# ਅਦਾਕਾਰ ਧਰਮਿੰਦਰ ਦੀ ਜ਼ਮੀਨ 'ਤੇ ਕਬਜ਼ਾ

**ਲੁਧਿਆਣਾ:** ਬਾਲੀਵੁੱਡ ਅਦਾਕਾਰ ਧਰਮਿੰਦਰ ਦੀ ਲੁਧਿਆਣੇ 'ਚ ਜ਼ਮੀਨ ਉਪਰ ਜਾਅਲੀ ਕਾਗਜ਼ਾਤ ਤਿਆਰ ਕਰਕੇ ਕਬਜ਼ਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੋਸ਼ ਵਿਚ ਲੁਧਿਆਣਾ ਪੁਲਿਸ ਨੇ 12 ਵਿਅਕਤੀਆਂ ਵਿਰੁੱਧ ਕੇਸ ਦਰਜ ਕਰਕੇ ਦੋ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਮੁਤਾਬਕ ਧਰਮਿੰਦਰ ਸਿੰਘ ਪੁੱਤਰ ਕੇਵਲ ਕ੍ਰਿਸ਼ਨ ਦੀ ਹੈਬੋਵਾਲ ਕਲਾਂ ਸਥਿਤ ਮੁਹੱਲਾ ਅਜੀਤ ਨਗਰ ਵਿਚ 12 ਕਿੱਲੇ ਜੱਦੀ ਜਾਇਦਾਦ ਸੀ।

ਇਸ ਜਾਇਦਾਦ ਵਿਚੋਂ ਧਰਮਿੰਦਰ ਨੇ ਆਪਣੇ ਮੁਖਤਿਆਰੇ ਆਮ ਰਾਹੀਂ ਤਕਰੀਬਨ ਨੌਂ ਕਿੱਲੇ ਜ਼ਮੀਨ ਵੱਖ-ਵੱਖ ਵਿਅਕਤੀਆਂ ਨੂੰ ਵੇਚ ਦਿੱਤੀ ਸੀ। ਬਾਕੀ ਬਚਦੀ 2600 ਵਰਗ ਗਜ਼ (3 ਏਕੜ) ਵਿਚੋਂ 1333 ਵਰਗ ਗਜ਼ 'ਤੇ ਰੋਹਿਤ ਕਪਿਲਾ ਤੇ ਭੂ-ਮਾਫੀਆ ਵੱਲੋਂ ਮਹਿਕਮਾ ਮਾਲ ਨਾਲ ਮਿਲੀਭੁਗਤ ਕਰਕੇ ਜਾਅਲੀ ਕਾਗਜ਼ਾਤ ਤਿਆਰ ਕੀਤੇ ਗਏ ਹਨ। ਇਸ ਦੋਸ਼ ਅਧੀਨ ਮਹਿਕਮਾ ਵਿਜੀਲੈਂਸ ਬਿਊਰੋ ਲੁਧਿਆਣਾ ਵੱਲੋਂ ਤਕਰੀਬਨ 12 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ।

ਜ਼ਿਕਰਯੋਗ ਹੈ ਕਿ ਜਸਵੰਤ ਸਿੰਘ ਜੋ ਰੋਹਿਤ ਕਪਿਲਾ ਦਾ ਪਾਰਟਨਰ ਹੈ, ਇਸ ਨੇ ਹੋਰ ਜਾਅਲੀ ਵਿਅਕਤੀ ਖੜ੍ਹੇ ਕਰਕੇ ਇਹ ਮੁਖਤਿਆਰਨਾਮਾ ਆਮ ਆਪਣੇ ਹੱਕ ਵਿਚ ਜਲੰਧਰ ਤੋਂ ਵਾਕਿਆ ਹੈਬੋਵਾਲ ਕਲਾਂ ਲੁਧਿਆਣਾ ਦਾ ਰਜਿਸਟਰ ਕਰਵਾਇਆ ਸੀ। ਇਸੇ ਮੁਖਤਿਆਰਨਾਮੇ ਦੇ ਆਧਾਰ 'ਤੇ ਇਹ ਮੁਖਤਿਆਰਨਾਮਾ ਖਾਸ ਹੋਰ ਵਿਅਕਤੀਆਂ ਦੇ ਨਾਂ 'ਤੇ ਲੁਧਿਆਣਾ ਵਿਖੇ ਰਜਿਸਟਰ ਕਰਵਾ ਦਿੱਤਾ ਗਿਆ। ਇਸ ਮੁਖਤਿਆਰਨਾਮਾ ਖਾਸ ਤੋਂ ਰੋਹਿਤ ਕਪਿਲਾ ਨੇ ਆਪਣੇ ਨਾਂ 'ਤੇ ਉਕਤ ਰਕਬੇ ਦੀਆਂ ਦੋ ਰਜਿਸਟਰੀਆਂ ਕਰਵਾ ਕੇ ਧਰਮਿੰਦਰ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਕੀਤੇ ਹਨ।

# ਇਬਾਰਤ ਇਕ ਇਸ਼ਤਿਹਾਰ ਦੀ, ਇੱਜ਼ਤਾਂ ਦੇ ਪਾਵੇ ਵਾਸਤੇ!

ਗੁਰੂਆਂ ਪੀਰਾਂ ਦੇ ਪਾਵਨ ਪੁਰਬਾਂ ਅਤੇ ਹੋਰ ਇਤਿਹਾਸਕ ਦਿਨ ਦਿਹਾੜਿਆਂ ਮੌਕੇ ਅਖ਼ਬਾਰਾਂ ਵਿਚ ਵੱਡੇ ਵੱਡੇ ਇਸ਼ਤਿਹਾਰ ਛਪਵਾਏ ਜਾਂਦੇ ਹਨ ਜਿਨ੍ਹਾਂ ਵਿਚ ਸਮੁੱਚੀ ਲੋਕਾਈ ਨੂੰ ਲੱਖ ਲੱਖ ਵਧਾਈਆਂ/ਮੁਬਾਰਕਾਂ ਦਿੱਤੀਆਂ ਹੁੰਦੀਆਂ ਹਨ। ਕਿਸੇ ਕਿਸੇ ਨੇ ਆਪਣੇ ਪੂਰੇ ਟੱਬਰ ਦੀ ਫੋਟੋ ਨਾਲ ਆਪਣੇ ਕਾਰੋਬਾਰ ਦੀ ਜਾਣਕਾਰੀ ਵੀ ਲਿਸ਼ਕਾ-ਪੁਸ਼ਕਾ ਕੇ ਛਪਵਾਈ ਹੁੰਦੀ ਹੈ। ਮਹਿੰਗੇ ਭਾਅ ਅਜਿਹੇ ਇਸ਼ਤਿਹਾਰ ਛਪਵਾਉਣ ਵਾਲਿਆਂ ਦੇ ਮਨਾਂ ਵਿਚ ਆਪਣੇ ਧਾਰਮਿਕ ਰਹਿਬਰਾਂ ਪ੍ਰਤੀ ਸ਼ਰਧਾ ਦਾ ਹੜ੍ਹ ਠਾਠਾਂ ਮਾਰਦਾ ਹੁੰਦਾ ਹੋਵੇਗਾ ਕਿ ਆਪਣੇ ਬਿਜਨੈਸ ਦੀ ਇਸ਼ਤਿਹਾਰਬਾਜ਼ੀ ਦੀ ਲਾਲਸਾ ਛਾਲਾਂ ਮਾਰਦੀ ਹੁੰਦੀ ਹੋਵੇਗੀ? ਇਹ ਤਾਂ ਰੱਬ ਜਾਣੇ ਜਾਂ ਉਹ ਬਿਜਨੈਸਮੈਨ ਜਾਣਨ; ਲੇਕਿਨ ਇਸ ਲਿਖਤ ਵਿਚ ਜਿਸ ਇਸ਼ਤਿਹਾਰ ਦੀ ਗੱਲ ਕੀਤੀ ਜਾ ਰਹੀ ਹੈ, ਉਹ ਨਾ ਤਾਂ ਕਿਸੇ ਕਾਰੋਬਾਰੀ ਵਪਾਰੀ ਨੇ ਛਪਵਾਇਆ ਹੈ ਅਤੇ ਨਾ ਹੀ ਉਸ ਦੀ ਸ਼ਬਦਾਵਲੀ ਕਿਸੇ ਗੁਰੂ ਪੀਰ ਨੂੰ ਸਮਰਪਿਤ ਹੈ। ਹਾਂ, ਗੁਰੂਆਂ ਪੀਰਾਂ ਵੱਲੋਂ ਵਰੋਸਾਏ ਪੰਜਾਬ ਲਈ ਇਹਦੇ ਵਿਚ ਹਾਅ ਦਾ ਨਾਅਰਾ ਮਾਰਿਆ ਗਿਆ ਹੈ। ਆਪਣੇ ਪੁਰਖਿਆਂ ਦੀ ਭੂਮੀ ਲਈ ਦਰਦ ਭਰੀ ਹੂਕ ਹੈ ਇਸ ਇਸ਼ਤਿਹਾਰ ਵਿਚ!

ਆਪਣੇ ਆਪ ਵਿਚ ਵਿਲੱਖਣ ਦਿੱਖ ਵਾਲਾ ਇਹ ਇਸ਼ਤਿਹਾਰ ਕਿਸੇ ਸਿਆਸਤਦਾਨ, ਧਨਾਢ ਵਪਾਰੀ, ਕਾਰੋਬਾਰੀ ਅਦਾਰੇ, ਕਿਸੇ ਖਾਸ ਸਭਾ ਸੁਸਾਇਟੀ ਜਾਂ ਕਿਸੇ ਵਿਅਕਤੀ ਵਿਸ਼ੇਸ਼ ਨੇ ਜਾਰੀ ਨਹੀਂ ਕੀਤਾ; ਇਹ ਤਾਂ ਹੱਥੀਂ ਕਿਰਤ ਕਰ ਕੇ ਆਪਣਾ ਜੀਵਨ ਨਿਰਬਾਹ ਚਲਾਉਣ ਵਾਲੇ ਉਨ੍ਹਾਂ ਪੰਜਾਬ ਹਿਤੈਸ਼ੀਆਂ ਨੇ ਲਹੂ ਦੇ ਅੱਥਰੂ ਕੇਰਦਿਆਂ ਹੋਇਆਂ ਲਿਖਿਆ ਹੈ ਜੋ ਭਾਰਤ, ਹਾਲੈਂਡ, ਇੰਗਲੈਂਡ, ਕੈਨੇਡਾ, ਆਸਟ੍ਰੇਲੀਆ, ਇਟਲੀ, ਹਾਂਗ ਕਾਂਗ ਅਤੇ ਅਮਰੀਕਾ ਵਿਚ ਰਹਿੰਦਿਆਂ ਆਪਣੇ ਮਾਦਰੇ ਵਤਨ ਦੀ ਨਿਘਰਦੀ ਹਾਲਤ 'ਤੇ ਚਿੰਤਾਗ੍ਰਸਤ ਹੋਏ ਰਹਿੰਦੇ ਨੇ। ਇਨ੍ਹਾਂ ਵਿਚ ਕੋਈ ਰੇਡੀਓ ਹੋਸਟ, ਪੱਤਰਕਾਰ, ਲਿਖਾਰੀ, ਖਿਡਾਰੀ, ਟਰੱਕ/ਟੈਕਸੀ ਡਰਾਇਵਰ, ਦੁਕਾਨਦਾਰ ਅਤੇ ਕੋਈ ਗੀਤਕਾਰ ਹੈ। ਹਰ ਤਰ੍ਹਾਂ ਦੇ ਵਖਰੇਵਿਆਂ ਤੋਂ ਉੱਪਰ ਉੱਠ ਕੇ ਇਨ੍ਹਾਂ ਸਾਰਿਆਂ ਨੇ ਰਲ-ਮਿਲ ਕੇ ਦੇਸ਼ ਵਿਦੇਸ਼ ਵਸਦੇ ਸਮੂਹ ਪੰਜਾਬੀਆਂ ਨੂੰ ਦਿਲ ਟੁੰਬਵੇਂ ਬੋਲਾਂ ਨਾਲ ਹਲੂਣਿਆ ਹੈ।

ਆਮ ਛਪਦੇ ਇਸ਼ਤਿਹਾਰਾਂ ਵਾਂਗ ਕੋਈ ਫੰਡ ਇਕੱਠਾ ਕਰਨ ਲਈ ਜਾਂ ਕੋਈ ਨਵੀਂ ਸੰਸਥਾ ਪਾਰਟੀ ਖੜ੍ਹੀ ਕਰਨ ਦੀ ਅਪੀਲ ਨਾਲ ਨਹੀਂ ਸਗੋਂ ਨੁਕੀਲੇ ਅਣਖੀਲੇ ਤੀਰਾਂ ਵਰਗੇ ਪੰਜ ਸਵਾਲ, ਪੰਜਾਬੀਆਂ ਨੂੰ ਕਰਦਿਆਂ ਹੋਇਆਂ ਇਸ਼ਤਿਹਾਰ ਦੀ ਸ਼ੁਰੂਆਤ ਕੀਤੀ ਗਈ ਹੈ। ਪਹਿਲੇ ਸਵਾਲ ਵਿਚ ਗ਼ਫ਼ਲਤ ਦੀ ਨੀਂਦ 'ਚ ਸੁੱਤੇ ਪੰਜਾਬੀਆਂ ਨੂੰ ਨਿਹੋਰਾ ਮਾਰਦਿਆਂ ਪੁੱਛਿਆ ਗਿਆ ਹੈ ਕਿ ਭਰਾਵੋ, ਕੀ ਆਪਾਂ ਸੱਚ ਮੁੱਚ ਅਣਖੀ ਹਾਂ ਜਾਂ ਹੁਣ 'ਕਾਗਜ਼ੀ ਅਣਖੀ' ਬਣ ਚੁੱਕੇ ਹਾਂ? ਦੂਜੇ ਸਵਾਲ ਵਿਚ ਉਨ੍ਹਾਂ ਨੂੰ ਪੰਜਾਬ 'ਚ ਸੱਭਿਆਚਾਰ ਦੇ ਨਾਂ ਹੇਠ ਪਾਏ ਜਾ ਰਹੇ ਗੰਦ ਖ਼ਿਲਾਫ਼ 'ਚੁੱਪ ਵੱਟਣ' ਦਾ ਕਾਰਨ ਪੁੱਛਿਆ ਗਿਆ ਹੈ? ਤੀਜਾ ਸਵਾਲ ਪੰਜਾਬ ਦੇ ਉਨ੍ਹਾਂ ਬੁੱਧੀਜੀਵੀਆਂ ਨੂੰ ਮੁਖ਼ਾਤਬ ਹੈ ਜੋ ਜਵਾਨ ਪੀੜ੍ਹੀ ਨੂੰ 'ਪੁੱਠੀਆਂ ਪੱਟੀਆਂ' ਪੜ੍ਹਾਉਣ ਵਾਲਿਆਂ ਵਿਰੁਧ ਖਾਮੋਸ਼ੀ ਧਾਰੀ ਬੈਠੇ ਹਨ? ਚੌਥੇ ਸਵਾਲ ਵਿਚ ਪੰਜਾਬ ਪੁਲਿਸ ਅਤੇ ਸਰਕਾਰੀ ਤੰਤਰ ਤੋਂ ਜਵਾਬ ਮੰਗਿਆ ਗਿਆ ਹੈ ਕਿ ਉਹ ਜਵਾਨੀ ਨੂੰ ਕਾਮ ਉਕਸਾਊ ਤੇ ਭੜਕਾਊ ਗੀਤਾਂ ਜਾਂ ਵੀਡੀਓ 'ਤੇ ਪਾਬੰਦੀ ਕਿਉਂ ਨਹੀਂ ਲਾਉਂਦੇ? ਪੰਜਵਾਂ ਸਵਾਲ, ਸਿੱਧਾ ਗਾਇਕਾਂ ਅਤੇ ਗੀਤਕਾਰਾਂ ਨੂੰ ਹੈ ਕਿ ਸੱਜਣੋਂ, ਧੀਆਂ ਨੂੰ ਕੁੱਖਾਂ ਵਿਚ ਮਾਰਨ ਦੇ ਬੇ-ਰਹਿਮ ਵਰਤਾਰੇ ਵਿਚ ਕੀ ਤੁਸੀਂ ਵੀ ਯੋਗਦਾਨ ਨਹੀਂ ਪਾ ਰਹੇ? ਆਖ਼ਰ, ਤੁਹਾਡੀ ਬਦੌਲਤ ਬਣੇ ਮਾਹੌਲ ਵਿਚ ਕੌਣ ਧੀਆਂ ਜੰਮੇਗਾ?

'ਸਾਡੀ ਚੁੱਪ ਦਾ ਨਤੀਜਾ ਸਾਡੀਆਂ ਨਸਲਾਂ ਭੁਗਤਣਗੀਆਂ!' ਵਾਲੀ ਭਵਿੱਖਮੁਖੀ, ਖ਼ਤਰਨਾਕ ਤੇ ਭਿਆਨਕ ਚਿਤਾਵਨੀ ਤੋਂ ਬਾਅਦ, ਪੰਜਾਬ ਨੂੰ ਲੱਚਰਤਾ ਨਾਲ ਗੰਧਲਾ ਤੇ ਵਿਸ਼ੈਲਾ ਬਣਾਉਣ ਵਿਰੁਧ ਚਹੁੰ ਧਿਰਾਂ ਅੱਗੇ ਅਰਜੋਈ ਕੀਤੀ ਗਈ ਹੈ। ਸਭ ਤੋਂ ਪਹਿਲਾਂ ਮਾਪਿਆਂ ਪ੍ਰਤੀ ਗੁਜਾਰਿਸ਼ ਵਿਚ ਪੰਜਾਬ ਦੇ ਗੌਰਵਮਈ ਇਤਿਹਾਸ ਤੇ ਵਿਰਸੇ ਦਾ ਵਾਸਤਾ ਪਾਉਂਦਿਆਂ ਕੁਝ ਇਹੋ ਜਿਹੇ ਦਰਦ ਭਿੰਨੇ ਅਲਫਾਜ਼ ਲਿਖੇ ਗਏ ਹਨ,

'ਅਣਖ ਅਤੇ ਗ਼ੈਰਤ ਨਾਲ ਲਬਰੇਜ਼ ਪੰਜਾਬ ਦੇ ਸ਼ਾਨਾਂਮੱਤੇ ਵਿਰਸੇ ਨੂੰ ਅੱਜ ਹਨੇਰੇ ਖੂਹ ਦੀ ਮੌਣ 'ਤੇ ਲਿਆ ਖੜ੍ਹਾਇਆ ਗਿਆ ਹੈ। ਇਸ ਨੂੰ ਪਿਛਿਉਂ ਧੱਕਾ ਦੇ ਕੇ ਖੂਹ 'ਚ ਗਰਕ ਕਰਨ ਲਈ ਇਹ ਸੱਭਿਆਚਾਰ ਦੇ ਅਖੌਤੀ ਵਾਰਸ, ਗਾਇਕ ਕਲਾਕਾਰ ਤੇ ਗੀਤਕਾਰ ਪੱਬਾਂ ਭਾਰ ਹੋਏ ਪਏ ਹਨ, ਜਿਸ ਤਰ੍ਹਾਂ ਹਲਕੇ ਹੋਏ ਕੁੱਤੇ ਨੂੰ ਮਾਰਨ ਵਾਸਤੇ ਰੋਟੀ ਜਾਂ ਗੁੜ 'ਚ ਲਪੇਟ ਕੇ ਜ਼ਹਿਰ ਦਿੱਤਾ ਜਾਂਦਾ ਹੈ, ਇਵੇਂ ਹੀ ਰੂਹ ਨੂੰ ਸਕੂਨ ਦੇਣ ਵਾਲੇ ਸੰਗੀਤ ਦੀਆਂ ਧੁਨਾਂ ਵਿਚ ਲਪੇਟ ਕੇ ਤੁਹਾਡੇ ਬੱਚਿਆਂ ਨੂੰ ਮਾਰੂ ਜ਼ਹਿਰ ਦਿੱਤਾ ਜਾ ਰਿਹਾ ਹੈ। ਤੁਹਾਡੇ ਮੁੰਡਿਆਂ ਨੂੰ ਪੜ੍ਹਨ ਲਿਖਣ ਦੀ ਉਮਰੇ ਕੁੜੀਆਂ ਦੇ ਕਾਲਜਾਂ ਅੱਗੇ ਮੋਟਰਸਾਈਕਲਾਂ 'ਤੇ ਮਟਰਗਸ਼ਤੀ ਕਰਦਿਆਂ ਆਸ਼ਕੀ ਕਰਨ ਦੇ 'ਵਲ' ਦੱਸੇ ਜਾ ਰਹੇ ਹਨ; ਇਹ ਭੁੱਲ ਕੇ ਕਿ ਉਨ੍ਹਾਂ ਕਾਲਜਾਂ ਵਿਚ ਸਾਡੀਆਂ ਧੀਆਂ-ਭੈਣਾਂ ਵੀ ਪੜ੍ਹਦੀਆਂ ਹਨ। ਕੁੜੀਆਂ ਮਗਰ ਲੜਾਈਆਂ ਲੜਨ ਨੂੰ ਸ਼ਹਿ ਦਿੰਦੇ ਫੂਹੜ ਗੀਤ ਤੁਹਾਡੇ ਸਾਊ ਪੁੱਤਾਂ ਨੂੰ ਵੈਲੀ ਅਤੇ ਚੋਰੀ ਯਾਰੀ ਕਰਨ ਵਾਲੇ ਮੁਸ਼ਟੰਡੇ ਬਣਾ ਰਹੇ ਨੇ। ਇਨ੍ਹਾਂ ਬੇਹੂਦਾ ਕਲਾਕਾਰਾਂ ਨੇ ਤੁਹਾਡੀਆਂ ਸਕੂਲ 'ਚ ਪੜ੍ਹਦੀਆਂ ਬੱਚੀਆਂ ਨੂੰ ਵੀ ਨਹੀਂ ਬਖ਼ਸ਼ਿਆ। ਉਨ੍ਹਾਂ ਬਾਲੜੀਆਂ ਨੂੰ ਸਿਖਾਇਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਆਪਣੇ ਪ੍ਰੇਮੀਆਂ ਨੂੰ ਮਿਲਣ ਜਾਣ ਮੌਕੇ ਪਰਿਵਾਰ ਦੇ ਜੀਆਂ ਨੂੰ ਦੁੱਧ ਵਿਚ ਨੀਂਦ ਦੀਆਂ ਗੋਲੀਆਂ ਘੋਲ ਕੇ ਕਿਵੇਂ ਪਿਆਉਣੀਆਂ ਹਨ। ਗੱਜ ਵੱਜ ਕੇ ਉਨ੍ਹਾਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ ਕਿ ਘਰਦਿਆਂ ਤੋਂ ਚੋਰੀ ਚੋਰੀ, ਪ੍ਰੇਮੀ ਨਾਲ ਮੋਬਾਈਲ 'ਤੇ ਗੱਲਾਂ ਕਿਵੇਂ ਕਰਨੀਆਂ ਹਨ। ਕੰਧਾਂ ਕੌਲੇ ਟੱਪਦਿਆਂ ਅਵਾਰਾਗਰਦੀ ਕਿਵੇਂ ਕਰਨੀ ਹੈ!

ਇਹੋ ਜਿਹੀ ਫੁਕਰੀ ਗਾਇਕੀ ਨੇ ਸਕੂਲਾਂ, ਕਾਲਜਾਂ ਦੀ ਜਿਹੜੀ ਤਸਵੀਰ ਬਣਾ ਦਿੱਤੀ ਹੋਈ ਹੈ, ਹੁਣ ਉਥੇ ਆਪਣੇ ਬੱਚੇ-ਬੱਚੀਆਂ ਨੂੰ ਵਿਦਿਆ ਪ੍ਰਾਪਤੀ ਲਈ ਭੇਜਣ ਵੇਲੇ ਕੀ ਤੁਹਾਡੇ ਕਾਲਜੇ ਦਾ ਰੁੱਗ ਨਹੀਂ ਭਰ ਜਾਂਦਾ ਹੋਵੇਗਾ? ਇਸ ਜ਼ਾਲਮਾਨਾ ਹਿਮਾਕਤ ਦੇ ਤੁਸੀਂ ਕੋਈ ਠੋਸ ਹੱਲ ਕੱਢਣ ਲਈ ਯਤਨਸ਼ੀਲ ਨਹੀਂ ਹੋਵੋਗੇ?

ਦੂਜੀ ਧਿਰ ਨੌਜਵਾਨ ਵਰਗ ਨੂੰ ਗ਼ੈਰ-ਇਖਲਾਕੀ ਰਾਹ 'ਤੇ ਤੁਰਨ ਤੋਂ ਵਰਜਦਿਆਂ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਸੁਨਾਮ ਦੀਆਂ ਸ਼ਹਾਦਤਾਂ ਦਾ ਚੇਤਾ ਕਰਵਾਇਆ ਗਿਆ ਹੈ। ਉਸ ਦੀ ਗ਼ੈਰਤ ਨੂੰ ਵੰਗਾਰ ਪਾਉਂਦਿਆਂ ਪੁੱਛਿਆ ਗਿਆ ਹੈ ਕਿ ਜਦੋਂ ਤੁਸੀਂ ਕੁੜੀਆਂ ਦੇ ਅੰਗਾਂ ਦੀ ਨੁਮਾਇਸ਼ੀ ਗਾਇਕੀ ਝੂਮ ਝੂਮ ਕੇ ਸੁਣਦੇ ਹੋ ਤਾਂ ਤੁਹਾਨੂੰ ਆਪਣੀਆਂ ਸਕੀਆਂ ਭੈਣਾਂ ਦਾ ਚੇਤਾ ਕਿਉਂ ਭੁੱਲ ਜਾਂਦਾ ਹੈ? ਉਹ ਵੀ ਤਾਂ ਇਸੇ ਸਮਾਜ ਵਿਚ ਰਹਿ ਰਹੀਆਂ ਹਨ? ਕੀ ਤੁਸੀਂ ਜਾਣਦੇ ਨਹੀਂ ਕਿ ਇਹੀ ਗੰਦ ਮੰਦ ਉਨ੍ਹਾਂ ਦੇ ਕੰਨੀਂ ਵੀ ਪੈ ਰਿਹਾ ਹੈ? ਤੁਸੀਂ ਇਨ੍ਹਾਂ ਫੁਕਰੇ ਗਾਇਕਾਂ ਦੀਆਂ ਧਾੜਾਂ ਨੂੰ ਪੁੱਛ ਨਹੀਂ ਸਕਦੇ ਕਿ ਤੁਹਾਨੂੰ ਸਾਡੀਆਂ ਧੀਆਂ ਭੈਣਾਂ ਦੀ ਬੇਪਤੀ ਕਰਨ ਦਾ ਹੱਕ ਕਿਸ ਕੰਜਰ ਨੇ ਦਿੱਤਾ ਹੈ? ਨੌਜਵਾਨ ਕੁੜੀਆਂ ਦਾ ਵੀ ਫਰਜ਼ ਨਹੀਂ ਬਣਦਾ ਕਿ ਉਹ ਗਾਇਕਾਂ ਨੂੰ ਪੁੱਛਣ ਕਿ ਸਾਨੂੰ ਬਦਮਾਸ਼ੀਪੁਣੇ ਦੇ ਚਿੱਕੜ ਵਿਚ ਕਾਹਨੂੰ ਸੁੱਟਿਆ ਜਾ ਰਿਹਾ ਹੈ? ਪੰਜਾਬਣ ਧੀਆਂ-ਧਿਆਣੀਆਂ ਆਪਣੇ ਬਾਪ-ਦਾਦਿਆਂ ਦੀਆਂ ਪੱਗਾਂ ਦਾ ਵਾਸਤਾ ਪਾ ਕੇ ਗੰਦ-ਮੰਦ ਬਕਣ ਵਾਲੀਆਂ ਫੁਕਰੀਆਂ ਗਾਇਕ ਕੁੜੀਆਂ ਨੂੰ ਵੀ ਘੇਰ ਕੇ ਪੁੱਛਣ, 'ਨੀ ਭੈਣੋ, ਤੁਸੀਂ ਤਾਂ ਆਪਣੇ ਬਾਪ, ਚਾਚਿਆਂ, ਤਾਇਆਂ ਤੇ ਭਰਾਵਾਂ ਦੀ ਸੰਗ-ਸ਼ਰਮ ਘੋਲ ਕੇ ਪੀ ਚੁੱਕੀਆਂ ਹੋ, ਹੁਣ ਸਾਨੂੰ ਇਸ ਬੇਹਯਾਈ ਦੇ ਹੜ੍ਹ ਵਿਚ ਕਿਉਂ ਧੱਕ ਰਹੀਆਂ ਓ?'

ਸਾਜ਼ਿਸ਼ੀ ਅਤੇ ਗ਼ੈਰ-ਜ਼ਿੰਮੇਵਾਰਾਨਾ ਖਾਮੋਸ਼ੀਆਂ ਧਾਰੀ ਬੈਠੀ ਤੀਜੀ ਧਿਰ, ਸਰਕਾਰ ਅਤੇ ਅਫ਼ਸਰਸ਼ਾਹੀ ਨੂੰ ਤਾਅਨਾ ਮਾਰਿਆ ਗਿਆ ਹੈ ਕਿ ਉਹ 'ਅ-ਸੱਭਿਆਚਾਰ ਦੀ ਅੱਗ' ਵਿਚ ਝੁਲਸ ਹੋ ਰਹੇ ਪੰਜਾਬ ਨੂੰ, ਮਹਿਜ਼ ਤਮਾਸ਼ਬੀਨ ਬਣ ਕੇ ਕਿਉਂ ਦੇਖੀ ਜਾ ਰਹੇ ਹਨ? ਕੀ ਉਨ੍ਹਾਂ ਨੂੰ ਪੰਜਾਬ ਦੀ ਫਿਜ਼ਾ ਵਿਚ ਰਫ਼ਲਾਂ, ਪਿਸਤੌਲਾਂ, ਗੰਡਾਸੇ ਚੁੱਕਣ ਦੀਆਂ ਸਲਾਹਾਂ ਦੇਣ ਵਾਲੇ 'ਗੀਤ' ਗੂੰਜਦੇ ਸੁਣਾਈ ਨਹੀਂ ਦਿੰਦੇ? ਇਹ 'ਅ-ਸੱਭਿਆਚਾਰਕ ਅਤਿਵਾਦ' ਕਿਉਂ ਬਰਦਾਸ਼ਤ ਕੀਤਾ ਜਾ ਰਿਹਾ ਹੈ? ਮੁੱਖ ਮੰਤਰੀ, ਉਪ ਮੁੱਖ ਮੰਤਰੀ, ਮੰਤਰੀ, ਵਿਧਾਇਕ ਤੇ ਅਫ਼ਸਰ, ਸਭ ਦੇ ਸਭ 'ਨੀਰੋ' ਵਾਂਗ ਬੰਸਰੀ ਵਜਾ ਰਹੇ ਹਨ ਤੇ 'ਰੋਮ' ਭੜ ਭੜ ਕਰ ਕੇ ਸੜ ਰਿਹਾ ਐ! ਫੁਕਰੀ ਗਾਇਕੀ ਨੂੰ ਰੋਕਣ ਲਈ, ਕਦੇ ਕਦਾਈਂ ਸੈਂਸਰ ਬੋਰਡ ਬਣਾਉਣ ਦੇ ਬਿਆਨ ਦੇਣ ਵਾਲੀ ਸਰਕਾਰ ਲਈ ਉਹ 'ਚਾਨਣੀ ਦੀਵਾਲੀ' ਕਦੋਂ ਆਉਣੀ ਐ? ਕਦੋਂ ਇਹ ਸੈਂਸਰ ਬੋਰਡ ਹੋਂਦ 'ਚ ਆਏਗਾ?

ਚੌਥੀ ਧਿਰ ਗਾਇਕਾਂ ਨੂੰ ਮੱਤ ਦਿੰਦਿਆਂ ਯਾਦ ਕਰਾਇਆ ਗਿਆ ਹੈ ਕਿ ਮਿੱਤਰੋ, ਪੈਸਾ ਹੀ ਸਭ ਕੁਝ ਨਹੀਂ ਹੁੰਦਾ। ਤੁਸੀਂ ਸਾਡੇ ਹੀ ਪੁੱਤ ਭਰਾ ਹੁੰਦਿਆਂ ਕਿਉਂ ਆਪਣੇ ਭੈਣਾਂ-ਭਰਾਵਾਂ ਦੇ ਰਾਹਾਂ 'ਚ ਕੰਡੇ ਵਿਛਾਉਣ ਤੁਰੇ ਹੋਏ ਹੋ? ਤੁਹਾਡੀ ਗਾਇਕੀ ਤੋਂ ਹੀ 'ਸਬਕ ਲੈ ਕੇ' ਕੋਈ ਲਫੰਡਰ ਮੁੰਡਾ ਕੱਲ੍ਹ ਕਲੋਤਰ ਨੂੰ ਤੁਹਾਡੀਆਂ ਹੀ ਧੀਆਂ-ਭੈਣਾਂ ਦੇ ਰਾਹ ਰੋਕਣ ਲੱਗ ਪਿਆ, ਤਦ ਤੁਹਾਡੇ ਦਿਲ 'ਤੇ ਕੀ ਗੁਜ਼ਰੇਗੀ? ਪੈਸੇ ਤੇ ਸ਼ੁਹਰਤ ਲਈ ਪੰਜਾਬ ਨੂੰ 'ਲੁੱਚਸਤਾਨ' ਬਣਾਉਣ ਲੱਗੇ ਹੋਏ ਭਰਾਵੋ, ਰੱਬ ਦਾ ਵਾਸਤਾ ਜੇ, ਇਹ ਕਹਿਰ ਨਾ ਕਮਾਓ! ਫਰੀਦਕੋਟ ਵਾਲੀ ਨਿਭਾਗਣ ਕੁੜੀ ਸ਼ਰੁਤੀ ਅਤੇ ਇੱਜ਼ਤ ਬਚਾਉਂਦੀ ਆਪਣਾ ਪਿਉ ਮਰਵਾਉਣ ਵਾਲੀ ਛੇਹਰਟੇ ਦੀ ਜੋਬਨਜੀਤ ਕੌਰ ਨਾਲ ਹੋਈ ਜੱਗੋਂ ਤੇਰਵੀਂ ਤੁਹਾਡੀਆਂ ਭੈਣਾਂ ਨਾਲ ਵੀ ਵਾਪਰ ਸਕਦੀ ਹੈ। ਖ਼ੁਦਾ ਦਾ ਖੌਫ ਖਾ ਕੇ, ਲੁੱਚਪੁਣਾ ਫੈਲਾਉਣ ਤੋਂ ਤੌਬਾ ਕਰੋ।

ਸੱਚ ਦੱਸਾਂ ਇਸ ਇਸ਼ਤਿਹਾਰ ਦੀ ਇਬਾਰਤ ਵਿਚੋਂ ਮੈਨੂੰ ਦੁੱਲਾ ਭੱਟੀ ਨੂੰ ਪੈਂਦੀਆਂ ਵੰਗਾਰਾਂ ਸੁਣਾਈ ਦਿੰਦੀਆਂ ਪ੍ਰਤੀਤ ਹੁੰਦੀਆਂ ਹਨ; ਜਿਵੇਂ ਅਕਬਰ ਦੀ ਫੌਜ ਦੁਆਰਾ ਲੁੱਟੀ ਪੁੱਟੀ ਜਾ ਰਹੀ ਸਾਂਦਲ ਬਾਰ ਦਾ ਕੋਈ 'ਮਿਹਰੂ' ਨਾਨਕੇ ਘਰ ਮੌਜਾਂ ਮਾਣਦੇ ਦੁੱਲੇ ਸੂਰਮੇ ਨੂੰ ਤਾਹਨੇ ਮਾਰ ਰਿਹਾ ਹੋਵੇ,

'ਲੜਕੀ ਸਲੇਮੋ ਤੇਰੀ ਕੁਰਲਾਉਂਦੀ ਐ,
ਉਏ ਹੰਝੂ ਪਈ ਵਗਾਉਂਦੀ ਐ।'

ਦੇਖਣਾ ਹੁਣ ਇਹ ਹੈ ਕਿ ਜਿਵੇਂ ਮਾਂ ਲੱਧੀ ਅਤੇ ਭੈਣ ਸਲੇਮੋ ਦੀ ਬੇਇੱਜ਼ਤੀ ਨਾ ਸਹਾਰਦਿਆਂ ਦੁੱਲੇ ਦਾ ਖ਼ੂਨ ਉਬਾਲੇ ਖਾਣ ਲੱਗ ਪਿਆ ਸੀ, ਕੀ ਉਕਤ ਇਬਾਰਤ ਪੜ੍ਹ ਕੇ ਪੰਜਾਬੀਆਂ ਨੂੰ ਵੀ ਰੋਹ ਚੜ੍ਹੇਗਾ ਕਿ ਨਹੀਂ? ਦੁੱਲੇ ਦੀ ਪਿੰਡੀ ਤਾਂ ਹਮਲਾਵਰ ਅਕਬਰ ਨੇ ਉਜਾੜੀ ਸੀ ਪਰ ਪੰਜਾਬ ਦਾ ਤਾਂ ਉਸ ਦੇ 'ਆਪਣਿਆਂ' ਨੇ ਹੀ ਇਹ ਹਾਲ ਕੀਤਾ ਹੋਇਆ ਹੈ,

'ਵਿਸੀਅਰ ਨਾਗਾਂ ਲਾਈਆਂ ਵੇਖੋ,
ਚਾਰ ਚੁਫ਼ੇਰੇ ਅੱਗਾਂ।
ਲੁੱਟੀਆਂ ਚੌਕ ਚੁਰਾਹੇ,
ਰੁਲੀਆਂ ਧੀਆਂ, ਭੈਣਾਂ, ਪੱਗਾਂ।

ਅੰਤਿਕਾ: ਪਤਾ ਲੱਗਿਆ ਹੈ ਕਿ ਇਸ ਇਸ਼ਤਿਹਾਰ ਨੂੰ ਘਰ ਘਰ ਪਹੁੰਚਾਉਣ ਦੇ ਉਪਰਾਲੇ ਕੀਤੇ ਜਾ ਰਹੇ ਨੇ। ਅਨੇਕਾਂ ਪੰਜਾਬੀ ਅਖ਼ਬਾਰ ਇਹ ਮੁਫ਼ਤ ਛਾਪ ਰਹੇ ਹਨ। 'ਫੇਸ ਬੁੱਕ' ਤੋਂ ਇਲਾਵਾ ਵੱਖ-ਵੱਖ ਦੇਸ਼ਾਂ ਦੇ ਪਰਵਾਸੀ ਭਰਾ, ਆਪੋ ਆਪਣੇ ਇਲਾਕਿਆਂ ਵਿਚ ਇਹ ਇਸ਼ਤਿਹਾਰ ਛਪਵਾ ਕੇ ਵੰਡ ਰਹੇ ਹਨ। ਇਹ ਸਤਰਾਂ ਲਿਖਣ ਵੇਲੇ ਤੱਕ ਇਸ ਦੀ ਇਸ਼ਾਇਤ ਗਿਣਤੀ (ਇਕੱਲੇ ਪੰਜਾਬ ਵਿਚ ਹੀ) ਪੰਜਾਹ ਕੁ ਹਜ਼ਾਰ ਦੇ ਲਾਗੇ ਚਾਗੇ ਪਹੁੰਚ ਚੁੱਕੀ ਹੈ, ਜਿਵੇਂ ਜਿਵੇਂ ਇਹ ਲਹਿਰ ਜ਼ੋਰ ਫੜ ਰਹੀ ਹੈ, ਤਿਵੇਂ ਅੱਗੇ ਤੋਂ ਅੱਗੇ ਇਸ ਦੀ ਛਪਵਾਈ ਦੀ ਮੰਗ ਵਧ ਰਹੀ ਹੈ। ਲੱਚਰ ਗਾਇਕੀ ਖ਼ਿਲਾਫ਼ ਚੱਲ ਰਹੀ ਇਸ ਮੁਹਿੰਮ ਬਾਰੇ ਮੁਕੰਮਲ ਜਾਣਕਾਰੀ 'ਹਿੰਮਤਪੁਰਾ ਡਾਟ ਕਾਮ' ਤੋਂ ਲਈ ਜਾ ਸਕਦੀ ਹੈ। ਆਓ ਵੀਰੋ ਭੈਣੋਂ, ਉਜੜਦੇ ਜਾ ਰਹੇ ਪੰਜਾਬ ਲਈ ਸਿਰ ਜੋੜ ਕੇ ਤਦਬੀਰਾਂ ਬਣਾਈਏ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਅਕਾਲੀ ਆਗੂ ਅਤੇ ਪੰਜਾਬ ਦੀਆਂ ਧੀਆਂ

ਅਕਾਲੀ ਦਲ ਦੇ ਵਿਹਲੜ ਅਤੇ ਨਿਕੰਮੇ ਆਗੂ ਹੁਣ ਪੰਜਾਬ ਦੀਆਂ ਧੀਆਂ ਨੂੰ ਬਚਾਉਣ ਨਹੀਂ, ਉਨ੍ਹਾਂ ਦੀ ਇੱਜ਼ਤ ਰੋਲਣ ਅਤੇ ਉਨ੍ਹਾਂ ਨੂੰ ਬੇਪੱਤ ਕਰਨ ਦੇ ਰਾਹ ਪਏ ਹੋਏ ਹਨ। ਸ਼ਹਿਰ ਸ਼ਹਿਰ, ਪਿੰਡ ਪਿੰਡ ਆਪਣੇ ਮੂੰਹ ਕਾਲੇ ਕਰਵਾ ਕੇ ਸਿੱਖ ਇਤਿਹਾਸ ਨੂੰ ਕਲੰਕਤ ਕਰ ਰਹੇ ਹਨ। ਕਰਨ ਵੀ ਕਿਉਂ ਨਾ? ਅਕਾਲੀ ਪਾਰਟੀ ਦਾ ਰਾਜ ਹੈ, ਅਕਾਲੀ ਪਾਰਟੀ ਦੀ ਸਰਕਾਰ ਹੈ ਤੇ ਹਰ ਪਾਸੇ ਹੀ ਅਕਾਲੀ ਦਲ ਦੀ ਜੈ ਜੈ ਕਾਰ ਹੈ! ਜਿਧਰ ਵੇਖੋ ਅਕਾਲੀ ਹੀ ਅਕਾਲੀ ਹੋਈ ਪਈ ਹੈ। ਪਹਿਲਾਂ ਅਕਾਲੀਆਂ ਦੇ ਇਕ ਗੁੰਡੇ ਨਿਸ਼ਾਨ ਸਿੰਘ ਨੇ ਫਰੀਦਕੋਟ ਚਿੱਟੇ ਦਿਨ ਨਾਬਾਲਗ ਸ਼ਰੁਤੀ ਨੂੰ ਉਹਦੇ ਮਾਂ ਬਾਪ ਨੂੰ ਕੁੱਟ ਕੇ ਉਸ ਦੇ ਘਰੋਂ ਅਗਵਾ ਕੀਤਾ। ਸਰਕਾਰ ਤਾਂ ਸੁੱਤੀ ਰਹੀ ਪਰ ਪੰਜਾਬ ਦੇ ਲੋਕਾਂ ਨੇ ਲਾਮਬੰਦ ਹੋ ਕੇ ਸਰਕਾਰ ਨੂੰ ਹਲੂਣਾ ਦਿੱਤਾ, ਤਾਂ ਕਿਤੇ ਜਾ ਕੇ ਨਿਸ਼ਾਨ ਸਿੰਘ ਦੇ ਪੈਰਾਂ ਦੇ ਨਿਸ਼ਾਨ ਪੁਲਿਸ ਨੂੰ ਦਿਖਾਈ ਦਿੱਤੇ। ਹੁਣ ਪੰਜ ਦਸੰਬਰ (2012) ਨੂੰ ਫਿਰ ਇਕ ਅਕਾਲੀ ਆਗੂ ਰਣਜੀਤ ਸਿੰਘ ਰਾਣਾ ਨੇ ਪੰਜਾਬ ਪੁਲਿਸ ਦੇ ਏ.ਐਸ.ਆਈ. ਰਵਿੰਦਰ ਸਿੰਘ ਨੂੰ ਅੰਮ੍ਰਿਤਸਰ ਸ਼ਹਿਰ ਨੇੜੇ ਛੇਹਰਟਾ ਵਿਚ ਮਾਰ ਦਿੱਤਾ। ਇਸ ਘਟਨਾ ਨੇ ਪੰਜਾਬੀਆਂ ਨੂੰ ਝੰਜੋੜ ਕੇ ਰੱਖ ਦਿੱਤਾ, ਪੁਲਿਸ ਵੀ ਸੁੰਨ ਹੋਈ ਪਈ ਹੈ। ਉਂਜ, ਹੁਣ ਲੋਕਾਂ ਨੇ ਵੀ ਸਰਕਾਰ ਖਿਲਾਫ ਬਿਗਲ ਵਜਾ ਦਿੱਤਾ ਹੈ।

ਏ.ਐਸ.ਆਈ. ਰਵਿੰਦਰਪਾਲ ਸਿੰਘ ਦਾ ਗੁਨਾਹ ਇਹ ਸੀ ਕਿ ਉਸ ਨੇ ਆਪਣੀ ਧੀ ਦੀ ਪੱਤ ਬਚਾਉਣ ਦਾ ਯਤਨ ਕੀਤਾ ਸੀ। ਉਸ ਦੀ ਬੇਟੀ ਜਦ ਟਿਊਸ਼ਨ ਪੜ੍ਹਨ ਜਾਂਦੀ ਸੀ ਤਾਂ ਅਕਾਲੀ ਆਗੂ ਰਾਣਾ ਆਪਣੇ ਸਾਥੀਆਂ ਨਾਲ ਰੋਜ਼ ਉਸ ਦਾ ਪਿੱਛਾ ਕਰਦਾ ਸੀ। ਲੜਕੀ ਨੇ ਇਕ ਦਿਨ ਅਕਾਲੀ ਆਗੂ ਦੀ ਗੱਡੀ ਦਾ ਨੰਬਰ ਨੋਟ ਕਰ ਕੇ ਆਪਣੇ ਪਿਤਾ ਨੂੰ ਸਾਰੀ ਕਹਾਣੀ ਸੁਣਾ ਦਿੱਤੀ। ਦੂਜੇ ਦਿਨ ਜਦ ਏ.ਐਸ.ਆਈ. ਨੇ ਫਿਰ ਇਹ ਤਮਾਸ਼ਾ ਦੇਖਿਆ ਤਾਂ ਉਸ ਨੇ ਉਹ ਕਾਰ ਰੋਕ ਕੇ ਉਨ੍ਹਾਂ ਗੁੰਡਿਆਂ ਨਾਲ ਗੱਲ ਕਰਨੀ ਚਾਹੀ ਤਾਂ ਰਣਜੀਤ ਸਿੰਘ ਰਾਣਾ ਨੇ ਗੋਲੀ ਚਲਾ ਦਿੱਤੀ। ਇਸ ਤੋਂ ਬਾਅਦ ਜੋ ਕੁਝ ਹੋਇਆ, ਉਹ ਸਾਰਾ ਜੱਗ ਜਾਣਦਾ ਹੈ। ਸਭ ਤੋਂ ਮਾੜੀ ਗੱਲ ਇਹ ਕਿ ਪੁਲਿਸ ਵਾਰਦਾਤ ਵਾਲੀ ਥਾਂ ਉਤੇ ਬੜੇ ਆਰਾਮ ਨਾਲ ਆਈ, ਉਦੋਂ ਤੱਕ ਰਣਜੀਤ ਸਿੰਘ ਰਾਣਾ ਆਪਣੇ ਸਾਥੀਆਂ ਸਮੇਤ ਫਰਾਰ ਹੋ ਚੁੱਕਾ ਸੀ। ਹੁਣ ਭਾਵੇਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਅਕਾਲੀ ਪਾਰਟੀ ਨੇ ਵੀ ਉਸ ਨੂੰ ਪਾਰਟੀ ਵਿਚੋਂ ਬਾਹਰ ਕੱਢ ਦਿੱਤਾ ਹੈ ਪਰ ਕੀ ਇਸ ਨਾਲ ਪੰਜਾਬ ਦੀ ਗਲੀ ਗਲੀ ਵਿਚ ਲੱਗੀ ਅੱਗ ਬੁਝਾਈ ਜਾ ਸਕਦੀ ਹੈ?

ਇਕ ਹੋਰ ਸਵਾਲ ਹੈ ਕਿ ਜੇ ਪੰਜਾਬ ਪੁਲਿਸ ਦਾ ਬਾਵਰਦੀ ਅਫ਼ਸਰ ਆਪਣੀ ਧੀ ਨੂੰ ਗੁੰਡਿਆਂ ਕੋਲੋਂ ਬਚਾਉਂਦਾ ਮਾਰਿਆ ਗਿਆ ਤਾਂ ਆਮ ਬੰਦੇ ਦਾ ਹਸ਼ਰ ਕੀ ਹੋਵੇਗਾ? ਸਰਕਾਰ ਦੇ ਖੇਖਣ ਦੇਖੋ...ਆਪਣੀ ਜਨਤਾ ਲਈ ਕਬੱਡੀ ਮੈਚ ਕਰਵਾ ਰਹੀ ਹੈ, ਫਿਲਮੀ ਸਿਤਾਰੇ ਬੁਲਾ ਕੇ ਉਨ੍ਹਾਂ ਨੂੰ ਕਰੋੜਾਂ ਰੁਪਏ ਦੇ ਰਹੀ ਹੈ। ਕਬੱਡੀ ਖੇਡਣ ਅਤੇ ਦੇਖਣ ਆਏ ਨੌਜਵਾਨਾਂ ਨੂੰ ਕੰਜਰ ਗੀਤ ਸੁਣਾਏ ਜਾ ਰਹੇ ਹਨ। ਇਸ ਸੂਰਤ ਵਿਚ ਹੁਣ ਪੰਜਾਬ ਦੇ ਲੋਕਾਂ ਨੂੰ ਆਪਣੀ ਹਿਫ਼ਾਜ਼ਤ ਆਪ ਕਰਨੀ ਸਿੱਖ ਲੈਣੀ ਚਾਹੀਦੀ ਹੈ। ਪੰਜਾਬੀਓ! ਆਓ ਜ਼ਰਾ ਇਸ ਬਾਰੇ ਸੋਚੀਏ...ਸੋਚੀਏ ਕਿ ਸਾਡਾ ਸਮਾਜ ਤਾਂ ਪਹਿਲਾਂ ਹੀ ਧੀਆਂ ਨੂੰ ਕੁੱਖਾਂ ਵਿਚ ਹੀ ਮਾਰਨ ਦਾ ਕੁਕਰਮ ਕਰ ਰਿਹਾ ਹੈ, ਹੁਣ ਹੋਰ ਕਿੰਨੀ ਦੇਰ ਚੁੱਪ ਕਰ ਕੇ ਬੈਠਣਾ ਹੈ? ਤੁਸੀਂ ਸਵਾਲ ਕਰੋ ਕਿ ਅੱਜ ਕਿੱਥੇ ਗਏ ਨੰਨ੍ਹੀਆਂ ਛਾਂਵਾਂ ਵਾਲੇ ਬੀਬੀ ਹਰਸਿਮਰਤ ਕੌਰ ਬਾਦਲ? ਪੰਜਾਬੀਓ! ਇਕ ਵਾਰੀ ਬੋਲੋ ਤਾਂ ਸਹੀ। ਹਾਅ ਦਾ ਨਾਅਰਾ ਤਾਂ ਮਾਰੋ, ਜਾਗੋ...ਉਠੋ। ਇਕੱਲੇ ਇਕੱਲੇ ਨਹੀਂ, ਕਾਫ਼ਲੇ ਬਣਾ ਕੇ ਤੁਰੋ ਅਤੇ ਸਮਾਜ ਨੂੰ ਨਿਘਾਰ ਵੱਲ ਧੱਕ ਰਹੇ ਆਗੂਆਂ ਨੂੰ ਚੌਕ-ਚੁਰਾਹਿਆਂ ਵਿਚ ਟੱਕਰੋ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਜਾਣਕਾਰੀ ਲਈ
ਫੋਨ: 510-900-3600
*Radio CK, PO Box 296, Fremont, CA 94537*

# ਬਾਦਲ ਮਨਮੋਹਨ 'ਤੇ ਮਿਹਰਬਾਨ, ਤਾਰੀਫਾਂ ਦੇ ਪੁਲ ਬੰਨ੍ਹੇ



**ਲੁਧਿਆਣਾ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਲੰਘੇ ਦਿਨ ਜਦੋਂ ਪੰਜਾਬ ਆਏ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਸ. ਬਾਦਲ ਨੇ ਕਿਹਾ ਕਿ ਉਹ ਦੇਸ਼ ਦੇ ਚੋਟੀ ਦੇ ਅਰਥਸ਼ਾਸਤਰੀ ਹਨ ਤੇ ਸੰਸਾਰ ਵਿਚ ਵੀ ਉਨ੍ਹਾਂ ਦੀ ਵਾਹਵਾ ਧਾਕ ਹੈ। ਦੇਸ਼ ਲਈ ਉਨ੍ਹਾਂ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ। ਜਦੋਂ ਸ. ਬਾਦਲ ਇਹ ਤਾਰੀਫ ਕਰ ਰਹੇ ਸਨ ਤਾਂ ਡਾ. ਮਨਮੋਹਨ ਸਿੰਘ ਮੰਦ-ਮੰਦ ਮੁਸਕਰਾ ਰਹੇ ਸਨ। ਜ਼ਿਕਰਯੋਗ ਹੈ ਕਿ ਆਮ ਤੌਰ 'ਤੇ ਸ. ਬਾਦਲ ਆਪਣੀ ਹਰ ਨਾਕਾਮੀ ਕੇਂਦਰ 'ਤੇ ਥੋਪਦਿਆਂ ਪ੍ਰਧਾਨ ਮੰਤਰੀ ਨੂੰ ਨਿਸ਼ਾਨਾ ਬਣਾਉਂਦੇ ਹਨ ਪਰ ਅਚਾਨਕ ਉਨ੍ਹਾਂ ਦੇ ਮੂਹੋਂ ਤਾਰੀਫ ਦੇ ਲਫਜ਼ ਸੁਣ ਕੇ ਲੋਕ ਹੈਰਾਨ ਰਹਿ ਗਏ। ਡਾ. ਸਿੰਘ ਲੰਘੇ ਦਿਨ ਲੁਧਿਆਣਾ ਆਏ ਸਨ ਜਿਥੇ ਖੇਤਾਬਾੜੀ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਆਨਰੇਰੀ ਡਿਗਰੀ ਪ੍ਰਦਾਨ ਕੀਤੀ। ਇਸ ਮੌਕੇ ਡਾ. ਸਿੰਘ ਨੇ ਕਿਹਾ ਕਿ ਪਰਚੂਨ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦਾ ਕਿਸਾਨਾਂ ਤੇ ਖ਼ਪਤਕਾਰਾਂ ਨੂੰ ਲਾਭ ਹੋਵੇਗਾ ਤੇ ਇਸ ਨਾਲ ਖੇਤੀ ਪੈਦਾਵਾਰ ਦੀ ਮਾਰਕੀਟਿੰਗ ਵਿਚ ਨਿਵੇਸ਼ ਤੇ ਨਵੀਂ ਤਕਨਾਲੋਜੀ ਦਾ ਆਗਾਜ਼ ਹੋਵੇਗਾ। ਸਿੱਧੇ ਵਿਦੇਸ਼ੀ ਨਿਵੇਸ਼ ਦੇ ਹੱਕ ਵਿਚ ਸੰਸਦ ਵਿਚੋਂ ਪ੍ਰਵਾਨਗੀ ਲੈਣ ਤੋਂ ਮਗਰੋਂ ਸਵੈ-ਭਰੋਸੇ ਨਾਲ ਲਬਰੇਜ਼ ਪ੍ਰਧਾਨ ਮੰਤਰੀ ਨੇ ਕਿਹਾ ਕਿ ਪਰਚੂਨ ਵਿਚ ਐਫ.ਡੀ.ਆਈ. ਨੂੰ ਪ੍ਰਵਾਨਗੀ ਦੇਣ ਦੇ ਫੈਸਲੇ ਨੂੰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਵੀ ਹਮਾਇਤ ਹਾਸਲ ਸੀ। ਉਨ੍ਹਾਂ ਸੱਦਾ ਦਿੱਤਾ ਕਿ ਹਰੀ ਕ੍ਰਾਂਤੀ ਵਿਚ ਮੋਹਰੀ ਰਿਹਾ ਪੰਜਾਬ ਹੁਣ ਖੇਤੀ ਵੰਨ-ਸੁਵੰਨਤਾ ਵਿਚ ਵੀ ਦੇਸ਼ ਦੀ ਅਗਵਾਈ ਕਰੇ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਗੋਲਡਨ ਜੁਬਲੀ ਕਾਨਵੋਕੇਸ਼ਨ ਨੂੰ ਸੰਬੋਧਨ ਕਰਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨੇ ਪੰਜਾਬ ਵਿਚ ਝੋਨੇ-ਕਣਕ ਦੇ ਬਦਲਵੇਂ ਫਸਲੀ ਢਾਂਚੇ, ਧਰਤੀ ਹੇਠਲੇ ਜਲ ਸੋਮਿਆਂ ਦੀ ਸੰਭਾਲ ਤੇ ਪੂੰਜੀ ਨਿਵੇਸ਼ ਤੋਂ ਭਵਿੱਖ ਦੇ ਲਾਭਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਵੇਲੇ ਖੇਤੀ ਚੇਤਨਾ ਵਿਕਸਤ ਕਰਨ ਦੀ ਲੋੜ ਹੈ।

## ਪੰਜਾਬ ਦੇ ਦੋ ਲੱਖ ਕਿਸਾਨਾਂ ਨੇ ਖੇਤੀ ਛੱਡੀ: ਬਾਦਲ

**ਲੁਧਿਆਣਾ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਖੇਤੀ ਲਾਹੇਵੰਦ ਨਾ ਹੋਣ ਕਰਕੇ ਦੋ ਲੱਖ ਛੋਟੇ ਕਿਸਾਨ ਖੇਤੀ ਛੱਡ ਚੁੱਕੇ ਹਨ। 35 ਹਜ਼ਾਰ ਕਰੋੜ ਰੁਪਏ ਦੀ ਕਰਜ਼ਈ ਕਿਸਾਨੀ ਅਜੀਬ ਕਿਸਮ ਦੀ ਉਦਾਸੀਨਤਾ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਖੇਤੀਬਾੜੀ ਸੂਬਾਈ ਵਿਸ਼ਾ ਹੈ ਪਰ ਖੇਤੀ ਵਿਚ ਲੋੜੀਂਦੇ ਡੀਜ਼ਲ, ਖਾਦਾਂ, ਰਸਾਇਣਕ ਜ਼ਹਿਰਾਂ ਦੀਆਂ ਕੀਮਤਾਂ ਕੇਂਦਰ ਮਿਥਦਾ ਹੋਣ ਕਰਕੇ ਕਿਸਾਨ ਦੀ ਕਮਾਈ ਤੇ ਖਰਚੇ ਵਿਚਕਾਰ ਸੰਤੁਲਨ ਨਹੀਂ ਬਣ ਰਿਹਾ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦੀ ਜਿਥੇ ਖੜਗ ਭੁਜਾ ਹੈ, ਉਥੇ ਅਨਾਜ ਭੰਡਾਰ ਦੀ ਭੁਜਾ ਹੈ। ਫਸਲਾਂ ਦੇ ਬਦਲਾਓ ਲਈ ਪੰਜਾਬ ਦੀ ਬਾਂਹ ਫੜਨ ਲਈ ਕੇਂਦਰ ਅੱਗੇ ਆਏ। ਮੁੱਖ ਮੰਤਰੀ ਬਾਦਲ ਨੇ ਪੰਜਾਬ ਵਿਚ ਡਾ. ਬੌਰਲਾਗ ਇੰਸਟੀਚਿਊਟ ਤੇ ਮੱਕੀ ਖੋਜ ਡਾਇਰੈਕਟੋਰੇਟ ਸਥਾਪਿਤ ਕਰਨ 'ਤੇ ਡਾ. ਮਨਮੋਹਨ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਦੇ ਮਿਹਨਤੀ ਕਿਸਾਨਾਂ ਨੂੰ ਇਸ ਵੇਲੇ ਕੇਂਦਰੀ ਸਹਿਯੋਗ ਦੀ ਵੱਡੀ ਲੋੜ ਹੈ ਤਾਂ ਕਿ ਦੇਸ਼ ਦੀ ਅਨਾਜ ਸੁਰੱਖਿਆ ਯਕੀਨੀ ਰਹਿ ਸਕੇ। ਉਨ੍ਹਾਂ ਖੇਤੀਬਾੜੀ ਯੂਨੀਵਰਸਿਟੀ ਲਈ ਵੀ ਪ੍ਰਧਾਨ ਮੰਤਰੀ ਨੂੰ ਪੱਕੀ ਸਾਲਾਨਾ ਗਰਾਂਟ ਦੇਣ ਲਈ ਕਿਹਾ।

## ਡਾ. ਮਨਮੋਹਨ ਸਿੰਘ ਪੰਜਾਬ ਲਈ ਫਿਕਰਮੰਦ

**ਲੁਧਿਆਣਾ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਪੰਜਾਬ ਬਾਰੇ ਕਾਫੀ ਫਿਕਰਮੰਦ ਨਜ਼ਰ ਆਏ। ਉਨ੍ਹਾਂ ਕਿਹਾ ਕਿ ਪੰਜਾਬ ਦੇ 80 ਫੀਸਦੀ ਬਲਾਕ ਜਲ ਸੋਮਿਆਂ ਦੀ ਵਧੇਰੇ ਵਰਤੋਂ ਕਰਨ ਕਰਕੇ ਸੋਕੇ ਜਿਹੇ ਕਾਲੇ ਘੇਰੇ ਵੱਲ ਜਾ ਰਹੇ ਹਨ। ਇਸ ਕਰਕੇ ਸਾਨੂੰ ਤੁਰੰਤ ਸੰਭਲਣਾ ਪਵੇਗਾ। ਕਣਕ-ਝੋਨੇ ਦੇ ਰਵਾਇਤੀ ਫਸਲੀ ਚੱਕਰ ਤੋਂ 80 ਫੀਸਦੀ ਰਕਬਾ ਬਾਹਰ ਲਿਆਉਣਾ ਪਵੇਗਾ ਤਾਂ ਕਿ ਝੋਨੇ ਲਈ ਵਰਤਿਆ ਜਾਂਦਾ ਧਰਤੀ ਹੇਠਲਾ ਪਾਣੀ ਬਚਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਦੇਸ਼ ਦੇ ਅਸਾਮ, ਬਿਹਾਰ, ਛੱਤੀਸਗੜ੍ਹ ਤੇ ਉਤਰ ਪ੍ਰਦੇਸ਼ ਵਿਚ ਫਸਲ ਦੇ ਝਾੜ ਦੀ ਸਮਰੱਥਾ ਤੇ ਅਸਲ ਝਾੜ ਵਿਚਕਾਰ ਅੱਧੋ-ਅੱਧ ਦਾ ਫਰਕ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਮੱਕੀ, ਨਰਮਾ, ਕਮਾਦ, ਦਾਲਾਂ, ਤੇਲ ਬੀਜ ਫਸਲਾਂ, ਫਲ ਤੇ ਸਬਜ਼ੀਆਂ ਅਧੀਨ ਰਕਬਾ ਵਧ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਦੀ ਆਮਦਨ ਵਧਾਉਣ ਲਈ ਸਾਨੂੰ ਵਿਚੋਲੇ ਘਟਾਉਣੇ ਪੈਣਗੇ ਤੇ ਕਟਾਈ ਉਪਰੰਤ ਫਸਲ ਸੰਭਾਲ ਤੀਕ ਤਕਨੀਕੀ ਗਿਆਨ ਰਾਹੀਂ ਨੁਕਸਾਨ ਘਟਾਉਣੇ ਪੈਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਖਪਤਕਾਰ ਤੀਕ ਪਹੁੰਚਦੀ ਖੇਤੀ ਉਪਜ ਦਾ ਅਸਲ ਲਾਭ ਵਿਚੋਲੇ ਲੈ ਜਾਂਦੇ ਹਨ। ਇਸ ਲਈ ਸਾਨੂੰ ਸਮਰੱਥਾ ਸਪਲਾਈ ਲੜੀ ਵਿਕਸਤ ਕਰਨੀ ਪਵੇਗੀ।

# ਮਨਪ੍ਰੀਤ ਬਾਦਲ ਦੇ ਜਰਨੈਲਾਂ ਵੱਲੋਂ ਅੰਨਾ ਹਜ਼ਾਰੇ ਨਾਲ ਗੰਢਤੁਪ

**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਆਗੂਆਂ ਨੇ ਲੰਘੇ ਦਿਨੀਂ ਸਮਾਜ ਸੇਵੀ ਅੰਨਾ ਹਜ਼ਾਰੇ ਨਾਲ ਮੁਲਾਕਾਤ ਕੀਤੀ। ਮਨਪ੍ਰੀਤ ਦੇ ਇਨ੍ਹਾਂ ਜਰਨੈਲਾਂ ਨੇ ਆਪਣੇ ਪ੍ਰਧਾਨ ਖ਼ਿਲਾਫ਼ ਭੜਾਸ ਕੱਢਦਿਆਂ ਅੰਨਾ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ ਹੈ। ਇਸ ਬਾਰੇ ਪੀਪੀਪੀ ਆਗੂਆਂ ਨੇ ਕਿਹਾ





*ਮਨਪ੍ਰੀਤ ਬਾਦਲ ਤੇ ਅੰਨਾ ਹਜ਼ਾਰੇ*

ਕਿ ਉਹ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾ ਕੇ ਆਏ ਹਨ ਕਿ ਪੰਜਾਬ ਦੇ ਲੱਖਾਂ ਲੋਕ ਸੂਬੇ ਨੂੰ ਬਚਾਉਣ ਲਈ ਪੀਪੀਪੀ ਨਾਲ ਜੁੜੇ ਸਨ ਪਰ ਜਦੋਂ ਤੋਂ ਪਾਰਟੀ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਆਪਣੇ ਅਸੂਲਾਂ ਤੋਂ ਭਟਕੇ ਹਨ, ਉਦੋਂ ਤੋਂ ਪਾਰਟੀ ਗਿਰਾਵਟ ਵਲ ਜਾ ਰਹੀ ਹੈ ਤੇ ਲੋਕ ਵੀ ਦਿਸ਼ਾਹੀਣ ਹੋ ਰਹੇ ਹਨ ਜਿਨ੍ਹਾਂ ਨੂੰ ਸੰਭਾਲਣ ਲਈ ਉਨ੍ਹਾਂ ਵਰਗੇ ਦੇਸ਼ ਭਗਤ ਦੀ ਲੋੜ ਹੈ।

ਪੀਪਲਜ਼ ਪਾਰਟੀ ਆਫ ਪੰਜਾਬ ਦੇ ਜਨਰਲ ਸਕੱਤਰ ਤੇ ਸ਼ਹੀਦ ਸੁਖਦੇਵ ਦੇ ਭਤੀਜੇ ਭਾਰਤ ਭੂਸ਼ਨ ਥਾਪਰ ਤੇ ਪੀਪੀਪੀ ਦੇ ਬੁਲਾਰੇ ਅਰੁਨਜੋਤ ਸਿੰਘ ਸੋਢੀ ਨੇ ਅੰਨਾ ਹਜ਼ਾਰੇ ਨਾਲ ਮੁਲਾਕਾਤ ਤੋਂ ਬਾਅਦ ਦੱਸਿਆ ਕਿ ਪੰਜਾਬ ਦੇ ਲੋਕ ਸ਼ਹੀਦਾਂ ਦੇ ਸੁਪਨਿਆਂ ਵਾਲਾ ਪੰਜਾਬ ਬਣਾਉਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਸਹੀ ਦਿਸ਼ਾ ਹੀ ਨਹੀਂ ਮਿਲੀ। ਸ੍ਰੀ ਥਾਪਰ ਨੇ ਦੱਸਿਆ ਕਿ ਅੰਨਾ ਹਜ਼ਾਰੇ ਨੇ ਉਨ੍ਹਾਂ ਨੂੰ 23 ਮਾਰਚ ਵਾਲੇ ਦਿਨ ਪੰਜਾਬ ਆਉਣ ਲਈ ਕਿਹਾ ਹੈ ਕਿਉਂਕਿ ਉਹ ਇਤਿਹਾਸਕ ਦਿਨ ਹੈ ਜਿਸ ਦਿਨ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਹੋਈ ਸੀ।

ਉਸ ਦਿਨ ਅੰਨਾ ਹਜ਼ਾਰੇ ਲੁਧਿਆਣਾ ਤੋਂ ਸ਼ਹੀਦ ਸੁਖਦੇਵ ਸਿੰਘ ਦੇ ਜੱਦੀ ਘਰ ਤੋਂ ਯਾਤਰਾ ਸ਼ੁਰੂ ਕਰਨਗੇ ਤੇ ਫਿਰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਪਿੰਡ ਸਰਾਭਾ ਤੋਂ ਹੁੰਦੇ ਹੋਏ ਢੁੱਡੀਕੇ ਤੇ ਹੁਸੈਨੀਵਾਲਾ ਵਿੱਚ ਸਮਾਪਤ ਕਰਨਗੇ। ਪੀਪੀਪੀ ਬੁਲਾਰੇ ਸੋਢੀ ਨੇ ਕਿਹਾ ਕਿ ਉਨ੍ਹਾਂ ਦੀ ਪੰਜਾਬ ਯਾਤਰਾ ਦਾ ਪ੍ਰਬੰਧ ਪੰਜਾਬ ਦੇ ਨੌਜਵਾਨ ਬੜੇ ਉਤਸਾਹ ਨਾਲ ਕਰਨਗੇ ਤੇ ਅੰਨਾ ਹਜ਼ਾਰੇ ਜੋ ਦੇਸ਼ ਦੀ ਆਜ਼ਾਦੀ ਦੀ ਲੜਾਈ 30 ਜਨਵਰੀ ਤੋਂ ਪਟਨਾ ਤੋਂ ਸ਼ੁਰੂ ਕਰ ਰਹੇ ਹਨ ਉਸ ਵਿਚ ਵੀ ਪੀਪੀਪੀ ਦੇ ਸੈਂਕੜੇ ਨੌਜਵਾਨ ਬਸੰਤੀ ਪੱਗਾਂ ਬੰਨ੍ਹ ਕੇ ਅੰਨਾ ਹਜ਼ਾਰੇ ਦੇ ਨਾਲ ਪਟਨਾ ਜਾਣਗੇ।

# ਬਾਦਲ ਸਰਕਾਰ ਵੱਲੋਂ ਲੰਗਾਹ ਨੂੰ ਬਚਾਉਣ ਦਾ ਚਾਰਾ

## ਵਿਜੀਲੈਂਸ ਵੱਲੋਂ ਕੇਸ ਵਾਪਸ ਲੈਣ ਲਈ ਅਰਜ਼ੀ ਦਾਇਰ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਦੀਆਂ ਹਦਾਇਤਾਂ 'ਤੇ ਅਮਲ ਕਰਦਿਆਂ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੱਤਾਧਾਰੀ ਗਠਜੋੜ ਨਾਲ ਸਬੰਧਤ ਸਿਆਸਤਦਾਨਾਂ 'ਤੇ ਪਹਿਲਾਂ ਤੋਂ ਚੱਲਦੇ ਭ੍ਰਿਸ਼ਟਾਚਾਰ ਮਾਮਲਿਆਂ ਨੂੰ ਪੁੱਠਾ ਗੇੜ ਦੇਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਪੰਜਾਬ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਵੱਲੋਂ ਸਰਕਾਰੀ ਵਕੀਲ ਰਾਹੀਂ ਮੁਹਾਲੀ ਜ਼ਿਲ੍ਹਾ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਸੀਨੀਅਰ ਅਕਾਲੀ ਆਗੂ ਜਥੇਦਾਰ ਸੁੱਚਾ ਸਿੰਘ ਲੰਗਾਹ ਖ਼ਿਲਾਫ਼ ਮੁਹਾਲੀ ਵਿਜੀਲੈਂਸ ਥਾਣਾ ਵਿਚ ਦਰਜ ਕੀਤੇ ਭ੍ਰਿਸ਼ਟਾਚਾਰ ਕੇਸ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ ਹੈ।

ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਵਿਜੀਲੈਂਸ ਨੂੰ ਹੁਣ ਜਾ ਕੇ ਪਤਾ ਲੱਗਿਆ ਹੈ ਕਿ ਸ. ਲੰਗਾਹ ਖ਼ਿਲਾਫ਼ ਕੋਈ ਕੇਸ ਨਹੀਂ ਬਣਦਾ। ਉਧਰ ਮੁਹਾਲੀ ਅਦਾਲਤ ਨੇ ਪਿਛਲੀ ਕਾਂਗਰਸ ਸਰਕਾਰ ਵੇਲੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਉਸ ਵੇਲੇ ਦੇ ਪੀ.ਡਬਲਿਊ.ਡੀ. ਮੰਤਰੀ ਸੁੱਚਾ ਸਿੰਘ ਲੰਗਾਹ ਤੇ ਹੋਰ ਸੀਨੀਅਰ ਅਕਾਲੀ ਆਗੂਆਂ ਵਿਰੁੱਧ ਦਰਜ ਭ੍ਰਿਸ਼ਟਾਚਾਰ ਮਾਮਲੇ ਦੀ ਅਗਲੀ ਸੁਣਵਾਈ 19 ਦਸੰਬਰ 'ਤੇ ਪਾ ਦਿੱਤੀ ਹੈ। ਜਥੇਦਾਰ ਲੰਗਾਹ ਸਮੇਤ ਬਾਕੀ ਸਾਰੇ ਮੁਲਜ਼ਮ ਵੀ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ (ਸੀਨੀਅਰ ਡਿਵੀਜ਼ਨ) ਰਜਿੰਦਰ ਅਗਰਵਾਲ ਦੀ ਅਦਾਲਤ ਵਿਚ ਪੇਸ਼ ਹੋਏ।

ਪੰਜਾਬ ਵਿਜੀਲੈਂਸ ਬਿਊਰੋ ਦੇ ਤਤਕਾਲੀ ਐਸ.ਐਸ.ਪੀ. ਤੇ ਮਾਮਲੇ ਦੇ ਮੁੱਖ ਜਾਂਚ ਅਧਿਕਾਰੀ ਸੁਰਿੰਦਰਪਾਲ ਸਿੰਘ ਵਿਰਕ ਵੀ ਆਪਣੀ ਗਵਾਹੀ ਦੇਣ ਲਈ ਮੁਹਾਲੀ ਅਦਾਲਤ ਵਿਚ ਪੇਸ਼ ਹੋਏ ਪਰ ਉਨ੍ਹਾਂ ਦੀ ਗਵਾਹੀ ਨਾ ਹੋ ਸਕੀ ਕਿਉਂਕਿ ਇਸ ਤੋਂ ਪਹਿਲਾਂ ਹੀ ਵਿਜੀਲੈਂਸ ਵੱਲੋਂ ਅਦਾਲਤ ਵਿਚ ਲੰਗਾਹ ਖ਼ਿਲਾਫ਼ ਕੇਸ ਵਾਪਸ ਲੈਣ ਦੀ ਅਰਜ਼ੀ ਦਾਇਰ ਕਰ ਦਿੱਤੀ ਗਈ ਸੀ। ਜ਼ਿਕਰਯੋਗ ਹੈ ਕਿ ਬੀਤੀ ਪੇਸ਼ੀ ਦੌਰਾਨ ਅਦਾਲਤ ਨੇ ਸਖ਼ਤੀ ਨਾਲ ਜਾਂਚ ਅਧਿਕਾਰੀ ਨੂੰ ਪੰਜ ਦਸੰਬਰ ਨੂੰ ਆਪਣੀ ਗਵਾਹੀ ਦੇਣਾ ਯਕੀਨੀ ਬਣਾਉਣ ਲਈ ਆਖਿਆ ਸੀ। ਇਸ ਤੋਂ ਪਹਿਲਾਂ ਸਰਕਾਰ ਨੇ ਮੁੱਖ ਸੰਸਦੀ ਸਕੱਤਰ ਵਿਰਸਾ ਸਿੰਘ ਵਲਟੋਹਾ ਵਿਰੁੱਧ ਚੱਲਦੇ ਕੇਸ ਨੂੰ ਵਾਪਸ ਲੈਣ ਦੀ ਪ੍ਰਕਿਰਿਆ ਆਰੰਭੀ ਸੀ। ਸਬਸਿਡੀ ਖਾਦ ਘੁਟਾਲੇ 'ਤੇ ਮਿੱਟੀ ਪਾਉਣ ਦੀ ਨੀਅਤ ਨਾਲ ਵਿਜੀਲੈਂਸ ਵੱਲੋਂ 11 ਸਾਲ ਬੀਤ ਜਾਣ ਦੇ ਬਾਵਜੂਦ ਹਾਲੇ ਤੱਕ ਮੁਲਜ਼ਮਾਂ ਖ਼ਿਲਾਫ਼ ਚਲਾਨ ਪੇਸ਼ ਨਹੀਂ ਕੀਤਾ ਗਿਆ ਜਦਕਿ ਵਿਜੀਲੈਂਸ ਵੱਲੋਂ ਕਈ ਵਾਰ ਅਦਾਲਤ ਵਿਚ ਇਹ ਕੇਸ ਰੱਦ ਕਰਨ ਦੀਆਂ ਅਰਜ਼ੀਆਂ ਦਿੱਤੀਆਂ ਜਾ ਚੁੱਕੀਆਂ ਹਨ। ਹੁਣ ਅਦਾਲਤੀ ਹੁਕਮਾਂ 'ਤੇ ਖਾਦ ਘੁਟਾਲੇ ਦੀ ਨਵੇਂ ਸਿਰਿਓਂ ਜਾਂਚ ਕੀਤੀ ਜਾ ਰਹੀ ਹੈ ਜਦਕਿ ਪਹਿਲਾਂ ਹਾਈ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਗਠਿਤ ਵਿਸ਼ੇਸ਼ ਜਾਂਚ ਕਮੇਟੀ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਪਟਿਆਲਾ ਤੇ ਮੁਹਾਲੀ ਵਿਜੀਲੈਂਸ ਥਾਣਿਆਂ ਵਿਚ ਕੇਸ ਦਰਜ ਕੀਤੇ ਗਏ ਸਨ।

# ਪੰਜਾਬ ਲਈ ਉਮੀਦਵਾਰ ਕਾਂਗਰਸ ਹਾਈ ਕਮਾਨ ਹੀ ਤੈਅ ਕਰੇਗੀ

**ਚੰਡੀਗੜ੍ਹ:** ਕਾਂਗਰਸ ਹਾਈ ਕਮਾਨ ਨੇ 2014 ਦੀਆਂ ਲੋਕ ਸਭਾ ਚੋਣਾਂ ਲਈ ਪੰਜਾਬ ਵਿਚੋਂ ਉਮੀਦਵਾਰ ਲੱਭਣ ਦੀ ਜ਼ਿੰਮੇਵਾਰੀ ਆਪਣੇ ਹੱਥ ਲੈ ਲਈ ਹੈ। ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਪਿਛਲੇ ਦਿਨਾਂ ਤੋਂ ਪੰਜਾਬ ਵਿਚ ਕਰਵਾਏ ਜਾ ਰਹੇ ਪਾਰਟੀ ਸਰਵੇ ਤਹਿਤ ਦਿੱਲੀ ਤੋਂ ਨਿਯੁਕਤ ਕੀਤੇ ਅਬਜ਼ਰਵਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਜਾਂ ਹੋਰ ਸੂਬਾਈ ਆਗੂਆਂ ਦੀ ਥਾਂ ਸਿੱਧੇ ਜ਼ਿਲ੍ਹਾ ਤੇ ਬਲਾਕ ਪੱਧਰ 'ਤੇ ਜਾ ਕੇ ਹੇਠਲੇ ਆਗੂਆਂ ਤੇ ਵਰਕਰਾਂ ਨਾਲ ਮੁਲਾਕਾਤਾਂ ਕਰਕੇ ਪੰਜਾਬ ਵਿਚ ਕਾਂਗਰਸ ਦੀ ਅਸਲ ਹਾਲਤ ਦੀ ਜਾਣਕਾਰੀ ਹਾਸਲ ਕਰ ਰਹੇ ਹਨ। ਹਾਸਲ ਜਾਣਕਾਰੀ ਅਨੁਸਾਰ ਪਿਛਲੇ ਸਮੇਂ ਪੰਜਾਬ ਵਿਚ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਰਾਹੁਲ ਗਾਂਧੀ ਦੀ ਤਿੰਨ ਰੋਜ਼ਾ ਫੇਰੀ ਤੋਂ ਬਾਅਦ ਹੀ ਆਲ ਇੰਡੀਆ ਕਾਂਗਰਸ ਕਮੇਟੀ ਨੇ 2014 ਦੀਆਂ ਲੋਕ ਸਭਾ ਚੋਣਾਂ ਲਈ ਸੰਭਾਵੀ ਉਮੀਦਵਾਰਾਂ ਦੀ ਤਲਾਸ਼ ਕਰਨ ਤੇ ਮੌਜੂਦਾ ਸੰਸਦ ਮੈਂਬਰਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਪ੍ਰੋਗਰਾਮ ਤਿਆਰ ਕੀਤਾ ਹੈ। ਇਸੇ ਤਹਿਤ ਪਿਛਲੇ ਦਿਨਾਂ ਤੋਂ ਹੋਰ ਰਾਜਾਂ ਵਿਚਲੇ ਕਾਂਗਰਸ ਦੇ ਆਗੂਆਂ ਨੂੰ ਅਬਜ਼ਰਵਰ ਬਣਾ ਕੇ ਪੰਜਾਬ ਵਿਚ ਲੋਕ ਸਭਾ ਚੋਣਾਂ ਦੌਰਾਨ ਯੋਗ ਉਮੀਦਵਾਰਾਂ ਦੀ ਭਾਲ ਕਰਨ ਲਈ ਰਵਾਨਾ ਕੀਤਾ ਜਾ ਰਿਹਾ ਹੈ। ਸੂਤਰਾਂ ਅਨੁਸਾਰ ਭਾਵੇਂ ਕਾਂਗਰਸ ਵੱਲੋਂ ਹੋਰ ਰਾਜਾਂ ਵਿਚ



ਵੀ ਅਜਿਹੀ ਪ੍ਰਕਿਰਿਆ ਚਲਾਈ ਗਈ ਹੈ ਪਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਅਣਕਿਆਸੀ ਹਾਰ ਤੋਂ ਬਾਅਦ ਸੂਬਾ ਇਕਾਈ ਵਿੱਚ ਪਈਆਂ ਦਰਾੜਾਂ ਨੂੰ ਮੁੱਖ ਰੱਖਦਿਆਂ ਹਾਈ ਕਮਾਨ ਨੇ ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਉਮੀਦਵਾਰ ਚੁਣਨ ਦੀ ਮੁਢਲੀ ਜ਼ਿੰਮੇਵਾਰੀ ਵੀ ਆਪਣੇ ਹੱਥ ਲੈ ਲਈ ਹੈ। ਪਹਿਲਾਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਸਿਫਾਰਸ਼ ਕੀਤੇ ਉਮੀਦਵਾਰਾਂ ਉਪਰ ਹੀ ਦਿੱਲੀ ਵਿਖੇ ਹਾਈ ਕਮਾਨ ਵੱਲੋਂ ਮੋਹਰ ਲਾਈ ਜਾਂਦੀ ਸੀ।

ਸੂਤਰਾਂ ਅਨੁਸਾਰ ਪਾਰਟੀ ਦੇ ਇਸ ਸਰਵੇ ਨੇ ਖ਼ਾਸ ਕਰਕੇ ਕਾਂਗਰਸ ਦੇ ਸੰਸਦ ਮੈਂਬਰਾਂ ਨੂੰ ਚੌਕੰਨੇ ਕਰ ਦਿੱਤਾ ਹੈ ਕਿਉਂਕਿ ਇਸ ਸਰਵੇ ਰਾਹੀਂ ਉਨ੍ਹਾਂ ਦੀ ਹੇਠਲੇ ਪੱਧਰ ਤੱਕ ਦੀ ਸਾਹਮਣੇ ਆਈ ਕਾਰਗੁਜ਼ਾਰੀ ਦੇ ਆਧਾਰ 'ਤੇ ਹੀ 2014 ਦੀਆਂ ਚੋਣਾਂ ਵਿਚ ਉਨ੍ਹਾਂ ਨੂੰ ਟਿਕਟਾਂ ਦੇਣ ਜਾਂ ਨਾ ਦੇਣ ਦੇ ਫੈਸਲੇ ਹੋਣੇ ਹਨ। ਅਬਜ਼ਰਵਰਾਂ ਵੱਲੋਂ ਹਰੇਕ ਲੋਕ ਸਭਾ ਹਲਕੇ ਦੀ ਧਾਰਮਿਕ, ਜਾਤ-ਬਰਾਦਰੀ ਅਤੇ ਵਿੱਤੀ ਹਾਲਤਾਂ ਦੀ ਵੀ ਘੋਖ ਕੀਤੀ ਜਾ ਰਹੀ ਹੈ। ਇਸ ਵੇਲੇ ਪੰਜਾਬ ਵਿਚ 13 ਸੰਸਦ ਮੈਂਬਰਾਂ ਵਿਚੋਂ ਅੱਠ ਕਾਂਗਰਸ ਨਾਲ ਸਬੰਧਤ ਹਨ। ਇਨ੍ਹਾਂ ਵਿਚ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਰਵਨੀਤ ਸਿੰਘ ਬਿੱਟੂ, ਫਤਿਹਗੜ੍ਹ ਸਾਹਿਬ ਤੋਂ ਸੁਖਦੇਵ ਸਿੰਘ ਲਿਬੜਾ, ਗੁਰਦਾਸਪੁਰ ਤੋਂ ਪ੍ਰਤਾਪ ਸਿੰਘ ਬਾਜਵਾ, ਹੁਸ਼ਿਆਰਪੁਰ ਤੋਂ ਸ੍ਰੀਮਤੀ ਸੰਤੋਸ਼ ਚੌਧਰੀ, ਜਲੰਧਰ ਤੋਂ ਮਹਿੰਦਰ ਸਿੰਘ ਕੇ.ਪੀ., ਲੁਧਿਆਣਾ ਤੋਂ ਮਨੀਸ਼ ਤਿਵਾੜੀ, ਪਟਿਆਲਾ ਤੋਂ ਪਰਨੀਤ ਕੌਰ ਤੇ ਸੰਗਰੂਰ ਤੋਂ ਵਿਜੇ ਇੰਦਰ ਸਿੰਗਲਾ ਸ਼ਾਮਲ ਹਨ।

## ਐਤਕੀਂ ਅਮਲਾਂ ਦਾ ਹੋਵੇਗਾ ਨਿਬੇੜਾ!

**ਚੰਡੀਗੜ੍ਹ:** ਹਾਈ ਕਮਾਨ ਵੱਲੋਂ ਪਾਰਟੀ ਸਰਵੇ ਤਹਿਤ ਭੇਜੇ ਜਾ ਰਹੇ ਅਬਜ਼ਰਵਰ ਪੰਜਾਬ ਦੀ ਸੂਬਾਈ ਲੀਡਰਸ਼ਿਪ ਨਾਲ ਸੰਪਰਕ ਕਰਨ ਦੀ ਥਾਂ ਸਿੱਧੇ ਸਬੰਧਤ ਜ਼ਿਲ੍ਹਾ ਪ੍ਰਧਾਨਾਂ ਕੋਲ ਪਹੁੰਚ ਕਰਦੇ ਹਨ। ਜ਼ਿਲ੍ਹਾ ਪ੍ਰਧਾਨਾਂ ਦੀ ਹੀ ਬਲਾਕ ਪੱਧਰ ਦੇ ਆਗੂਆਂ ਸਮੇਤ ਯੂਥ ਕਾਂਗਰਸ, ਮਹਿਲਾ ਕਾਂਗਰਸ, ਮਾਰਕੀਟ ਕਮੇਟੀ, ਜ਼ਿਲ੍ਹਾ ਪ੍ਰੀਸ਼ਦ, ਨਗਰ ਨਿਗਮ, ਪੰਚਾਇਤ ਸਮਿਤੀ, ਪੰਚਾਇਤਾਂ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕਰਵਾਉਣ ਦੀ ਜ਼ਿੰਮੇਵਾਰੀ ਲਾਈ ਜਾਂਦੀ ਹੈ। ਇਸ ਸਮੁੱਚੀ ਪ੍ਰਕਿਰਿਆ ਤੋਂ ਪੰਜਾਬ ਕਾਂਗਰਸ ਕਮੇਟੀ ਦੀ ਲੀਡਰਸ਼ਿਪ ਨੂੰ ਦੂਰ ਰੱਖਿਆ ਜਾ ਰਿਹਾ ਹੈ।

ਪਹਿਲੇ ਦੌਰ ਵਿਚ ਅਬਜ਼ਰਵਰ ਸਬੰਧਤ ਲੋਕ ਸਭਾ ਹਲਕੇ ਦੇ ਮੌਜੂਦਾ ਤੇ ਸਾਬਕਾ ਵਿਧਾਇਕਾਂ ਨਾਲ ਮੁਲਾਕਾਤ ਕਰਦੇ ਹਨ ਤੇ ਫਿਰ ਉਹ ਹੇਠਲੇ ਪੱਧਰ ਦੀ ਲੀਡਰਸ਼ਿਪ ਨੂੰ ਮਿਲ ਕੇ ਉਨ੍ਹਾਂ ਦੀ ਆਵਾਜ਼ ਸੁਣਦੇ ਹਨ। ਹਾਈ ਕਮਾਂਡ ਵੱਲੋਂ ਅਬਜ਼ਰਵਰਾਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਪੰਜਾਬ ਵਿਚ ਕਿਸੇ ਵਿਸ਼ੇਸ਼ ਵਿਅਕਤੀ ਜਾਂ ਲੀਡਰ ਦੀ ਗੱਡੀ ਵਰਤਣ, ਠਹਿਰਨ ਤੋਂ ਗੁਰੇਜ਼ ਕਰਨ ਤੇ ਹਰੇਕ ਪੱਧਰ ਦੇ ਲੀਡਰਾਂ ਕੋਲੋਂ ਮੌਜੂਦਾ ਸੰਸਦ ਮੈਂਬਰਾਂ ਦੀ ਕਾਰਗੁਜ਼ਾਰੀ ਦੀ ਜਾਣਕਾਰੀ ਵੀ ਲਈ ਜਾਵੇ। ਇਸ ਨਾਲ ਪੰਜਾਬ ਕਾਂਗਰਸ ਦੇ ਵੱਖ-ਵੱਖ ਧੜਿਆਂ ਦੇ ਹਰੇਕ ਪੱਧਰ ਦੇ ਲੀਡਰ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਮਿਲ ਰਿਹਾ ਹੈ। ਇਸ ਤੋਂ ਇਲਾਵਾ ਅਬਜ਼ਰਵਰ ਵਿਸ਼ੇਸ਼ ਤੌਰ 'ਤੇ ਮੌਜੂਦਾ ਸੰਸਦ ਮੈਂਬਰਾਂ ਦੇ ਆਮ ਲੋਕਾਂ ਦੀ ਪਹੁੰਚ ਵਿਚ ਹੋਣ ਬਾਰੇ ਵੀ ਬਕਾਇਦਾ ਜਾਣਕਾਰੀ ਹਾਸਲ ਕਰ ਰਹੇ ਹਨ। ਕਾਂਗਰਸ ਹਲਕਿਆਂ ਅਨੁਸਾਰ ਭਾਵੇਂ ਪਹਿਲਾਂ ਵੀ ਹਾਈ ਕਮਾਨ ਵੱਲੋਂ ਸਮੇਂ-ਸਮੇਂ ਅਜਿਹੇ ਸਰਵੇ ਕਰਵਾਏ ਜਾਂਦੇ ਰਹੇ ਹਨ ਪਰ ਪਹਿਲੀ ਵਾਰ ਅਬਜ਼ਰਵਰ ਹੇਠਲੇ ਪੱਧਰ ਦੇ ਲੀਡਰਾਂ ਨੂੰ ਖੁੱਲ੍ਹ ਕੇ ਸੁਣ ਰਹੇ ਹਨ। ਇਸ ਵਾਰ ਲੋਕ ਸਭਾ ਦੀਆਂ ਚੋਣਾਂ ਤੋਂ ਤਕਰੀਬਨ ਡੇਢ ਸਾਲ ਪਹਿਲਾਂ ਅਜਿਹਾ ਸਰਵੇ ਕਰਵਾ ਕੇ ਸ਼ਾਇਦ ਕਾਂਗਰਸ ਹਾਈ ਕਮਾਂਡ ਆਪਣੀ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਲੇਟ ਟਿਕਟਾਂ ਐਲਾਨਣ ਦੀ ਗਲਤੀ ਨੂੰ ਵੀ ਸੁਧਾਰਨਾ ਚਾਹੁੰਦੀ ਹੈ।

# ਲੱਚਰ ਗਾਇਕੀ ਖਿਲਾਫ ਮੁਹਿੰਮ ਵਜੋਂ ਪੋਸਟਰ ਜਾਰੀ

**ਫਰਿਜ਼ਨੋ (ਬਿਊਰੋ):** ਲੱਚਰ ਪੰਜਾਬੀ ਗੀਤਕਾਰੀ ਤੇ ਗਾਇਕੀ ਵਿਰੁਧ ਛੇੜੀ ਗਈ ਮੁਹਿੰਮ ਤਹਿਤ ਮਾਛੀਕੇ/ਧਾਲੀਆਂ ਮੀਡੀਆ ਗਰੁਪ ਵਾਲੇ ਨੀਟਾ ਮਾਛੀਕੇ ਅਤੇ ਕੁਲਵੰਤ ਉਭੀ ਧਾਲੀਆਂ, ਗਾਇਕ ਬੱਬੂ ਗੁਰਪਾਲ, ਅਖਬਾਰ ਪੰਜ ਦਰਿਆ ਦੇ ਜਗਦੇਵ ਸਿੰਘ ਭੰਡਾਲ ਅਤੇ ਯਮਲਾ ਜੱਟ ਫਾਊਂਡੇਸ਼ਨ ਦੇ ਪ੍ਰਧਾਨ ਰਾਜ ਬਰਾੜ ਦੇ ਉਦਮ ਨਾਲ ਇਥੇ ਇੰਡੀਆ ਓਵਨ ਰੈਸਟੋਰੈਂਟ ਵਿਚ ਕਰਵਾਏ ਗਏ ਇਕ ਸਮਾਗਮ ਦੌਰਾਨ ਪੰਜਾਬੀਆਂ ਦੀ ਜ਼ਮੀਰ ਨੂੰ ਜਗਾਉਣ ਲਈ ਇਕ ਪੋਸਟਰ ਜਾਰੀ ਕਰਕੇ ਲੱਚਰ ਗਾਇਕੀ ਵਿਰੁਧ ਬਿਗਲ ਵਜਾਇਆ ਗਿਆ।

ਇਸ ਮੌਕੇ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਸਮੂਹ ਪੰਜਾਬੀਆਂ ਨੂੰ ਲੱਚਰ ਗਾਇਕੀ ਵਿਰੁਧ ਲਾਮਬੰਦ ਹੋਣ ਦੀ ਅਪੀਲ ਕਰਦਿਆਂ ਪੰਜਾਬ ਸਰਕਾਰ ਨੂੰ ਇਸ ਨਾਜ਼ੁਕ ਮਸਲੇ ਨੂੰ ਧਿਆਨ ਨਾਲ ਵਿਚਾਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਅੱਜ ਜੋ ਗੁੰਡਾਗਰਦੀ ਦਾ ਰਾਜ ਚੱਲ ਰਿਹਾ ਹੈ, ਇਸ ਸਭ ਲਈ ਲੱਚਰ ਗੀਤ ਅਤੇ ਅਸ਼ਲੀਲ ਵੀਡੀਓ ਜਿੰਮੇਵਾਰ ਹਨ ਕਿਉਂਕਿ ਗਾਇਕ ਪੰਜਾਬੀ ਨੌਜਵਾਨਾਂ ਲਈ ਚੰਗੇ-ਮਾੜੇ ਪਾਸੇ ਜਾਣ ਲਈ ਮਾਰਗ ਦਰਸ਼ਕ ਬਣਦੇ ਹਨ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿਚ ਥਾਣੇਦਾਰ ਨਾਲ ਜੋ ਕੁਝ ਵਾਪਰਿਆ ਹੈ ਅਤੇ ਇਸ ਤੋਂ ਪਹਿਲਾਂ ਹੋਏ ਸ਼ਰੂਤੀ ਕਾਂਡ ਲਈ ਅਸਲ ਵਿਚ ਇਹੋ ਲੱਚਰ ਗਾਇਕੀ ਜਿੰਮੇਵਾਰ ਹੈ ਜੋ ਸਾਡੇ ਨੌਜਵਾਨਾਂ ਨੂੰ ਜਰਾਇਮਪੇਸ਼ਾ ਬਣਾਉਂਦੀ ਹੈ। ਬੁਲਾਰਿਆਂ ਨੇ ਕਿਹਾ ਕਿ ਅੱਜ ਪੰਜਾਬ ਅੰਦਰ ਇੱਕ ਪੁਲਿਸ ਵਾਲੇ ਦੀ ਧੀ ਦੀ ਇੱਜਤ ਸੁਰੱਖਿਅਤ ਨਹੀਂ ਤਾਂ ਆਮ ਆਦਮੀ ਦੀ ਕੀ ਜਿੰਦਗੀ ਹੋਵੇਗੀ? ਹਾਲਤ ਇਹ ਹੈ ਕਿ ਪੰਜਾਬ ਵਿਚ ਸੋਹਣੀਆਂ ਕੁੜੀਆਂ ਦੇ ਬਾਪ ਹੋਣਾ ਗੁਨਾਹ ਬਣ ਗਿਆ ਹੈ। ਬੇਏਰੀਆ ਤੋਂ ਪਹੁੰਚੇ ਲੇਖਕ ਜਗਤਾਰ ਸਿੰਘ ਗਿੱਲ ਨੇ ਲੱਚਰ ਗਾਇਕੀ 'ਤੇ ਚਿੰਤਾ ਪ੍ਰਗਟ ਕਰਦਿਆਂ ਪੰਜਾਬੀਆਂ ਨੂੰ ਸੱਭਿਆਚਾਰ ਦੇ ਨਾਂ ਹੇਠ ਫੈਲਾਏ ਜਾ ਰਹੇ ਗੰਦ ਤੋਂ ਸੁਚੇਤ ਹੋਣ ਦੀ ਅਪੀਲ ਕੀਤੀ।

ਪੱਤਰਕਾਰ ਜਗਦੇਵ ਸਿੰਘ ਭੰਡਾਲ ਦਾ ਪ੍ਰਬੰਧਕਾਂ ਵੱਲੋਂ ਖਾਸ ਸਨਮਾਨ ਕੀਤਾ ਗਿਆ। ਬੁਲਾਰਿਆਂ ਵਿਚ ਗੁਰਦੀਪ ਸਿੰਘ ਅਣਖੀ, ਰਾਜਵਿੰਦਰ ਸਿੰਘ ਧਾਲੀਵਾਲ, ਸੰਤੋਖ ਸਿੰਘ ਮਿਨਹਾਸ, ਮਨਜੀਤ ਸਿੰਘ ਪੱਤਰ, ਚਰਨਜੀਤ ਸਿੰਘ, ਕਵੀ ਸੁੱਖੀ ਧਾਲੀਵਾਲ, ਗਾਇਕ ਬੱਬੂ ਗੁਰਪਾਲ, ਕਵੀ ਦਲਜੀਤ ਸਿੰਘ ਰਿਆੜ, ਗੁਰਦੀਪ ਸ਼ੇਰਗਿੱਲ, ਜਸਵੰਤ ਮਹਿਮੀ, ਗਾਇਕ ਤੇ ਸੰਗੀਤਕਾਰ ਪੱਪੀ ਭਦੌੜ ਅਤੇ ਪਾਲ ਧਾਲੀਵਾਲ ਆਦਿ ਸ਼ਾਮਲ ਸਨ।

ਮੰਚ ਸੰਚਾਲਨ ਰਾਜ ਬਰਾੜ, ਪੱਤਰਕਾਰ ਕੁਲਵੰਤ ਉਭੀ ਅਤੇ ਨੀਟਾ ਮਾਛੀਕੇ ਨੇ ਕੀਤਾ। ਰੇਡੀਓ ਦਿਲ ਆਪਣਾ ਪੰਜਾਬੀ ਦੇ ਹੋਸਟ ਸ. ਸੰਧੂ ਅਤੇ ਉਘੇ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਨੇ ਫੋਨ 'ਤੇ ਆਏ ਸੱਜਣਾਂ ਨਾਲ ਆਪਣੇ ਜਜ਼ਬੇ ਸਾਂਝੇ ਕੀਤੇ ਅਤੇ ਯਮਲਾ ਜੱਟ ਫਾਊਂਡੇਸ਼ਨ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

ਅੰਤ ਵਿਚ ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ 12ਵੇਂ ਮੇਲੇ ਨੂੰ ਕਾਮਯਾਬ ਕਰਨ ਲਈ ਮਾਲੀ ਸਹਿਯੋਗ ਦੇਣ ਵਾਲੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ ਤੇ ਉਨ੍ਹਾਂ ਦਾ ਸਨਮਾਨ ਚਿੰਨ ਦੇ ਕੇ ਮਾਣ ਤਾਣ ਕੀਤਾ ਗਿਆ। ਇਸ ਮੌਕੇ ਹਾਜ਼ਰ ਸੱਜਣਾਂ ਵਿਚ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਗਿੱਲ (ਗਿੱਲ ਇਨਸੋਰੈਂਸ਼), ਟੋਨੀ ਗਿੱਲ ਅਤੇ ਗੁਰਮੀਤ ਗਾਜੀਆਣਾ (ਪੰਜਾਬ ਐਂਟਰਟੇਨਮੈਂਟ ਅਤੇ ਸਪੋਰਟਸ ਕਲੱਬ), ਭੁਪਿੰਦਰ ਪੰਧੇਰ, ਅਮਰਜੀਤ ਸਿੰਘ ਦੌਧਰ, ਪਰਮਿੰਦਰ ਸਿੰਘ, ਜੈਲਾ ਧੂਰਕੋਟ, ਡਾ. ਸਿਮਰਜੀਤ ਸਿੰਘ ਧਾਲੀਵਾਲ, ਸੋਨੀ, ਸੁਰਿੰਦਰ ਮੰਢਾਲੀ, ਦਿਲਦਾਰ ਮਿਊਜ਼ੀਕਲ ਗਰੁਪ, ਗੈਰੀ ਢੇਸੀ, ਸੁੱਖੀ ਹੇਅਰ, ਇੰਦਰਜੀਤ ਨਾਗਰਾ, ਗੁਰਦਿਆਲ ਰੰਧਾਵਾ, ਦਿਲਵੀਰ ਢੀਂਡਸਾ, ਪੱਤਰਕਾਰ ਜਗਜੀਤ ਸਿੰਘ ਥਿੰਦ, ਅਵਤਾਰ ਸਿੰਘ ਘੋਲੀਆ, ਦਰਸ਼ਨ ਸਿੰਘ ਗਿੱਲ, ਸਮਾਜ ਸੇਵੀ ਮਹਿੰਦਰ ਸਿੰਘ ਗਰੇਵਾਲ ਆਦਿ ਸ਼ਾਮਲ ਸਨ। ਅਖੀਰ ਵਿਚ ਕੁਲਵੰਤ ਧਾਲੀਆਂ ਨੇ ਆਏ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਹਿੰਮਤਪੁਰਾ ਡਾਟ ਕਾਮ ਵਾਲੇ ਮਨਦੀਪ ਖੁਰਮੀ ਅਤੇ ਰੇਡੀਓ ਦਿਲ ਆਪਣਾ ਪੰਜਾਬੀ ਦੀ ਪੂਰੀ ਟੀਮ ਨੂੰ ਲੋਕਾਂ ਨੂੰ ਜਾਗਰੂਕ ਕਰਨ ਲਈ ਵਿੱਢੀ ਪੋਸਟਰ ਮੁਹਿੰਮ ਲਈ ਵਧਾਈ ਦਿੱਤੀ।



*ਫਰਿਜ਼ਨੋ 'ਚ ਹੋਏ ਸਮਾਗਮ ਦੌਰਾਨ ਗਾਇਕ, ਗੀਤਕਾਰ ਅਤੇ ਬੁੱਧੀਜੀਵੀ ਜਾਰੀ ਕੀਤੇ ਗਏ ਪੋਸਟਰ ਨਾਲ*

## ਕੈਟਰੀਨਾ ਦਾ ਮੋਬਾਈਲਾਂ 'ਤੇ ਰਾਜ

**ਨਵੀਂ ਦਿੱਲੀ:** ਕਰੀਨਾ ਕਪੂਰ ਤੇ ਪ੍ਰਿਯੰਕਾ ਚੋਪੜਾ ਨੂੰ ਪਿੱਛੇ ਛੱਡਦੇ ਹੋਏ ਕੈਟਰੀਨਾ ਕੈਫ ਸਾਲ 2012 ਦੀ ਮੋਬਾਈਲ ਫੋਨ 'ਤੇ ਸਭ ਤੋਂ ਵੱਧ ਡਾਊਨਲੋਡ ਕੀਤੀ ਜਾਣ ਵਾਲੀ ਹਸਤੀ ਬਣ ਗਈ ਹੈ। ਤਸਵੀਰਾਂ ਡਾਊਨਲੋਡ ਕਰਨ ਦੀ ਸ਼੍ਰੇਣੀ ਵਿਚ 'ਏਕ ਥਾ ਟਾਈਗਰ' ਸਟਾਰ ਕੈਟਰੀਨਾ ਕੈਫ ਲਗਾਤਾਰ ਚੌਥੇ ਸਾਲ ਸਿਖਰ 'ਤੇ ਰਹੀ। ਏਅਰਟੈਲ ਮੋਬੀਟਿਊਡ 2012 ਦੇ ਅੰਕੜਿਆਂ ਅਨੁਸਾਰ ਕੈਟਰੀਨਾ ਦੇ ਇਲਾਵਾ ਸਿਖਰ ਦੀਆਂ ਪੰਜ ਹਸਤੀਆਂ ਵਿਚ ਕਰੀਨਾ ਕਪੂਰ, ਪ੍ਰਿਯੰਕਾ ਚੋਪੜਾ, ਅਨੁਸ਼ਕਾ ਸ਼ਰਮਾ ਤੇ ਵਿਦਿਆ ਬਾਲਨ ਸ਼ਾਮਲ ਹਨ।

## ਸ਼ਾਇਰਾ ਸੁਰਜੀਤ ਨਾਲ ਸਾਹਿਤਕ ਮਿਲਣੀ 15 ਨੂੰ

**ਫਰੀਮਾਂਟ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ ਉਘੀ ਸ਼ਾਇਰਾ ਸੁਰਜੀਤ ਨਾਲ ਆਉਂਦੀ 15 ਦਸੰਬਰ ਸਨਿਚਰਵਾਰ ਨੂੰ ਸਵੇਰੇ 11 ਵਜੇ ਇਥੇ ਇੰਡੀਆ ਕਿਚਨ (3872 ਵਾਲਨਟ ਐਵਨਿਊ) ਵਿਚ ਇਕ ਵਿਸ਼ੇਸ਼ ਸਾਹਿਤਕ ਮਿਲਣੀ ਕਰਵਾਈ ਜਾ ਰਹੀ ਹੈ। ਪੰਜਾਬੀ ਸਾਹਿਤ ਸਭਾ ਬੇਏਰੀਆ ਇਕਾਈ ਦੀ ਸਾਬਕਾ ਸਾਹਿਤ ਸਕੱਤਰ ਅਤੇ ਸਰਗਰਮ ਮੈਂਬਰ ਸੁਰਜੀਤ 'ਸ਼ਿਕਸਤ ਰੰਗ' ਅਤੇ 'ਹੇ ਸਖੀ' ਜਿਹੇ ਕਾਵਿ-ਸੰਗ੍ਰਿਹ ਪੰਜਾਬੀ ਸਾਹਿਤ ਦੀ ਝੋਲੀ ਪਾ ਚੁਕੀ ਹੈ ਅਤੇ 'ਸਿਰਜਣਹਾਰੀ' ਬਲਾਗ ਰਾਹੀਂ ਨਿਰੋਲ ਮਹਿਲਾ ਲੇਖਿਕਾਵਾਂ ਦੀਆਂ ਰਚਨਾਵਾਂ ਨੂੰ ਇੰਟਰਨੈਟ ਰਾਹੀਂ ਦੇਸ਼-ਵਿਦੇਸ਼ ਵਿਚਲੇ ਪਾਠਕਾਂ ਤੱਕ ਪਹੁੰਚਾਉਂਦੀ ਹੈ।



ਪੰਜਾਬੀ ਸਾਹਿਤ ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਸੁਰਜੀਤ ਪੰਜ ਸਾਲ ਪਹਿਲਾਂ ਉਸ ਦੇ ਸਨਮਾਨ ਵਿਚ ਕੀਤੇ ਗਏ ਵਿਦਾਇਗੀ ਸਮਾਰੋਹ ਵਿਚ ਇਹ ਕਹਿ ਕੇ ਗਈ ਸੀ 'ਸਾਨੂੰ ਅਲਵਿਦਾ ਨਾ ਕਹੋ ਦੋਸਤੋ! ਅਸੀ ਮੁੜ ਆਵਾਂਗੇ- ਸਾਹਿਤ ਦੀ ਜਾਗੋ ਨੂੰ ਛੱਡ ਕੇ ਅਸੀਂ ਕਿੱਥੇ ਜਾਵਾਂਗੇ- ਨਜ਼ਮਾਂ ਦੀ ਦੁਪਹਿਰ ਖਿੜੀ-ਖਿੜੀ, ਅਸੀਂ ਫਿਰ ਆਵਾਂਗੇ।' ਹੁਣ ਕੈਨੇਡਾ ਵਸਦੀ ਸਰੁਜੀਤ ਕੈਲੀਫ਼ੋਰਨੀਆ ਦੇ ਦੌਰੇ ਉਤੇ ਹੈ। ਉਨ੍ਹਾਂ ਦੀ ਆਪਣੇ ਸਾਰੇ ਸਾਥੀ ਸਾਹਿਤਕਾਰਾਂ ਨੂੰ ਮਿਲਣ ਦੀ ਇੱਛਾ ਦਾ ਸਬੱਬ ਇਹ ਸਾਹਿਤਕ ਮਿਲਣੀ ਹੋਵੇਗੀ। ਇਸ ਮਿਲਣੀ ਵਿਚ ਨਾਮਵਰ ਆਲੋਚਕ ਅਤੇ ਦੇਸ਼ ਭਗਤ ਕਾਲਜ ਬਰੜਵਾਲ, ਧੂਰੀ ਦੇ ਪ੍ਰਿੰਸੀਪਲ ਡਾ. ਸਵਿੰਦਰ ਸਿੰਘ ਛੀਨਾ ਮੁੱਖ ਮਹਿਮਾਨ ਹੋਣਗੇ। ਸਭਾ ਨੇ ਸਮੂਹ ਸਾਹਿਤ ਪ੍ਰੇਮੀਆਂ ਨੂੰ ਇਸ ਮਿਲਣੀ ਵਿਚ ਪਹੁੰਚਣ ਲਈ ਸੱਦਾ ਦਿੱਤਾ ਹੈ। ਹੋਰ ਜਾਣਕਾਰੀ ਲਈ ਦਲਵੀਰ ਦਿਲ ਨਿੱਜਰ ਨਾਲ ਫੋਨ 916-628-2210 'ਤੇ ਸੰਪਰਕ ਕੀਤਾ ਜਾ ਸਕਦਾ ਹੈ।









ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਕੈਲੀਫੋਰਨੀਆ

## ਫਤਿਹਗੜ੍ਹ ਸਾਹਿਬ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਦਸ਼ਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਕੁਰਬਾਨੀ ਦੀ ਯਾਦ ਵਿਚ

# ਸ਼ਹੀਦੀ ਜੋੜ ਮੇਲਾ

### ਪ੍ਰੋਗਰਾਮ ਦਾ ਵੇਰਵਾ

## 21 ਦਸੰਬਰ, 2012 ਸ਼ੁੱਕਰਵਾਰ

**ਅਰੰਭ ਸ੍ਰੀ ਅਖੰਡ ਪਾਠ (ਸਵੇਰੇ 11:00 ਵਜੇ)**

## 22 ਦਸੰਬਰ, 2012 ਸਨਿਚਰਵਾਰ

**ਸ਼ਾਮ ਨੂੰ 6:00 ਵਜੇ ਪੰਜਾਬੀ ਸਾਹਿਤ ਸਭਾ ਬੇਏਰੀਆ, ਕੈਲੀਫੋਰਨੀਆ ਵਲੋਂ ਸ. ਚਰਨ ਸਿੰਘ ਸਿੰਧਰਾ ਦੇ ਨਿਰਦੇਸ਼ਨ ਹੇਠ ਰੋਸ਼ਨੀ ਤੇ ਆਵਾਜ਼ ਪ੍ਰੋਗਰਾਮ 'ਨਿੱਕੀਆਂ ਜਿੰਦਾਂ-ਵੱਡਾ ਸਾਕਾ' (ਸਾਕਾ ਸਰਹੰਦ) ਪੇਸ਼ ਕੀਤਾ ਜਾਵੇਗਾ।**

## 23 ਦਸੰਬਰ, 2012 ਐਤਵਾਰ

**ਭੋਗ ਸ੍ਰੀ ਅਖੰਡ ਪਾਠ (ਸਵੇਰੇ 10:00 ਵਜੇ)**

ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਵੇਰੇ 10:30 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਪੰਥ ਦੇ ਮਹਾਨ ਕੀਰਤਨੀ ਜਥੇ, ਕਥਾਵਾਚਕ ਅਤੇ ਢਾਡੀ ਜਥੇ ਅਤੇ ਬੁਲਾਰੇ ਪਹੁੰਚ ਰਹੇ ਹਨ।

ਵਿਸ਼ੇਸ਼ ਤੌਰ 'ਤੇ ਇੰਡੀਆ ਤੋਂ ਭਾਈ ਜਸਪਾਲ ਸਿੰਘ, ਸ੍ਰੀ ਫਤਿਹਗੜ੍ਹ ਸਾਹਿਬ ਵਾਲਿਆਂ ਦਾ ਕੀਰਤਨੀ ਜਥਾ, ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੇ ਘਰ ਦਾ ਹਜ਼ੂਰੀ ਰਾਗੀ ਜਥਾ ਅਤੇ ਖਾਲਸਾ ਸਕੂਲ ਦੇ ਬੱਚਿਆਂ ਦਾ ਕੀਰਤਨੀ ਜਥਾ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਭਾਈ ਸਰਬਜੀਤ ਸਿੰਘ ਸਾਜਨ ਅਤੇ ਨਾਭੇ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਢਾਡੀ ਵਾਰਾਂ ਰਾਹੀਂ ਸਿੱਖ ਇਤਿਹਾਸ ਸਰਵਣ ਕਰਵਾਏਗਾ।



*ਨਗਰ ਕੀਰਤਨ: 23 ਦਸੰਬਰ 2012 ਨੂੰ ਬਾਅਦ ਦੁਪਹਿਰ ਇਕ ਵਜੇ ਨਗਰ ਕੀਰਤਨ ਹੋਵੇਗਾ। ਸਮੂਹ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰੋ ਜੀ।*

### ਗੁਰੂ ਪੰਥ ਦੇ ਦਾਸ

ਬਲਵਿੰਦਰ ਸਿੰਘ, ਸੁਖਵਿੰਦਰ ਸਿੰਘ ਗੋਗੀ, ਜਸਪਾਲ ਸਿੰਘ, ਇੰਦਰਜੀਤ ਸਿੰਘ, ਹਰਜੀਤ ਸਿੰਘ, ਰਾਜਿੰਦਰ ਸਿੰਘ ਸੇਖੋਂ, ਹਰਜੀਤ ਸਿੰਘ, ਰਘਵੀਰ ਸਿੰਘ, ਸੁਰਜੀਤ ਸਿੰਘ, ਸਰਬਜੀਤ ਸਿੰਘ, ਹਰਵਿੰਦਰ ਸਿੰਘ, ਗੁਰਬੀਰ ਸਿੰਘ, ਦਲਜੀਤ ਸਿੰਘ ਮਾਵੀ, ਮਨੀ ਜੈਲਦਾਰ, ਸਤਵਿੰਦਰ ਸਿੰਘ, ਨਿਰਭੈਅ ਸਿੰਘ, ਇੰਦਰ ਸਿੰਘ, ਬਲਿਹਾਰ ਸਿੰਘ, ਬਾਲੂ ਪ੍ਰਧਾਨ, ਪ੍ਰਤਾਪ ਸਿੰਘ ਮਿੱਠੂ, ਸੁਖਵਿੰਦਰ ਸਿੰਘ ਨੰਬਰਦਾਰ, ਲਖਵਿੰਦਰ ਸਿੰਘ ਪੂਨੀਆ, ਸੁਖਵਿੰਦਰ ਸਿੰਘ ਸੱਦੋ ਮਾਜਰਾ, ਗੁਰਤੇਜ ਸਿੰਘ ਤੇਜੀ, ਜੋਗਾ ਸਿੰਘ, ਦੀਪਇੰਦਰ ਸਿੰਘ, ਹਰਚੰਦ ਸਿੰਘ, ਗੁਰਜੀਤ ਸਿੰਘ ਝਾਮਪੁਰ, ਜਸਵਿੰਦਰ ਸਿੰਘ, ਅਮ੍ਰਿਤਪਾਲ ਸਿੰਘ, ਰਣਜੀਤ ਸਿੰਘ, ਦੀਦਾਰ ਸਿੰਘ, ਕੁਲਦੀਪ ਸਿੰਘ ਮਨਹੇੜਾ, ਮੇਜਰ ਸਿੰਘ, ਗੁਰਸ਼ਰਨ ਸਿੰਘ, ਬਲਜਿੰਦਰ ਸਿੰਘ, ਕੁਲਦੀਪ ਸਿੰਘ, ਰਣਧੀਰ ਸਿੰਘ, ਬਲਵਿੰਦਰ ਸਿੰਘ, ਗੁਰਨਾਮ ਸਿੰਘ, ਹਰਜੋਤ ਸਿੰਘ, ਹਰਦੇਵ ਸਿੰਘ, ਮਨਮੋਹਨ ਸਿੰਘ, ਸੁਰਜੀਤ ਸਿੰਘ ਮਾਛੀਵਾੜਾ, ਰਘਵੀਰ ਸਿੰਘ ਮੁੰਡੀ, ਅਰਜਨ ਸਿੰਘ, ਬਲਦੇਵ ਸਿੰਘ, ਕੁਲਵੰਤ ਸਿੰਘ ਜੰਡੀਰ, ਮਨਜੀਤ ਸਿੰਘ, ਕੁਲਵੰਤ ਸਿੰਘ, ਜਸਵੀਰ ਸਿੰਘ, ਹਰਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਮੋਹਣ ਸਿੰਘ, ਰਾਜਵਿੰਦਰ ਸਿੰਘ ਟਿਵਾਣਾ, ਭੁਪਿੰਦਰ ਸਿੰਘ, ਤੇਜਵੀਰ ਸਿੰਘ, ਹਰਦੀਪ ਸਿੰਘ, ਸਤਵਿੰਦਰ ਸਿੰਘ, ਪਰਮਜੀਤ ਸਿੰਘ, ਹਰਬੰਸ ਸਿੰਘ, ਗੁਰਦਿਆਲ ਸਿੰਘ, ਮਲਕੀਤ ਸਿੰਘ, ਰਾਜਿੰਦਰ ਸਿੰਘ, ਮਹਿੰਦਰ ਸਿੰਘ ਮਾਵੀ, ਹਰਨੇਕ ਸਿੰਘ, ਨਰਿੰਦਰ ਸਿੰਘ, ਸਤਿੰਦਰ ਸਿੰਘ, ਜਸਪ੍ਰੀਤ ਬੋਲਾ, ਗੁਰਪ੍ਰੀਤ ਸਿੰਘ, ਹਰਮਿੰਦਰਪਾਲ ਸਿੰਘ, ਪਰਵੀਰ ਸਿੰਘ, ਅਜੈਪਾਲ ਸਿੰਘ, ਜਸਜੀਤ ਸਿੰਘ, ਪਵਨਦੀਪ ਸਿੰਘ, ਪ੍ਰਭਪ੍ਰੀਤ ਸਿੰਘ, ਸੁਖਜਿੰਦਰ ਸਿੰਘ, ਮੇਹਰ ਸਿੰਘ, ਹਰਕੀਰਤ ਸਿੰਘ, ਪਰਮਜੀਤ ਸਿੰਘ, ਜਸਲੀਤ ਸਿੰਘ।

## ਬੇਨਤੀਕਰਤਾ:ਸਮੂਹ ਸਾਧ ਸੰਗਤ, ਇਲਾਕਾ ਸ੍ਰੀ ਫਤਿਹਗੜ੍ਹ ਸਾਹਿਬ।

## ਸੰਪਰਕ ਫੋਨ: 408-648-6774, 408-628-9001

# ਹਰ ਭਾਰਤੀ ਸਿਰ 14,699 ਰੁਪਏ ਦਾ ਵਿਦੇਸ਼ੀ ਕਰਜ਼ਾ

**ਨਵੀਂ ਦਿੱਲੀ:** ਦੇਸ਼ ਦੇ ਹਰੇਕ ਵਿਅਕਤੀ 'ਤੇ 14,699 ਰੁਪਏ ਦਾ ਵਿਦੇਸ਼ੀ ਕਰਜ਼ਾ ਹੈ। ਲੋਕ ਸਭਾ ਵਿਚ ਭੀਸ਼ਮ ਸ਼ੰਕਰ ਦੇ ਇਕ ਸਵਾਲ ਦੇ ਲਿਖਤੀ ਉੱਤਰ ਵਿਚ ਵਿੱਤ ਰਾਜ ਮੰਤਰੀ ਨਮੋ ਨਾਰਾਇਣ ਮੀਣਾ ਨੇ ਇਹ ਜਾਣਕਾਰੀ ਦਿੱਤੀ। ਮੰਤਰੀ ਨੇ ਦੱਸਿਆ ਕਿ ਭਾਰਤ ਨੇ ਸਾਲ 2011-12 ਦੌਰਾਨ ਸਰਕਾਰੀ ਖਾਤਿਆਂ 'ਤੇ ਕਰਜ਼ੇ ਦੇ ਰੂਪ ਵਿਚ 22,836 ਕਰੋੜ ਰੁਪਏ ਪ੍ਰਾਪਤ ਕੀਤੇ ਹਨ। ਜਾਪਾਨ, ਜਰਮਨੀ, ਰੂਸ, ਅਮਰੀਕਾ ਤੇ ਬਰਤਾਨੀਆ ਭਾਰਤ ਨੂੰ ਜ਼ਿਆਦਾ ਕਰਜ਼ਾ ਦੇਣ ਵਾਲੇ ਦੇਸ਼ ਹਨ। ਮੀਣਾ ਨੇ ਕਿਹਾ ਕਿ 2011-12 ਦੌਰਾਨ ਜਰਮਨੀ ਤੋਂ 1,536 ਕਰੋੜ ਰੁਪਏ ਦਾ ਕਰਜ਼ਾ ਤੇ ਮਦਦ ਪ੍ਰਾਪਤ ਹੋਈ ਹੈ ਜਦੋਂਕਿ ਅਮਰੀਕਾ ਤੋਂ 5,510 ਕਰੋੜ ਰੁਪਏ ਦੀ ਮਦਦ ਮਿਲੀ ਹੈ। ਜਾਪਾਨ ਤੋਂ 6,083 ਕਰੋੜ ਰੁਪਏ, ਰੂਸ ਤੋਂ 3,592 ਕਰੋੜ ਰੁਪਏ ਤੇ ਬਰਤਾਨੀਆ ਤੋਂ 1,689 ਕਰੋੜ ਰੁਪਏ ਦੀ ਮਦਦ ਮਿਲੀ ਹੈ।

# ਕੈਨੇਡਾ ਵੱਲੋਂ 11000 ਤੋਂ ਵੱਧ ਸੁਪਰ ਵੀਜ਼ੇ ਜਾਰੀ

**ਟੋਰਾਂਟੋ:** ਕੈਨੇਡਾ ਵੱਲੋਂ ਇਕ ਸਾਲ ਪਹਿਲਾਂ ਮਾਪਿਆਂ ਲਈ ਸ਼ੁਰੂ ਕੀਤੀ ਗਈ ਸੁਪਰ ਵੀਜ਼ਾ ਨੀਤੀ ਤਹਿਤ ਅਕਤੂਬਰ 2012 ਤੱਕ ਅੰਬੈਸੀਆਂ ਵੱਲੋਂ ਤਕਰੀਬਨ 11500 ਸੁਪਰ ਵੀਜ਼ਾ ਜਾਰੀ ਕੀਤੇ ਜਾ ਚੁੱਕੇ ਹਨ।

ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਮੰਤਰਾਲੇ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਸੁਪਰ ਵੀਜ਼ਾ ਦੀ ਇਨਕਾਰ ਦਰ ਮਹਿਜ਼ 13 ਫੀਸਦੀ ਹੈ ਜਦਕਿ 87 ਫੀਸਦੀ ਅਰਜ਼ੀਆਂ 'ਤੇ ਵੀਜ਼ਾ ਜਾਰੀ ਕੀਤੇ ਗਏ। ਅਜਿਹੇ ਵੀਜ਼ੇ 'ਤੇ ਕੈਨੇਡਾ ਵਸਦੇ ਵਿਅਕਤੀਆਂ ਦੇ ਵਿਦੇਸ਼ਾਂ ਵਿਚ ਰਹਿੰਦੇ ਮਾਪੇ, ਦਾਦਾ-ਦਾਦੀ ਤੇ ਨਾਨਾ-ਨਾਨੀ 10 ਸਾਲਾਂ ਦਾ ਬਹੁ-ਦਾਖਲੇ ਵਾਲਾ ਵੀਜ਼ਾ ਪ੍ਰਾਪਤ ਕਰ ਸਕਦੇ ਹਨ ਜਿਸ 'ਤੇ ਹਰੇਕ ਵਾਰ ਕੈਨੇਡਾ ਜਾ ਕੇ ਦੋ ਸਾਲਾਂ ਤੱਕ ਰਿਹਾ ਜਾ ਸਕਦਾ ਹੈ।

PANNU'S
Legal Services

G.S. Pannu
Immigration Consultant - LDA
We provide services in
Bring US passport & proof of residence by 9:00 am at SF location we prepare your papers & get visa on sameday for $99 only. Call for details

IMMIGRATION CITIZENSHIP | DIVORCE CHILD SUPPORT | INDIAN PASSPORT | INDIAN VISA
OCI/PIO, Renunciation, Power of Attorney and related matters
We also handle Property and Divorce cases in Punjab
Serving you at Three Locations
FREMONT: 4127 Bay St., Unit 7, Fremont, CA 94538 (Near Fremont Bharat Bazar)
SAN FRANCISCO: 965 Mission St., Unit 102, San Francisco, CA 94103 (Near India Visa Center)
MANTECA: 1381 E. Yosemite Ave, Manteca, CA 95336 (off 99 & 120 Hwy - beside Dollar Tree store)
Call (510) 677-5200
(209) 679-8025
E-mail: indiavisa123@yahoo.com • Fax: (510) 279-7624

ਕੀ ਤੁਸੀਂ ਜਿਆਦਾ ਭਾਰ ਦੇ ਕਾਰਨ ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕਾਵਟ ਮਹਿਸੂਸ ਹੋਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਕੀ ਟਰੱਕ ਚਲਾਉਣ ਕਰ ਕੇ ਤੁਹਾਡੇ ਕੋਲ ਜ਼ਿਮ ਜਾਣ ਜਾਂ ਕਸਰਤ ਕਰਨ ਦਾ ਵਿਹਲ ਹੀ ਨਹੀਂ ਹੈ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।

Safe & Easy Weight Loss
Ph:317-886-4858
916 East Main Street, Suite 106,
Greenwood, IN 46143
ਦੇਸੀ ਬਾਜ਼ਾਰ ਦੇ ਬਿਲਕੁਲ ਕਰੀਬ
ਦਫਤਰ ਹਾਈਵੇਅ ਆਈ-65 ਦੇ ਐਗਜਿਟ 99 ਦੇ ਬਿਲਕੁਲ ਨੇੜੇ
www.punjabiweightloss.blogspot.com
www.goherbalife.com/skaur



ਹਰਜੀਤ ਸਿੰਘ ਜੌਹਲ:ਪਹਿਲਾਂ ਭਾਰ 204 ਪੌਂਡ ਅਤੇ ਬਾਅਦ ਵਿਚ 164 ਪੌਂਡ

ਟਰੱਕਰ ਵੀਰ EFS, T-check, Com-check ਰਾਹੀਂ ਪੇਅਮੈਂਟ ਕਰ ਸਕਦੇ ਹਨ।

United Sports Club of California
33272 Palomino Common, Fremont, CA, USA 94555
Phone: 510-468-9381
Website: http://usportsca.org/

ਨਸ਼ੇ ਛੱਡੋ। ਨਸ਼ਾ ਵਿਰੋਧੀ ਅਪੀਲ ਕੋਹੜ ਵੱਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।






ਭਾਰਤ ਸਰਕਾਰ ਦੁਆਰਾ ਮੰਨਜੁਰਸ਼ੁਦਾ ਮੁਫਤ ਨਸ਼ਾ ਛਡਾਊ ਕੇਦਰਾਂ ਵਿੱਚ ਲੋੜਵੰਦ ਵਲੰਟੀਅਰ ਬਣਕੇ ਅੱਗੇ ਆਉਣ- ਸ. ਗੁਰਮੁੱਖ ਸਿੰਘ (98555-82239)
ਨਸ਼ਾ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)

ਅਮੋਲਕ ਸਿੰਘ ਗਾਖ਼ਲ (ਚੇਅਰਮੈਨ) 831-247-4637
ਬਲਵੀਰ ਸਿੰਘ ਭਾਟੀਆ (ਪ੍ਰਧਾਨ) 510-677-6248
ਗੁਰਦਾਵਰ ਸਿੰਘ ਮਹੇੜੂ 2gsmann@gmail.com
ਜੁਗਰਾਜ ਸਿੰਘ ਸਹੋਤਾ 510-673-0825

Makhan S. Bains | Narinder S. Sahota | Palwinder S. Gakhal | Kuldip S. Mann
Iqbal S. Gakhal | Parmjit S. Sandhu | Dalvinder S. Padda | Sadhu S. Khalour

Radio Chardi Kala
Listen Live 24/7
www.radiock.com
Dial To Listen
832-551-5038

www.punjabtimesusa.com
Promotes Healthy Enviornment

ਮਾਂ ਬਾਪ, ਸਮਾਜ ਸੇਵੀ ਸੰਸਥਾਵਾਂ, ਪ੍ਰਸਾਸ਼ਨ, ਖੇਡ ਪ੍ਰਮੋਟਰ ਅਤੇ ਰਾਜਨੀਤੀਵਾਨਾ ਨੂੰ ਨਸ਼ਿਆਂ ਖਿਲਾਫ ਡਟਣ ਦਾ ਹੋਕਾ।
ਲੱਚਰ ਗਾਇਕੀ ਰਾਹੀ ਨਸ਼ਿਆਂ ਨੂੰ ਪ੍ਰਮੋਟ ਕਰਨ ਵਾਲੇ ਗਾਇਕਾਂ ਦਾ ਸਮਾਜਕ ਬਾਈਕਾਟ ਕਰੋ।

# ਅਵਤਾਰ ਜੰਡਿਆਲਵੀ ਦੀ ਯਾਦ 'ਚ ਕਵੀ ਦਰਬਾਰ



**ਫਰਿਜ਼ਨੋ (ਬਿਊਰੋ):** ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ, ਫਰਿਜ਼ਨੋ ਵਲੋਂ ਸਵਰਗਵਾਸੀ ਲੇਖਕ ਤੇ ਸ਼ਾਇਰ ਅਵਤਾਰ ਜੰਡਿਆਲਵੀ ਦੀ ਯਾਦ ਵਿਚ ਇਕ ਕਵੀ ਦਰਬਾਰ ਨਜ਼ਦੀਕੀ ਸ਼ਹਿਰ ਸੈਲਮਾ ਦੇ ਅਸ਼ੋਕਾ ਰੈਸਟੋਰੈਂਟ ਵਿਚ ਕਰਵਾਇਆ ਗਿਆ।

ਉਥੇ ਚਿੰਤਕ ਡਾ. ਗੁਰੂਮੇਲ ਸਿੰਘ ਸਿੱਧੂ ਨੇ ਮਰਹੂਮ ਜੰਡਿਆਲਵੀ ਦੀ ਜਿੰਦਗੀ 'ਤੇ ਨਜ਼ਰ ਪਾਉਂਦਿਆਂ ਆਪਣੀਆਂ ਯਾਦਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ ਅਤੇ ਆਪਣੇ ਕਾਵਿ ਸਫਰ ਦੀ ਦਾਸਤਾਨ ਵੀ ਬਿਆਨ ਕੀਤੀ। ਇਸ ਤੋਂ ਪਹਿਲਾਂ ਪ੍ਰੋਗਰਾਮ ਦੀ ਸੁਰੂਆਤ ਰਾਜਿੰਦਰ ਸਿੰਘ ਬਰਾੜ ਯਮਲਾ ਨੇ ਇਕ ਧਾਰਮਿਕ ਗੀਤ ਨਾਲ ਕੀਤੀ।

ਸ਼ੇਅਰੋ-ਸ਼ਾਇਰੀ ਦੇ ਦੌਰ ਵਿਚ ਡਾ. ਅਰਜੁਨ ਜ਼ੋਸਨ, ਰਣਜੀਤ ਗਿੱਲ ਸੁਧਾਰ, ਮਹਿੰਦਰ ਸਿੰਘ ਸੰਧਾਵਾਲੀਆ, ਹੈਰੀ ਮਾਨ, ਦਲਜੀਤ ਸਿੰਘ ਰਿਆੜ, ਸਾਧੂ ਸਿੰਘ ਸੰਘਾ, ਸੁੱਖੀ ਧਾਲੀਵਾਲ, ਹਰਜਿੰਦਰ ਕੰਗ, ਸੰਤੋਖ ਸਿੰਘ ਮਿਨਹਾਸ ਅਤੇ ਡਾ. ਗੁਰੂਮੇਲ ਸਿੱਧੂ ਨੇ ਆਪਣਾ ਕਲਾਮ ਪੇਸ਼ ਕੀਤਾ। ਗੁਰਦੀਪ ਸਿੰਘ ਨਿੱਝਰ ਨੇ ਮਹਿਫਲ ਦਾ ਰੰਗ ਬਦਲਦਿਆਂ ਕੁੱਝ ਲਤੀਫੇ ਸੁਣਾ ਕੇ ਹਾਸੇ ਦੇ ਫਵਾਰੇ ਛੁਡਾਏ।

ਇਸ ਕਵੀ ਦਰਵਾਰ ਵਿਚ ਹੋਰਨਾਂ ਤੋਂ ਇਲਾਵਾ ਹਾਕਮ ਸਿੰਘ ਢਿੱਲੋਂ, ਕਰਮ ਸਿੰਘ ਸੰਘਾ, ਸਤਵੰਤ ਸਿੰਘ ਵਿਰਕ, ਨਾਜ਼ਰ ਸਿੰਘ ਸਹੋਤਾ, ਅਵਤਾਰ ਸਿੰਘ ਗਿੱਲ, ਅਮਰੀਕ ਸਿੰਘ ਵਿਰਕ, ਟੋਨੀ ਗਿੱਲ, ਸ਼ਿਆਰਾ ਸਿੰਘ ਢੀਂਡਸਾ, ਜਗਰੂਪ ਸਿੰਘ ਬਰਾੜ, ਦਰਸ਼ਨ ਸਿੰਘ ਬੈਰੋਕੇ ਤੇ ਸੰਤੋਖ ਸਿੰਘ ਢਿੱਲੋਂ ਹਾਜ਼ਰ ਸਨ। ਪ੍ਰੋਗਰਾਮ ਦੇ ਅੰਤ 'ਤੇ ਸੰਸਥਾ ਦੇ ਪ੍ਰਧਾਨ ਪ੍ਰਿੰ. ਪ੍ਰੀਤਮ ਸਿੰਘ ਨਾਹਲ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਸੰਤੋਖ ਸਿੰਘ ਮਿਨਹਾਸ ਦੇ ਜ਼ਿੰਮੇ ਸੀ। ਇਸੇ ਦੌਰਾਨ ਓਮਨੀ ਵੀਡੀਓ ਬੇਕਰਜ਼ਫੀਲਡ ਵੱਲੋਂ ਤਿਆਰ ਕੀਤੀ ਗਈ 2012 ਦੇ ਗਦਰੀ ਬਾਬਿਆਂ ਦੇ ਮੇਲੇ ਦੀ ਡੀ ਵੀ ਡੀ ਵੀ ਰਿਲੀਜ਼ ਕੀਤੀ ਗਈ।

# ਡਿਜ਼ਨੀ ਐਕਟਰ ਮਾਸਟਰ ਕਰਨ ਬਰਾੜ ਦੀ ਬੱਲੇ ਬੱਲੇ





**ਸੈਨ ਹੋਜ਼ੇ (ਬਿਊਰੋ):** ਤੇਰਾਂ ਸਾਲਾ ਪੰਜਾਬੀ ਪੁੱਤਰ ਬਾਲ ਕਲਾਕਾਰ ਕਰਨ ਬਰਾੜ, ਜੋ ਡਿਜ਼ਨੀ ਸੀਰੀਜ਼ 'ਜੈਸੀ' ਅਤੇ 'ਡਾਇਰੀ ਆਫ ਦੀ ਵਿੰਪੀ ਕਿੱਡ' ਫਿਲਮ ਸਮੇਤ ਕਈ ਡਾਕੂਮੈਂਟਰੀ ਫਿਲਮਾਂ ਵਿਚ ਆਪਣੀ ਕਲਾ ਦਾ ਜੌਹਰ ਦਿਖਾ ਰਿਹਾ ਹੈ, ਲੰਘੀ 8 ਦਸੰਬਰ ਨੂੰ ਮਿਲਪੀਟਸ ਦੇ ਇੰਡੀਆ ਕਮਿਊਨਿਟੀ ਸੈਂਟਰ ਵਿਚ ਆਪਣੇ ਪ੍ਰਸ਼ੰਸਕਾਂ ਤੇ ਸ਼ੁਭਚਿੰਤਕਾਂ ਦੇ ਸਨਮੁਖ ਹੋਇਆ। ਇਹ ਪ੍ਰੋਗਰਾਮ ਪੰਨੂ ਡੈਂਟਲ ਗਰੁਪ ਦੇ ਡਾ. ਦਲਵੀਰ ਪੰਨੂ ਨੇ ਉਦਮ ਨਾਲ ਹੋਇਆ। ਜ਼ਿਕਰਯੋਗ ਹੈ ਕਿ ਕਰਨ ਬਰਾੜ ਨੇ ਆਪਣੇ ਦੰਦਾਂ ਦੀ ਮੁਸਕਰਾਹਟ ਪੰਨੂ ਡੈਂਟਲ ਗਰੁਪ ਤੋਂ ਪਾਈ ਹੈ।

ਕਰਨ ਬਰਾੜ ਨੂੰ ਵੇਖਣ ਅਤੇ ਮਿਲਣ ਵਾਸਤੇ ਬੱਚਿਆਂ ਦੀਆਂ ਕਤਾਰਾਂ ਹੁੰਮ ਹੁੰਮਾ ਕੇ ਉਤਸ਼ਾਹ ਨਾਲ ਪਹੁੰਚੀਆਂ। ਕੋਈ ਚਾਰ ਸੌ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਇਸ ਪ੍ਰੋਗਰਾਮ ਵਿਚ ਇਸ ਕਲਾਕਾਰ ਨਾਲ ਚੰਗਾ ਸਮਾਂ ਬਿਤਾਇਆ, ਫੋਟੋਆਂ ਖਿਚਵਾਈਆਂ ਅਤੇ ਆਟੋਗਰਾਫ ਲਏ। ਅਨੇਕਾਂ ਬੱਚਿਆਂ ਨੇ ਉਸ ਨੂੰ ਉਸ ਦੀ ਨਿੱਜੀ ਤੇ ਫਿਲਮੀ ਜ਼ਿੰਦਗੀ ਬਾਰੇ ਸਵਾਲ ਪੁੱਛੇ। ਜੁਆਬ ਵਿਚ ਉਸ ਨੇ ਬੱਚਿਆਂ ਨੂੰ ਜੀਵਨ ਜਾਚ ਬਾਰੇ ਦੱਸਦਿਆਂ ਕਿਹਾ ਕਿ ਫਿਲਮ ਇੰਡਸਟਰੀ ਵੀ ਡਾਕਟਰੀ, ਇੰਜੀਨੀਅਰ ਜਾਂ ਹੋਰ ਪੇਸ਼ਿਆਂ ਵਾਂਗ ਬਹੁਤ ਔਖੀ ਹੈ ਅਤੇ ਇਸ ਵਾਸਤੇ ਬਹੁਤ ਮਿਹਨਤ ਤੇ ਲਗਨ ਦੀ ਲੋੜ ਹੈ। ਉਸ ਨੇ ਆਪਣੀ ਮੰਮੀ ਜਸਵਿੰਦਰ ਬਰਾੜ ਅਤੇ ਭੈਣ ਸਬਰੀਨਾ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਦੇ ਪਿਆਰ ਤੇ ਅਗਵਾਈ ਵਿਚ ਉਹ ਹਾਲੀਵੁੱਡ ਤੱਕ ਪਹੁੰਚ ਸਕਿਆ। ਉਸ ਦੇ ਡੈਡੀ ਹਰਿੰਦਰ ਸਿੰਘ ਬਰਾੜ ਨੇ ਵੀ ਸਰੋਤਿਆਂ ਨੂੰ ਸੰਬੋਧਨ ਕੀਤਾ ਅਤੇ ਬੜੇ ਮਾਣ ਨਾਲ ਦੱਸਿਆ ਕਿ ਮੈਂ ਇਕ ਸਾਧਾਰਨ ਜਿਹੇ ਪੰਜਾਬੀ ਕਿਸਾਨੀ ਪਰਿਵਾਰ ਵਿਚੋਂ ਹਾਂ ਤੇ ਰੋਜ਼ੀ ਰੋਟੀ ਦੀ ਤਲਾਸ਼ ਵਿਚ ਪੰਦਰਾਂ ਡਾਲਰ ਜੇਬ ਵਿਚ ਲੈ ਕੇ ਸਿਆਟਲ ਉਤਰਿਆ ਸੀ। ਮੇਰਾ ਇਹ ਬੇਟਾ ਕਰਨ ਛੋਟੀ ਜਿਹੀ ਉਮਰ ਵਿਚ ਹੀ ਸਾਨੂੰ ਅਰਸ਼ਾਂ ਤੱਕ ਲੈ ਉਡਿਆ ਹੈ। ਉਨ੍ਹਾਂ ਨੇ ਆਪਣੇ ਇਸ ਨੰਨ੍ਹੇ ਕਲਾਕਾਰ ਦੀ ਹੌਸਲਾ ਅਫਜ਼ਾਈ ਵਾਸਤੇ ਇਹ ਪ੍ਰੋਗਰਾਮ ਉਲੀਕਣ ਵਾਸਤੇ ਡਾ. ਦਲਵੀਰ ਪੰਨੂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਹ ਹੀ 'ਕਰਨ' ਦੀ ਵਿਸ਼ੇਸ਼ ਪਹਿਚਾਣ, ਮੁਸਕਾਨ ਦਾ ਸਿਰਜਨਹਾਰਾ ਹੈ।

ਡਾ. ਦਲਵੀਰ ਪੰਨੂ ਨੇ ਆਪਣੇ ਸਟਾਫ, ਮਹਿਮਾਨਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਉਮੀਦ ਤੋਂ ਕਿਤੇ ਜਿਆਦਾ ਹੁੰਗਾਰਾ ਭਰ ਕੇ ਉਨ੍ਹਾਂ ਦਾ ਮਾਣ-ਇੱਜਤ ਤੇ ਹੌਸਲਾ ਵਧਾਇਆ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਦੀ ਸਾਰੀ ਕਾਰਵਾਈ ਅਤੇ ਕਰਨ ਬਰਾੜ ਨਾਲ ਖਿਚਵਾਈਆਂ ਬੱਚਿਆਂ ਦੀਆਂ ਫੋਟੋਆਂ pannudental.com ਤੋਂ ਮੁਫਤ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਕਰਨ ਦੀ ਹੌਸਲਾ ਅਫਜ਼ਾਈ ਲਈ ਹਰ ਪੰਜਾਬੀ ਨੂੰ ਟਵਿਟਰ (@TheKaranBrar) 'ਤੇ ਕਰਨ ਬਰਾੜ ਦੀ ਵਧ ਤੋਂ ਵਧ ਚਰਚਾ ਕਰਨ ਦੀ ਅਪੀਲ ਕੀਤੀ। ਇਸ ਮੌਕੇ ਕਈ ਰੇਡੀਓ ਤੇ ਟੀ. ਵੀ. ਵਾਲਿਆਂ ਨੇ ਉਸ ਦੀ ਇੰਟਰਵਿਊ ਰੀਕਾਰਡ ਕੀਤੀ। ਹੋਰ ਜਾਣਕਾਰੀ ਲਈ ਫੋਨ 800-360-9250 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਡਿਊਟੀ ਦੌਰਾਨ ਕੁਤਾਹੀ ਵਰਤਣ ਵਾਲਿਆਂ ਦੀ ਸ਼ਾਮਤ

**ਚੰਡੀਗੜ੍ਹ :** ਪੰਜਾਬ ਵਿਚ ਅੱਜਕਲ੍ਹ ਉੱਚ ਪੁਲਿਸ ਅਧਿਕਾਰੀਆਂ ਦੇ ਦਿਨ ਮਾੜੇ ਚੱਲ ਰਹੇ ਹਨ ਤੇ ਪਿਛਲੇ ਇਕ ਦੋ ਮਹੀਨਿਆਂ ਵਿਚ ਅੱਧੀ ਦਰਜਨ ਦੇ ਕਰੀਬ ਐਸਪੀ ਰੈਂਕ ਦੇ ਅਧਿਕਾਰੀਆਂ ਨੂੰ ਮੁਅੱਤਲ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਤਾਜ਼ਾ ਹੁਕਮਾਂ 'ਚ ਡਿਊਟੀ ਵਿਚ ਕੁਤਾਹੀ ਵਰਤਣ ਦੇ ਦੋਸ਼ਾਂ ਤਹਿਤ ਤਿੰਨ ਹੋਰ ਐਸਪੀਜ਼ ਨੂੰ ਮੁਅੱਤਲ ਕਰ ਦਿੱਤਾ ਹੈ। ਇਹ ਤਿੰਨੇ ਅਧਿਕਾਰੀ ਪੀ. ਪੀ. ਐਸ. ਕੇਡਰ ਨਾਲ ਸਬੰਧਤ ਹਨ ਤੇ ਇਨ੍ਹਾਂ ਉਪਰ ਮੁੱਖ ਤੌਰ 'ਤੇ ਡਿਊਟੀ ਸਮੇਂ ਸ਼ਰਾਬ ਪੀਣ ਦੇ ਦੋਸ਼ ਲਾਏ ਗਏ ਹਨ।

ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਮੁਅੱਤਲ ਕੀਤੇ ਅਫਸਰਾਂ ਵਿਚ ਐਸ.ਪੀ. (ਅਪਰੇਸ਼ਨ) ਗੁਰਦਾਸਪੁਰ ਜਸਕੀਰਤ ਸਿੰਘ ਚਾਹਲ, ਐਸ.ਪੀ. ਡਿਟੈਕਟਿਵ ਬਟਾਲਾ ਪਰਮਜੀਤ ਸਿੰਘ ਗਰੇਵਾਲ ਤੇ ਐਸ.ਪੀ. (ਹੈਡਕੁਆਟਰ) ਤਰਨ ਤਾਰਨ ਰਸ਼ਪਾਲ ਸਿੰਘ ਘੁੰਮਣ ਸ਼ਾਮਲ ਹਨ। ਬੁਲਾਰੇ ਅਨੁਸਾਰ ਪਰਮਜੀਤ ਸਿੰਘ ਗਰੇਵਾਰ ਵਿਰੁੱਧ ਉਸ ਵੱਲੋਂ ਸ਼ਰਾਬ ਪੀ ਕੇ ਥਾਣਿਆਂ ਵਿਚ ਖਰੂਦ ਮਚਾਉਣ ਦੀਆਂ ਕਈ ਸ਼ਿਕਾਇਤਾਂ ਮਿਲੀਆਂ ਸਨ। ਇਨ੍ਹਾਂ ਅਧਿਕਾਰੀਆਂ ਵਿਰੁੱਧ ਵਿਭਾਗੀ ਪੜਤਾਲਾਂ ਵੀ ਆਰੰਭ ਦਿੱਤੀਆਂ ਹਨ ।

ਇਸ ਤੋਂ ਪਹਿਲਾਂ 31 ਅਗਸਤ ਨੂੰ ਵੀ ਪੁਲਿਸ ਕਮਿਸ਼ਨਰੇਟਾਂ ਅੰਮ੍ਰਿਤਸਰ, ਜਲੰਧਰ ਤੇ ਲੁਧਿਆਣਾ ਦੇ ਦੋ-ਦੋ ਪੁਲਿਸ ਕਪਤਾਨਾਂ ਗੁਰਚਰਨ ਸਿੰਘ ਏ.ਸੀ.ਪੀ. ਸੈਂਟਰਲ ਅੰਮ੍ਰਿਤਸਰ, ਕਰਮਜੀਤ ਸਿੰਘ ਏ.ਸੀ.ਪੀ. ਟਰੈਫਿਕ ਅੰਮ੍ਰਿਤਸਰ, ਨਰੇਸ਼ ਕੁਮਾਰ ਐਡੀਸ਼ਨਲ ਡੀ.ਸੀ.ਪੀ. ਕਰਾਇਮ ਜਲੰਧਰ, ਰਾਜਿੰਦਰ ਸਿੰਘ ਚੀਮਾ ਏ.ਸੀ.ਪੀ. ਕਰਾਇਮ ਜਲੰਧਰ, ਮਨਜੀਤ ਸਿੰਘ ਢੇਸੀ ਵਧੀਕ ਡੀ.ਸੀ.ਪੀ. ਲੁਧਿਆਣਾ ਤੇ ਗੁਰਮੀਤ ਕੌਰ ਏ.ਸੀ.ਪੀ. ਕਰਾਇਮ ਲੁਧਿਆਣਾ ਨੂੰ ਫੀਲਡ ਡਿਊਟੀ ਤੋਂ ਹਟਾ ਦਿੱਤਾ ਗਿਆ ਸੀ। ਇਸੇ ਤਰ੍ਹਾਂ ਆਈ. ਜੀ. ਪੀ. ਐਸ.ਕੇ. ਅਸਥਾਨਾ ਨੂੰ ਵੀ ਅਧਿਕਾਰਤ ਕਰਮੀਆਂ ਤੋਂ ਵੱਧ ਗੰਨਮੈਨ ਰੱਖਣ ਦੇ ਦੋਸ਼ ਹੇਠ ਮੁਅੱਤਲ ਕਰ ਦਿੱਤਾ ਸੀ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ **ਕਵਿਤਾ ਦੀਆਂ ਇਕ-ਦੋ ਸਤਰਾਂ** ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 22 ਦਸੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-43



*ਸਾਂਭ ਨਹੀਂ ਹੁੰਦਾ ਮੈਥੋਂ ਅੜੀਏ, ਹੁਣ ਹੜਾਂ ਦਾ ਪਾਣੀ।*
*ਕੀਹਨੂੰ ਦੱਸਾਂ ਕੋਲ ਬਿਠਾ ਕੇ ਦਰਦਾਂ ਭਰੀ ਕਹਾਣੀ।*
*ਮਿਲਾਂ ਦੇ ਗੰਦ-ਮੰਦ ਨਾਲ ਪਾਪੀਆਂ ਢਿੱਡ ਹੀ ਭਰ'ਤਾ ਮੇਰਾ।*
*ਘਰ ਕੋਠੇ ਮੈਂ ਕਿਉਂ ਨਾ ਢਾਹਵਾਂ, ਕਰ ਲਿਆ ਸਬਰ ਬਥੇਰਾ।*

## ਕੈਪਸ਼ਨ ਮੁਕਾਬਲਾ-41



ਐਦਾਂ ਜਾਪੇ ਕੁੜੀਆਂ ਚਿੜੀਆਂ
ਦਾਜ ਦੀ ਕਰਨ ਤਿਆਰੀ।
ਕੱਢ ਰਹੀਆਂ ਨੇ 'ਕੱਠੀਆਂ ਹੋ ਕੇ
ਬਾਗ ਅਤੇ ਫੁਲਕਾਰੀ।
ਗੁੱਸਾ ਨਾ ਕਰਿਉ ਨੀ ਭੈਣੋ
ਸੱਚੀ ਗੱਲ ਜੇ ਆਖੀ,
ਨਿਰਾ 'ਸਟੇਜੀ-ਸ਼ੋਅ' ਅਸਲ ਵਿਚ
ਇਹ ਵਿਰਸੇ ਦੀ ਝਾਕੀ!

***-ਹਰਬੰਸ ਨਿਊ ਯਾਰਕ।***

---

ਬਹਿ ਫੁਲਕਾਰੀ ਕੱਢਦੀਆਂ
ਹੱਸਣ ਤੇ ਮੁਸਕਾਨ।
ਕੱਲ੍ਹ ਗੁੱਡੀਆਂ ਸੀ ਖੇਡਦੀਆਂ
ਅੱਜ ਹੋ ਗਈਆਂ ਜਵਾਨ।
ਧੀਆਂ ਚਿੜੀਆਂ ਵਾਂਗ ਨੇ,
ਜਾਣ ਉਡਾਰੀ ਮਾਰ।
ਡੋਲੀ ਚੜ੍ਹ ਟੁਰ ਜਾਂਦੀਆਂ,
ਛੱਡ ਬਾਬਲ ਦਾ ਘਰ ਬਾਰ।
ਚਟਣੀ ਰੋਟੀ ਖਾਂਦੀਆਂ
ਫਾਲੇ ਵਿਛਾ ਕੇ ਖੇਸ।
ਸਾਂਭ ਭਾਬੀ ਘਰ ਆਪਣਾ
ਸੁਰਜੀਤ ਚਲੀ ਪਰਦੇਸ।

***-ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

---

ਨਾ ਕੋਈ ਕੱਢੇ ਬਾਗ ਬਗੀਚੇ,
ਕੱਢੇ ਹੁਣ ਨਾ ਕੋਈ ਫੁਲਕਾਰੀ।
ਕੂੰਡੀ ਸੋਟਾ ਗਾਇਬ ਹੋ ਗਿਆ,
ਚਲਦੀ ਮਿਕਸਰ ਦੀ ਸਰਦਾਰੀ।
ਧੰਨ ਸਾਡੀਆਂ ਧੀਆਂ ਨੇ ਇਹ,
ਜਿਨ੍ਹਾਂ ਕਲਾ ਨਹੀਂ ਵਿਸਾਰੀ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਮੈਂ ਕੁੱਟਦੀ ਕੂੰਡੇ ਵਿਚ ਮਸਾਲਾ,
ਸਬਜ਼ੀ ਦੀ ਕਰਾਂ ਤਿਆਰੀ।
ਸੋਹਣੇ ਰੰਗਾਂ ਵਾਲੇ ਧਾਗੇ ਲਾ ਕੇ,
ਧੀਓ, ਕੱਢੋ ਸੋਹਣੀ ਫੁਲਕਾਰੀ।
ਧੀ ਰਾਣੀ ਦਾ ਵਿਆਹ
ਸਿਰ 'ਤੇ ਆ ਗਿਆ,
ਮਾਂ ਚੁੱਕੀ ਫਿਰੇ ਸਿਰ 'ਤੇ
ਪੰਡ ਫਿਕਰਾਂ ਦੀ ਭਾਰੀ।

***-ਗੋਰਾ ਪ੍ਰਜਾਪਤ***
***ਫੋਨ: 646-721-1964***

# ਪੈਲਾਟਾਈਨ ਗੁਰੂ ਘਰ ਦੀ ਸਟੇਜ ਕਿਸੇ ਇਕ ਪਾਰਟੀ ਦੀ ਸਿਆਸੀ ਕਾਨਫਰੰਸ ਲਈ ਵਰਤੇ ਜਾਣ ਦੀ ਨਿਖੇਧੀ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੀ ਮਿਡਵੈਸਟ ਇਕਾਈ ਅਤੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਆਗੂਆਂ ਅਤੇ ਗੁਰਦੁਆਰਾ ਪੈਲਾਟਾਈਨ ਦੀ ਸੰਗਤ ਦੇ ਕੁਝ ਮੈਂਬਰਾਂ ਨੇ ਲੰਘੇ ਐਤਵਾਰ ਗੁਰੂਘਰ ਦੇ ਦੀਵਾਨ ਹਾਲ ਵਿਚ ਅਕਾਲੀ ਦਲ (ਅੰਮ੍ਰਿਤਸਰ) ਅਤੇ ਖਾਲਿਸਤਾਨ ਪੱਖੀਆਂ ਦੀ ਕਾਨਫਰੰਸ ਸੰਗਤ ਦੇ ਵਿਰੋਧ ਦੇ ਬਾਵਜੂਦ 'ਧੱਕੇ ਨਾਲ' ਕਰਵਾਏ ਜਾਣ ਦੀ ਨਿਖੇਧੀ ਕਰਦਿਆਂ ਦੋਸ਼ ਲਾਇਆ ਹੈ ਕਿ ਇਸ ਕਾਨਫਰੰਸ ਵਿਚ ਹਿੱਸਾ ਲੈਣ ਲਈ ਬਾਹਰੋਂ ਆਏ ਕੁਝ ਵਿਅਕਤੀਆਂ ਨੇ ਵਿਰੋਧ ਕਰ ਰਹੇ ਸੰਗਤ ਮੈਂਬਰਾਂ ਨੂੰ ਜਾਨੋਂ ਮਾਰਨ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਖਤਮ ਕਰਨ ਤਕ ਦੀਆਂ ਧਮਕੀਆਂ ਦਿਤੀਆਂ।

ਅਕਾਲੀ ਆਗੂ ਅਤੇ ਗੁਰਦੁਆਰਾ ਪੈਲਾਟਾਈਨ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਸ. ਹਰਵਿੰਦਰ ਸਿੰਘ ਨੇ ਇਥੇ ਜਾਰੀ ਇਕ ਬਿਆਨ ਵਿਚ ਆਖਿਆ ਕਿ ਸੰਗਤ ਮੈਂਬਰਾਂ ਨੇ ਗੁਰੂਘਰ ਦੀ ਪ੍ਰਧਾਨ ਬੀਬੀ ਸੁਖਦੇਵ ਕੌਰ ਘੁੰਮਣ ਨੂੰ ਵਾਰ-ਵਾਰ ਬੇਨਤੀ ਕੀਤੀ ਸੀ ਕਿ ਕਿਸੇ ਇਕ ਸਿਆਸੀ ਪਾਰਟੀ ਨੂੰ ਇੰਜ ਗੁਰੂਘਰ ਦੇ ਦੀਵਾਨ ਹਾਲ ਵਿਚ ਸਿਆਸੀ ਮਨੋਰਥ ਵਾਲੀ ਕਾਨਫਰੰਸ ਨਾ ਕਰਨ ਦਿਤੀ ਜਾਵੇ ਅਤੇ ਉਨ੍ਹਾਂ ਭਰੋਸਾ ਵੀ ਦਿਤਾ ਸੀ ਕਿ ਕਾਨਫਰੰਸ ਦੌਰਾਨ ਸਿਰਫ ਸਾਂਝੇ ਪੰਥਕ ਹਿਤਾਂ ਦੀ ਹੀ ਗੱਲ ਕੀਤੀ ਜਾਵੇਗੀ, ਪਰੰਤੂ ਬਾਅਦ ਵਿਚ ਉਹ ਆਪਣੀ ਇਸ ਗੱਲ 'ਤੇ ਟਿਕੇ ਨਾ ਰਹਿ ਸਕੇ। ਕਾਨਫਰੰਸ ਦੌਰਾਨ 1984 ਦੇ ਸਿੱਖ ਕਤਲੇਆਮ ਦੀ ਗੱਲ ਘੱਟ ਹੋਈ ਅਤੇ ਖਾਲਿਸਤਾਨ ਦੀ ਵੱਧ। ਸ. ਹਰਵਿੰਦਰ ਸਿੰਘ ਨੇ ਕਾਨਫਰੰਸ ਦਾ ਵਿਰੋਧ ਕਰਨ ਵਾਲਿਆਂ ਨੂੰ ਪੁਲਿਸ ਬੁਲਾ ਕੇ ਗੁਰੂਘਰੋਂ ਚਲੇ ਜਾਣ ਲਈ ਆਖੇ ਜਾਣ ਦੀ ਵੀ ਨਿਖੇਧੀ ਕੀਤੀ।

ਇਸੇ ਦੌਰਾਨ ਗੁਰਦੁਆਰਾ ਪੈਲਾਟਾਈਨ ਦੀ ਸੰਵਿਧਾਨ ਅਮਲ ਕਮੇਟੀ (ਸੀ ਆਈ ਸੀ) ਦੇ ਮੈਂਬਰ ਹਰਿੰਦਰਪਾਲ ਸਿੰਘ ਲੈਲ ਨੇ ਵੀ ਆਖਿਆ ਹੈ ਕਿ ਗੁਰੂਘਰ ਦਾ ਦੀਵਾਨ ਹਾਲ ਕਿਸੇ ਇਕ ਸਿਆਸੀ ਪਾਰਟੀ ਨੂੰ ਕੋਈ ਸਿਆਸੀ ਕਾਨਫਰੰਸ ਕਰਨ ਦੇਣਾ ਇਕ ਗਲਤ ਰਵਾਇਤ ਹੈ ਅਤੇ ਉਨ੍ਹਾਂ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਸੁਖਦੇਵ ਕੌਰ ਘੁੰਮਣ ਨੂੰ ਇਸ ਬਾਰੇ ਸੁਚੇਤ ਵੀ ਕੀਤਾ ਸੀ ਜਿਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਇਸ ਕਾਨਫਰੰਸ ਦੌਰਾਨ ਸਿਰਫ ਸਾਂਝੇ ਪੰਥਕ ਹਿਤਾਂ ਦੀ ਗੱਲ ਹੋਵੇਗੀ ਅਤੇ ਕਿਸੇ ਇਕ ਪਾਰਟੀ ਦਾ ਨਾਂ ਨਹੀਂ ਲਿਆ ਜਾਏਗਾ। ਪਰੰਤੂ ਬਾਅਦ ਵਿਚ ਹੋਇਆ ਇਸ ਦੇ ਬਿਲਕੁਲ ਉਲਟ।

ਸ. ਹਰਵਿੰਦਰ ਸਿੰਘ ਅਤੇ ਸ. ਲੈਲ ਨੇ ਆਖਿਆ ਕਿ 1984 ਦਾ ਸਿੱਖ ਕਤਲੇਆਮ ਸਿੱਖਾਂ ਦੇ ਦਿਲਾਂ ਦਾ ਨਾਸੂਰ ਹੈ ਅਤੇ ਇਸ ਪ੍ਰਤੀ ਵਿਰੋਧ ਜਾਹਰ ਕਰਨਾ ਉਨ੍ਹਾਂ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਗੁਰੂਘਰ ਦੀ ਸਟੇਜ ਤੋਂ ਖਾਲਿਸਤਾਨ ਦੀ ਗੱਲ ਕਰਨਾ ਵੀ ਜਾਇਜ਼ ਹੈ ਪਰ ਕਿਸੇ ਇਕ ਪਾਰਟੀ ਦੇ ਬੈਨਰ ਥੱਲੇ ਨਹੀਂ। ਅਜ ਇਕ ਪਾਰਟੀ ਨੂੰ ਅਜਿਹਾ ਕਰਨ ਦੀ ਖੁਲ੍ਹ ਦਿਤੀ ਗਈ ਹੈ ਤਾਂ ਕਲ੍ਹ ਨੂੰ ਕੋਈ ਦੂਜੀ ਪਾਰਟੀ ਵੀ ਆਪਣੀ ਮਰਜੀ ਦੀ ਗੱਲ ਕਰਨ ਦੀ ਮੰਗ ਕਰੇਗੀ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ-ਅਮਰੀਕਾ ਦੀ ਮਿਡਵੈਸਟ ਇਕਾਈ ਅਤੇ ਇੰਡੀਅਨ ਓਵਰਸੀਜ਼ ਕਾਂਗਰਸ ਵਲੋਂ ਜਾਰੀ ਵੱਖੋ ਵੱਖ ਬਿਆਨਾਂ ਵਿਚ ਆਖਿਆ ਗਿਆ ਹੈ ਕਿ ਉਨ੍ਹਾਂ ਪ੍ਰਬੰਧਕ ਕਮੇਟੀ ਨੂੰ ਪਹਿਲਾਂ ਹੀ ਬੇਨਤੀ ਕੀਤੀ ਸੀ ਕਿ ਗੁਰੂਘਰ ਦੇ ਦੀਵਾਨ ਹਾਲ ਦੀ ਕਿਸੇ ਇਕ ਪਾਰਟੀ ਨੂੰ ਆਪਣੇ ਸਿਆਸੀ ਮਨੋਰਥਾਂ ਅਤੇ ਖਾਲਿਸਤਾਨ ਦੇ ਪ੍ਰਚਾਰ ਲਈ ਵਰਤੋਂ ਕਰਨ ਦੀ ਇਜਾਜਤ ਨਾ ਦਿਤੀ ਜਾਵੇ ਪਰ ਪ੍ਰਬੰਧਕਾਂ ਨੇ ਨਾ ਸਿਰਫ ਅਜਿਹਾ ਕਰਨ ਦਿਤਾ ਸਗੋਂ ਵਿਰੋਧ ਕਰਨ ਵਾਲਿਆਂ ਨੂੰ ਗੁਰੂਘਰ ਦੀ ਹਦੂਦ ਵਿਚੋਂ ਬਾਹਰ ਕੱਢਣ ਲਈ ਪੁਲਿਸ ਵੀ ਬੁਲਾਈ। ਉਨ੍ਹਾਂ ਦੋਸ਼ ਲਾਇਆ ਕਿ ਬਾਹਰੋਂ ਆਏ ਅਤਿਵਾਦੀ ਕਿਸਮ ਦੇ ਕੁਝ ਲੋਕਾਂ ਨੇ ਉਨ੍ਹਾਂ ਨੂੰ ਧਮਕੀਆਂ ਵੀ ਦਿਤੀਆਂ।

ਸ਼੍ਰੋਮਣੀ ਅਕਾਲੀ ਦਲ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਨਵੰਬਰ 1984 ਦੇ ਕਤਲੇਆਮ ਵਿਰੁਧ ਗੱਲ ਕਰਨ ਲਈ ਕਾਨਫਰੰਸ ਕਰਨ ਉਤੇ ਕੋਈ ਇਤਰਾਜ ਨਹੀਂ ਸਗੋਂ ਇਹ ਸਿੱਖਾਂ ਦਾ ਹੱਕ ਬਣਦਾ ਹੈ। ਉਹ ਕਿਸੇ ਪਾਰਟੀ ਵਲੋਂ ਖਾਲਿਸਤਾਨ ਦੀ ਗੱਲ ਕੀਤੇ ਜਾਣ ਦੇ ਵਿਰੁਧ ਵੀ ਨਹੀਂ, ਸਿਰਫ ਇੰਨੀ ਗੱਲ ਹੈ ਕਿ ਇਸ ਖਾਤਰ ਗੁਰੂ ਘਰ ਦਾ ਦੀਵਾਨ ਹਾਲ ਵਰਤਣ ਦੀ ਥਾਂ ਕੋਈ ਵੀ ਹੋਰ ਥਾਂ ਵਰਤੀ ਜਾਵੇ।

ਇਸੇ ਦੌਰਾਨ ਗੁਰਦੁਆਰਾ ਪੈਲਾਟਾਈਨ ਨਾਲ ਸ਼ੁਰੂ ਤੋਂ ਜੁੜੇ ਹੁੰਦਲ ਗਰੁਪ ਦੇ ਇਕ ਆਗੂ ਭੁਪਿੰਦਰ ਸਿੰਘ ਹੁੰਦਲ ਨੇ ਪ੍ਰਬੰਧਕਾਂ ਦੀ ਇਸ ਕਾਰਵਾਈ ਦੀ ਸਖਤ ਨਿਖੇਧੀ ਕੀਤੀ ਹੈ।

# ਕਾਨਫਰੰਸ ਵਿਚ ਖਲਲ ਪਾਉਣਾ ਬੁਰਛਾਗਰਦੀ: ਮਾਨ ਦਲ

**ਸ਼ਿਕਾਗੋ (ਬਿਊਰੋ):** ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਇਕਾਈ ਨੇ ਇਥੇ ਗੁਰਦੁਆਰਾ ਪੈਲਾਟਾਈਨ ਵਿਚ ਪ੍ਰਬੰਧਕ ਕਮੇਟੀ ਅੰਤਰਰਾਸ਼ਟਰੀ ਕਾਨਫਰੰਸ ਦੌਰਾਨ ਵਿਘਨ ਪਾਉਣ ਵਾਲੇ ਲੋਕਾਂ ਨੂੰ ਬਾਦਲ ਦਲੀਆਂ ਤੇ ਕਾਂਗਰਸੀਆਂ ਦੀ ਬੁਰਛਾਗਰਦੀ ਕਰਾਰ ਦਿਤਾ ਹੈ।



*ਕੈਪਟਨ ਅਮਰਿੰਦਰ ਸਿੰਘ, ਸੁਰਜੀਤ ਸਿੰਘ ਬਰਨਾਲਾ, ਸਿਮਰਨਜੀਤ ਸਿੰਘ ਮਾਨ, ਕਰਨਲ ਜਸਮੇਰ ਸਿੰਘ ਬਾਲਾ, ਭਾਈ ਮਨਜੀਤ ਸਿੰਘ, ਜਗਦੇਵ ਸਿੰਘ ਤਲਵੰਡੀ ਅਤੇ ਗੁਰਚਰਨ ਸਿੰਘ ਟੌਹੜਾ ਸ੍ਰੀ ਅਕਾਲ ਤਖਤ ਉਤੇ ਅੰਮ੍ਰਿਤਸਰ ਐਲਾਨਨਾਮੇ (ਖਾਲਿਸਤਾਨ) ਦੇ ਦਸਤਾਵੇਜ 'ਤੇ ਸਹੁੰ ਚੁੱਕਦੇ ਹੋਏ*


ਦੇ ਸਹਿਯੋਗ ਨਾਲ 'ਸਿੱਖ ਨਸਲਕੁਸ਼ੀ, ਪ੍ਰਭੂਸੱਤਾ ਅਤੇ ਭਾਰਤ ਵਿਚ ਸਿੱਖਾਂ ਉਪਰ ਹੋ ਰਹੇ ਜ਼ੁਲਮਾਂ ਨੂੰ ਰੋਕਣ ਵਾਸਤੇ' ਕਰਵਾਈ ਗਈ ਪੰਜਵੀਂ ਪੰਜਾਬ ਟਾਈਮਜ਼ ਨੂੰ ਭੇਜੇ ਇਕ ਪ੍ਰੈਸ ਬਿਆਨ ਵਿਚ ਪਾਰਟੀ ਨੇ ਸਥਿਤੀ ਨੂੰ ਸਹੀ ਤਰੀਕੇ ਨਾਲ ਸੰਭਾਲਣ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪ੍ਰਧਾਨ ਬੀਬੀ ਸੁਖਦੇਵ ਕੌਰ ਦੀ ਸ਼ਲਾਘਾ ਕੀਤੀ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਐਤਵਾਰ ਨੂੰ ਸਵੇਰੇ ਜਿਉਂ ਹੀ ਗੁਰੂ ਘਰ ਦੇ ਸਟੇਜ ਸਕੱਤਰ ਦਲਜੀਤ ਸਿੰਘ ਦਿਓਲ ਨੇ ਇਹ ਬੇਨਤੀ ਕਰਦਿਆਂ ਕਿ ਹਰ ਬੁਲਾਰਾ ਗੁਰਮਤਿ ਦਾਇਰੇ ਦੇ ਵਿਚ ਰਹਿ ਕੇ ਵਿਚਾਰ ਕਰੇ, ਸਟੇਜ ਪਾਰਟੀ ਦੇ ਕਨਵੀਨਰ ਸ. ਬੂਟਾ ਸਿੰਘ ਦੇ ਹਵਾਲੇ ਕੀਤੀ ਤਾਂ ਝੱਟ ਹੀ ਕੁਝ ਕਲੀਨਸ਼ੇਵ ਲੋਕ ਅਤੇ ਇਕ ਦਸਤਾਰਧਾਰੀ ਨੌਜਵਾਨ ਗੁਰੂ ਸਾਹਿਬ ਅੱਗੇ ਨਤਮਸਤਕ ਹੋ ਕੇ ਬੈਠਣ ਦੀ ਥਾਂ ਰੌਲਾ ਪਾਉਣ ਲੱਗੇ ਕਿ ਚੱਲ ਰਹੀਆਂ ਵਿਚਾਰਾਂ ਬੰਦ ਕੀਤੀਆਂ ਜਾਣ, ਗੁਰੂ ਘਰ ਵਿਚ ਨਸਲਕੁਸ਼ੀ ਤੇ ਖਾਲਿਸਤਾਨ ਦੀ ਗੱਲ ਨਹੀਂ ਕਰਨ ਦਿੱਤੀ ਜਾਵੇਗੀ। ਪਾਰਟੀ ਨੇ ਬਿਆਨ ਵਿਚ ਕਿਹਾ ਹੈ ਕਿ ਇਕ ਪਾਸੇ ਤਾਂ ਗੁਰੂ ਪੰਥ ਦੇ ਚੌਕੀਦਾਰ ਕੌਮ ਨੂੰ ਜਾਗ੍ਰਿਤ ਕਰਨ ਆਏ ਸਨ ਪਰ ਕੁਝ ਗੁਲਾਮਾਂ ਦੇ ਪਾਲਤੂ ਲੋਕ ਉਨ੍ਹਾਂ ਨੂੰ ਗੁਰਦੁਆਰੇ ਵਿਚ ਵਿਚਾਰਾਂ ਕਰਨ ਤੋਂ ਰੋਕਣ, ਗੁਰੂ ਸਾਹਿਬ ਦੀ ਬੇਅਦਬੀ ਕਰਕੇ ਅਤੇ ਲੜਾਈ ਕਰਵਾ ਕੇ ਓਕ ਕਰੀਕ ਗੋਲੀ ਕਾਂਡ ਤੋਂ ਬਾਅਦ ਸਿੱਖਾਂ ਨੂੰ ਮਿਲੀ ਹਮਦਰਦੀ ਤੇ ਪਛਾਣ ਘੱਟੇ ਵਿਚ ਰੋਲਣ ਲਈ ਆਏ ਸਨ।

ਬਿਆਨ ਵਿਚ ਕਾਂਗਰਸੀ ਹਮਾਇਤੀਆਂ ਨੂੰ ਚੇਤੇ ਕਰਵਾਇਆ ਗਿਆ ਹੈ ਕਿ ਅੰਮ੍ਰਿਤਸਰ ਐਲਾਨਨਾਮੇ ਉਪਰ ਉਨ੍ਹਾਂ ਦੇ ਮੋਹਰੀ ਆਗੂ ਕੈਪਟਨ ਅਮਰਿੰਦਰ ਸਿੰਘ ਦੇ ਦਸਤਖਤ ਹਨ ਜਦੋਂਕਿ 1992 ਵਿਚ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਬੁਤਰਸ ਘਾਲੀ ਨੂੰ ਆਜ਼ਾਦ ਸਿੱਖ ਸਟੇਟ ਲਈ ਦਿੱਤੇ ਗਏ ਯਾਦ ਪੱਤਰ ਉਪਰ ਬਾਦਲ ਦਲੀਆਂ ਦੇ ਆਕਾ ਸ. ਪ੍ਰਕਾਸ਼ ਸਿੰਘ ਬਾਦਲ ਦੇ ਦਸਤਖਤ ਹਨ।

# ਡੇਢ ਸਦੀ ਪਿਛੋਂ ਮਿਲੀਆਂ ਸ਼ਹੀਦਾਂ ਦੀਆਂ ਅਸਥੀਆਂ

**ਅਜਨਾਲਾ:** ਆਜ਼ਾਦੀ ਦੀ ਪਹਿਲੀ ਜੰਗ (1857) ਦੌਰਾਨ ਇਸ ਸ਼ਹਿਰ ਦੇ ਕਾਲਿਆਂ ਦੇ ਖੂਹ ਵਿਚ ਸ਼ਹੀਦ ਹੋਣ ਵਾਲੇ 282 ਭਾਰਤੀ ਸੈਨਿਕਾਂ ਦੀਆਂ ਅਸਥੀਆਂ ਕੱਢਣ ਲਈ ਸ਼ਹੀਦਾਂ ਦੀ ਯਾਦ ਵਿਚ ਉਸਾਰੇ ਗੁਰਦੁਆਰਾ ਸ਼ਹੀਦ ਗੰਜ ਵਿਖੇ ਖੁਦਾਈ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ 1857 ਦੀ ਪਹਿਲੀ ਆਜ਼ਾਦੀ ਦੀ ਲੜਾਈ ਦੌਰਾਨ 282 ਨਾਇਕਾਂ ਨੂੰ ਉਸ ਸਮੇਂ ਦੀ ਅੰਗਰੇਜ਼ ਸਰਕਾਰ ਨੇ ਦਰਿਆ ਰਾਵੀ ਦੇ ਕੰਢਿਆਂ ਤੋਂ ਫੜ ਕੇ ਇਸ ਸ਼ਹਿਰ ਦੀ ਪੁਰਾਣੀ ਤਹਿਸੀਲ ਦੇ ਬੁਰਜ ਵਿਚ ਸੁੱਟ ਦਿੱਤਾ ਸੀ ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ ਸੀ। ਉਨ੍ਹਾਂ ਸੈਨਿਕਾਂ ਨੂੰ ਲਾਗਲੇ ਖੂਹ ਵਿਚ ਸੁੱਟ ਦਿੱਤਾ ਗਿਆ ਸੀ ਤੇ ਖੂਹ ਨੂੰ ਪੂਰ ਦਿੱਤਾ ਗਿਆ ਜਿਸਦਾ ਬਾਅਦ ਵਿਚ ਨਾਂ ਕਾਲਿਆਂ ਵਾਲਾ ਖੂਹ ਪੈ ਗਿਆ ਸੀ। ਇਤਿਹਾਸਕਾਰਾਂ ਅਨੁਸਾਰ ਮਈ 1857 ਵਿਚ ਲਾਹੌਰ ਦੀ ਮੀਆਂ ਮੀਰ ਛਾਉਣੀ ਵਿਚ ਨਿਯੁਕਤ ਉਪਰੋਕਤ 26 ਨੰਬਰ ਨੇਟਿਵ ਇਨਫੈਂਟਰੀ ਹਿੰਦੁਸਤਾਨੀ ਪਲਟਨ ਦੇ ਬੇ-ਹਥਿਆਰ ਫੌਜੀ ਜਿਨ੍ਹਾਂ ਦਾ ਸਬੰਧ ਆਸਾਮ ਤੇ ਬੰਗਾਲ ਸੂਬਿਆਂ ਨਾਲ ਸੀ, 30 ਜੁਲਾਈ, 1857 ਨੂੰ ਬ੍ਰਿਟਿਸ਼ ਹਕੂਮਤ ਵਿਰੁੱਧ ਬਗਾਵਤ ਕਰਕੇ ਉਥੋਂ ਭੱਜ ਨਿਕਲੇ। 31 ਜੁਲਾਈ ਨੂੰ ਜਦੋਂ ਇਹ ਤਹਿਸੀਲ ਅਜਨਾਲਾ ਦੇ ਪਾਸ ਦਰਿਆ ਰਾਵੀ ਦੇ ਕਿਨਾਰੇ ਪਹੁੰਚੇ ਤਾਂ ਪਿੰਡ ਵਾਲਿਆਂ ਨੇ ਉਨ੍ਹਾਂ



ਭੁੱਖੇ-ਪਿਆਸੇ ਫੌਜੀਆਂ ਨੂੰ ਦਾਲ-ਰੋਟੀ ਦੇਣ ਲਈ ਰੋਕ ਲਿਆ ਤੇ ਇਸ ਦੀ ਸੂਚਨਾ ਸੋਤੀਆਂ ਦੇ ਤਹਿਸੀਲਦਾਰ ਨੂੰ ਭੇਜ ਦਿੱਤੀ ਜਿਸ ਨੇ ਆਪਣੇ ਸਿਪਾਹੀਆਂ ਸਹਿਤ ਮੌਕੇ 'ਤੇ ਪਹੁੰਚ ਕੇ 150 ਦੇ ਕਰੀਬ ਫੌਜੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਤੇ ਕੁਝ ਨੇ ਰਾਵੀ ਵਿਚ ਛਲਾਂਗਾਂ ਮਾਰ ਕੇ ਆਤਮ-ਹੱਤਿਆ ਕਰ ਲਈ। ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਫਰੈਡਰਿਕ ਕੂਪਰ ਵੀ ਉਥੇ ਪਹੁੰਚ ਗਿਆ ਤੇ ਪਿੰਡ ਵਾਸੀਆਂ ਦੀ ਸਹਾਇਤਾ ਨਾਲ ਬਾਕੀ ਬਚੇ 282 ਸੈਨਿਕਾਂ ਨੂੰ ਰੱਸਿਆਂ ਨਾਲ ਬੰਨ੍ਹ ਕੇ ਅਜਨਾਲੇ ਲੈ ਆਇਆ। ਉਨ੍ਹਾਂ ਵਿਚੋਂ 237 ਨੂੰ ਥਾਣੇ ਵਿਚ ਬੰਦ ਕਰ ਦਿੱਤਾ ਗਿਆ ਤੇ ਬਾਕੀਆਂ ਨੂੰ ਤਹਿਸੀਲ ਦੇ ਬੁਰਜ ਵਿਚ ਤੂੜੀ ਵਾਂਗ ਭਰ ਦਿੱਤਾ। ਅਗਲੀ ਸਵੇਰ ਥਾਣੇ ਵਿਚ ਕੈਦ ਫੌਜੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤੇ ਜਾਣ ਤੋਂ ਬਾਅਦ ਜਦੋਂ ਬੁਰਜ ਦਾ ਦਰਵਾਜ਼ਾ ਖੋਲ੍ਹਿਆ ਗਿਆ ਤਾਂ ਬਹੁਤੇ ਸੈਨਿਕ ਸਾਹ ਘੁਟਣ ਕਰਕੇ ਪਹਿਲਾਂ ਹੀ ਦਮ ਤੋੜ ਚੁੱਕੇ ਸਨ ਤੇ ਕੁਝ ਬੇਹੋਸ਼ੀ ਦੀ ਹਾਲਤ ਵਿਚ ਸਨ। ਇਨ੍ਹਾਂ ਸਭ ਸੈਨਿਕਾਂ ਨੂੰ ਉਪਰੋਕਤ ਖੂਹ ਵਿਚ ਸੁੱਟ ਕੇ ਖੂਹ ਨੂੰ ਮਿੱਟੀ ਨਾਲ ਭਰ ਦਿੱਤਾ ਗਿਆ।

## ਪਰਵਾਸੀ ਪੰਜਾਬੀ ਦੀ ਝੀਲ ਵਿਚੋਂ ਲਾਸ਼ ਮਿਲੀ

**ਲੰਡਨ:** ਬੀਤੇ ਦਿਨੀਂ ਵੈਸਟ ਬ੍ਰਾਮਿਚ ਦੇ ਇਲਾਕੇ ਡਾਰਟਮਾਊਥ ਪਾਰਕ ਸੈਂਡਵੈੱਲ ਦੀ ਝੀਲ ਵਿਚੋਂ 41 ਸਾਲਾ ਜਸਬੀਰ ਸਿੰਘ ਬੈਂਸ ਨਾਂ ਦੇ ਪੰਜਾਬੀ ਦੀ ਲਾਸ਼ ਮਿਲੀ ਹੈ ਜੋ ਇਸੇ ਇਲਾਕੇ ਵਿਚ ਰਹਿੰਦਾ ਸੀ।

ਪੋਸਟ ਮਾਰਟਮ ਦੀ ਰਿਪੋਰਟ ਅਨੁਸਾਰ ਜਸਬੀਰ ਸਿੰਘ ਦੀ ਗਰਦਨ 'ਤੇ ਜ਼ਖ਼ਮਾਂ ਦੇ ਨਿਸ਼ਾਨ ਸਨ ਤੇ ਉਸ ਦੀ ਮੌਤ ਦਾ ਕਾਰਨ ਵੀ ਇਹੀ ਜ਼ਖ਼ਮ ਮੰਨੇ ਜਾਂਦੇ ਹਨ। ਪੁਲਿਸ ਇਸ ਨੂੰ ਕਤਲ ਦਾ ਮਾਮਲਾ ਮੰਨ ਕੇ ਤਫਤੀਸ਼ ਕਰ ਰਹੀ ਹੈ।

# ਤਰੱਕੀ ਲਈ ਹੁਣ ਅਫਸਰਾਂ ਨੂੰ ਪੰਜਾਬੀ ਸਿੱਖਣੀ ਪਵੇਗੀ

## ਬਾਦਲ ਵੱਲੋਂ ਅੰਗਰੇਜ਼ੀਪੁਣਾ ਛੱਡਣ ਦੀ ਹਦਾਇਤ

**ਚੰਡੀਗੜ੍ਹ:** ਹੁਣ ਤੱਕ ਆਨੇ-ਬਹਾਨੇ ਪੰਜਾਬੀ ਭਾਸ਼ਾ ਤੋਂ ਮੂੰਹ ਫੇਰਦੇ ਆ ਰਹੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਤਕੜਾ ਝਟਕਾ ਦਿੱਤਾ ਹੈ। ਹਾਈ ਕੋਰਟ ਨੇ ਤਾਜ਼ਾ ਫੈਸਲੇ ਵਿਚ ਪ੍ਰਸ਼ਾਸਨ ਨੂੰ ਹੁਕਮ ਜਾਰੀ ਕੀਤੇ ਹਨ ਕਿ ਜਦ ਚੰਡੀਗੜ੍ਹ ਪ੍ਰਸ਼ਾਸਨ ਵਿਚ ਪੰਜਾਬ ਦੇ ਸਰਵਿਸ ਰੂਲ ਲਾਗੂ ਹੁੰਦੇ ਹਨ ਤਾਂ ਇਸ ਦੇ ਮੁਲਾਜ਼ਮ ਪੰਜਾਬੀ ਭਾਸ਼ਾ ਤੋਂ ਅਣਜਾਣ ਕਿਵੇਂ ਹੋ ਸਕਦੇ ਹਨ।ਇਸ ਲਈ ਚੰਡੀਗੜ੍ਹ ਪ੍ਰਸ਼ਾਸਨ ਦੇ ਜਿਹੜੇ ਸਰਕਾਰੀ ਮੁਲਾਜ਼ਮ ਪੰਜਾਬੀ ਨਹੀਂ ਲਿਖ ਸਕਦੇ, ਉਹ ਤਰੱਕੀ ਲਈ ਯੋਗ ਕਿਵੇਂ ਹੋ ਸਕਦੇ ਹਨ?

ਜ਼ਿਕਰਯੋਗ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਦੇ ਇਕ ਮੁਲਾਜ਼ਮ ਕੁਲਦੀਪ ਚੰਦ ਨੇ ਜ਼ਿਲ੍ਹਾ ਅਦਾਲਤ ਵਿਚ ਮਾਮਲਾ ਦਾਇਰ ਕੀਤਾ ਸੀ ਕਿ ਉਸ ਨੂੰ ਇਸ ਕਾਰਨ ਤਰੱਕੀ ਨਹੀਂ ਦਿੱਤੀ ਗਈ ਕਿ ਕਿਉਂਕਿ ਉਹ ਪੰਜਾਬੀ ਭਾਸ਼ਾ ਨਹੀਂ ਲਿਖ ਸਕਦਾ। ਉਸ ਦੇ ਮਾਮਲੇ ਨੂੰ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਨੇ ਖਾਰਜ ਕਰ ਦਿੱਤਾ ਤਾਂ ਉਸ ਨੇ ਹਾਈ ਕੋਰਟ ਵਿਚ ਅਪੀਲ ਪਾ ਦਿੱਤੀ ਜਿਸ 'ਤੇ ਹਾਈ ਕੋਰਟ ਦੇ ਡਬਲ ਬੈਂਚ ਨੇ ਵੀ ਅਪੀਲ ਨੂੰ ਰੱਦ ਕਰਦਿਆਂ ਇਹ ਹੀ ਫੈਸਲਾ




ਸੁਣਾਇਆ ਕਿ ਪੰਜਾਬ ਦੇ ਸਰਵਿਸ ਰੂਲਾਂ ਮੁਤਾਬਕ ਮੁਲਾਜ਼ਮ ਨੂੰ ਪੰਜਾਬੀ ਭਾਸ਼ਾ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ।

ਇਸ ਤੋਂ ਇਲਾਵਾ ਪੰਜਾਬ ਸਰਕਾਰ ਵੀ ਦਫਤਰਾਂ ਵਿਚ ਪੰਜਾਬੀ ਲਾਗੂ ਕਰਨ ਤੇ ਸਰਕਾਰੀ ਫਾਈਲਾਂ ਸੌ ਫੀਸਦੀ ਰਾਜ ਭਾਸ਼ਾ ਵਿਚ ਨਿਬੇੜਨ ਲਈ ਹੋਰ ਦ੍ਰਿੜ੍ਹ ਹੋ ਗਈ ਹੈ। ਸਰਕਾਰ ਉਨ੍ਹਾਂ ਜੂਨੀਅਰ ਤੇ ਸੀਨੀਅਰ ਆਈ.ਏ.ਐਸ ਤੇ ਪੀ.ਸੀ. ਐਸ ਅਧਿਕਾਰੀਆਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਸਮਝਾਉਣ ਦੇ ਯਤਨਾਂ ਵਿਚ ਲੱਗ ਗਈ ਹੈ ਜੋ ਅਜੇ ਵੀ ਅੰਗਰੇਜ਼ੀ ਵਿਚ ਫਾਈਲਾਂ ਨਿਬੇੜਨ 'ਚ ਲੱਗੇ ਹੋਏ ਹਨ।

ਸੂਤਰਾਂ ਮੁਤਾਬਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਾਰੇ ਮੰਤਰੀਆਂ ਨੂੰ ਵੀ ਆਪਣੇ ਇਸ ਇਰਾਦੇ ਤੋਂ ਜਾਣੂ ਕਰਵਾ ਦਿੱਤਾ ਹੈ ਕਿ ਸਾਰਾ ਸਰਕਾਰੀ ਕੰਮਕਾਜ ਪੰਜਾਬੀ ਵਿਚ ਹੀ ਕਰਨਾ ਪਵੇਗਾ ਤੇ ਜਿਸ ਨੂੰ ਕੋਈ ਮੁਸ਼ਕਲ ਆਉਂਦੀ ਹੈ, ਉਸ ਨੂੰ ਪੰਜਾਬੀ ਭਾਸ਼ਾ ਦਾ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ ਭਾਵੇਂ ਸਕੂਲੀ ਬੱਚਿਆਂ ਵਾਂਗੂ ਕਲਾਸਾਂ ਹੀ ਕਿਉਂ ਨਾ ਲਾਉਣੀਆਂ ਪੈਣ। ਸੂਤਰਾਂ ਨੁਸਾਰ ਸ. ਬਾਦਲ ਜਿਨ੍ਹਾਂ ਨੂੰ ਆਮ ਤੌਰ 'ਤੇ ਗੁੱਸਾ ਘੱਟ ਵੱਧ ਹੀ ਆਉਂਦਾ ਹੈ, ਜੇ ਕੋਈ ਅਧਿਕਾਰੀ ਅੰਗਰੇਜ਼ੀ ਵਾਲੀ ਫਾਈਲ ਲੈ ਕੇ ਆਉਂਦਾ ਹੈ ਤਾਂ ਉਹ ਇਸ਼ਾਰਿਆਂ-ਇਸ਼ਾਰਿਆਂ ਨਾਲ ਉਸ ਵੱਲ ਖਿਝ ਕੇ ਤੇ ਘੂਰ ਕੇ ਵੇਖਦੇ ਹਨ ਤੇ ਸਬੰਧਤ ਅਧਿਕਾਰੀ ਨੂੰ ਕਹਿ ਵੀ ਦਿੰਦੇ ਹਨ ਕਿ 'ਇਹ ਅੰਗਰੇਜ਼ੀਪੁਣਾ ਕਦੋਂ ਖ਼ਤਮ ਹੋਏਗਾ? ਕੀ ਗੱਲ ਏ ਤੁਹਾਨੂੰ ਪੰਜਾਬੀ ਨਹੀਂ ਆਉਂਦੀ? ਮੁੱਖ ਮੰਤਰੀ ਦੀ ਇਸ ਸਰਗਰਮੀ ਨੂੰ ਦੇਖਦੇ ਹੋਏ ਇਸ ਮਸਲੇ ਦਾ ਛੇਤੀ ਹੱਲ ਹੋਣ ਦੇ ਅਸਾਰ ਨਜ਼ਰ ਆ ਰਹੇ ਹਨ।

# ਸਰਕਾਰ ਲਈ ਮੁਸੀਬਤ ਬਣੀਆਂ ਲਾਵਾਰਸ ਗਊਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਲਈ ਸੜਕਾਂ ਤੇ ਬਾਜ਼ਾਰਾਂ ਵਿਚ 85 ਹਜ਼ਾਰ ਦੇ ਕਰੀਬ ਲਾਵਾਰਸ ਘੁੰਮ ਰਹੀਆਂ ਗਾਵਾਂ ਵੱਡੀ ਮੁਸੀਬਤ ਬਣ ਗਈਆਂ ਹਨ। ਇਹ ਗਾਵਾਂ ਸੜਕਾਂ 'ਤੇ ਹਾਦਸਿਆਂ ਦਾ ਕਾਰਨ ਬਣ ਰਹੀਆਂ ਹਨ ਤੇ ਇਨ੍ਹਾਂ ਵੱਲੋਂ ਕਿਸਾਨਾਂ ਦੀਆਂ ਫਸਲਾਂ ਵੀ ਉਜਾੜੀਆਂ ਜਾ ਰਹੀਆਂ ਹਨ।

ਗਊ ਸੇਵਾ ਬੋਰਡ ਪੰਜਾਬ ਤੋਂ ਸੂਚਨਾ ਅਧਿਕਾਰ ਕਾਨੂੰਨ (ਆਰਟੀਆਈ) ਤਹਿਤ ਹਾਸਲ ਜਾਣਕਾਰੀ ਅਨੁਸਾਰ ਪੰਜਾਬ ਵਿਚ ਤਕਰੀਬਨ 85 ਹਜ਼ਾਰ ਗਊਆਂ ਸੜਕਾਂ 'ਤੇ ਘੁੰਮ ਰਹੀਆਂ ਹਨ।

ਪਿਛਲੇ ਸਮੇਂ ਪੰਜਾਬ ਗਊ ਸੇਵਾ ਬੋਰਡ ਵੱਲੋਂ ਲਾਵਾਰਸ ਗਊਆਂ ਨੂੰ ਗਊਸ਼ਾਲਾਵਾਂ ਵਿਚ ਪਹੁੰਚਾਉਣ ਦੀ ਵਿਆਪਕ ਤਜਵੀਜ਼ ਬਣਾਈ ਗਈ ਸੀ ਜਿਸ ਤਹਿਤ 6.32 ਕਰੋੜ ਰੁਪਏ ਦੀ ਸਕੀਮ ਤਿਆਰ ਕਰਕੇ ਸਰਕਾਰ ਨੂੰ ਭੇਜੀ ਗਈ ਸੀ ਪਰ ਫਿਲਹਾਲ ਇਹ ਸਕੀਮ ਉਚ ਪੱਧਰ 'ਤੇ ਵਿਚਾਰ ਅਧੀਨ ਹੀ ਹੈ। ਪੰਜਾਬ ਗਊ ਸੇਵਾ ਬੋਰਡ 11 ਜੂਨ, 2010 ਨੂੰ ਗਊਆਂ ਨੂੰ ਸਾਂਭਣ ਲਈ ਕਾਇਮ ਕੀਤਾ ਗਿਆ ਸੀ ।

# ਸੈਲਾਨੀਆਂ ਨੇ ਤਿੱਬਤ ਵੱਲ ਵਹੀਰਾਂ ਘੱਤੀਆਂ

**ਲਹਾਸਾ:** ਕੁਦਰਤੀ ਨਜ਼ਾਰਿਆਂ ਨਾਲ ਮਾਲਾਮਾਲ ਤਿੱਬਤ ਵਿਚ ਇਸ ਸਾਲ ਹੁਣ ਤੱਕ ਇਕ ਕਰੋੜ ਘਰੇਲੂ ਤੇ ਵਿਦੇਸ਼ੀ ਸੈਲਾਨੀ ਪਹੁੰਚ ਚੁੱਕੇ ਹਨ ਜੋ ਹਿਮਾਲਿਆ ਖੇਤਰ ਵਿਚ ਸੈਰ-ਸਪਾਟਾ ਇੰਡਸਟਰੀ ਦੇ ਤੇਜ਼ੀ ਨਾਲ ਵਧਣ ਦਾ ਸੰਕੇਤ ਹੈ। ਖੇਤਰ ਦੇ ਸੈਰ-ਸਪਾਟਾ ਬਿਊਰੋ ਦੇ ਅਧਿਕਾਰੀ ਵੈਂਗ ਸੌਂਗਪਿੰਗ ਮੁਤਾਬਕ 30 ਨਵੰਬਰ ਤੱਕ ਖੇਤਰ ਵਿਚ ਕੁਲ 10.34 ਮਿਲੀਅਨ ਸੈਲਾਨੀ ਪਹੁੰਚ ਚੁੱਕੇ ਹਨ ਤੇ ਇਹ ਪਹਿਲੀ ਵਾਰ ਹੈ ਜਦੋਂ ਇਕ ਕਰੋੜ ਤੋਂ ਵੱਧ ਸੈਲਾਨੀ ਇਥੇ ਆਏ ਹਨ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਅੰਕੜਿਆਂ ਮੁਤਾਬਕ ਸੈਲਾਨੀਆਂ ਦੀ ਗਿਣਤੀ 'ਚ 22.6 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੈਰ-ਸਪਾਟਾ ਸੈਕਟਰ ਤੋਂ ਪ੍ਰਾਪਤ ਹੋਣ ਵਾਲਾ ਮਾਲੀਆ 33.9 ਫੀਸਦੀ ਵਧਿਆ ਹੈ। ਉਨ੍ਹਾਂ ਸੈਰ-ਸਪਾਟਾ ਖੇਤਰ 'ਚ ਹੋਣ ਵਾਲੇ ਵਾਧੇ ਲਈ ਕੌਮੀ ਪੱਧਰ 'ਤੇ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਜ਼ਿੰਮੇਵਾਰ ਦੱਸਿਆ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਸੈਲਾਨੀ ਮੇਨ ਲੈਂਡ ਤੋਂ ਆਉਂਦੇ ਹਨ ਜੋ ਤਿੱਬਤ ਦੀਆਂ ਵਿਰਾਸਤੀ ਥਾਵਾਂ, ਪੋਤਾਲਾ ਪੈਲੇਸ ਜੋ ਦਲਾਈਲਾਮਾ ਦਾ ਘਰ ਸੀ, ਜੇਖਾਂਗ ਮੰਦਰ ਦੇਖਣ ਆਉਂਦੇ ਹਨ।



ਸਰਕਾਰੀ ਅੰਕੜਿਆਂ ਅਨੁਸਾਰ ਖੇਤਰ 'ਚ ਸੈਰ-ਸਪਾਟੇ ਤੋਂ ਤਕਰੀਬਨ ਤਿੰਨ ਲੱਖ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ। ਪਿਛਲੇ ਪੰਜ ਸਾਲਾਂ ਦੌਰਾਨ ਤਿੱਬਤ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵਿਚ 30 ਫੀਸਦੀ ਸਾਲਾਨਾ ਦੇ ਹਿਸਾਬ ਨਾਲ ਵਾਧਾ ਹੋਇਆ ਹੈ।

# ਤਾਮਿਲਨਾਡੂ ਤੋਂ ਚੋਰੀ ਕਲਾਕ੍ਰਿਤਾਂ ਅਮਰੀਕਾ ਵਿਚੋਂ ਲੱਭੀਆਂ

**ਕੀਮਤ 50 ਲੱਖ ਡਾਲਰ ਤੋਂ ਵੱਧ ਮੰਦਰਾਂ ਵਿਚੋਂ ਹੋਈ ਸੀ ਚੋਰੀ**

**ਨਿਊਯਾਰਕ:** ਭਾਰਤ ਨਾਲ ਰਲ ਕੇ ਕੰਮ ਕਰ ਰਹੀਆਂ ਏਜੰਸੀਆਂ ਨੇ ਪੁਰਾਤਨ ਕਲਾਕ੍ਰਿਤਾਂ ਦੇ ਕਿਸੇ ਭਾਰਤੀ ਸਮਗਲਰ ਵੱਲੋਂ ਤਾਮਿਲਨਾਡੂ ਦੇ ਮੰਦਰਾਂ ਵਿਚੋਂ ਚੋਰੀ ਕੀਤੀਆਂ ਗਈਆਂ ਮਾਂ ਪਾਰਵਤੀ ਦੀ ਪੁਰਾਤਨ ਮੂਰਤੀ ਸਮੇਤ ਕਾਂਸੇ ਦੀਆਂ ਪੰਜ ਦੁਰਲੱਭ ਮੂਰਤੀਆਂ ਫੜੀਆਂ ਹਨ। ਪਾਰਵਤੀ ਦੀ ਮੂਰਤੀ ਭਾਰਤ ਦੀ ਸੱਭਿਆਚਾਰਕ ਵਿਰਾਸਤ ਹੈ ਤੇ ਉਨ੍ਹਾਂ ਵਿਸ਼ੇਸ਼ ਕਲਾਕ੍ਰਿਤਾਂ ਵਿਚੋਂ ਇਕ ਹੈ ਜੋ ਤਾਮਿਲਨਾਡੂ 'ਚੋਂ ਚੋਰੀ ਕੀਤੀਆਂ ਗਈਆਂ ਸਨ ਤੇ ਭਾਰਤੀ ਪੁਰਾਤਨ ਵਸਤਾਂ ਦੇ ਸਮੱਗਲਰ ਸੁਭਾਸ਼ ਕਪੂਰ ਵੱਲੋਂ ਵੇਚ ਦਿੱਤੀਆਂ ਗਈਆਂ ਸਨ।

ਕਪੂਰ 'ਤੇ ਇਸ ਵੇਲੇ ਭਾਰਤ 'ਚ ਅਪਰਾਧਕ ਮਾਮਲੇ ਚੱਲ ਰਹੇ ਹਨ। ਯੂਐਸ ਇਮੀਗਰੇਸ਼ਨ ਤੇ ਕਸਟਮਜ਼ ਇਨਫੋਰਸਮੈਂਟ (ਆਈਸੀਈ) ਤੇ ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨ (ਐਚਐਸਆਈ) ਦੇ ਵਿਸ਼ੇਸ਼ ਏਜੰਟ ਜੋ ਅਮਰੀਕੀ ਕਸਟਮਜ਼ ਤੇ ਵਾਰਡਰ ਪ੍ਰੋਟੈਕਸ਼ਨ (ਸੀਬੀਪੀ) ਨਾਲ ਰਲ ਕੇ ਕੰਮ ਕਰ ਰਹੇ ਸਨ, ਨੇ ਨੇਵਾਰਕ ਪੋਰਟ ਤੋਂ ਇਹ ਮੂਰਤੀਆਂ ਫੜੀਆਂ। ਇਨ੍ਹਾਂ ਦੀ ਕੀਮਤ 50 ਲੱਖ ਡਾਲਰ ਤੋਂ ਵੱਧ ਹੈ। ਇਨ੍ਹਾਂ ਸਾਰੀਆਂ ਏਜੰਸੀਆਂ ਦੇ ਅਧਿਕਾਰੀ ਭਾਰਤ ਸਰਕਾਰ, ਇੰਟਰਪੋਲ ਤੇ ਮੈਨਹੱਟਨ ਡ੍ਰਿਸਟ੍ਰਿਕਟ ਅਟਾਰਨੀ ਦੇ ਦਫ਼ਤਰ ਨਾਲ ਰਲ ਕੇ ਕੰਮ ਕਰ ਰਹੇ ਸਨ।

ਕਪੂਰ ਬਾਰੇ ਇੰਟਰਪੋਲ ਦਾ ਰੈਡ ਕਾਰਨਰ ਨੋਟਿਸ ਜਾਰੀ ਹੋਇਆ ਸੀ ਤੇ ਉਸ ਨੂੰ 2011 ਦੇ ਅਖੀਰ ਵਿਚ ਜਰਮਨੀ ਦੇ ਫਰੈਂਕਫਰਟ ਕੌਮਾਂਤਰੀ ਹਵਾਈ ਅੱਡੇ ਤੋਂ ਫੜਿਆ ਗਿਆ ਸੀ। ਇਸ ਸਾਲ ਜੁਲਾਈ 'ਚ ਉਹ ਭਾਰਤ ਦੇ ਹਵਾਲੇ ਕੀਤਾ ਗਿਆ ਸੀ। ਐਚਐਸਆਈ ਨਿਊਯਾਰਕ ਦੇ ਇੰਚਾਰਜ ਜੇਮਜ਼ ਹੇਅਸ ਮੁਤਾਬਕ ਕਪੂਰ ਹੁਣ ਤੱਕ 10 ਕਰੋੜ ਡਾਲਰ ਦੇ ਮੁੱਲ ਤੋਂ ਵੱਧ ਦੀਆਂ ਮੂਰਤੀਆਂ ਤੇ ਕਲਾਕ੍ਰਿਤਾਂ ਦੀ ਤਸਕਰੀ ਕਰ ਚੁੱਕਿਆ ਹੈ ਤੇ ਵਿਸ਼ਵ ਦੇ ਸਭ ਤੋਂ ਅਹਿਮ ਸਮਗਲਰਾਂ 'ਚ ਸ਼ਾਮਲ ਹੈ।

# ਪਰਵਾਸੀ ਭਾਰਤੀਆਂ 'ਤੇ ਬੰਦਸ਼ ਖਤਮ

**ਕੈਲੀਫੋਰਨੀਆ:** ਭਾਰਤ ਸਰਕਾਰ ਨੇ ਮੁੰਬਈ ਹਮਲਿਆਂ ਦੇ ਮੱਦੇਨਜ਼ਰ ਸਾਲ 2009 ਵਿਚ ਪਰਵਾਸੀ ਭਾਰਤੀਆਂ ਸਮੇਤ ਸਮੂਹ ਵਿਦੇਸ਼ੀਆਂ ਦੇ ਇਕ ਵਾਰ ਭਾਰਤ ਆਉਣ ਪਿੱਛੋਂ ਦੋ ਮਹੀਨਿਆਂ ਵਿਚ ਮੁੜ ਵਾਪਸ ਆਉਣ 'ਤੇ ਪਾਬੰਦੀ ਲਾ ਦਿੱਤੀ ਗਈ ਸੀ ਜਿਸ ਕਰਕੇ ਵਿਦੇਸ਼ਾਂ ਵਿਚ ਰਹਿ ਰਹੇ ਪਰਵਾਸੀ ਭਾਰਤੀਆਂ ਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਭਾਰਤ ਸਰਕਾਰ ਵੱਲੋਂ ਜਾਰੀ ਕੀਤੇ 30 ਨਵੰਬਰ ਦੇ ਨੋਟਿਸ ਅਨੁਸਾਰ ਇਸ ਪਾਬੰਦੀ ਨੂੰ ਖਤਮ ਕਰ ਦਿੱਤਾ ਗਿਆ ਹੈ।

ਵਿਦੇਸ਼ੀ ਪਾਸਪੋਰਟ ਹਾਸਲ ਭਾਰਤੀ ਹੁਣ ਭਾਰਤ ਆ ਸਕਦੇ ਹਨ ਤੇ ਹੁਣ ਦੋ ਮਹੀਨੇ ਦੀ ਪਾਬੰਦੀ ਪੂਰਨ ਤੌਰ 'ਤੇ ਖਤਮ ਕਰ ਦਿੱਤੀ ਗਈ ਹੈ ਪਰ ਇਸ ਦੇ ਨਾਲ-ਨਾਲ ਪਾਕਿਸਤਾਨ, ਚੀਨ, ਇਰਾਕ, ਇਰਾਨ, ਅਫ਼ਗਾਨਿਸਤਾਨ, ਬੰਗਲਾਦੇਸ਼, ਸੁਡਾਨ ਦੇ ਨਾਗਰਿਕਾਂ 'ਤੇ ਇਹ ਨਿਯਮ ਪਹਿਲਾਂ ਵਾਂਗ ਹੀ ਲਾਗੂ ਰਹਿਣਗੇ ਤੇ ਉਹ ਇਕ ਵਾਰੀ ਆਉਣ ਤੋਂ ਬਾਅਦ 60 ਦਿਨਾਂ ਅੰਦਰ ਉਹ ਵਾਪਸ ਨਹੀਂ ਆ ਸਕਣਗੇ। ਐਨ.ਆਰ.ਆਈ ਫਰੰਟ ਯੂ. ਐਸ. ਏ ਨੇ ਇਸ ਐਲਾਨ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਸ ਨਾਲ ਦੁਨੀਆ ਭਰ ਵਿਚ ਰਹਿ ਰਹੇ ਪਰਵਾਸੀ ਭਾਰਤੀਆਂ ਨੂੰ ਸੁਖ ਦਾ ਸਾਹ ਮਿਲਿਆ ਹੈ। ਇਸ ਐਲਾਨ ਨਾਲ ਪਰਵਾਸੀ ਭਾਰਤੀ ਇਕ ਵਾਰੀ ਫਿਰ ਭਾਰਤ 'ਚ ਨਿਵੇਸ਼ ਕਰਨ ਬਾਰੇ ਸੋਚ ਸਕਦੇ ਹਨ ਕਿਉਂਕਿ ਪਹਿਲਾਂ ਦੋ ਮਹੀਨੇ ਦਾ ਅੰਤਰਾਲ ਹੋਣ ਕਾਰਨ ਆਉਣ-ਜਾਣ ਦੀ ਮੁਸ਼ਕਲ ਕਾਰਨ ਪਰਵਾਸੀ ਭਾਰਤੀਆਂ ਨੇ ਭਾਰਤ ਵਿਚ ਨਿਵੇਸ਼ ਬਿਲਕੁਲ ਹੀ ਬੰਦ ਕਰ ਦਿੱਤਾ ਸੀ। ਇਸ ਦੇ ਨਾਲ ਪਰਵਾਸੀ ਭਾਰਤੀ, ਭਾਰਤ ਦੇ ਸੈਰ-ਸਪਾਟੇ ਨੂੰ ਵੀ ਤਰਜੀਹ ਦੇਣਗੇ।

***ਪਾਕਿਸਤਾਨ, ਚੀਨ, ਇਰਾਕ, ਇਰਾਨ, ਅਫ਼ਗਾਨਿਸਤਾਨ, ਬੰਗਲਾਦੇਸ਼, ਸੁਡਾਨ ਦੇ ਨਾਗਰਿਕਾਂ 'ਤੇ ਨਿਯਮ ਪਹਿਲਾਂ ਵਾਂਗ ਹੀ ਲਾਗੂ ਰਹਿਣਗੇ***

## ਡਾ. ਰਣਦੀਪ ਮਾਨ ਦੀ ਸਜ਼ਾ ਮੁੜ ਮਿਥਣ ਦਾ ਹੁਕਮ

**ਲਿਟਲ ਰੌਕ:** ਅਮਰੀਕਾ ਵਿਚ ਰਹਿੰਦੇ ਭਾਰਤੀ ਮੂਲ ਦੇ ਜਿਸ ਡਾਕਟਰ ਨੂੰ ਅਰਕਾਂਸਾਜ਼ ਦੇ ਸੂਬਾਈ ਮੈਡੀਕਲ ਬੋਰਡ ਦੇ ਮੁਖੀ 'ਤੇ 2009 ਵਿਚ ਜਾਨਲੇਵਾ ਹਮਲਾ ਕਰਨ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਉਸ ਦੀ ਅਪੀਲ 'ਤੇ ਸੰਘੀ ਅਦਾਲਤ ਨੇ ਹੁਕਮ ਦਿੱਤਾ ਹੈ ਕਿ ਇਹ ਸਜ਼ਾ ਦੁਬਾਰਾ ਮਿਥੀ ਜਾਵੇ।

ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਰਣਦੀਪ ਮਾਨ ਨੂੰ 2010 ਵਿਚ ਵਿਆਪਕ ਤਬਾਹੀ ਦੇ ਹਥਿਆਰ ਵਰਤਣ ਤੇ ਹੋਰ ਦੋਸ਼ਾਂ ਤਹਿਤ ਸਜ਼ਾ ਸੁਣਾਈ ਗਈ ਸੀ। ਚਾਰ ਫਰਵਰੀ, 2009 ਨੂੰ ਹੋਏ ਇਸ ਬੰਬ ਧਮਾਕੇ ਵਿਚ ਬੋਰਡ ਮੁਖੀ ਡਾ. ਟਰੈਂਟ ਪੀਅਰਸ ਦੀ ਸੁੰਘਣ ਸ਼ਕਤੀ ਜਾਂਦੀ ਰਹੀ ਸੀ। ਉਸ ਨੂੰ ਇਕ ਕੰਨ ਤੋਂ ਸੁਣਨਾ ਤੇ ਇਕ ਅੱਖ ਤੋਂ ਦਿਖਾਈ ਦੇਣਾ ਬੰਦ ਹੋ ਗਿਆ ਸੀ। ਮਾਨ ਦੇ ਵਕੀਲਾਂ ਨੇ ਦਲੀਲ ਦਿੱਤੀ ਹੈ ਕਿ ਉਸ 'ਤੇ ਜਿਹੜੇ ਦੋਸ਼ ਲਾ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਉਹ ਦੋਸ਼ ਸਾਬਤ ਕਰਨ ਲਈ ਢੁਕਵੇਂ ਸਬੂਤ ਮੌਜੂਦ ਨਹੀਂ ਹਨ।

ਅਪੀਲਾਂ ਦਾ ਨਿਬੇੜਾ ਕਰਨ ਵਾਲੀ ਸੰਘੀ ਅਦਾਲਤ ਨੇ ਲੰਘੇ ਦਿਨ ਆਪਣੇ ਫੈਸਲੇ ਵਿਚ ਕਿਹਾ ਕਿ ਮਾਨ ਨੂੰ ਇਸ ਆਧਾਰ 'ਤੇ ਵੱਧ ਸਜ਼ਾ ਨਹੀਂ ਸੁਣਾਈ ਜਾਣੀ ਚਾਹੀਦੀ ਕਿ ਉਸ 'ਤੇ ਆਪਣੇ ਸਹਿਕਰਮੀ 'ਤੇ ਹਮਲਾ ਕਰਨ ਦਾ ਹੁਕਮ ਦੇਣ ਦੇ ਦੋਸ਼ ਹਨ। ਪੈਨਲ ਨੇ ਕਿਹਾ ਕਿ ਇਸ ਤੋਂ ਹੇਠਲੀਆਂ ਅਦਾਲਤਾਂ ਵਿਚ ਸੁਣਵਾਈ ਮੌਕੇ ਇਨ੍ਹਾਂ ਦੋਸ਼ਾਂ ਦਾ ਢੁਕਵਾਂ ਵੇਰਵਾ ਨਹੀਂ ਦਿੱਤਾ ਗਿਆ। ਇਸ ਤੋਂ ਇਲਾਵਾ ਅਦਾਲਤ ਨੇ ਵਿਆਪਕ ਤਬਾਹੀ ਦੇ ਹਥਿਆਰ ਵਰਤਣ ਦੇ ਦੋਸ਼ਾਂ ਦੀ ਤਾਂ ਪੁਸ਼ਟੀ ਕੀਤੀ ਪਰ ਇਹ ਦੋਸ਼ ਸਹੀ ਨਹੀਂ ਮੰਨੇ ਕਿ ਮਾਨ ਕੋਲ ਦੋ ਮਸ਼ੀਨਗੰਨਾਂ ਸਨ।

# ਸ਼ਿੰਦੇ ਨੇ ਫਿਰ ਸੇਧਿਆ ਪਾਕਿਸਤਾਨ 'ਤੇ ਨਿਸ਼ਾਨਾ

**ਨਵੀਂ ਦਿੱਲੀ:** ਮੁੰਬਈ ਵਿਚ 1993 ਦੌਰਾਨ ਹੋਏ ਲੜੀਵਾਰ ਬੰਬ ਧਮਾਕੇ ਗੁਆਂਢੀ ਦੇਸ਼ ਪਾਕਿਸਤਾਨ ਦੀ ਈਰਖਾ ਦਾ ਸਿੱਟਾ ਸਨ ਜੋ ਭਾਰਤ ਦੀ ਆਰਥਿਕ ਤਰੱਕੀ ਬਰਦਾਸ਼ਤ ਨਾ ਕਰ ਸਕਿਆ। ਪਾਕਿਸਤਾਨ 'ਤੇ ਅਸਿੱਧਾ ਹਮਲਾ ਕਰਦਿਆਂ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਕਿਹਾ ਕਿ ਦਾਊਦ ਇਬਰਾਹਿਮ ਸਮੇਤ ਸਾਰੇ ਅਤਿਵਾਦੀਆਂ ਨੂੰ ਵਾਪਸ ਭਾਰਤ ਲਿਆ ਕੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇਗਾ।



ਉਨ੍ਹਾਂ ਕਿਹਾ ਕਿ ਗੁਆਂਢੀ ਦੇਸ਼ ਹਾਲੇ ਵੀ ਜਾਅਲੀ ਕਰੰਸੀ ਸਪਲਾਈ ਕਰਕੇ ਭਾਰਤ ਦੀ ਆਰਥਿਕਤਾ ਕਮਜ਼ੋਰ ਕਰਨ ਦਾ ਯਤਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ 1991 ਵਿਚ ਆਰਥਿਕ ਸੁਧਾਰਾਂ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਸੀ ਤੇ ਇਸ ਪਿੱਛੋਂ ਭਾਰਤ ਲਗਾਤਾਰ ਆਰਥਿਕ ਵਿਕਾਸ ਦੇ ਰਾਹ 'ਤੇ ਅੱਗੇ ਵਧਦਾ ਆ ਰਿਹਾ ਹੈ ਪਰ ਇਕ ਗੁਆਂਢੀ ਦੇਸ਼ ਨੂੰ ਇਹ ਤਰੱਕੀ ਬਰਦਾਸ਼ਤ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ 1993 ਦੇ ਲੜੀਵਾਰ ਬੰਬ ਧਮਾਕਿਆਂ ਦੇ ਮੁੱਖ ਸਾਜ਼ਿਸ਼ੀ ਦਾਊਦ ਇਬਰਾਹਿਮ ਸਮੇਤ ਸਾਰੇ ਭਗੌੜੇ ਅਤਿਵਾਦੀਆਂ ਨੂੰ ਵਾਪਸ ਭਾਰਤ ਲਿਆਂਦਾ ਜਾਵੇਗਾ ਤੇ ਉਨ੍ਹਾਂ ਵੱਲੋਂ ਕੀਤੇ ਗੁਨਾਹਾਂ ਦੀਆਂ ਸਜ਼ਾਵਾਂ ਦਿੱਤੀਆਂ ਜਾਣਗੀਆਂ।

ਪਿਛਲੇ ਮਹੀਨੇ ਰੋਮ ਵਿਚ ਇੰਟਰਪੋਲ ਦੀ ਜਨਰਲ ਅਸੈਂਬਲੀ ਵਿਚ ਗ੍ਰਹਿ ਮੰਤਰੀ ਨੇ ਕਿਹਾ ਸੀ ਕਿ ਲੜੀਵਾਰ ਬੰਬ ਧਮਾਕਿਆਂ ਸਮੇਤ ਕਈ ਹੋਰ ਘਿਨਾਉਣੇ ਅਪਰਾਧ ਕਰਨ ਵਾਲੇ ਅਤਿਵਾਦੀ ਪਾਕਿਸਤਾਨ ਵਿਚ ਸੁਰੱਖਿਅਤ ਟਿਕਾਣਿਆਂ 'ਤੇ ਬੈਠੇ ਹਨ। ਪਾਕਿਸਤਾਨ ਨੂੰ ਇਨ੍ਹਾਂ ਖ਼ਿਲਾਫ਼ ਠੋਸ ਸਬੂਤ ਵੀ ਮੁਹੱਈਆ ਕਰਵਾਏ ਗਏ ਹਨ ਪਰ ਉਹ ਕੋਈ ਕਾਰਵਾਈ ਨਹੀਂ ਕਰ ਰਿਹਾ। ਉਨ੍ਹਾਂ ਕਿਹਾ ਕਿ ਅਜਿਹੇ ਭਗੌੜੇ ਅਪਰਾਧੀਆਂ ਨੂੰ ਵਾਪਸ ਭਾਰਤ ਲਿਆਉਣ ਲਈ ਕੁਝ ਕੌਮਾਂਤਰੀ ਜਥੇਬੰਦੀਆਂ ਤੋਂ ਵੀ ਸਹਿਯੋਗ ਲਿਆ ਜਾ ਰਿਹਾ ਹੈ।

ਗ੍ਰਹਿ ਮੰਤਰੀ ਸ਼ਿੰਦੇ ਨੇ ਕਿਹਾ ਕਿ ਸੰਸਦ 'ਤੇ ਹਮਲੇ ਦੇ ਦੋਸ਼ੀ ਅਫਜ਼ਲ ਗੁਰੂ ਵੱਲੋਂ ਕੀਤੀ ਰਹਿਮ ਦੀ ਅਪੀਲ 'ਤੇ ਸੰਸਦ ਦੇ ਸਰਦ ਰੁੱਤ ਸੈਸ਼ਨ ਤੋਂ ਬਾਅਦ ਹੀ ਵਿਚਾਰ ਕੀਤਾ ਜਾਵੇਗਾ। ਮੁੰਬਈ ਹਮਲਿਆਂ ਦੇ ਦੋਸ਼ੀ ਅਜਮਲ ਕਸਾਬ ਨੂੰ ਚੁੱਪ-ਚੁਪੀਤੇ ਫਾਂਸੀ ਦਿੱਤੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਅਜਿਹੇ ਅਪਰੇਸ਼ਨ ਹਮੇਸ਼ਾ ਗੁਪਤ ਹੀ ਰੱਖੇ ਜਾਂਦੇ ਹਨ।

# ਫੋਰਬਜ਼ ਸੂਚੀ ਵਿਚ ਓਬਾਮਾ ਫਿਰ ਨੰਬਰ ਵੰਨ

**ਨਿਊ ਯਾਰਕ:** ਅਮਰੀਕੀ ਰਸਾਲੇ 'ਫੋਰਬਜ਼' ਵੱਲੋਂ ਜਾਰੀ ਸੂਚੀ ਵਿਚ ਸਭ ਤੋਂ ਵੱਧ ਅਸਰ ਰਸੂਖ ਵਾਲੇ ਵਿਅਕਤੀਆਂ ਦੀ ਸਾਲਾਨਾ ਦਰਜਾਬੰਦੀ ਸੂਚੀ ਦੀ ਸਿਖਰਲੀ ਥਾਂ ਲਗਾਤਾਰ ਦੂਜੀ ਵਾਰ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਮਿਲੀ ਹੈ। ਫੋਰਬਜ਼ ਨੇ ਸ੍ਰੀ ਓਬਾਮਾ ਨੂੰ ਸੂਚੀ ਵਿਚ ਪਹਿਲੀ ਥਾਂ ਦਿੰਦਿਆਂ ਕਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਸਰਬਸੰਮਤੀ ਨਾਲ ਇਸ ਰੁਤਬੇ ਦੇ ਹੱਕਦਾਰ ਬਣੇ ਹਨ। ਇਸ ਤੋਂ ਇਲਾਵਾ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਚੋਟੀ ਦੇ 20 ਵਿਅਕਤੀਆਂ 'ਚ ਸ਼ਾਮਲ ਕੀਤਾ ਗਿਆ ਹੈ।

ਇਸ ਸੂਚੀ ਵਿਚ ਸੰਸਾਰ ਦੇ 71 ਤਾਕਤਵਰ ਹਾਕਮਾਂ, ਕੰਪਨੀਆਂ ਦੇ ਮੁਖੀਆਂ, ਉਦਮੀਆਂ ਤੇ ਸਮਾਜਕ ਸ਼ਖ਼ਸੀਅਤਾਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਨ੍ਹਾਂ ਵਿਚ ਭਾਰਤ ਦੇ ਸਭ ਤੋਂ ਅਮੀਰ ਕਾਰੋਬਾਰੀ ਤੇ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਤੇ ਆਰਸੈਲਰ ਮਿੱਤਲ ਦੇ ਭਾਰਤੀ ਮੂਲ ਦੇ ਸੀਈਓ ਲਕਸ਼ਮੀ ਮਿੱਤਲ ਦਾ ਨਾਂ ਵੀ ਸ਼ੁਮਾਰ ਹੈ। ਇਨ੍ਹਾਂ 71 ਵਿਅਕਤੀਆਂ ਨੂੰ '7.1 ਅਰਬ ਲੋਕਾਂ ਦੇ ਇਸ ਸੰਸਾਰ ਨੂੰ ਸੱਚਮੁਚ ਚਲਾਉਣ ਵਾਲੇ ਤੇ ਸੰਵਾਰਨ ਵਾਲੇ' ਕਰਾਰ ਦਿੱਤਾ ਗਿਆ ਹੈ।

**ਸੋਨੀਆ ਤੇ ਮਨਮੋਹਨ 20ਵੇਂ ਸਥਾਨ 'ਤੇ**



ਸ੍ਰੀਮਤੀ ਗਾਂਧੀ ਨੂੰ ਸੂਚੀ ਵਿਚ ਇਸ ਵਾਰ 12ਵੀਂ ਥਾਂ ਮਿਲੀ ਹੈ ਜੋ ਉਨ੍ਹਾਂ ਦੀ ਪਿਛਲੇ ਸਾਲ ਦੀ ਦਰਜਾਬੰਦੀ ਤੋਂ ਇਕ ਘੱਟ ਹੈ ਪਰ ਉਹ ਚੀਨ ਦੇ ਉਪ ਪ੍ਰਧਾਨ ਮੰਤਰੀ ਲੀ ਕੇਕੀਆਂਗ ਤੇ ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਹੋਲਾਂਡੇ ਤੋਂ ਅੱਗੇ ਹਨ। ਫੋਰਬਜ਼ ਨੇ ਕਿਹਾ ਹੈ ਕਿ ਭਾਰਤ ਦੀ ਹਾਕਮ ਪਾਰਟੀ ਕਾਂਗਰਸ ਦੀ ਮੁਖੀ 65 ਸਾਲਾ ਸੋਨੀਆ ਗਾਂਧੀ ਦੇਸ਼ ਦੀ ਸਭ ਤੋਂ ਵੱਡੀ ਜਮਹੂਰੀਅਤ ਤੇ 10ਵੇਂ ਵੱਡੇ ਅਰਥਚਾਰੇ ਭਾਵ ਭਾਰਤ ਦੀ ਸਭ ਤੋਂ ਵੱਧ ਰਸੂਖ਼ਦਾਰ ਆਗੂ ਹੈ। ਡਾ. ਮਨਮੋਹਨ ਸਿੰਘ ਨੂੰ ਸੂਚੀ ਵਿਚ 20ਵੀਂ ਥਾਂ ਮਿਲੀ ਹੈ। ਆਕਸਫੋਰਡ ਤੇ ਕੈਂਬਰਿਜ ਯੂਨੀਵਰਸਿਟੀਆਂ ਤੋਂ ਪੜ੍ਹੇ ਭਾਰਤੀ ਪ੍ਰਧਾਨ ਮੰਤਰੀ ਨੂੰ ਆਰਥਿਕ ਸੁਧਾਰਾਂ ਦਾ ਉਸਰੱਈਆ ਕਰਾਰ ਦਿੱਤਾ ਗਿਆ ਹੈ। ਉਹ ਵੀ ਪਿਛਲੇ ਸਾਲ 19ਵੇਂ ਨੰਬਰ ਉਤੇ ਸਨ ਤੇ ਇਸ ਵਾਰ ਇਕ ਸਥਾਨ ਖਿਸਕ ਗਏ ਹਨ।

ਦੁਨੀਆ ਦੀ ਸਭ ਤੋਂ ਮਹਿੰਗੀ ਰਿਹਾਇਸ਼ਗਾਹ ਦੇ ਮਾਲਕ ਮੁਕੇਸ਼ ਅੰਬਾਨੀ ਨੂੰ ਸੂਚੀ ਵਿਚ 37ਵਾਂ ਨੰਬਰ ਮਿਲਿਆ ਹੈ। ਉਨ੍ਹਾਂ ਦੀ ਰਿਲਾਇੰਸ ਇੰਡਸਟਰੀਜ਼ ਨੂੰ ਭਾਰਤ ਦੀ ਸਭ ਤੋਂ ਕੀਮਤੀ ਕੰਪਨੀ ਕਰਾਰ ਦਿੱਤਾ ਗਿਆ ਹੈ। ਭਾਰਤ ਦੇ ਪੱਖੋਂ ਦੇਖਿਆਂ ਇਸ ਸੂਚੀ ਮੁਤਾਬਕ ਸ੍ਰੀਮਤੀ ਗਾਂਧੀ ਤੇ ਡਾ. ਮਨਮੋਹਨ ਸਿੰਘ ਤੋਂ ਬਾਅਦ ਸ੍ਰੀ ਅੰਬਾਨੀ ਦੇਸ਼ ਦੇ ਤੀਜੇ ਸਭ ਤੋਂ ਵੱਧ ਰਸੂਖ਼ਦਾਰ ਵਿਅਕਤੀ ਹਨ। ਸ੍ਰੀ ਮਿੱਤਲ ਨੂੰ ਸੂਚੀ 'ਚ 47ਵੀਂ ਥਾਂ ਮਿਲੀ ਹੈ।

# ਅਮਰੀਕੀ ਬੰਦਸ਼ਾਂ ਤੋਂ ਭਾਰਤ ਤੇ ਚੀਨ ਆਜ਼ਾਦ

**ਵਾਸ਼ਿੰਗਟਨ:** ਅਮਰੀਕਾ ਨੇ ਇਰਾਨ ਨੂੰ ਲੈ ਕੇ ਭਾਰਤ ਤੇ ਚੀਨ ਸਮੇਤ ਨੌਂ ਮੁਲਕਾਂ ਨੂੰ ਪਾਬੰਦੀਆਂ ਤੋਂ ਛੋਟ ਦੇ ਦਿੱਤੀ ਹੈ। ਅਮਰੀਕਾ ਦਾ ਕਹਿਣਾ ਹੈ ਕਿ ਇਨ੍ਹਾਂ ਨੌਂ ਮੁਲਕਾਂ ਨੇ ਇਰਾਨ ਤੋਂ ਤੇਲ ਲੈਣਾ ਕਾਫੀ ਹੱਦ ਤੱਕ ਘੱਟ ਕਰ ਲਿਆ ਹੈ। ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਕਿਹਾ ਹੈ ਕਿ ਅਮਰੀਕਾ ਤੇ ਕੌਮਾਂਤਰੀ ਭਾਈਚਾਰਾ ਉਦੋਂ ਤੱਕ ਇਰਾਨ 'ਤੇ ਦਬਾਅ ਬਣਾਈ ਰੱਖੇਗਾ ਜਦੋਂ ਤੱਕ ਇਸ ਦੇ ਪ੍ਰਮਾਣੂ ਪ੍ਰੋਗਰਾਮ ਬਾਰੇ ਸਰੋਕਾਰਾਂ 'ਤੇ ਪੂਰੀ ਤਰ੍ਹਾਂ ਖਰਾ ਨਹੀਂ ਉੱਤਰਦਾ।

ਹਿਲੇਰੀ ਨੇ ਕਿਹਾ ਕਿ ਉਹ ਇਸੇ ਕਰਕੇ ਇਹ ਐਲਾਨ ਕਰਦਿਆਂ ਖੁਸ਼ੀ ਮਹਿਸੂਸ ਕਰਦੇ ਹਨ ਕਿ ਭਾਰਤ, ਚੀਨ, ਮਲੇਸ਼ੀਆ, ਰਿਪਬਲਿਕ ਆਫ ਕੋਰੀਆ, ਸਿੰਗਾਪੁਰ, ਦੱਖਣੀ ਅਫਰੀਕਾ, ਸ੍ਰੀਲੰਕਾ, ਤੁਰਕੀ ਤੇ ਤਾਇਵਾਨ ਇਕ ਵਾਰ ਫਿਰ ਉਨ੍ਹਾਂ ਰਿਆਇਤਾਂ ਦੇ ਕਾਬਲ ਹੋਏ ਹਨ ਜੋ ਨੈਸ਼ਨਲ ਡਿਫੈਂਸ ਆਥੋਰਾਈਜੇਸ਼ਨ ਐਕਟ (ਐਨਡੀਏਏ) ਦੇ ਸੈਕਸ਼ਨ 1245 ਅਧੀਨ ਵਿੱਤੀ ਸਾਲ 2012 ਲਈ ਤੈਅ ਕੀਤੀਆਂ ਸਨ। ਕਲਿੰਟਨ ਨੇ ਕਿਹਾ ਕਿ ਸਿੱਟੇ ਵਜੋਂ ਉਹ ਕਾਂਗਰਸ ਨੂੰ ਰਿਪੋਰਟ ਕਰਨਗੇ ਕਿ ਇਰਾਨੀ ਪਾਬੰਦੀਆਂ ਐਕਟ ਅਧੀਨ ਲਾਈਆਂ ਪਾਬੰਦੀਆਂ ਇਨ੍ਹਾਂ ਨੌਂ ਮੁਲਕਾਂ ਵਿਚਾਲੇ ਵਿੱਤੀ ਅਦਾਰਿਆਂ ਵਿਚ ਤਬਾਦਲੇ ਲਈ ਛੋਟ ਰਹੇਗੀ। ਇਹ ਮਿਆਦ 180 ਦਿਨ ਰਹੇਗੀ।


# ਤੀਜੇ ਵਿਸ਼ਵ ਕਬੱਡੀ ਕੱਪ ਦੀ ਗੱਲ ਕਰਦਿਆਂ

**ਖੇਡ ਤੇ ਖਿਡਾਰੀ**

**ਪ੍ਰਿੰ. ਸਰਵਣ ਸਿੰਘ**

ਪੰਜਾਬ ਸਰਕਾਰ ਵੱਲੋਂ ਵੱਡੀ ਪੱਧਰ 'ਤੇ ਪ੍ਰਚਾਰੇ ਗਏ ਅਤੇ ਪਹਿਲੀ ਦਸੰਬਰ ਨੂੰ ਸ਼ੁਰੂ ਹੋਏ ਤੀਜੇ ਵਿਸ਼ਵ ਕਬੱਡੀ ਕੱਪ ਦੇ ਮੈਚ ਫਾਈਨਲ ਗੇੜ ਵਿਚ ਪਹੁੰਚ ਚੁੱਕੇ ਹਨ। ਸੈਮੀ ਫਾਈਨਲ ਮੈਚਾਂ ਦਾ ਨਿਤਾਰਾ ਹੋ ਗਿਆ ਹੈ। ਪਹਿਲੇ ਦੂਜੇ ਤੇ ਤੀਜੇ ਚੌਥੇ ਸਥਾਨ ਲਈ ਮੈਚ ਨਿਸ਼ਚਿਤ ਹੋ ਚੁੱਕੇ ਹਨ। ਕੁਲ ਦੁਨੀਆਂ ਵਿਚ ਖਿਲਰੇ ਪੰਜਾਬੀ ਕਬੱਡੀ ਦੀ ਖੇਡ ਵਿਚ ਦਿਲਚਸਪੀ ਲੈ ਰਹੇ ਹਨ। ਚਲਦੇ ਮੈਚਾਂ ਦੀ ਟੀ ਵੀ ਕਵਰੇਜ਼ ਨੇ ਕਬੱਡੀ ਦੇਸ਼-ਵਿਦੇਸ਼ ਵਿਚ ਘਰੋ-ਘਰ ਪੁਚਾ ਦਿੱਤੀ ਹੈ। 15 ਦਸੰਬਰ ਨੂੰ ਲੁਧਿਆਣੇ ਦੇ ਗੁਰੂ ਨਾਨਕ ਸਟੇਡੀਅਮ ਵਿਚ ਪਤਾ ਲੱਗ ਜਾਵੇਗਾ ਕਿ ਦੋ ਕਰੋੜ ਰੁਪਏ ਦਾ ਪਹਿਲਾ ਇਨਾਮ ਭਾਰਤ ਦੀ ਟੀਮ ਜਿੱਤਦੀ ਹੈ ਜਾਂ ਪਾਕਿਸਤਾਨ ਦੀ? 13 ਦਸੰਬਰ ਨੂੰ ਪਤਾ ਲੱਗੇਗਾ ਕਿ ਤੀਜੇ ਥਾਂ ਕੈਨੇਡਾ ਦੀ ਟੀਮ ਆਉਂਦੀ ਹੈ ਜਾਂ ਇਰਾਨ ਦੀ? ਪਹਿਲੇ ਕਬੱਡੀ ਕੱਪ ਦਾ ਇਕ ਕਰੋੜ ਰੁਪਏ ਦਾ ਪਹਿਲਾ ਇਨਾਮ ਭਾਰਤ ਦੀ ਟੀਮ ਨੇ ਜਿੱਤਿਆ ਸੀ ਤੇ 50 ਲੱਖ ਦਾ ਦੂਜਾ ਇਨਾਮ ਪਾਕਿਸਤਾਨ ਦੀ ਟੀਮ ਨੇ। ਦੂਜੇ ਕਬੱਡੀ ਕੱਪ ਦਾ ਦੋ ਕਰੋੜ ਦਾ ਇਨਾਮ ਫਿਰ ਭਾਰਤ ਦੀ ਟੀਮ ਨੇ ਜਿੱਤਿਆ ਜਦ ਕਿ ਇਕ ਕਰੋੜ ਦਾ ਦੂਜਾ ਇਨਾਮ ਕੈਨੇਡਾ ਦੀ ਟੀਮ ਨੇ। ਐਤਕੀਂ ਕੈਨੇਡਾ ਦੀ ਟੀਮ ਪਹਿਲੇ ਤੇ ਦੂਜੇ ਕੱਪਾਂ ਵਿਚਲੀਆਂ ਟੀਮਾਂ ਦੇ ਮੁਕਾਬਲੇ ਹਲਕੀ ਹੈ।

ਪਹਿਲੇ ਕਬੱਡੀ ਕੱਪ ਵਿਚ 9 ਮੁਲਕਾਂ ਦੀਆਂ ਟੀਮਾਂ ਨੇ ਭਾਗ ਲਿਆ ਸੀ ਤੇ ਦੂਜੇ ਕੱਪ ਵਿਚ 14 ਮੁਲਕਾਂ ਦੀਆਂ ਟੀਮਾਂ ਨੇ। ਦੂਜੇ ਕੱਪ ਸਮੇਂ ਔਰਤਾਂ ਦਾ ਕਬੱਡੀ ਕੱਪ ਵੀ ਕਰਾਇਆ ਗਿਆ ਜਿਸ ਵਿਚ 5 ਮੁਲਕਾਂ ਦੀਆਂ ਟੀਮਾਂ ਸ਼ਾਮਲ ਹੋਈਆਂ। ਕੱਪ ਭਾਰਤੀ ਟੀਮ ਨੇ ਜਿੱਤਿਆ। ਕੁੜੀਆਂ ਦਾ ਕੱਪ ਐਤਕੀਂ ਵੀ ਭਾਰਤ ਦੀ ਟੀਮ ਜਿੱਤੇਗੀ। ਤੀਜੇ ਕੱਪ ਵਿਚ ਮਰਦਾਂ ਦੀਆਂ 15 ਤੇ ਔਰਤਾਂ ਦੀਆਂ 7 ਟੀਮਾਂ ਖੇਡੀਆਂ ਹਨ। ਇਨ੍ਹਾਂ ਵਿਚ ਇਕ ਟੀਮ ਆਸਟ੍ਰੇਲੀਆ ਮਹਾਂਦੀਪ ਦੀ ਹੈ, 2 ਟੀਮਾਂ ਅਫਰੀਕਾ, 5 ਅਮਰੀਕਾ ਮਹਾਂਦੀਪ, 7 ਯੂਰਪ ਦੀਆਂ ਅਤੇ 7 ਏਸ਼ੀਆ ਦੀਆਂ ਹਨ। ਭਾਵੇਂ ਘੱਟ ਗਿਣਤੀ ਵਿਚ ਹੀ ਸਹੀ ਪਰ ਹੁਣ ਕਬੱਡੀ ਕੁਝ ਗੋਰੇ ਤੇ ਕਾਲੇ ਖਿਡਾਰੀ ਵੀ ਖੇਡਣ ਲੱਗ ਪਏ ਹਨ। ਪੰਜਾਬ ਸਰਕਾਰ ਵਧਾਈ ਦੀ ਪਾਤਰ ਹੈ ਜਿਸ ਨੇ ਪੰਜਾਬੀਆਂ ਦੀ ਦੇਸੀ ਖੇਡ ਕਬੱਡੀ ਦਾ ਦਾਇਰਾ ਖੁੱਲ੍ਹਾ ਕੀਤਾ ਹੈ। ਹੁਣ ਲੋੜ ਹੈ ਦਾਇਰੇ ਕਬੱਡੀ ਨੂੰ ਵਰਗਾਕਾਰ ਕਬੱਡੀ ਦਾ ਇਕ ਅੰਗ ਹੀ ਮੰਨਿਆ ਜਾ ਰਿਹੈ। ਵਰਗਾਕਾਰ ਯਾਨਿ ਨੈਸ਼ਨਲ ਸਟਾਈਲ ਕਬੱਡੀ ਕਈ ਸਾਲਾਂ ਤੋਂ ਏਸ਼ਿਆਈ ਖੇਡਾਂ ਵਿਚ ਖੇਡੀ ਜਾ ਰਹੀ ਹੈ ਜਦ ਕਿ ਦਾਇਰੇ ਵਾਲੀ ਕਬੱਡੀ ਹਾਲੇ ਤਕ ਏਸ਼ਿਆਈ ਖੇਡਾਂ ਦਾ



*ਤੀਜੇ ਵਿਸ਼ਵ ਕੱਪ ਦੌਰਾਨ ਚੋਲ੍ਹਾ ਸਾਹਿਬ 'ਚ ਪਾਕਿਸਤਾਨ ਤੇ ਇਟਲੀ ਵਿਚਾਲੇ ਹੋਏ ਮੈਚ ਵਿਚ ਭਿੜਦੇ ਹੋਏ ਖਿਡਾਰੀ*

ਵਾਲੀ ਕਬੱਡੀ ਨੂੰ ਭਾਰਤ ਦੀਆਂ ਕੌਮੀ ਖੇਡਾਂ, ਏਸ਼ਿਆਈ ਖੇਡਾਂ ਤੇ ਕਾਮਨਵੈਲਥ ਖੇਡਾਂ ਦਾ ਅੰਗ ਬਣਾਇਆ ਜਾਵੇ ਅਤੇ ਉਲੰਪਿਕ ਖੇਡਾਂ ਵੱਲ ਵਧਿਆ ਜਾਵੇ।

ਇਹ ਤਦ ਹੀ ਸੰਭਵ ਹੋਵੇਗਾ ਜੇ ਦਾਇਰੇ ਵਾਲੀ ਕਬੱਡੀ ਨੂੰ ਵਰਗਾਕਾਰ ਕਬੱਡੀ ਦੇ ਗ਼ਲਬੇ ਤੋਂ ਆਜ਼ਾਦ ਕੀਤਾ ਜਾਵੇ। ਹਾਲੇ ਦਾਇਰੇ ਵਾਲੀ ਅੰਗ ਨਹੀਂ ਬਣ ਸਕੀ। ਇਹਦੇ ਲਈ ਲੋੜ ਹੈ ਕਿ ਦਾਇਰੇ ਵਾਲੀ ਕਬੱਡੀ ਦੀ ਅਮਲੀ ਰੂਪ ਵਿਚ ਕੌਮਾਂਤਰੀ ਕਬੱਡੀ ਫੈਡਰੇਸ਼ਨ ਤੇ ਏਸ਼ੀਆ ਕਬੱਡੀ ਫੈਡਰੇਸ਼ਨ ਬਣੇ ਜੋ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਤੋਂ ਮਾਨਤਾ ਲਵੇ। ਕਬੱਡੀ ਦੇ ਵਿਸ਼ਵ ਕੱਪ ਅੰਤਰਰਾਸ਼ਟਰੀ ਕਬੱਡੀ ਫੈਡਰੇਸ਼ਨ ਦੀ ਨਿਗਰਾਨੀ ਵਿਚ ਕਰਾਉਣੇ ਹੀ ਉਚਿਤ ਹਨ। ਵਿਸ਼ਵ ਕੱਪ ਕਦੇ ਭਾਰਤ, ਪਾਕਿਸਤਾਨ, ਕੈਨੇਡਾ, ਅਮਰੀਕਾ, ਇੰਗਲੈਂਡ ਤੇ ਕਦੇ ਕਿਸੇ ਹੋਰ ਮੁਲਕ 'ਚ ਹੋਣ। ਵੱਖ ਵੱਖ ਦੇਸ਼ਾਂ ਵਿਚ ਕਬੱਡੀ ਦੀਆਂ ਦੇਸ਼ ਤੇ ਕੌਮੀ ਪੱਧਰ 'ਤੇ ਫੈਡਰੇਸ਼ਨਾਂ ਬਣਨ। ਕਬੱਡੀ ਤਦ ਹੀ ਸਹੀ ਅਰਥਾਂ 'ਚ ਕੌਮਾਂਤਰੀ ਖੇਡ ਮੰਨੀ ਜਾਵੇਗੀ।

ਕਹਿਣ ਨੂੰ ਤਾਂ ਦਾਇਰੇ ਵਾਲੀ ਕਬੱਡੀ ਬਹੁਤ ਸਾਰੇ ਮੁਲਕਾਂ ਦੀ ਖੇਡ ਬਣ ਗਈ ਹੈ ਪਰ ਅਸਲੀਅਤ ਇਹ ਹੈ ਕਿ ਬਹੁਤੇ ਮੁਲਕਾਂ ਵਿਚ ਪੰਜਾਬੀ ਮੂਲ ਦੇ ਖਿਡਾਰੀ ਹੀ ਕਬੱਡੀ ਖੇਡਦੇ ਹਨ। ਉਨ੍ਹਾਂ ਵਿਚ ਵੀ ਬਹੁਤੇ ਪੰਜਾਬ ਤੋਂ ਮੰਗਾਏ ਗਏ ਹੁੰਦੇ ਹਨ। ਵਿਦੇਸ਼ਾਂ ਦੇ ਜੰਮਪਲ ਪੰਜਾਬੀ ਖਿਡਾਰੀ ਇਕਾ ਦੁੱਕਾ ਹੀ ਹਨ। ਕਾਲੇ ਤੇ ਗੋਰੇ ਖਿਡਾਰੀ ਵੀ ਉਂਗਲਾਂ 'ਤੇ ਗਿਣਨ ਜੋਗੇ ਹੀ ਹਨ। ਤੀਜੇ ਕਬੱਡੀ ਵਿਸ਼ਵ ਕੱਪ ਵਿਚ ਕੀਨੀਆ, ਸੀਅਰਾ ਲਿਓਨ, ਸਕਾਟਲੈਂਡ, ਅਰਜਨਟੀਨਾ ਤੇ ਅਫ਼ਗ਼ਾਨਿਸਤਾਨ ਆਦਿ ਦੀਆਂ ਟੀਮਾਂ ਲਈ ਗਿਣਤੀ ਦੇ ਖਿਡਾਰੀਆਂ ਨੂੰ ਕਬੱਡੀ ਸਿਖਾ ਕੇ ਦੇਸ਼ਾਂ ਦੀ ਨੁਮਾਇੰਦਗੀ ਕਰਨ ਲਈ ਲਿਆਂਦਾ ਗਿਆ ਹੈ। ਇਹੋ ਕਾਰਨ ਹੈ ਕਿ ਤਕੜੀਆਂ-ਮਾੜੀਆਂ ਟੀਮਾਂ ਕਾਰਨ ਬਹੁਤੇ ਮੈਚ ਇਕਪਾਸੜ ਰਹੇ ਹਨ। ਬਰਾਬਰ ਦੇ ਫਸਵੇਂ ਮੈਚ ਸਿਰਫ਼ ਦੋ-ਚਾਰ ਹੀ ਹੋਏ ਹਨ। ਪੂਲ ਮੈਚਾਂ ਵਿਚ ਅਮਰੀਕਾ ਬਨਾਮ ਇਰਾਨ ਤੇ ਕੈਨੇਡਾ ਬਨਾਮ ਨਾਰਵੇ ਦੀਆਂ ਟੀਮਾਂ ਦੇ ਮੈਚ ਹੀ ਫਸਵੇਂ ਸਨ। ਇੰਗਲੈਂਡ ਦੀ ਟੀਮ ਨੂੰ ਭਾਰਤ ਦੀ ਟੀਮ ਨੇ ਰੋਲ ਦਿੱਤਾ ਤੇ ਇਟਲੀ ਦੀ ਟੀਮ ਨੂੰ ਪਾਕਿਸਤਾਨ ਦੀ ਟੀਮ ਨੇ।

ਕਿਹਾ ਜਾ ਰਿਹਾ ਹੈ ਕਿ ਅਗਲੇ ਵਿਸ਼ਵ ਕੱਪ ਵਿਚ 25 ਮੁਲਕਾਂ ਦੀਆਂ ਟੀਮਾਂ ਲਿਆਂਦੀਆਂ ਜਾਣਗੀਆਂ। ਇਹਦੇ ਨਾਲੋਂ ਬਿਹਤਰ ਰਹੇਗਾ ਕਿ ਵਿਸ਼ਵ ਕੱਪ ਲਈ ਕੁਆਲੀਫਾਈ ਕਰਨ ਦਾ ਮਿਆਰ ਰੱਖਿਆ ਜਾਵੇ। ਇਕ ਟੀਮ ਅਫਰੀਕਾ ਮਹਾਂਦੀਪ ਦੀ ਹੋਵੇ, ਇਕ ਆਸਟ੍ਰੇਲੀਆ ਮਹਾਂਦੀਪ ਦੀ, ਦੋ ਅਮਰੀਕਾ ਮਹਾਂਦੀਪ, ਦੋ ਯੂਰਪ ਤੇ ਦੋ ਏਸ਼ੀਆ ਦੀਆਂ ਹੋਣ। ਦੋ ਟੀਮਾਂ ਕਿਸੇ ਵੀ ਮਹਾਂਦੀਪ 'ਚੋਂ ਕੁਆਲੀਫਾਈ ਕਰਨ। ਟੀਮਾਂ ਭਾਵੇਂ ਦਸ ਹੀ ਹੋਣ ਪਰ ਮੈਚ ਮੁਕਾਬਲੇ ਦੇ ਹੋਣ। ਇਸ ਕੱਪ ਵਿਚ ਇਹ ਵੀ ਵੇਖ ਰਹੇ ਹਾਂ ਕੁਝ ਮੁਲਕਾਂ ਵਿਚ ਕਬੱਡੀ ਪ੍ਰਮੋਟਰਾਂ ਦੀ ਧੜੇਬਾਜ਼ੀ ਕਾਰਨ ਮਾੜੀਆਂ ਟੀਮਾਂ ਕਬੱਡੀ ਕੱਪ ਵਿਚ ਸ਼ਾਮਲ ਹੋਈਆਂ। ਅਮਰੀਕਾ ਦੀ ਮਿਸਾਲ ਸਪੱਸ਼ਟ ਹੈ ਜਿਹੜੀ ਇਰਾਨ ਦੀ ਟੀਮ ਹੱਥੋਂ ਹਾਰੀ। ਅਮਰੀਕਾ ਦੀ ਟੀਮ ਵਿਚ ਇਕ ਧੜੇ ਦੇ ਖਿਡਾਰੀ ਖੇਡੇ ਜਦ ਕਿ ਦੂਜੇ ਧੜੇ ਦੇ ਗ਼ੈਰਹਾਜ਼ਰ ਰਹੇ। ਆਸਟ੍ਰੇਲੀਆ ਦੀ ਟੀਮ ਤਾਂ ਬਣ ਹੀ ਨਹੀਂ ਸਕੀ ਜਦਕਿ ਉਹ ਪਹਿਲਾ ਤੇ ਦੂਜਾ ਕੱਪ ਖੇਡੀ ਸੀ। ਨਾ ਸਪੇਨ ਦੀ ਟੀਮ ਬਣੀ ਤੇ ਨਾ ਜਰਮਨੀ ਦੀ। ਨੇਪਾਲ ਤੇ ਸ੍ਰੀਲੰਕਾ ਦੀਆਂ ਟੀਮਾਂ ਵੀ ਰਹਿ ਗਈਆਂ। ਇਟਲੀ ਤੇ ਕੈਨੇਡਾ ਦੀਆਂ ਟੀਮਾਂ ਵੀ ਪਹਿਲਾਂ ਨਾਲੋਂ ਹਲਕੀਆਂ ਰਹੀਆਂ। ਅੱਗਾ ਦੌੜ ਪਿੱਛਾ ਚੌੜ ਵਾਲੀ ਗੱਲ ਹੋਈ।

ਖਿਡਾਰੀਆਂ ਦੇ ਡੋਪ ਟੈਸਟ ਕਰਨ ਲਈ ਨਾਡਾ ਦੀਆਂ ਟੀਮਾਂ ਪਹੁੰਚ ਤਾਂ ਗਈਆਂ ਪਰ ਪਹੁੰਚੀਆਂ ਦੇਰ ਨਾਲ। ਫਿਰ ਵੀ ਜਿਹੜੇ ਖਿਡਾਰੀ ਡੋਪ ਟੈਸਟ ਵਿਚ ਫੇਲ੍ਹ ਹੋਏ ਹੋਣ, ਉਨ੍ਹਾਂ ਦੇ ਨਾਂ ਨਸ਼ਰ ਕਰਨੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਨੂੰ ਦੇਸ਼-ਵਿਦੇਸ਼ ਦਾ ਕੋਈ ਕਲੱਬ ਦੋ ਸਾਲ ਨਾ ਖਿਡਾਵੇ। ਡੋਪ ਟੈਸਟ ਸਮੇਂ ਸਿਰ ਕਰਾਉਣ ਤੇ ਲਗਾਤਾਰ ਪਹਿਰਾ ਦੇਣ ਦੀ ਲੋੜ ਹੈ ਤਦੇ ਹੀ ਕੱਪ ਦਾ ਨਾਹਰਾ 'ਕਬੱਡੀ ਨੂੰ ਹਾਂ, ਨਸ਼ਿਆਂ ਨੂੰ ਨਾਂਹ' ਕਾਰਗਰ ਸਾਬਤ ਹੋਵੇਗਾ। ਦੂਜੇ ਕਬੱਡੀ ਕੱਪ ਸਮੇਂ ਭਾਰਤ ਦੇ 21, ਇੰਗਲੈਂਡ ਦੇ 10, ਅਮਰੀਕਾ ਦੇ 8, ਕੈਨੇਡਾ ਦੇ 8, ਸਪੇਨ ਦੇ 7, ਆਸਟ੍ਰੇਲੀਆ ਦੇ 6, ਇਟਲੀ ਦੇ 6, ਨਾਰਵੇ ਦੇ 3, ਪਾਕਿਸਤਾਨ ਦਾ 1, ਜਰਮਨੀ ਦਾ 1 ਤੇ ਅਰਜਨਟੀਨਾ ਦਾ ਵੀ 1 ਖਿਡਾਰੀ ਡੋਪ ਟੈੱਸਟ ਵਿਚ ਫੇਲ੍ਹ ਹੋਏ ਸਨ। ਉਨ੍ਹਾਂ ਵਿਚੋਂ ਬਹੁਤ ਸਾਰੇ ਖਿਡਾਰੀ ਅਮਰੀਕਾ, ਕੈਨੇਡਾ ਤੇ ਯੂਰਪੀ ਮੁਲਕਾਂ ਵਿਚ 2012 ਦਾ ਕਬੱਡੀ ਸੀਜ਼ਨ ਖੇਡਦੇ ਰਹੇ। ਅੱਗੇ ਤੋਂ ਸਾਰੇ ਮੁਲਕਾਂ ਦੇ ਕਬੱਡੀ ਪ੍ਰਮੋਟਰਾਂ ਨੂੰ ਚਾਹੀਦੈ ਕਿ ਉਹ ਡਰੱਗੀ ਖਿਡਾਰੀਆਂ ਨੂੰ ਖਿਡਾਉਣ ਤੋਂ ਪ੍ਰਹੇਜ਼ ਕਰਨ ਤੇ ਸਾਫ ਸੁਥਰੀ ਕਬੱਡੀ ਨੂੰ ਪ੍ਰਮੋਟ ਕਰਨ। ਜਿਹੜੇ ਖਿਡਾਰੀ ਡੋਪੀ ਸਾਬਤ ਹੋਣ ਉਨ੍ਹਾਂ ਦੇ ਨਾਂ ਮੀਡੀਏ ਵਿਚ ਪ੍ਰਚਾਰੇ ਜਾਣ। ਫਿਰ ਜਿਹੜਾ ਕਲੱਬ ਉਨ੍ਹਾਂ ਨੂੰ ਖਿਡਾਵੇ ਉਸ ਦੀ ਕਬੱਡੀ ਪ੍ਰਤੀ ਪਹੁੰਚ ਦਾ ਲੋਕਾਂ ਨੂੰ ਪਤਾ ਲੱਗ ਸਕੇ!

# ਵ੍ਹਾਈਟ ਹਾਊਸ 'ਚ ਬਾਬੇ ਨਾਨਕ ਦੇ ਬੋਲ ਗੂੰਜੇ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਦੇ ਨਿਵਾਸ ਵ੍ਹਾਈਟ ਹਾਊਸ 'ਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਨਾਲ ਮਨਾਇਆ ਗਿਆ ਜਿਸ 'ਚ ਦੇਸ਼ ਭਰ ਤੋਂ ਸਿੱਖ ਭਾਈਚਾਰੇ ਦੇ ਪੌਣੇ ਦੋ ਸੌ ਦੇ ਕਰੀਬ ਮੈਂਬਰਾਂ ਨੇ ਹਿੱਸਾ ਲਿਆ। ਮਨਾਇਆ ਜਾ ਰਿਹਾ ਹੈ। ਭਵਿੱਖ ਵਿਚ ਵੀ ਇਹ ਪਿਰਤ ਜਾਰੀ ਰੱਖੀ ਜਾਵੇਗੀ। ਵ੍ਹਾਈਟ ਹਾਊਸ ਦੇ ਹੀ ਇਕ ਹੋਰ ਅਧਿਕਾਰੀ ਗੌਤਮ ਰਾਘਵਨ ਨੇ ਕਿਹਾ ਕਿ ਇਹ ਇਕ ਤਰ੍ਹਾਂ ਨਾਲ ਪਰਿਵਾਰਕ ਸਾਂਝ ਵਾਲਾ ਸਮਾਗਮ ਹੈ। ਯਾਦ ਰਹੇ ਕਿ ਸਮਾਗਮ




*ਪ੍ਰੋ. ਸਰਬਜੀਤ ਸਿੰਘ ਸੰਧੂ ਅਤੇ ਬੀਬੀ ਮਨਰੂਪ ਕੌਰ ਅਟਵਾਲ ਵ੍ਹਾਈਟ ਹਾਊਸ ਦੇ ਲੋਕ ਸੰਪਰਕ ਐਸੋਸੀਏਟ ਡਾਇਰੈਕਟਰ ਡੀ ਪਾਲ ਨੂੰ ਸੈਨ ਹੋਜ਼ੇ ਗੁਰੂ ਘਰ ਦੀ ਤਸਵੀਰ ਭੇਟ ਕਰਦੇ ਹੋਏ*

ਇਸ ਮੌਕੇ ਓਬਾਮਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਦਾ ਸਵਾਗਤ ਨਿੱਘਾ ਕੀਤਾ।

ਲੋਕ ਸੰਪਰਕ ਵਿਭਾਗ ਦੇ ਐਸੋਸੀਏਟ ਡਾਇਰੈਕਟਰ ਪਾਲ ਮੌਂਟੇਅਰੋ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਕਹਿੰਦੇ ਹੋਏ ਸਾਰਿਆਂ ਦਾ ਸਵਾਗਤ ਕਰ ਰਹੇ ਸਨ। ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਵ੍ਹਾਈਟ ਹਾਊਸ ਵਿਚ ਰਾਸ਼ਟਰਪਤੀ ਓਬਾਮਾ ਦੀ ਅਗਵਾਈ ਹੇਠ ਬਾਬੇ ਨਾਨਕ ਦਾ ਪ੍ਰਕਾਸ਼ ਦਿਹਾੜਾ ਲਗਾਤਾਰ ਤੀਜੀ ਵਾਰ ਲਈ ਓਕ ਕਰੀਕ ਗੁਰਦੁਆਰਾ ਕਾਂਡ ਦੇ ਪੀੜਤ ਪਰਿਵਾਰਾਂ ਨੂੰ ਖਾਸ ਤੌਰ 'ਤੇ ਸੱਦਾ ਦਿੱਤਾ ਗਿਆ ਸੀ।

ਸਮਾਗਮ ਦੀ ਸ਼ੁਰੂਆਤ ਯੂਬਾ ਸਿਟੀ ਤੋਂ ਆਈ ਮੁਟਿਆਰ ਅਮਰਪ੍ਰੀਤ ਕੌਰ ਐਵਰੈਸਟ ਵੱਲੋਂ ਕੀਤੀ ਅਰਦਾਸ ਨਾਲ ਹੋਈ। ਜਦੋਂ ਉਸ ਨੇ 'ਬੋਲੇ ਸੋ ਨਿਹਾਲ' ਦਾ ਜੈਕਾਰਾ ਛੱਡਿਆ ਤਾਂ ਸਭ ਨੇ 'ਸਤਿ ਸ੍ਰੀ ਅਕਾਲ' ਨਾਲ ਗੱਜਵਾਂ ਹੁੰਗਾਰਾ ਭਰਿਆ। ਰਾਸ਼ਟਰਪਤੀ ਓਬਾਮਾ ਦੇ ਧਾਰਮਿਕ ਮਾਮਲਿਆਂ ਬਾਰੇ ਸਲਾਹਕਾਰ ਜੋਸ਼ੂਆ ਡੂਬੋਇਸ ਨੇ ਕਿਹਾ ਕਿ ਸਰਕਾਰ ਸਿੱਖ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਯਤਨਸ਼ੀਲ ਹੈ। ਓਕ ਕਰੀਕ ਘਟਨਾ ਤੋਂ ਬਾਅਦ ਸਿੱਖ ਭਾਈਚਾਰੇ ਵੱਲ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ। ਰਾਸ਼ਟਰਪਤੀ ਓਬਾਮਾ ਨੇ ਕਿਹਾ ਕਿ ਪੀੜਤ ਪਰਿਵਾਰਾਂ ਦੀ ਸਹਾਇਤਾ ਲਈ ਸਰਕਾਰ ਵਚਨਬੱਧ ਹੈ। ਉਨ੍ਹਾਂ ਸਿੱਖ ਭਾਈਚਾਰੇ ਨਾਲ ਵਧੀਆ ਸਬੰਧ ਹੋਣ 'ਤੇ ਮਾਣ ਜ਼ਾਹਿਰ ਕੀਤਾ।


ਉਪਰੰਤ ਪੰਜਾਬ ਤੋਂ ਆਏ ਭਾਈ ਨਿਰੰਜਨ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਕੈਲੀਫੋਰਨੀਆ ਤੋਂ ਆਏ ਸਿੱਖ ਨੌਜਵਾਨ ਰਾਗਇੰਦਰ ਸਿੰਘ ਨੇ ਵਾਇਲਨ 'ਤੇ ਰਾਗ ਭੈਰਵੀ ਪੇਸ਼ ਕੀਤਾ। ਕਮਿਊਨਿਟੀ ਰਿਲੇਸ਼ਨਜ਼ ਦੇ ਡਾਇਰੈਕਟਰ ਗਰੈਂਡ ਲਮ ਨੇ ਕਿਹਾ ਕਿ ਗੁਰੂ ਨਾਨਕ ਨੇ ਬਰਾਬਰੀ ਅਤੇ ਨਿਆਂ ਦੇ ਰਾਹ 'ਤੇ ਚੱਲਣ ਦਾ ਸੱਦਾ ਦਿੱਤਾ ਸੀ ਤੇ ਇਨ੍ਹਾਂ ਦਾ ਵਿਭਾਗ ਵੀ ਇਸ ਵਾਸਤੇ ਹੀ ਕੰਮ ਕਰਦਾ ਹੈ।

ਸਿੱਖ ਕੌਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ ਦੇ ਚੇਅਰਮੈਨ ਡਾ. ਰਾਜਵੰਤ ਸਿੰਘ ਜਿਨ੍ਹਾਂ ਇਹ ਸਮਾਗਮ ਕਰਵਾਉਣ ਵਿਚ ਅਹਿਮ ਯੋਗਦਾਨ ਦਿੱਤਾ, ਨੇ ਕਿਹਾ ਕਿ ਵ੍ਹਾਈਟ ਹਾਊਸ ਵਿਚ ਪ੍ਰਕਾਸ਼ ਦਿਹਾੜਾ ਮਨਾਇਆ ਜਾਣਾ ਸਿੱਖ ਭਾਈਚਾਰੇ ਵਾਸਤੇ ਮਾਣ ਵਾਲੀ ਗੱਲ ਹੈ। ਸਿੱਖ ਕੁਲੀਸ਼ਨ ਦੇ ਅਮਰਦੀਪ ਸਿੰਘ ਨੇ ਭਾਈਚਾਰੇ ਦੀ ਹਮਾਇਤ ਕਰਨ ਲਈ ਓਬਾਮਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਵ੍ਹਾਈਟ ਹਾਊਸ ਦੀ ਕੌਮੀ ਸੁਰੱਖਿਆ ਕੌਂਸਲ ਦੇ ਅਧਿਕਾਰੀ ਪਵਨੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ 'ਤੇ ਮਾਣ ਹੈ ਕਿ ਸਿੱਖ ਭਾਈਚਾਰਾ ਦੇਸ਼ ਦੇ ਹਰ ਖੇਤਰ ਵਿਚ ਸਰਗਰਮ ਅਤੇ ਅਹਿਮ ਭੂਮਿਕਾ ਨਿਭਾ ਰਿਹਾ ਹੈ।

ਇਸ ਸਮਾਰੋਹ ਵਿਚ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਤੋਂ ਇਲਾਵਾ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਵਲੋਂ ਪ੍ਰੋ. ਸਰਬਜੀਤ ਸਿੰਘ ਸੰਧੂ ਅਤੇ ਬੀਬੀ ਮਨਰੂਪ ਕੌਰ ਅਟਵਾਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਆਪਣੇ ਵਿਚਾਰ ਵੀ ਪ੍ਰਗਟ ਕੀਤੇ।

# ਸਿੱਖਾਂ ਦੀ ਨਿਆਰੀ ਹਸਤੀ ਬਾਰੇ ਬਿੱਲ ਲੋਕ ਸਭਾ ਵਿਚ ਪੇਸ਼

**ਨਵੀਂ ਦਿੱਲੀ:** ਲੋਕ ਸਭਾ ਵਿਚ ਗ਼ੈਰ-ਸਰਕਾਰੀ ਪੇਸ਼ ਕੀਤੇ ਗਏ ਬਿੱਲ ਵਿਚ ਸੰਵਿਧਾਨ ਨੂੰ ਸੋਧ ਕੇ ਸਿੱਖ ਮੱਤ ਨੂੰ ਵੱਖਰੇ ਤੇ ਪੂਰੇ ਧਰਮ ਦਾ ਰੁਤਬਾ ਦੇਣ ਦੀ ਮੰਗ ਕੀਤੀ ਗਈ ਹੈ। ਇਹ ਬਿੱਲ ਪ੍ਰਾਈਵੇਟ ਮੈਂਬਰਾਂ ਦੇ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ ਨੇ ਪੇਸ਼ ਕੀਤਾ। ਉਹ ਇਸ ਸਦਨ ਵਿਚ ਖਡੂਰ ਸਾਹਿਬ ਸੰਸਦੀ ਹਲਕੇ ਦੀ ਨੁਮਾਇੰਦਗੀ ਕਰਦੇ ਹਨ। ਇਹ ਬਿੱਲ ਸਿੱਖ ਭਾਈਚਾਰੇ ਦੀ ਲੰਬੇ ਸਮੇਂ ਤੋਂ ਚਲੀ ਆ ਰਹੀ ਇਸ ਮੰਗ ਨੂੰ ਉਭਾਰ ਕੇ ਪੇਸ਼ ਕਰਦਾ ਹੈ ਕਿ ਸਿੱਖਾਂ ਦੀ ਅਲਹਿਦਾ ਹਸਤੀ ਨੂੰ ਵਿਧਾਨਕ ਤੌਰ 'ਤੇ ਕਬੂਲਿਆ ਜਾਵੇ।



ਸੰਵਿਧਾਨ ਦੇ 25ਵੇਂ ਅਨੁਛੇਦ ਵਿਚ ਭਾਵੇਂ ਸਾਰੇ ਦੇਸ਼ ਵਾਸੀਆਂ ਨੂੰ ਆਪਣੀ ਇੱਛਾ ਮੁਤਾਬਕ ਧਰਮ ਚੁਣਨ ਦੀ ਖੁੱਲ੍ਹ ਦਿੱਤੀ ਗਈ ਹੈ, ਫਿਰ ਵੀ ਇਸ ਵਿਚ ਇਕ ਧਾਰਾ ਇਹ ਵੀ ਦਰਜ ਹੈ ਕਿ ਸਿੱਖਾਂ, ਜੈਨੀਆਂ ਤੇ ਬੋਧੀਆਂ ਨੂੰ ਹਿੰਦੂ ਭਾਈਚਾਰੇ ਦੇ ਦਾਇਰੇ ਵਿਚ ਹੀ ਰੱਖਿਆ ਜਾਵੇਗਾ ਤੇ ਹਿੰਦੂ ਧਰਮ ਅਸਥਾਨਾਂ ਦੀ ਪਰਿਭਾਸ਼ਾ ਵਿਚ ਸਿੱਖਾਂ, ਜੈਨੀਆਂ ਤੇ ਬੋਧੀਆਂ ਦੇ ਧਰਮ ਸਥਾਨ ਵੀ ਸ਼ਾਮਲ ਸਮਝੇ ਜਾਣਗੇ। ਡਾ. ਅਜਨਾਲਾ ਵੱਲੋਂ ਪੇਸ਼ ਬਿੱਲ ਵਿਚ ਮੰਗ ਕੀਤੀ ਗਈ ਹੈ ਕਿ ਇਸ ਧਾਰਾ ਨੂੰ ਅਨੁਛੇਦ 25 ਵਿਚੋਂ ਖਾਰਜ ਕੀਤਾ ਜਾਵੇ ਕਿਉਂਕਿ ਇਸ ਤੋਂ ਇਹੀ ਪ੍ਰਭਾਵ ਬਣਦਾ ਹੈ ਕਿ ਉਪਰੋਕਤ ਤਿੰਨੋਂ ਧਰਮ ਜਾਂ ਤਾਂ ਹਿੰਦੂ ਧਰਮ ਦਾ ਹਿੱਸਾ ਹਨ ਜਾਂ ਫਿਰ ਉਸ ਨਾਲ ਜੁੜੇ ਹੋਏ ਹਨ।

ਬਿੱਲ ਵਿਚ ਸੰਵਿਧਾਨ ਦੇ ਕੰਮਕਾਜ ਦੀ ਨਜ਼ਰਸਾਨੀ ਲਈ ਬਣਾਏ ਗਏ ਕੌਮੀ ਕਮਿਸ਼ਨ ਦੀ ਇਕ ਸਿਫਾਰਸ਼ ਨੂੰ ਸੰਵਿਧਾਨਕ ਸੋਧ ਦੀ ਮੰਗ ਦਾ ਆਧਾਰ ਬਣਾਇਆ ਗਿਆ ਹੈ ਕਿ ਅਨੁਛੇਦ 25 ਦੀ ਵਿਵਾਦਿਤ ਧਾਰਾ ਨੂੰ ਜਾਂ ਤਾਂ ਖਾਰਜ ਕੀਤਾ ਜਾਵੇ ਤੇ ਜਾਂ ਫਿਰ ਇਸ ਦੀ ਇਬਾਰਤ ਬਦਲ ਦਿੱਤੀ ਜਾਵੇ। ਡਾ. ਅਜਨਾਲਾ ਦਾ ਕਹਿਣਾ ਹੈ ਕਿ ਸਿੱਖ ਧਰਮ ਬਿਲਕੁਲ ਵੱਖਰਾ ਧਰਮ ਹੈ ਤੇ ਘਟ ਗਿਣਤੀਆਂ ਬਾਰੇ ਕੌਮੀ ਕਮਿਸ਼ਨ ਐਕਟ ਵਿਚ ਸਿੱਖਾਂ ਨੂੰ ਵੱਖਰੇ ਘੱਟ ਗਿਣਤੀ ਫਿਰਕੇ ਵਜੋਂ ਮਾਨਤਾ ਮਿਲੀ ਹੋਈ ਹੈ। ਉਨ੍ਹਾਂ ਨੇ ਪਹਿਲਾਂ ਕੇਂਦਰੀ ਕਾਨੂੰਨ ਮੰਤਰੀ ਸਲਮਾਨ ਖ਼ੁਰਸ਼ੀਦ ਨੂੰ ਪੱਤਰ ਲਿਖਿਆ ਸੀ ਕਿ ਅਨੁਛੇਦ 25 ਵਿਚ ਤਰਮੀਮ ਸਰਕਾਰ ਵੱਲੋਂ ਪੇਸ਼ ਕੀਤੀ ਜਾਵੇ ਪਰ ਸ੍ਰੀ ਖ਼ੁਰਸ਼ੀਦ ਨੇ ਇਸ ਮੰਗ 'ਤੇ ਗ਼ੌਰ ਨਹੀਂ ਕੀਤਾ।

## 'ਪੰਜਾਬੀ ਟ੍ਰਿਬਿਊਨ' ਨਾਲ ਜੁੜੀਆਂ ਯਾਦਾਂ ਦੀ ਲੜੀ

# ਸਟਾਫ ਰਿਪੋਰਟਰ ਲਈ ਦਲਜੀਤ ਦੀ ਆਖਰੀ ਕੋਸ਼ਿਸ਼

*ਸਿਆਣਿਆਂ ਸੱਚ ਕਿਹਾ ਹੈ ਕਿ ਵਰਤਮਾਨ ਤੋਂ ਬੰਦਾ ਅਕਸਰ ਅਸੰਤੁਸ਼ਟ ਹੁੰਦਾ ਹੈ। ਭਵਿੱਖ ਵਿਚ ਕੀ ਵਾਪਰਨਾ ਹੈ, ਕਿਸੇ ਨੂੰ ਕੁਝ ਪਤਾ ਨਹੀਂ ਹੁੰਦਾ। ਇਉਂ ਅਤੀਤ ਹਰ ਕਿਸੇ ਨੂੰ ਚੰਗਾ ਲੱਗਦਾ ਹੈ। ਕਿਸੇ ਦਾ ਅਤੀਤ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਉਸ ਵਿਚੋਂ ਚਾਨਣ ਦੀਆਂ ਕੁਝ ਕਿਰਨਾਂ ਦਿਸ ਹੀ ਪੈਂਦੀਆਂ ਹਨ ਜੋ ਵਰਤਮਾਨ ਦੇ ਹਨੇਰੇ ਨੂੰ ਰੋਸ਼ਨ ਕਰਨ ਲਈ ਕਾਫੀ ਹੁੰਦੀਆਂ ਹਨ। 'ਕਮਲਿਆਂ ਦਾ ਟੱਬਰ' ਲਿਖਤ ਤੋਂ ਬਾਅਦ ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋਇਆ। ਨਿਗ੍ਹਾ ਬੀਤੇ ਵੱਲ ਗਈ ਤਾਂ ਕੁਝ ਚੀਜ਼ਾਂ ਨੇ ਮਨ 'ਤੇ ਜ਼ੋਰ ਪਾਇਆ ਤੇ ਮੇਰੀ ਕਲਮ ਇਨ੍ਹਾਂ ਨੂੰ ਝਰੀਟਣ ਤੁਰ ਪਈ। ਹੋ ਸਕਦਾ ਹੈ ਕਿ ਕੁਝ ਪਾਠਕਾਂ ਨੂੰ ਇਹ ਸਭ ਯੱਭਲੀਆਂ ਹੀ ਜਾਪਣ ਪਰ ਅਜਿਹੇ ਪਾਠਕਾਂ ਦੀ ਵੀ ਕਮੀ ਨਹੀਂ ਜਿਨ੍ਹਾਂ ਨੂੰ ਇਹ ਚੀਜ਼ਾਂ ਪੜ੍ਹ ਕੇ ਆਪਣੇ ਅਤੀਤ ਦਾ ਕਈ ਕੁਝ ਚੇਤੇ ਆ ਗਿਆ ਹੈ। ਮੈਂ ਆਪਣੇ ਅਤੀਤ ਦੀਆਂ ਇਨ੍ਹਾਂ ਯਾਦਾਂ ਨੂੰ ਪਾਠਕਾਂ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਿਹਤ ਦੀਆਂ ਮਜਬੂਰੀਆਂ ਕਰ ਕੇ ਹੋ ਸਕਦਾ ਹੈ ਕਿ ਪਾਠਕਾਂ ਦੀ ਕਚਹਿਰੀ ਵਿਚ ਹਰ ਹਫਤੇ ਹਾਜ਼ਰ ਨਾ ਹੋ ਸਕਾਂ।*

ਮੈਂ ਦੱਸ ਚੁੱਕਾ ਹਾਂ ਕਿ 'ਪੰਜਾਬੀ ਟ੍ਰਿਬਿਊਨ' ਸ਼ੁਰੂ ਹੋਣ ਤੋਂ ਦੋ-ਤਿੰਨ ਸਾਲਾਂ ਅੰਦਰ ਹੀ ਟ੍ਰਿਬਿਊਨ ਅਦਾਰੇ ਅੰਦਰ ਮੁਲਾਜ਼ਮ ਯੂਨੀਅਨ ਬਣ ਗਈ ਸੀ ਤੇ ਫਿਰ ਬਹੁਤ ਤਾਕਤਵਰ ਵੀ ਹੋ ਗਈ ਸੀ। ਇਸ ਨੇ ਅਦਾਰੇ ਦੀ ਮੈਨੇਜਮੈਂਟ ਉਤੇ ਪੂਰਾ ਦਾਬਾ ਪਾ ਲਿਆ ਪਰ ਇਹ 'ਸਤਿਯੁਗ' ਸੱਤਾ ਤੇ ਕਾਬਜ਼ ਹੋਣ ਵਾਲੇ ਧੜੇ ਦੇ ਮੈਂਬਰਾਂ ਲਈ ਹੀ ਸਾਬਤ ਹੋਇਆ ਅਤੇ ਸਾਰੇ ਲਾਭ/ਫਾਇਦੇ ਵੀ ਉਸੇ ਧੜੇ ਦੇ ਨਵੇਂ ਬਣੇ ਦਾਦਾ ਕਿਸਮ ਦੇ ਲੋਕਾਂ ਨੇ ਹਥਿਆ

**ਅਮੋਲਕ ਸਿੰਘ ਜੰਮੂ**
ਫੋਨ: 847-359-0746

ਲਏ। ਯੂਨੀਅਨ ਅਦਾਰੇ ਦੇ ਮੁਲਾਜ਼ਮਾਂ ਲਈ ਸੁੱਖ ਸਹੂਲਤਾਂ, ਤਰੱਕੀਆਂ, ਨਿਯੁਕਤੀਆਂ ਵਿਚ ਕਿਸ ਤਰ੍ਹਾਂ ਦਖਲਅੰਦਾਜ਼ੀ ਕਰਦੀ ਸੀ, ਉਸ ਦੀਆਂ ਕਈ ਭੈੜੀਆਂ ਮਿਸਾਲਾਂ ਮੈਨੂੰ ਯਾਦ ਹਨ ਪਰ ਮੈਂ ਪੰਜਾਬੀ ਟ੍ਰਿਬਿਊਨ ਤਕ ਹੀ ਸੀਮਤ ਰਹਾਂਗਾ।

1986 ਦੇ ਸ਼ੁਰੂ ਵਿਚ ਹੀ ਟ੍ਰਿਬਿਊਨ ਮੁਲਾਜ਼ਮ ਯੂਨੀਅਨ ਦੇ ਜਨਰਲ ਸਕੱਤਰ ਮੋਹਣ ਲਾਲ ਦੇ ਆਸਰੇ ਜਗਤਾਰ ਸਿੱਧੂ ਨੇ ਸਟਾਫ ਰਿਪੋਰਟਰ ਦੇ ਅਹੁਦੇ ਨੂੰ ਹੱਥ ਮਾਰ ਹੀ ਲਿਆ ਸੀ। ਜਗਤਾਰ ਬੜਾ ਜੁਗਤੀ ਸਾਬਤ ਹੋਇਆ ਅਤੇ ਸਾਡੇ ਵੇਖਦਿਆਂ-ਵੇਖਦਿਆਂ ਬਹੁਤ ਜਲਦੀ ਹੀ ਉਹ ਯੂਨੀਅਨ ਦਾ ਸਰਵੇ-ਸਰਵਾ ਬਣ ਗਿਆ। ਦੂਜੇ ਪਾਸੇ ਪੰਜਾਬੀ ਟ੍ਰਿਬਿਊਨ ਦੇ ਸ਼ਰੀਫ ਤੇ ਦਾਨਿਸ਼ਵਰ ਸੰਪਾਦਕ ਸ. ਗੁਲਜ਼ਾਰ ਸਿੰਘ ਸੰਧੂ ਨੂੰ ਦਲਜੀਤ ਸਰਾਂ ਪ੍ਰਤੀ ਨਰਮ ਗੋਸ਼ਾ ਰੱਖਣ ਦੀ ਭਾਰੀ ਕੀਮਤ ਤਾਰਨੀ ਪਈ। ਸੰਧੂ ਸਾਹਿਬ ਜਨਰਲ ਮੈਨੇਜਰ ਭਾਂਬਰੀ ਦੀਆਂ ਨਜ਼ਰਾਂ ਵਿਚ ਆ ਗਏ। ਉਨ੍ਹਾਂ ਨੂੰ ਪ੍ਰੇਸ਼ਾਨੀਆਂ ਤਾਂ ਕੀ, ਇੱਕ ਤਰ੍ਹਾਂ ਨਾਲ ਮਾਨਸਿਕ ਤਸੀਹੇ ਦਿੱਤੇ ਜਾਣ ਲੱਗੇ। ਬਾਅਦ ਵਿਚ ਉਨ੍ਹਾਂ ਦੇ ਦੱਸਣ ਅਨੁਸਾਰ ਉਨ੍ਹਾਂ ਦੇ ਭਾਅ ਦੀ ਤਾਂ ਬਿਪਤਾ ਹੀ ਬਣੀ ਰਹੀ ਸੀ। ਜਨਰਲ ਮੈਨੇਜਰ ਅਕਸਰ ਹੀ ਉਨ੍ਹਾਂ ਦੇ ਕਮਰੇ ਵਿਚ ਆ ਕੇ ਅਕਾਰਨ ਹੀ ਬੈਠਾ ਰਿਹਾ ਕਰੇ। ਉਨ੍ਹਾਂ ਅੰਦਰੇ-ਅੰਦਰ ਬੇਚੈਨ ਹੋਈ ਜਾਇਆ ਕਰਨਾ। ਅਖੀਰ 1988 ਦੇ ਸ਼ੁਰੂ ਜਿਹੇ ਵਿਚ ਇੱਕ ਦਿਨ ਜਨਰਲ ਮੈਨੇਜਰ ਨੇ ਸਿੱਧਾ ਹੀ ਉਨ੍ਹਾਂ ਨੂੰ ਅਸਤੀਫਾ ਦੇ ਜਾਣ ਲਈ ਇਸ਼ਾਰਾ ਕਰ ਦਿੱਤਾ। ਇਸ ਸਮੇਂ ਤੱਕ ਹਰਭਜਨ ਹਲਵਾਰਵੀ ਦੀ ਮੁਲਾਜ਼ਮ ਯੂਨੀਅਨ ਨਾਲ ਅਟੀ-ਸਟੀ ਪੂਰੀ ਤਰ੍ਹਾਂ ਫਿੱਟ ਆ ਗਈ ਹੋਈ ਸੀ। ਸੰਧੂ ਸਾਹਿਬ ਨੂੰ ਟਰੱਸਟ ਨੇ ਜਾਣ ਦਾ ਇਸ਼ਾਰਾ ਕੀਤਾ ਤਾਂ ਉਹ ਪੂਰੇ ਮਾਣ-ਸਨਮਾਨ ਨਾਲ ਝੱਟ ਅਸਤੀਫਾ ਦੇ ਗਏ। ਉਨ੍ਹਾਂ ਤੋਂ ਬਾਅਦ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਹਰਭਜਨ ਹਲਵਾਰਵੀ ਬਣੇ।

ਕੁਝ ਸਮੇਂ ਬਾਅਦ ਸਟਾਫ ਰਿਪੋਰਟਰ ਦੀ ਦੂਜੀ ਅਸਾਮੀ ਨਿਕਲ ਆਈ। ਇਸ ਵਾਰ ਫਿਰ ਦਲਜੀਤ ਸਰਾਂ ਇਸ ਪੋਸਟ ਲਈ ਮੁੱਖ ਦਾਅਵੇਦਾਰ ਸੀ। ਸਾਡੇ ਸਭ ਦੇ ਮਨ ਵਿਚ ਸੀ ਕਿ ਜਗਤਾਰ ਥੋੜ੍ਹੀ ਬਹੁਤ ਸੰਗ ਜ਼ਰੂਰ ਮੰਨੇਗਾ ਅਤੇ ਸੰਪਾਦਕ ਕਿਸੇ ਤਰ੍ਹਾਂ ਦਾ ਰੌਲਾ-ਰੱਪਾ ਪਵਾਉਣ ਤੋਂ ਬਿਨਾਂ ਹੀ ਸਟਾਫ ਰਿਪੋਰਟਰੀ ਲਈ ਦਲਜੀਤ ਦੇ ਨਾਂ ਦੀ ਸਿਫਾਰਸ਼ ਕਰ ਦੇਵੇਗਾ। ਗੁਰਦਿਆਲ ਬੱਲ ਨੇ ਖੁਦ ਜਗਤਾਰ ਦੇ ਘਰ ਜਾ ਕੇ ਉਸ ਨਾਲ ਗੱਲ ਕੀਤੀ ਪਰ ਉਸ ਨੇ ਕੋਈ ਪੱਲਾ ਨਾ ਫੜਾਇਆ।

ਐਡਵੋਕੇਟ ਰਜਿੰਦਰ ਸਿੰਘ ਚੀਮਾ ਹਰਭਜਨ ਹਲਵਾਰਵੀ ਦਾ ਵੀ ਬਰਜਿੰਦਰ ਸਿੰਘ ਜਿੰਨਾ ਹੀ ਯਾਰ ਸੀ। ਉਤੋਂ ਇਹ ਵੀ ਸੀ ਕਿ ਅਸਿਸਟੈਂਟ ਐਡੀਟਰ ਦੀ ਵੱਕਾਰੀ ਪੋਸਟ 'ਤੇ ਹਲਵਾਰਵੀ ਨੂੰ ਲਿਆਉਣ ਲਈ ਬਰਜਿੰਦਰ ਸਿੰਘ ਦਾ ਮਨ ਬਣਾਉਣ ਵਿਚ ਪ੍ਰੋ. ਐਸ.ਪੀ. ਸਿੰਘ ਦੇ ਨਾਲ ਚੀਮਾ ਸਾਹਿਬ ਨੇ ਵੀ ਖਾਸ ਭੂਮਿਕਾ ਨਿਭਾਈ ਸੀ। ਮੈਂ ਬੱਲ ਨੂੰ ਚੇਤੇ ਕਰਵਾਇਆ ਕਿ ਜੋ ਪੱਤਾ ਮੇਰੇ ਮੁਕਾਬਲੇ ਸ਼ਮਸ਼ੇਰ ਸੰਧੂ ਦੇ ਆ ਜਾਣ ਕਾਰਨ ਮੇਰੇ ਕੇਸ ਵਿਚ ਨਹੀਂ ਸੀ ਚੱਲਿਆ, ਇਸ ਵਾਰ ਕੰਮ ਦੇ ਸਕਦਾ ਹੈ। ਇਸ ਤਰੁਪ ਦੇ ਪੱਤੇ ਬਾਰੇ ਚੇਤਾ ਆਉਂਦੇ ਸਾਰ ਹੀ 'ਲੈ ਕੰਮ ਬਣ ਗਿਆ' ਆਖ ਕੇ ਬੱਲ ਬਾਬੇ ਨੇ ਆਪਣਾ ਸਾਈਕਲ ਸੈਕਟਰ 21 ਵਿਚ ਚੀਮੇ ਦੀ ਕੋਠੀ ਵੱਲ ਰੇੜ੍ਹ ਦਿੱਤਾ।

ਬੱਲ ਨੇ ਚੀਮਾ ਸਾਹਿਬ ਦੇ ਘਰ ਜਾ ਕੇ ਉਨ੍ਹਾਂ ਅੱਗੇ ਆਪਣੀ ਕਹਾਣੀ ਪਾ ਦਿੱਤੀ। ਚੀਮਾ ਸਹਿਬ ਪਹਿਲਾਂ ਤਾਂ ਕੁਝ ਬੋਲੇ ਹੀ ਨਾ। ਅਖੀਰ ਕਹਿਣ ਲੱਗੇ, ਬਾਬਿਆ! ਬੜਾ ਵੱਡਾ ਧਰਮ ਸੰਕਟ ਖੜ੍ਹਾ ਕਰ ਦਿੱਤਾ ਈ, ਤੂੰ ਮੇਰੇ ਲਈ। ਮੈਂ ਸਾਰੀ ਉਮਰ ਕਿਸੇ ਨੂੰ ਵੀ ਸਿਫਾਰਸ਼ ਵਰਗਾ ਕੋਈ ਸਵਾਲ ਕਦੀ ਇਸ ਡਰੋਂ ਨਹੀਂ ਪਾਇਆ ਕਿ ਨਜ਼ਰਅੰਦਾਜ਼ ਕਰ ਦਿੱਤੇ ਜਾਣ 'ਤੇ ਅਜਿਹੇ ਆਦਮੀ ਦੇ ਮੱਥੇ ਲੱਗਣਾ ਵੀ ਮੁਸ਼ਕਿਲ ਹੋ ਜਾਏਗਾ। ਉਨ੍ਹਾਂ ਦੀ ਖੁਦਦਾਰੀ ਦਾ ਸੁਭਾਅ ਹੀ ਅਜਿਹਾ ਸੀ ਤੇ ਉਨ੍ਹਾਂ ਨੇ ਸਾਫ ਕਹਿ ਦਿੱਤਾ ਕਿ ਹਲਵਾਰਵੀ ਉਨ੍ਹਾਂ ਦਾ ਯਾਰ ਹੈ ਪਰ ਡਰ ਇਸ ਗੱਲ ਦਾ ਹੈ ਕਿ ਹੋ ਸਕਦਾ ਹੈ ਕਿ ਉਹ ਗੱਲ ਨਾ ਮੰਨੇ! ਇਸ ਤੌਖਲੇ 'ਤੇ ਬੱਲ ਨੇ ਜਰਕਣ ਦੀ ਥਾਂ ਸਗੋਂ ਝੂਠੀ-ਮੂਠੀ ਦਾ ਤਾਅ ਖਾ ਜਾਣ ਦੀ ਐਕਟਿੰਗ ਕਰਦਿਆਂ ਆਖਿਆ ਕਿ ਅੱਛਾ! ਵੱਡਾ ਅੜਿੱਕਾ ਉਨ੍ਹਾਂ ਦੀ ਖੁਦਦਾਰੀ ਦਾ ਸੀ। ਬੱਲ ਨੇ ਆਪਣੇ ਆਪ ਨੂੰ ਹੀ ਹਵਾ ਵਿਚ ਗਾਲਾਂ ਦੇ ਗੋਲੇ ਦਾਗਦਿਆਂ ਆਖਣਾ ਸ਼ੁਰੂ ਕਰ ਦਿੱਤਾ, ਠੀਕ ਹੈ, ਆਤਮ ਸਨਮਾਨ ਦੀ ਗੱਲ ਕਰਨ ਦਾ ਹੱਕ ਕੇਵਲ ਤੁਹਾਨੂੰ ਹੀ ਹੈ, ਉਸ ਨੂੰ ਬਿਲਕੁਲ ਨਹੀਂ ਜੋ ਐਵੇਂ ਕਿਸੇ ਆਸ ਤਹਿਤ ਮੂੰਹ ਚੁੱਕ ਕੇ ਤੁਹਾਡੇ ਕੋਲ ਚਲਾ ਆਇਆ? ਅਖੀਰ ਬੱਲ ਨੇ ਆਪਣੇ ਉਮੀਦਵਾਰ ਦੇ ਵਜ਼ਨ ਅਤੇ ਅਪਣੱਤ ਦੇ ਜ਼ੋਰ ਨਾਲ ਚੀਮਾ ਸਾਹਿਬ ਦੇ ਹੱਥ ਖੜ੍ਹੇ ਕਰਵਾ ਦਿੱਤੇ।



*ਦੋ ਦੋਸਤ-ਕਰਮਜੀਤ ਸਿੰਘ ਅਤੇ ਗੁਰਦਿਆਲ ਬੱਲ, ਪਹਿਲਾ ਪੂਰਾ ਆਸਤਿਕ ਤੇ ਦੂਜਾ ਪੂਰਾ ਨਾਸਤਿਕ ਟ੍ਰਿਬਿਊਨ ਅਦਾਰੇ ਦੇ ਲਾਅਨ 'ਚ ਬੈਠੇ ਨਜ਼ਰ ਆ ਰਹੇ ਹਨ*

ਅਗਲੇ ਜਾਂ ਅਗਲੇਰੇ ਦਿਨ ਦਲਜੀਤ ਨੇ ਚੀਮਾ ਸਾਹਿਬ ਨੂੰ ਮਿਲ ਕੇ ਕਿਹਾ ਵੀ ਕਿ ਉਹ ਧਰਮ ਸੰਕਟ ਵਿਚ ਨਾ ਪੈਣ, ਪਰ ਦੋ ਤਿੰਨ ਦਿਨ ਬਾਅਦ ਚੀਮਾ ਸਾਹਿਬ ਆਪਣੀ ਪਤਨੀ ਦੇ ਨਾਲ ਹਲਵਾਰਵੀ ਦੇ ਘਰ ਰਾਤ ਦੇ ਖਾਣੇ ਦੇ ਬਹਾਨੇ ਗਏ ਅਤੇ ਦਲਜੀਤ ਦੇ ਹੱਕ 'ਚ ਸਿਫਾਰਸ਼ ਕਰਨ ਲਈ ਉਸ ਤੋਂ ਹਾਂ ਕਰਵਾ ਲਈ। ਅਗਲੇ ਦਿਨ ਹਲਵਾਰਵੀ ਸਾਹਿਬ ਨੇ ਦਲਜੀਤ ਨੂੰ ਸੱਦ ਕੇ ਘੰਟਾ ਲੰਮੀ ਗੱਲਬਾਤ ਕੀਤੀ। ਨਵੇਂ ਪੁਰਾਣੇ ਗਿਲੇ ਸ਼ਿਕਵੇ ਸਾਂਝੇ ਕੀਤੇ। ਚੀਫ ਐਡੀਟਰ ਅੱਗੇ ਦਲਜੀਤ ਦੇ ਨਾਂ ਦੀ ਸਿੱਧੀ ਸਿਫਾਰਸ਼ ਕਰ ਦੇਣ ਦਾ ਵਾਅਦਾ ਕੀਤਾ। ਸਦਭਾਵਨਾ ਭਰੇ ਮਾਹੌਲ ਵਿਚ ਦਲਜੀਤ ਨੂੰ ਅਲਵਿਦਾ ਕਹਿੰਦਿਆਂ ਸੰਪਾਦਕ ਨੇ ਹਿੱਕ ਥਾਪੜ ਕੇ ਕਿਹਾ ਕਿ ਜਗਤਾਰ ਆਪਣਾ ਹੀ ਆਦਮੀ ਹੈ, ਉਸ ਨੂੰ ਇਥੇ ਹੀ ਬੁਲਾ ਕੇ ਆਪਣਾ ਇਹ ਨਿਰਣਾ ਸੁਣਾ ਦੇਣਾ ਹੈ। ਦਲਜੀਤ ਹੱਸ ਪਿਆ ਤੇ ਇਹ ਆਖ ਕੇ ਕਮਰੇ ਵਿਚੋਂ ਬਾਹਰ ਆ ਗਿਆ ਕਿ ਜੇ ਅਜੇ ਵੀ ਜਗਤਾਰ ਦੀ ਸਲਾਹ ਹੀ ਲੈਣੀ ਹੈ ਤਾਂ ਇਹ ਕੰਮ ਇੱਥੇ ਹੀ ਛੱਡ ਦਿੱਤਾ ਜਾਵੇ।

ਸੰਪਾਦਕ ਹਲਵਾਰਵੀ ਨੇ ਜਗਤਾਰ ਸਿੱਧੂ ਨੂੰ ਬੁਲਾ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਪੈਰਾਂ ਉਤੇ ਪਾਣੀ ਨਾ ਪੈਣ ਦਿੱਤਾ। ਉਲਟਾ ਉਸ ਨੇ ਇਹ ਕਹਿੰਦਿਆਂ ਸੰਪਾਦਕ ਨੂੰ ਸਾਵਧਾਨ ਕੀਤਾ ਕਿ ਉਹ ਆਪਣਾ ਪੜ੍ਹਿਆ ਵਿਚਾਰ ਲਵੇ ਅਤੇ ਇਹ ਗੱਲ ਚੇਤੇ ਰੱਖੇ ਕਿ ਦਲਜੀਤ ਸ਼ੁਰੂ ਤੋਂ ਹੀ ਮੁਲਾਜ਼ਮ ਯੂਨੀਅਨ ਦਾ ਦੁਸ਼ਮਣ ਹੈ।

ਚੀਮਾ ਸਾਹਿਬ ਦੀ ਬੱਲ ਨੂੰ ਆਖੀ ਗੱਲ ਠੀਕ ਨਿਕਲੀ। ਹਲਵਾਰਵੀ ਨੇ ਜਗਤਾਰ ਦੀ ਗੱਲ ਮੰਨਦਿਆਂ ਅਗਲੇ ਦਿਨ ਸਟਾਫ ਰਿਪੋਟਰ ਦੀ ਪੋਸਟ ਸਾਰਿਆਂ ਲਈ ਓਪਨ ਕਰ ਦਿੱਤੀ। ਪਰੂਫ ਰੀਡਰ ਸੁਰਿੰਦਰ ਇਸ ਸਮੇਂ ਤੱਕ ਸਬ ਐਡੀਟਰ ਬਣ ਗਿਆ ਹੋਇਆ ਸੀ। ਉਹ ਯੂਨੀਅਨ ਦਾ ਜਾਂ ਜਗਤਾਰ ਦਾ ਆਫੀਸ਼ਲ ਉਮੀਦਵਾਰ ਸੀ। ਇਸ ਤਰ੍ਹਾਂ ਦਲਜੀਤ, ਸੁਰਿੰਦਰ ਤੇਜ ਅਤੇ ਅਸ਼ੋਕ ਕੁਮਰ ਸ਼ਰਮਾ ਸਮੇਤ ਇਸ ਵਾਰ ਦੋ ਦੀ ਥਾਂ ਚਾਰ 'ਸੱਜਣ' ਮੈਦਾਨ ਵਿਚ ਸਨ। ਦਲਜੀਤ, ਤੇਜ, ਅਸ਼ੋਕ ਅਤੇ ਉਨ੍ਹਾਂ ਦੇ ਸਾਰੇ ਸਮਰਥਕਾਂ ਦਾ ਸਾਰਾ ਜ਼ੋਰ ਸੀਨੀਅਰਿਟੀ ਤੈਅ ਕਰਵਾ ਕੇ ਸੁਰਿੰਦਰ ਨੂੰ ਰੇਸ ਵਿਚੋਂ ਬਾਹਰ ਕਢਵਾਉਣ 'ਤੇ ਲੱਗਾ ਹੋਇਆ ਸੀ। ਹਲਵਾਰਵੀ ਨੇ ਇਹ ਰੇਸ ਸ਼ੁਰੂ ਕਰਵਾ ਕੇ ਆਪਣੇ ਗਲ ਤਾਂ ਬਿਪਤਾ ਪਾਈ ਹੀ, ਚੀਫ ਐਡੀਟਰ ਵੀ. ਐਨ. ਨਰਾਇਣਨ ਲਈ ਵੀ ਸਿਰਦਰਦੀ ਖੜ੍ਹੀ ਕਰ ਦਿੱਤੀ। ਤਿੰਨੇ ਉਮੀਦਵਾਰ ਉਨ੍ਹਾਂ 'ਤੇ ਸੀਨੀਆਰਟੀ ਮਿਥਣ ਲਈ ਜ਼ੋਰ ਪਾ ਰਹੇ ਸਨ। ਅਸ਼ੋਕ ਸ਼ਰਮਾ ਨੂੰ ਅਜਿਹੇ ਮੌਕਿਆਂ 'ਤੇ ਗੱਲ ਜ਼ਰਾ ਜ਼ਿਆਦਾ ਹੀ ਚੱਬ ਕੇ ਕਰਨ ਦੀ ਵਾਦੀ ਸੀ। ਨਰਾਇਣਨ ਉਸ ਦੇ ਇਸ ਅੰਦਾਜ਼ 'ਤੇ ਖਿੱਝ ਗਿਆ ਤੇ ਉਸ ਨੇ ਇਹ ਆਖ ਕੇ ਉਸ ਦਾ ਭਾਂਡਾ ਭੰਨ ਦਿੱਤਾ ਕਿ ਉਹ ਇੱਕ ਪਾਸੇ ਸੀਨੀਆਰਟੀ ਦੀ ਰੱਟ ਲਾਈ ਜਾਂਦਾ ਹੈ, ਦੂਜੇ ਪਾਸੇ ਸਭ ਤੋਂ ਵੱਡੀ ਸਿਫਾਰਸ਼ ਵੀ ਉਸੇ ਦੀ ਆਈ ਹੋਈ ਹੈ। ਮੈਂ ਪਹਿਲਾਂ ਦੱਸ ਚੁੱਕਾ ਹਾਂ ਕਿ ਅਸ਼ੋਕ ਦਾ ਕੈਰੋਂ ਵੇਲਿਆਂ ਦੇ ਸਾਂਝੇ ਪੰਜਾਬ ਦੇ ਗ੍ਰਹਿ ਮੰਤਰੀ ਪੰਡਿਤ ਮੋਹਣ ਲਾਲ ਨਾਲ ਕਿਸੇ ਸਬੱਬ ਨੇੜ ਸੀ। ਉਸ ਨੇ ਅੰਦਰਖਾਤੇ ਬਾਜ਼ੀ ਜਿੱਤਣ ਲਈ ਉਹ ਰੰਗ ਦਾ ਪੱਤਾ ਲਾਇਆ ਹੋਇਆ ਸੀ।

ਅਖੀਰ ਇੰਟਰਵਿਊ ਲਈ ਚਾਰੇ ਉਮੀਦਵਾਰ ਪੀ.ਐਨ. ਚੁਟਾਨੀ ਅਤੇ ਹੋਰ ਟਰੱਸਟੀਆਂ ਅੱਗੇ ਪੇਸ਼ ਹੋਏ। ਪੰਡਿਤ ਮੋਹਣ ਲਾਲ ਵਾਲਾ ਪੱਤਾ ਅਸ਼ੋਕ ਸ਼ਰਮਾ ਦੇ ਆਪਣੇ ਕੰਮ ਭਾਵੇਂ ਨਾ ਆਇਆ ਪਰ ਉਹ ਸਭ ਤੋਂ ਜੂਨੀਅਰ ਅਤੇ ਜਗਤਾਰ ਯੂਨੀਅਨ ਦੇ ਪਹਿਲਵਾਨ ਸੁਰਿੰਦਰ ਸਿੰਘ (ਪਰੂਫ ਰੀਡਰ) ਦੀ ਗੇਮ ਜ਼ਰੂਰ ਖਰਾਬ ਕਰ ਗਿਆ।

ਇਸ ਇੰਟਰਵਿਊ ਦਾ ਅਫਸੋਸਨਾਕ ਪਹਿਲੂ ਇਹ ਸੀ ਕਿ ਇਸ ਵਿਚ ਸੁਰਿੰਦਰ ਤੇਜ ਵਰਗੇ ਨਿਊਜ਼ ਰੂਮ ਦੇ ਸਭ ਤੋਂ ਮਿਹਨਤੀ, ਇਮਾਨਦਾਰ ਤੇ ਸਮਰੱਥ ਮੈਂਬਰ ਦਾ ਵੱਕਾਰ ਖਾਹ-ਮਖਾਹ ਹੀ ਦਾਅ 'ਤੇ ਲੱਗਿਆ ਰਿਹਾ। ਤੇਜ ਅਜਕਲ੍ਹ ਪੰਜਾਬੀ ਟ੍ਰਿਬਿਊਨ ਦੇ ਨਿਊਜ਼ ਐਡੀਟਰ ਹਨ। ਉਨ੍ਹਾਂ ਦੀ ਬੇਟੀ ਗੁਰਨੀਤ ਆਈ ਏ ਐਸ ਅਫਸਰ ਹੈ।

ਇਸ ਰਾਮ ਕਹਾਣੀ ਤੋਂ ਜਾਹਰ ਹੈ ਕਿ ਟ੍ਰਿਬਿਊਨ ਅਦਾਰੇ ਦੀ ਉਨ੍ਹਾਂ ਦਿਨਾਂ ਦੀ ਮੁਲਾਜ਼ਮ ਯੂਨੀਅਨ ਕਿੰਨੀ ਕੁ ਧਾਕੜ ਹੋਵੇਗੀ! ਚੀਫ ਐਡੀਟਰ, ਜਨਰਲ ਮੈਨੇਜਰ ਅਤੇ ਟਰੱਸਟੀ ਉਮੀਦਵਾਰਾਂ ਦਾ ਗੱਲੀਂ-ਬਾਤੀਂ ਜੀ ਪਰਚਾ ਕੇ ਬਿਨਾਂ ਕਿਸੇ ਦੇ ਹੱਕ ਵਿਚ ਫੈਸਲਾ ਕੀਤਿਆਂ ਹੀ ਉਠ ਗਏ। ਸਟਾਫ ਰਿਪੋਰਟਰ ਦੀ ਇਹੋ ਪੋਸਟ ਪਿੱਛੋਂ ਜਾ ਕੇ ਜਗਤਾਰ ਦੇ ਇਕ ਬਸਤਾ-ਬਰਦਾਰ ਨਵੇ ਸਬ ਐਡੀਟਰ ਬਣੇ ਬਲਵਿੰਦਰ ਜੰਮੂ ਨੂੰ ਕਿਸੇ ਵਡੇ ਤਰੱਦਦ ਤੋਂ ਬਿਨਾਂ ਹੀ ਮਿਲ ਗਈ।

ਗੁਲਜ਼ਾਰ ਸਿੰਘ ਸੰਧੂ ਪਿਛੋਂ ਸੰਪਾਦਕ ਦੀ ਕੁਰਸੀ ਹਾਸਲ ਕਰ ਲੈਣ ਤੋਂ ਬਾਅਦ ਹਰਭਜਨ ਹਲਵਾਰਵੀ ਕੁਝ ਜ਼ਿਆਦਾ ਹੀ ਸੰਤੁਸ਼ਟ ਹੋ ਗਿਆ ਸੀ। ਮੁਲਾਜ਼ਮ ਯੂਨੀਅਨ ਅਤੇ ਨਵਾਂ ਸੰਪਾਦਕ ਕਦਮ ਮਿਲਾ ਕੇ ਚੱਲ ਰਹੇ ਸਨ। ਹਲਵਾਰਵੀ ਜਗਤਾਰ ਯੂਨੀਅਨ ਦੇ ਖੇਮੇ ਵਿਚ ਨੰਬਰ ਬਣਾਉਣ ਲਈ ਵਿਰੋਧੀ ਧਿਰ ਦੇ ਕਿਸੇ ਨਾ ਕਿਸੇ ਮੈਂਬਰ ਦੀ ਜਵਾਬ-ਤਲਬੀ ਕਰਨ ਦੇ ਮੌਕੇ ਦੀ ਤਾੜ ਵਿਚ ਰਹਿੰਦਾ ਸੀ, ਪਰ ਪ੍ਰੇਸ਼ਾਨੀ ਇਹ ਸੀ ਕਿ ਕਰਮਜੀਤ, ਦਲਜੀਤ ਜਾਂ ਸੁਰਿੰਦਰ ਤੇਜ ਵਿਚੋਂ ਕੋਈ ਵੀ ਅਜਿਹਾ ਮੌਕਾ ਦਿੰਦਾ ਨਹੀਂ ਸੀ। ਗੁਰਦਿਆਲ ਬੱਲ ਹੀ ਅਜਿਹਾ ਮੌਕਾ ਦੇ ਸਕਦਾ ਸੀ ਪਰ ਉਸ ਨਾਲ ਹਲਵਾਰਵੀ ਦੀ ਨਕਸਲੀ ਸਫਾਂ ਵਿਚ ਜਾਣ ਤੋਂ ਵੀ ਪਹਿਲਾਂ ਤੋਂ ਯਾਰੀ ਹੋਣ ਕਾਰਨ ਸ਼ੁਰੂ ਸ਼ੁਰੂ ਵਿਚ ਉਸ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਤੋਂ ਉਹ ਸੰਗ ਮੰਨਦਾ ਸੀ। ਅਖੀਰ ਜ਼ਾਬਤੇ ਦੀ ਪਹਿਲੀ ਕਾਰਵਾਈ ਕਰ ਕੇ ਆਪਣਾ ਸਿੱਕਾ ਜਮਾਉਣ ਲਈ ਉਸ ਨੂੰ ਬੱਲ ਉਤੇ ਹੀ ਵਾਰ ਕਰਨਾ ਪਿਆ।

ਐਮ ਏ ਕਰਦਿਆਂ ਆਪਣੇ ਅਧਿਆਪਕ ਡਾ. ਹਰਦੇਵ ਸਿੰਘ ਸੱਚਰ ਦੀ ਪ੍ਰੇਰਣਾ ਕਰਕੇ ਮੈਨੂੰ ਡਾਇਰੀ ਲਿਖਣ ਦਾ ਸ਼ੌਕ ਪੈ ਗਿਆ। ਇਹ ਵਖਰੀ ਗੱਲ ਹੈ ਕਿ ਡਾਇਰੀ ਮੈਂ ਬਾਜ਼ਾਬਤਾ ਲਿਖਣ ਦਾ ਪਾਬੰਦ ਨਾ ਹੋ ਸਕਿਆ। ਕਦੀ ਲਿਖ ਲੈਣੀ, ਕਦੀ ਨਾ। ਉਨ੍ਹਾਂ ਵੇਲਿਆਂ 'ਚ ਲਿਖੀ ਡਾਇਰੀ ਦੇ ਕੁਝ ਪੰਨਿਆਂ ਉਤੇ ਨਿਜੀ ਵੇਰਵਿਆਂ ਤੋਂ ਇਲਾਵਾ ਪੰਜਾਬ ਦੇ ਸਿਆਸੀ ਮਾਹੌਲ ਬਾਰੇ ਵੀ ਕੁਝ ਨਾ ਕੁਝ ਦਰਜ ਹੈ। ਮੇਰੀ ਇਕ ਡਾਇਰੀ ਵਿਚ 16 ਮਈ, 1988 ਦੀ ਐਂਟਰੀ ਬੱਲ ਨਾਲ ਵਾਪਰੀ ਇਸੇ ਘਟਨਾ ਬਾਰੇ ਹੈ। 13 ਮਈ ਦੀ ਅਖਬਾਰ ਵਿਚ ਕਿਸੇ ਨਕਸਲੀ ਆਗੂ ਵੱਲੋਂ 'ਦਰਬਾਰ ਸਾਹਿਬ ਕੰਪਲੈਕਸ ਦੇ ਘੇਰੇ ਦੀ ਨਿਖੇਧੀ' ਬਾਰੇ ਖਬਰ ਛਪੀ ਸੀ ਜੋ ਬੱਲ ਦੇ ਹੱਥਾਂ ਦੀ ਬਣੀ ਹੋਈ ਸੀ। ਖਬਰ ਦਾ ਸਰੋਤ ਸ਼ੱਕੀ ਸੀ। ਬੱਲ ਨੂੰ ਵੀ ਖਬਰ ਵਿਚ ਆਪਣੇ ਕੋਲੋਂ ਬੜਾ ਕੁਝ ਜੋੜ ਦੇਣ ਦਾ ਖਬਤ ਸੀ। ਸੰਪਾਦਕ ਨੇ ਉਸ ਨੂੰ ਪਹਿਲੀ ਵਾਰ ਲਿਖਤੀ ਚਿਤਾਵਨੀ ਦਿੱਤੀ। ਇਸ ਪਿਛੋਂ ਤਾਂ ਇਸ ਖਹਿ-ਭੇੜ ਦਾ ਲੰਮਾ ਚੱਕਰ ਹੀ ਚੱਲ ਪਿਆ ਸੀ ਜੋ ਹਲਵਾਰਵੀ ਦੇ 1997-98 ਵਿਚ ਪਹਿਲੀ ਵਾਰ ਅਦਾਰੇ ਵਿਚੋਂ ਬਾਹਰ ਹੋਣ ਤੱਕ ਜਾਰੀ ਰਿਹਾ।

ਇਹ ਸਥਿਤੀ ਬੜੀ ਦਿਲਚਸਪ ਸੀ। ਸੰਪਾਦਕ ਮੁਲਾਜ਼ਮ ਯੂਨੀਅਨ ਨੂੰ ਪਾਸ ਦੇ ਕੇ ਖੇਡ ਰਿਹਾ ਸੀ। ਦੂਜੇ ਪਾਸੇ ਕਰਮਜੀਤ ਅਤੇ ਬੱਲ ਆਪਣੀ ਖੇਡ, ਖੇਡ ਰਹੇ ਸਨ। ਸੰਪਾਦਕ ਜ਼ਿਆਦਾ ਸਮਾਂ ਬੱਲ ਪਿੱਛੇ ਭੱਜਾ-ਨੱਠਾ ਫਿਰਦਾ ਰਿਹਾ, ਉਧਰ ਕਰਮਜੀਤ ਭਾਅ ਜੀ ਚੁੱਪ-ਚੁਪੀਤੇ ਖਬਰਾਂ ਲਾ ਲਾ ਖਾੜਕੂ ਲਹਿਰ ਦੀ ਵੱਡਮੁੱਲੀ ਸੇਵਾ ਕਰੀ ਗਏ!

ਬੱਲ ਅਤੇ ਸੰਪਾਦਕ ਵਿਚਕਾਰ ਹੋਈਆਂ ਝੜਪਾਂ ਵਿਚੋਂ ਮੇਰੀ ਡਾਇਰੀ ਵਿਚ ਜੋ ਦੋ-ਤਿੰਨ ਇੰਦਰਾਜ਼ ਹਨ, ਉਨ੍ਹਾਂ ਵਿਚੋਂ ਨਮੂਨੇ ਦੇ ਤੌਰ 'ਤੇ ਇੱਕ ਐਂਟਰੀ ਦੀ ਇਬਾਰਤ ਇੰਨ-ਬਿੰਨ ਹਾਜ਼ਰ ਹੈ। ਕਮਾਲ ਇਹ ਹੈ ਕਿ ਇਸ ਸਮੇਂ ਨਿਊਜ਼ ਐਡੀਟਰ ਵੀ ਬੱਲ ਦੇ ਖਾਸ-ਮ-ਖਾਸ ਕਰਮਜੀਤ ਸਿੰਘ ਖੁਦ ਹੀ ਸਨ। 6 ਜੂਨ, 1994 ਦਾ ਇਹ ਆਦੇਸ਼ ਇਸ ਪ੍ਰਕਾਰ ਸੀ:

**ਨਿਊਜ਼ ਸੈਕਸ਼ਨ:** ਗੁਰਦਿਆਲ ਸਿੰਘ ਬੱਲ, ਸੀਨੀਅਰ ਸਬ ਐਡੀਟਰ, ਪੰਜਾਬੀ


## ਰੰਗ-ਬੇਰੰਗ

ਟ੍ਰਿਬਿਊਨ ਵੱਲੋਂ ਕੀਤੀ ਗਈ ਕੋਈ ਵੀ ਰਿਪੋਰਟ ਫੀਚਰ ਜਾਂ ਕਿਸੇ ਵੀ ਤਰ੍ਹਾਂ ਦਾ ਮੈਟਰ ਮੇਰੀ ਆਗਿਆ ਤੋਂ ਬਿਨਾਂ 'ਪੰਜਾਬੀ ਟ੍ਰਿਬਿਊਨ' ਵਿਚ ਬਿਲਕੁਲ ਨਾ ਛਾਪਿਆ ਜਾਵੇ।

ਕਰਮਜੀਤ ਸਿੰਘ, ਸਮਾਚਾਰ ਸੰਪਾਦਕ
ਹਰਭਜਨ ਸਿੰਘ ਹਲਵਾਰਵੀ, ਸੰਪਾਦਕ

ਇਸ ਤੋਂ ਪਹਿਲਾਂ ਹਲਵਾਰਵੀ ਨੇ ਕਰਮਜੀਤ ਦੇ ਖਿਲਾਫ ਲੜਾਈ ਵਿੱਢ ਰੱਖੀ ਸੀ। ਇਸ 'ਜੰਗ' ਦੀ ਸ਼ੁਰੂਆਤ ਉਨ੍ਹਾਂ ਨੇ ਸਾਲ 1990 ਜਾਂ 91 ਵਿਚ ਉਸ ਸਮੇਂ ਕੀਤੀ ਜਦੋਂ ਨਿਊਜ਼ ਐਡੀਟਰ ਜਗਜੀਤ ਸਿੰਘ ਬੀਰ ਦੇ ਸੜਕ ਹਾਦਸੇ ਵਿਚ ਚਲਾਣਾ ਕਰ ਜਾਣ 'ਤੇ ਖਾਲੀ ਹੋਈ ਪੋਸਟ ਜੋ ਨਿਯਮਾਂ ਅਨੁਸਾਰ ਸੀਨੀਅਰ ਚੀਫ ਐਡੀਟਰ ਹੋਣ ਕਾਰਨ ਕਰਮਜੀਤ ਨੂੰ ਮਿਲਣੀ ਚਾਹੀਦੀ ਸੀ, ਮੌਕਾ ਤਾੜ ਕੇ ਅਸਿਸਟੈਂਟ ਐਡੀਟਰ ਦਲਬੀਰ ਦੇ ਹਵਾਲੇ ਕਰ ਦਿੱਤੀ ਗਈ। ਇਸ ਬਾਰੇ ਨੋਟਿਸ ਨਿਊਜ਼ ਸੈਕਸ਼ਨ ਵਿਚ ਸ਼ਾਮ ਨੂੰ 5 ਵਜੇ ਉਦੋਂ ਟੰਗਿਆ ਗਿਆ ਜਦੋਂ ਕਰਮਜੀਤ ਸਵੇਰ ਦੀ ਸ਼ਿਫਟ ਲਾ ਕੇ ਘਰ ਜਾ ਚੁੱਕੇ ਸਨ। ਬੱਲ ਉਦੋਂ ਦੋ ਕੁ ਸਾਲਾਂ ਲਈ ਇਕ ਖੋਜ ਵਜ਼ੀਫੇ 'ਤੇ ਸ਼ਿਮਲੇ ਗਿਆ ਹੋਇਆ ਸੀ। ਉਹ ਅਚਾਨਕ ਸ਼ਿਮਲੇ ਤੋਂ ਪਟਿਆਲੇ ਜਾਂਦਿਆਂ ਸ਼ਾਮ ਨੂੰ ਟ੍ਰਿਬਿਊਨ ਚੌਕ 'ਤੇ ਬੱਸੋਂ ਉੱਤਰ ਕੇ ਸਾਥੀਆਂ ਨੂੰ ਮਿਲਣ ਦਫਤਰ ਆ ਗਿਆ। ਇਸ ਸਮੇਂ ਤੱਕ ਮੈਂ ਸਬ ਐਡੀਟਰ ਬਣ ਗਿਆ ਹੋਇਆ ਸਾਂ ਤੇ ਉਸ ਮੌਕੇ ਖੁਦ ਨਿਊਜ਼ ਰੂਮ ਵਿਚ ਹਾਜ਼ਰ ਸਾਂ। ਬੱਲ ਨੇ ਨੋਟਿਸ ਪੜ੍ਹਦਿਆਂ ਹੀ ਹਲਵਾਰਵੀ ਨੂੰ ਬੁਰਾ ਭਲਾ ਆਖਿਆ ਅਤੇ ਸੰਪਾਦਕ ਦੀ ਇਸ ਚਾਲ ਬਾਰੇ ਦੱਸਣ ਲਈ ਪਟਿਆਲੇ ਜਾਣ ਦੀ ਬਜਾਏ ਕਰਮਜੀਤ ਭਾਅ ਦੇ ਘਰ ਵੱਲ ਚਾਲੇ ਪਾ ਦਿੱਤੇ।

ਦੋਵਾਂ ਦੋਸਤਾਂ ਨੇ ਜੋ ਮਤਾ ਪਕਾਇਆ, ਬੱਲ ਦੇ ਦੱਸਣ ਅਨੁਸਾਰ, ਉਹ ਇਸ ਪ੍ਰਕਾਰ ਸੀ: ਕਰਮਜੀਤ ਭਾਅ ਜੀ ਅਗਲੇ ਦਿਨ ਸਵੇਰ ਦੀ ਸ਼ਿਫਟ 'ਤੇ ਜਾਣ ਪਿੱਛੋਂ 10-10.30 ਵਜੇ ਚੀਫ ਐਡੀਟਰ ਵੀ.ਐਨ. ਨਰਾਇਣਨ ਦੇ ਪੀ.ਏ. ਕੋਲੋਂ ਮੁਲਾਕਾਤ ਲਈ ਸਮਾਂ ਮੰਗਣਗੇ। ਜਵਾਬ ਮਿਲੇਗਾ ਕਿ ਚੀਫ ਐਡੀਟਰ ਮੀਟਿੰਗ ਵਿਚ ਹਨ। 12 ਵਜੇ ਉਹ ਦੁਬਾਰਾ ਸਮਾਂ ਮੰਗਣਗੇ। ਜਵਾਬ ਮਿਲੇਗਾ ਕਿ ਉਹ ਸੰਪਾਦਕੀ ਲਿਖ ਰਹੇ ਹਨ। ਦੁਪਹਿਰੇ 1 ਵਜੇ ਉਹ ਤੀਜੀ ਵਾਰ ਮੁੜ ਮੁਲਾਕਾਤ ਲਈ ਸਮੇਂ



*ਅਸ਼ੋਕ ਸ਼ਰਮਾ*

ਦੀ ਮੰਗ ਕਰਨਗੇ। ਇਸ ਵਾਰ ਜਵਾਬ ਮਿਲੇਗਾ ਕਿ ਚੀਫ ਐਡੀਟਰ ਦੁਪਹਿਰ ਦੇ ਖਾਣੇ ਲਈ ਘਰ ਜਾ ਰਹੇ ਹਨ। ਐਨ ਇਸ ਮੌਕੇ ਕਰਮਜੀਤ ਨੇ ਉੱਠਣਾ ਸੀ ਅਤੇ ਦਰਵਾਜੇ 'ਤੇ ਖੜੇ ਪੀਅਨ ਦੀ ਪ੍ਰਵਾਹ ਕਰੇ ਬਗੈਰ ਚੀਫ ਐਡੀਟਰ ਦੇ ਸਾਹਮਣੇ ਜਾ ਹਾਜ਼ਰ ਹੋਣਾ ਸੀ। ਇਹ ਸਾਰਾ 'ਨਾਟਕ' ਯਰਕਾਊ ਵਿਧੀ ਅਨੁਸਾਰ ਕੀਤਾ ਜਾਣਾ ਸੀ।

ਕਰਮਜੀਤ ਭਾਅ ਜੀ ਨੇ ਚੀਫ ਐਡੀਟਰ ਅੱਗੇ ਗਰਨੇਡਾਂ ਵਾਂਗੂ, ਪਰ ਬਹੁਤ ਹੀ ਸੰਖੇਪ ਰੂਪ ਵਿਚ ਕੇਵਲ ਤਿੰਨ ਸਵਾਲ ਸੁੱਟਣੇ ਸਨ:

1. ਕੀ ਉਨ੍ਹਾਂ ਨਾਲ ਇਹ ਵਧੀਕੀ ਨਹੀਂ?
2. ਕੀ ਉਨ੍ਹਾਂ ਨਾਲ ਇਹ ਵਧੀਕੀ ਉਨ੍ਹਾਂ ਦੇ ਸਿੱਖ ਹਿਤੈਸ਼ੀ ਹੋਣ ਕਰਕੇ ਕੀਤੀ ਜਾ ਰਹੀ ਹੈ?
3. ਜੇ ਇਹ ਨਹੀਂ ਤਾਂ ਕੀ ਉਨ੍ਹਾਂ ਦੀ ਕੰਮ ਕਰਨ ਦੀ ਯੋਗਤਾ ਵਿਚ ਕੋਈ ਕਮੀ ਸੀ?

ਪ੍ਰਸ਼ਨ ਬੜੇ ਸਾਧਾਰਨ ਸਨ। ਫਿਰ ਵੀ, ਕਰਮਜੀਤ ਭਾਅ ਜੀ ਨੇ ਬੱਲ ਵੱਲੋਂ ਮੌਕੇ 'ਤੇ ਹੀ ਘੜੀ ਇਸ ਪ੍ਰਸ਼ਨੋਤਰੀ ਨੂੰ ਚੰਗੀ ਤਰ੍ਹਾਂ ਰੱਟਾ ਮਾਰ ਲਿਆ। ਪੰਜਾਬ ਵਿਚ ਖਾੜਕੂ ਲਹਿਰ ਪੂਰੇ ਜੋਰਾਂ 'ਤੇ ਸੀ ਅਤੇ ਉਹ ਨਾਜ਼ਕ ਸਮੇਂ ਸਨ ਅਤੇ ਇਨ੍ਹਾਂ

*(ਬਾਕੀ ਅਗਲੇ ਸਫੇ 'ਤੇ)*

# ਮੁਨਾਫ਼ੇ ਤੇ ਮੂਲਵਾਦ ਦੀਆਂ ਤਹਿਆਂ ਫਰੋਲਦਿਆਂ

## ਪ੍ਰਸੰਗ ਬਾਲ ਠਾਕਰੇ ਅਤੇ ਚੱਢਾ ਭਰਾ

***ਚੱਢਾ ਭਰਾਵਾਂ ਦੇ ਕਤਲ ਕੇਸ ਦੀਆਂ ਤਹਿਆਂ ਇਕ ਇਕ ਕਰ ਕੇ ਖੁੱਲ੍ਹ ਰਹੀਆਂ ਹਨ। ਇਸ ਕੇਸ ਦੀਆਂ ਤੰਦਾਂ ਹੁਣ ਸਿੱਧੀਆਂ ਸੁਖਦੇਵ ਸਿੰਘ ਨਾਮਧਾਰੀ ਨਾਲ ਜੁੜ ਰਹੀਆਂ ਹਨ। ਪੁਲਿਸ ਦਾ ਦਾਅਵਾ ਸੀ ਕਿ ਉਸ ਨੇ ਪੌਂਟੀ ਚੱਢਾ ਦੇ ਭਰਾ ਹਰਦੀਪ ਚੱਢਾ ਨੂੰ ਗੋਲੀਆਂ ਮਾਰੀਆਂ; ਹੁਣ ਇਹ ਦਾਅਵਾ ਵੀ ਕੀਤਾ ਜਾ ਰਿਹਾ ਹੈ ਕਿ ਪੌਂਟੀ ਚੱਢਾ ਨੂੰ ਲੱਗੀਆਂ ਗੋਲੀਆਂ ਵੀ ਸੁਖਦੇਵ ਸਿੰਘ ਦੇ ਸਾਥੀਆਂ ਦੇ ਹਥਿਆਰਾਂ ਵਿਚੋਂ ਹੀ ਨਿਕਲੀਆਂ ਹਨ।...ਤੇ ਸੁਖਦੇਵ ਸਿੰਘ ਦੀਆਂ ਤੰਦਾਂ ਜਿਸ ਰੂਪ ਵਿਚ ਅਗਾਂਹ ਮੂਲਵਾਦੀ ਅਤੇ ਮੁਨਾਫਾਖੋਰ ਤਾਕਤਾਂ ਨਾਲ ਜੁੜੀਆਂ ਹਨ, ਉਸ ਬਾਰੇ ਵਿਸ਼ੇਸ਼ ਵਿਸ਼ਲੇਸ਼ਣ ਸਾਡੇ ਕਾਲਮਨਵੀਸ ਦਲਜੀਤ ਅਮੀ ਨੇ ਕੀਤਾ ਹੈ। ਵਕਫੇ ਬਾਅਦ ਹਾਜ਼ਰੀ ਲੁਆ ਰਹੇ ਦਲਜੀਤ ਅਮੀ ਨੇ ਇਸ ਪ੍ਰਸੰਗ ਵਿਚ ਬਾਲ ਠਾਕਰੇ ਦੀ ਸਿਆਸਤ ਦੀਆਂ ਪਰਤਾਂ ਵੀ ਫਰੋਲੀਆਂ ਹਨ। ਬਾਲ ਠਾਕਰੇ, ਪੌਂਟੀ ਚੱਡਾ ਅਤੇ ਸੁਖਦੇਵ ਸਿੰਘ ਨਾਮਧਾਰੀ ਦੇ ਸਿਆਸੀ ਅਤੇ ਕਾਰੋਬਾਰੀ ਵਾਧਿਆਂ ਨੂੰ ਜਿਸ ਤਰ੍ਹਾਂ ਮੂਲਵਾਦ ਅਤੇ ਮੁਨਾਫੇ ਨਾਲ ਜੋੜ ਕੇ ਪੁਣ-ਛਾਣ ਕੀਤੀ ਗਈ ਹੈ, ਉਹ ਦਿਲਚਸਪ ਤਾਂ ਹੈ ਹੀ, ਅੱਜ ਦੇ ਜ਼ਮਾਨੇ ਵਿਚ ਵਧੇਰੇ ਧਿਆਨ ਦੀ ਮੰਗ ਵੀ ਕਰਦੀ ਹੈ। -ਸੰਪਾਦਕ***

ਇਤਿਹਾਸ ਨੂੰ ਸਮਝਣ ਲਈ ਸਮੇਂ ਤੇ ਸਥਾਨ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ ਪਰ ਕਈ ਵਾਰ ਸਬੱਬ ਗੁੰਝਲਦਾਰ ਰੁਝਾਨ ਨੂੰ ਸੁਖਾਲਾ ਕਰ ਕੇ ਸਮਝਾਉਂਦਾ ਹੈ। ਇੱਕੋ ਦਿਨ ਬਾਲ ਠਾਕਰੇ ਅਤੇ ਪੌਂਟੀ ਚੱਢਾ ਤੇ ਉਸ ਦੇ ਭਰਾ ਦੀ ਮੌਤ ਹੋਈ ਜੋ ਭਾਰਤੀ ਰਾਜਤੰਤਰ ਦੇ ਖ਼ਾਸੇ ਦੇ ਪੇਚੀਦਾ ਪੱਖ ਦੀ ਕੁੰਜੀ ਬਣ ਗਈ ਜਾਪਦੀ ਹੈ। ਇਨ੍ਹਾਂ ਮੌਤਾਂ ਦੇ ਕਾਰਨ ਵੱਖ-ਵੱਖ ਸਨ। ਥਾਂਵਾਂ ਵਿਚ ਚੋਖਾ ਫ਼ਰਕ ਸੀ। ਇਹ ਵੀ ਹੋ ਸਕਦਾ ਹੈ ਕਿ ਜਿਉਂਦੇ ਜੀਅ ਚੱਢਾ ਭਰਾ ਤੇ ਬਾਲ ਠਾਕਰੇ ਇੱਕ-ਦੂਜੇ ਦੇ ਸੰਪਰਕ ਵਿਚ ਨਾ ਆਏ ਹੋਣ। ਸਾਂਝ ਇਹ ਹੋ ਸਕਦੀ ਹੈ ਕਿ ਤਿੰਨਾਂ ਨੂੰ ਫ਼ਿਲਮ ਸਨਅਤ ਪੂੰਜ ਕੇ ਸਲਾਮ ਕਰਦੀ ਹੈ। ਕਾਨੂੰਨ ਨੂੰ ਮਰੋੜੀ ਦੇ ਕੇ ਇਨ੍ਹਾਂ ਨੂੰ ਆਪਣੀ ਮਨ-



ਦਲਜੀਤ ਅਮੀ
ਫੋਨ: 91-97811-21873

ਮਰਜ਼ੀ ਕਰਨੀ ਆਉਂਦੀ ਸੀ। ਇੱਕ ਨੇ ਆਪਣੇ ਘਰੋਂ ਬੈਠ ਕੇ ਸਰਕਾਰ ਚਲਾਉਣ ਦਾ ਤਜਰਬਾ ਕੀਤਾ ਤਾਂ ਦੂਜਿਆਂ ਨੇ ਪੈਸੇ ਦੇ ਜ਼ੋਰ ਨਾਲ ਕਾਨੂੰਨੀ ਅੜਿੱਕੇ ਲਾਂਭੇ ਕੀਤੇ। ਜੇ ਇਨ੍ਹਾਂ ਦੀ ਮੌਤ ਵੱਖ-ਵੱਖ ਦਿਨ ਹੁੰਦੀ ਤਾਂ ਫ਼ਿਲਮ ਸਨਅਤ ਤੇ ਪੱਤਰਕਾਰ ਤਬਕੇ ਨੇ ਚੱਢਾ ਭਰਾਵਾਂ ਨਾਲ ਆਪਣੀ ਨੇੜਤਾ ਦਾ ਇਜ਼ਹਾਰ ਵਧੇਰੇ ਕਰਨਾ ਸੀ। ਬਾਲ ਠਾਕਰੇ ਘਟਨਾਕ੍ਰਮ ਦੇ ਕੇਂਦਰ ਵਿਚ ਆ ਗਿਆ ਤਾਂ ਚੱਢਾ ਭਰਾ ਚਿੱਤਰਪਟ ਉੱਤੇ ਥੋੜ੍ਹਾ ਪਿੱਛੇ ਹੋ ਗਏ। ਬਾਲ ਠਾਕਰੇ ਅਤੇ ਚੱਢਾ ਭਰਾਵਾਂ ਵਿਚ ਸਾਂਝ ਇਹ ਵੀ ਹੈ ਕਿ ਉਨ੍ਹਾਂ ਨੇ ਭਾਰਤੀ ਇਤਿਹਾਸ ਨੂੰ ਨਵੀਂ ਦਿਸ਼ਾ ਦੇਣ ਵਿਚ ਅਹਿਮ ਭੂਮਿਕਾ ਨਿਭਾਈ। ਮੋੜ ਦੇਣ ਵਾਲੀਆਂ ਤਾਕਤਾਂ ਦੀ ਉਹ ਨੁਮਾਇੰਦਗੀ ਕਰਦੇ ਸਨ। ਦੋਵਾਂ ਨੇ ਇੱਕ-ਦੂਜੇ ਵੱਲ ਪਿੱਠ ਕਰ ਕੇ ਖੜੀਆਂ ਧਿਰਾਂ ਨੂੰ ਇੱਕੋ ਵੇਲੇ ਕਲਾਵੇ ਵਿਚ ਲਿਆ। ਦੂਜੀਆਂ ਧਿਰਾਂ ਆਪਣੇ-ਆਪਣੇ ਪੈਂਤੜੇ ਉੱਤੇ ਕਾਇਮ ਰਹਿੰਦੀਆਂ ਹੋਈਆਂ ਇਸ ਕਲਾਵੇ ਦਾ ਨਿੱਘ ਮਾਣਦੀਆਂ ਰਹੀਆਂ। ਉਨ੍ਹਾਂ ਨੇ ਸਿਆਸਤ ਤੇ ਵਪਾਰ ਵਿਚ ਦੋਸਤੀ, ਦੁਸ਼ਮਣੀ, ਵਫ਼ਾਦਾਰੀ ਤੇ ਅਹਿਸਾਨ ਦੀ ਵਿਆਖਿਆ ਬਦਲ ਦਿੱਤੀ। ਉਨ੍ਹਾਂ ਨੇ ਖ਼ੁਦਗਰਜ਼ੀ, ਮੌਕਾਪ੍ਰਸਤੀ, ਤਿਕੜਮ, ਬੇਕਿਰਕੀ ਤੇ ਪਲਟੀਮਾਰ ਵਤੀਰੇ ਨੂੰ ਪਸ਼ੇਮਾਨੀ ਦੇ ਘੇਰੇ ਵਿਚੋਂ ਮੁਕਤ ਕਰ ਦਿੱਤਾ।

ਕੌਮੀ ਮੁਕਤੀ ਲਹਿਰ ਤੋਂ ਬਾਅਦ ਆਪਣੀ ਬਿਹਤਰ ਸਮਝ ਪੇਸ਼ ਕਰ ਕੇ ਸਰਕਾਰ ਬਣਾਉਣ ਲਈ ਬਹੁਮਤ ਜੋੜਨ ਦਾ ਉਪਰਾਲਾ ਹੁੰਦਾ ਸੀ, ਜਾਂ ਘੱਟੋ-ਘੱਟ ਅਜਿਹਾ ਕਰਨ ਦੀ ਤਵੱਕੋ ਕੀਤੀ ਜਾਂਦੀ ਸੀ। ਹੁਣ ਦੂਜੇ ਨੂੰ ਆਪਣੇ ਤੋਂ ਮਾੜਾ ਕਰਾਰ ਦਿੰਦੇ ਹੋਏ ਆਪਣੀ ਦਾਅਵੇਦਾਰੀ ਪੇਸ਼ ਕੀਤੀ ਜਾਂਦੀ ਹੈ। ਇਹ ਤਬਦੀਲੀ ਰਾਤੋ-ਰਾਤ ਨਹੀਂ ਆਈ, ਸਗੋਂ ਇਸ ਪਿੱਛੇ 65 ਸਾਲਾਂ ਦਾ ਰੁਝਾਨ ਹੈ। ਬਾਲ ਠਾਕਰੇ ਤੇ ਪੌਂਟੀ ਚੱਢਾ ਇਸੇ ਰੁਝਾਨ ਦੇ ਮਗਰਲੇ ਸਿਰੇ ਦੀ ਪ੍ਰਵਾਨਗੀ ਦੇ ਨੁਮਾਇੰਦੇ ਹਨ। ਬਾਲ ਠਾਕਰੇ ਨੇ ਮੁੰਬਈ ਵਿਚ ਉਸ ਵੇਲੇ ਸ਼ਿਵ ਸੈਨਾ ਬਣਾਈ ਜਦੋਂ ਕਾਂਗਰਸ ਆਪਣੀ ਕੌਮੀ ਮੁਕਤੀ ਵਾਲੇ ਖ਼ਾਸੇ ਤੋਂ ਕੰਨੀ ਕਸਕਾਉਣਾ ਸ਼ੁਰੂ ਕਰ ਰਹੀ ਸੀ। ਕੌਮੀ ਮੁਕਤੀ ਦਾ ਟੁੱਟਿਆ ਸੁਫ਼ਨਾ ਸਨਅਤੀ ਕਾਮਿਆਂ ਦੇ ਏਕੇ ਵਜੋਂ ਕਮਿਊਨਿਸਟ ਪਾਰਟੀ ਤੋਂ ਸੇਧ ਭਾਲ ਰਿਹਾ ਸੀ। ਮੁੰਬਈ ਵਿਚ ਸਨਅਤੀ ਕਾਮਿਆਂ ਦੇ ਆਗੂ ਇੱਕੋ ਵੇਲੇ ਕਾਂਗਰਸ ਤੇ ਮਿੱਲ ਮਾਲਕਾਂ ਨੂੰ ਚੁੱਭਦੇ ਸਨ। ਸ਼ਿਵ ਸੈਨਾ ਇੱਕੋ ਕੰਮ ਨਾਲ ਦੋਵਾਂ ਦੀ ਸਰਪ੍ਰਸਤੀ ਹਾਸਲ ਕਰ ਰਹੀ ਸੀ। ਸਿਆਸਤ ਅਤੇ ਸਰਮਾਏ ਦਾ ਗਠਜੋੜ ਸ਼ਿਵ ਸੈਨਾ ਦੇ ਰੂਪ ਵਿਚ ਮਰਾਠੀ ਪਛਾਣ ਦੀ ਗੱਲ ਕਰ ਰਿਹਾ ਸੀ। ਪਾਠਕ ਇਹ ਨਾ ਸਮਝਣ ਕਿ ਇਹ ਹਿਟਲਰ ਦੇ ਤਜਰਬੇ ਦਾ ਭਾਰਤੀ ਚਰਬਾ ਹੈ। ਜਦੋਂ ਇੱਕ ਪਾਸੇ ਕਮਿਊਨਿਸਟ ਪਾਰਟੀ ਦੇ ਦੋਫਾੜ ਹੋਣ ਤੋਂ ਬਾਅਦ ਤੀਜੀ ਧਿਰ ਦੀਆਂ ਫਾਕਾਂ ਨਕਸਲਬਾੜੀ ਲਹਿਰ ਦੇ ਰੂਪ ਵਿਚ ਸਰਗਰਮ ਸਨ ਤਾਂ ਬਾਲ ਠਾਕਰੇ ਨੇ ਸ਼ਿਵ ਸੈਨਾ ਦੇ 'ਸਾਮਨਾ' ਤੋਂ ਪਹਿਲੇ ਪਰਚੇ 'ਮਾਰਮਿਕ' ਵਿਚ 'ਕਮਿਊਨਿਸਟਾਂ ਦਾ ਲੱਕ ਤੋੜਨ' ਦਾ ਐਲਾਨ ਕੀਤਾ ਸੀ। ਇਸ ਤੋਂ ਤਿੰਨ ਮਹੀਨੇ ਬਾਅਦ ਸ਼ਿਵ ਸੈਨਾ ਨੇ ਭਾਰਤੀ ਕਮਿਊਨਿਸਟ ਪਾਰਟੀ ਦੇ ਪਰੇਲ ਦਫ਼ਤਰ ਉੱਤੇ ਹਮਲਾ ਕਰ ਕੇ ਭੰਨ-ਤੋੜ ਕੀਤੀ। ਪੰਜ ਜੂਨ 1970 ਨੂੰ ਸ਼ਿਵ ਸੈਨਾ ਨੇ ਭਾਰਤੀ ਕਮਿਊਨਿਸਟ ਪਾਰਟੀ ਦੇ ਵਿਧਾਇਕ ਕ੍ਰਿਸ਼ਨ ਦੇਸਾਈ ਦਾ ਕਤਲ ਕੀਤਾ। ਕ੍ਰਿਸ਼ਨ ਦੇਸਾਈ ਦੇ ਅੰਤਿਮ ਸਸਕਾਰ ਉੱਤੇ ਸਨਅਤੀ ਕਾਮਿਆਂ ਦਾ 25000 ਦਾ ਇੱਕਠ ਉਸੇ ਸ਼ਿਵਾਜੀ ਪਾਰਕ ਵਿਚ ਹੋਇਆ ਸੀ ਜਿੱਥੇ ਬਾਲ ਠਾਕਰੇ ਨੂੰ ਦਾਗ਼ ਦਿੱਤਾ ਗਿਆ। ਸ਼ਿਵ ਸੈਨਾ ਖ਼ਿਲਾਫ਼ ਨਾਅਰੇ ਲਗਾ ਰਿਹਾ ਇਕੱਠ ਖਾੜਕੂ ਜਵਾਬ ਦੇਣਾ ਚਾਹੁੰਦਾ ਸੀ ਪਰ ਪਾਰਟੀ ਨੇ ਕਾਨੂੰਨੀ ਘੇਰੇ ਵਿਚ ਰਹਿ ਕੇ ਮੂਲਵਾਦ ਨੂੰ ਬੇਪਰਦ ਕਰਨ ਨੂੰ ਤਰਜੀਹ ਦਿੱਤੀ। ਸਿਆਸੀ ਟਿੱਪਣੀਕਾਰ ਸਰੋਜ ਗਿਰੀ ਲਿਖਦਾ ਹੈ ਕਿ ਇਹੋ ਮੋੜ ਨਿਰਾਸ਼ ਕਾਮਿਆਂ ਤੇ ਬੇਮੁਹਾਰ ਸ਼ਿਵ ਸੈਨਾ ਲਈ ਫ਼ੈਸਲਾਕੁਨ ਸਾਬਤ ਹੋਇਆ। ਇੱਕ ਧਿਰ ਕਾਨੂੰਨ ਦੇ ਘੇਰੇ ਵਿਚ ਰਹਿ ਕੇ ਤਕਰੀਬਨ ਅਣਹੋਈ ਵਾਲੀ ਹਾਲਤ ਵਿਚ ਪਹੁੰਚ ਗਈ ਤੇ ਦੂਜੀ ਕਾਨੂੰਨ ਨੂੰ ਹੱਥ ਵਿਚ ਲੈ ਕੇ ਕਾਨੂੰਨ ਬਣਾਉਣ ਦੀ ਸੰਵਿਧਾਨਕ ਪਦਵੀ ਤੱਕ ਪੁੱਜ ਗਈ। ਠਾਕਰੇ ਕਤਲ ਤੋਂ ਬਾਅਦ ਹੋਰ ਅਜਿਹੀਆਂ ਕਾਰਵਾਈਆਂ ਕਰਨ ਦੇ ਦਾਅਵੇ ਕਰ ਰਿਹਾ ਸੀ ਤੇ ਭਾਰਤੀ ਕਮਿਊਨਿਸਟ ਪਾਰਟੀ ਕਾਨੂੰਨ ਤੇ ਅਦਾਲਤਾਂ ਤੋਂ ਰਾਹਤ ਭਾਲ ਰਹੀ ਸੀ।...ਤੇ ਫਿਰ ਚੋਣਾਂ ਵਿਚ ਕ੍ਰਿਸ਼ਨ ਦੇਸਾਈ ਦੀ ਵਿਧਵਾ ਸਰੋਜਨੀ ਦੇਸਾਈ ਸ਼ਿਵ ਸੈਨਾ ਦੇ ਉਮੀਦਵਾਰ ਤੋਂ ਕਮਿਊਨਿਸਟਾਂ ਦੇ ਗੜ੍ਹ ਵਿਚ ਹੀ ਹਾਰ ਗਈ।

ਅਜਿਹੇ ਮੌਕੇ ਜੇਤੂ ਨਾਲ ਖੁੱਲ੍ਹੇ ਜਾਂ ਗੁਪਤ ਤੌਰ ਦੇ ਜੁੜਨ ਦਾ ਰੁਝਾਨ ਤੁਰ ਪੈਂਦਾ ਹੈ। ਕੁਝ ਪੁਰਾਣੀਆਂ ਵਫ਼ਾਦਾਰੀਆਂ ਜਾਂ ਪਛਾਣ ਦੀ ਦੇਹਲੀ ਪਾਰ ਕਰ ਕੇ ਕੁਝ ਸਮੇਂ ਲਈ ਪਸ਼ੇਮਾਨ ਹੁੰਦੇ ਹੋਏ ਵੀ ਨਵੀਆਂ ਵਫ਼ਾਦਾਰੀਆਂ ਦਾ ਸੁੱਖ ਮਾਣਦੇ ਹਨ। ਅਜਿਹੀ ਮਿਸਾਲ ਪ੍ਰਤਿਸ਼ ਨੰਦੀ ਦਾ ਬਾਲ ਠਾਕਰੇ ਦੀ ਮੌਤ ਤੋਂ ਬਾਅਦ ਲਿਖਿਆ ਸ਼ਰਧਾਜਲੀ ਲੇਖ ਹੈ। ਨੰਦੀ ਨੂੰ 1998 ਵਿਚ ਸ਼ਿਵ ਸੈਨਾ ਨੇ ਰਾਜ ਸਭਾ ਦਾ ਮੈਂਬਰ ਬਣਾਇਆ ਸੀ। ਨੰਦੀ ਦੇ ਮੂਲਵਾਦ ਨਾਲ ਇਤਫ਼ਾਕ ਨਾ ਰੱਖਣ ਵਾਲੇ ਦੋਸਤ ਉਸ ਨੂੰ ਪਸ਼ੇਮਾਨ ਕਰਦੇ ਸਨ। ਉਸ ਨੇ ਲੇਖ ਵਿਚ ਲਿਖਿਆ ਹੈ, "ਠਾਕਰੇ ਮੇਰੀ ਪਸ਼ੇਮਾਨੀ ਦਾ ਸਵਾਦ ਲੈਂਦਾ ਸੀ।" ਪਸ਼ੇਮਾਨੀ ਕਬੂਲ ਕਰਦਾ ਹੋਇਆ ਨੰਦੀ ਰਾਜ ਸਭਾ ਦਾ ਨਿੱਘ ਮਾਣਦਾ ਰਿਹਾ ਹੈ ਤੇ ਠਾਕਰੇ ਦੀ ਮੌਤ ਤੋਂ ਬਾਅਦ ਉਹ ਆਪਣੀ ਵਫ਼ਾਦਾਰੀ ਦਾ ਐਲਾਨ ਕਰਦਾ ਹੋਇਆ ਇਸ ਪਸ਼ੇਮਾਨੀ ਤੋਂ ਮੁਕਤ ਹੋ ਗਿਆ ਹੈ। ਸੋਗ ਵਿਚ 'ਜੇ ਰੋਣ ਨਾ ਆਵੇ ਤਾਂ ਰੋਣ ਵਰਗਾ ਮੂੰਹ ਕਰ' ਲੈਣ ਦੀ ਰੀਤ ਪ੍ਰਤਿਸ਼ ਨੰਦੀ ਦੇ ਨਾਲ-ਨਾਲ ਬਹੁਤ ਸਾਰੇ ਪੱਤਰਕਾਰਾਂ ਦੇ ਕੰਮ ਆਈ ਹੈ।

ਠਾਕਰੇ ਦੀ ਮੌਤ ਤੋਂ ਬਾਅਦ ਸ਼ਰਧਾਜਲੀਆਂ ਭੇਟ ਕਰਨ ਵਾਲਿਆਂ ਉੱਤੇ ਭਗਤੀ ਰਸ ਭਾਰੂ ਰਿਹਾ। ਉਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਗਏ ਜੋ ਆਮ ਤੌਰ ਉੱਤੇ ਧਾਰਮਿਕ ਸ਼ਖ਼ਸੀਅਤਾਂ ਜਾਂ ਕਲਾਕਾਰਾਂ ਲਈ ਰਾਖਵੇਂ ਹੁੰਦੇ ਹਨ। ਜੇ ਅਜੇ ਦੇਵਗਨ ਨੂੰ ਠਾਕਰੇ 'ਦੂਰਗਾਮੀ ਸੱਜਣ' ਜਾਪਦਾ ਹੈ ਤਾਂ ਰਾਮ ਗੋਪਾਲ ਵਰਮਾ ਉਸ ਨੂੰ 'ਤਾਕਤ ਦਾ ਮੁਜੱਸਮਾ' ਕਰਾਰ ਦਿੰਦਾ ਹੈ। ਅਮਿਤਾਭ ਬਚਨ ਉਸ ਦੀ 'ਦ੍ਰਿੜਤਾ ਨੂੰ ਸਲਾਹੁੰਦਾ' ਹੈ ਅਤੇ ਲਤਾ ਮੰਗੇਸ਼ਕਰ ਨੂੰ ਉਸ ਦਾ ਵਿਛੋੜਾ 'ਅਨਾਥ ਹੋਣ ਦਾ ਅਹਿਸਾਸ' ਕਰਵਾਉਂਦਾ ਹੈ। ਹਰ ਧਾਰਾ ਦੇ ਸਿਆਸਤਦਾਨ ਇਸੇ ਸੁਰ ਵਿਚ ਸੁਰ ਮਿਲਾਉਂਦੇ ਹਨ। ਰਾਸ਼ਟਰਪਤੀ ਪ੍ਰਣਬ ਮੁਖਰਜੀ ਇਸ ਨੂੰ 'ਨਾ ਪੂਰਿਆ ਜਾ ਸਕਣ ਵਾਲੇ ਘਾਟਾ' ਦੱਸਦਾ ਹੈ। ਟੈਲੀਵਿਜ਼ਨ ਪੇਸ਼ਕਾਰ ਰਾਜਦੀਪ ਸਰਦੇਸਾਈ ਉਸ ਨੂੰ 'ਮੁੰਬਈ ਨਾਇਕ' ਕਰਾਰ ਦਿੰਦਾ ਹੋਇਆ ਪੇਸ਼ੀਨਗੋਈ ਕਰਦਾ ਹੈ ਕਿ ਮੁੰਬਈ ਉਸ ਦੇ ਸਤਿਕਾਰ/ਡਰ ਵਜੋਂ ਬੰਦ ਰਹੇਗਾ। ਅਰਨਵ ਗੋਸੁਆਮੀ ਠਾਕਰੇ ਦੀ ਮੌਤ ਨੂੰ 'ਇਤਿਹਾਸਕ ਘਟਨਾ' ਕਰਾਰ ਦਿੰਦਾ ਹੈ। ਵੀਰ ਸੰਗਵੀ ਉਸ ਨੂੰ 'ਮੁੰਬਈ ਦਾ ਬੇਤਾਜ਼ ਬਾਦਸ਼ਾਹ' ਕਰਾਰ ਦਿੰਦਾ ਹੈ। ਇਸੇ ਮਾਹੌਲ ਵਿਚ ਟੈਲੀਵਿਜ਼ਨ ਚੈਨਲ ਇੱਕ-ਦੂਜੇ ਨਾਲ ਮੁਕਾਬਲਾ ਕਰਦੇ ਹਨ ਕਿ ਕਿਸ ਨੇ ਕਿੰਨੇ ਪੱਖਾਂ ਤੋਂ ਅੰਤਿਮ ਸਸਕਾਰ ਦਿਖਾਉਣ ਦਾ ਇੰਤਜ਼ਾਮ ਕੀਤਾ ਹੈ। ਕਿਸ ਨੇ ਕਿੰਨੇ ਪੱਤਰਕਾਰ ਤੇ ਕੈਮਰਾਂ ਟੀਮਾਂ ਤਾਇਨਾਤ ਕੀਤੀਆਂ ਹਨ।



ਬਾਲ ਠਾਕਰੇ



ਪੌਂਟੀ ਚੱਢਾ

***ਪੌਂਟੀ ਚੱਢਾ ਤੇ ਬਾਲ ਠਾਕਰੇ ਦੀ ਇੱਕੋ ਦਿਨ ਮੌਤ ਇਤਿਹਾਸਕ ਸਬੱਬ ਹੈ ਜਿਸ ਨਾਲ ਸਾਡੇ ਮੁਲਕ ਦਾ ਰਾਜਤੰਤਰੀ ਖ਼ਾਸਾ ਉਘੜਵੇਂ ਰੂਪ ਵਿਚ ਪੇਸ਼ ਹੁੰਦਾ ਹੈ। ਅੰਨ੍ਹੇ ਮੁਨਾਫ਼ੇ ਤੇ ਮੂਲਵਾਦ ਦਾ ਜਮਾਂਜੋੜ ਮੀਡੀਆ ਦੇ ਮੰਚ ਉੱਤੋਂ ਆਪਣੀ ਮੂੰਹਜ਼ੋਰੀ ਦਾ ਸਬੂਤ ਦੇ ਰਿਹਾ ਹੈ। ਬਾਲ ਠਾਕਰੇ ਨੇ ਭਾਰਤੀ ਸਿਆਸਤ ਵਿਚ ਨਾਜ਼ੀ ਬਿਰਤੀ ਨੂੰ ਹਵਾ ਦਿੱਤੀ ਜੋ ਪੌਂਟੀ ਚੱਢੇ ਦੇ ਕੰਮ ਆਈ ਅਤੇ ਸੁਖਦੇਵ ਸਿੰਘ ਨਾਮਧਾਰੀ ਦੀ ਤਰੱਕੀ ਦਾ ਸਬੱਬ ਬਣੀ। ਪੱਤਰਕਾਰ ਪਰਵੀਨ ਸੁਆਮੀ ਨੇ ਹਿੰਦੂ ਵਿਚ ਲਿਖੇ ਲੇਖ ਵਿਚ ਯਾਦ ਕਰਵਾਇਆ ਹੈ ਕਿ ਬਾਲ ਠਾਕਰੇ ਨੇ 1967 ਵਿਚ 'ਨਵਾਂ ਕੱਲ੍ਹ' ਅਖ਼ਬਾਰ ਨੂੰ ਕਿਹਾ ਸੀ, "ਭਾਰਤ ਵਿਚ ਹਿਟਲਰ ਦੀ ਜ਼ਰੂਰਤ ਹੈ।" ਹਿਟਲਰਸ਼ਾਹੀ ਦਾ ਦੂਜਾ ਪਾਸਾ ਇਹੋ ਹੈ ਕਿ ਉਸ ਦੇ ਬੰਦਿਆਂ ਦੀ ਮਰਜ਼ੀ ਚੱਲੇਗੀ ਤੇ ਕਾਇਦਾ-ਕਾਨੂੰਨ ਵੀ ਉਨ੍ਹਾਂ ਦੇ ਲਿਹਾਜ਼ ਨਾਲ ਚੱਲੇਗਾ। ਮੁਨਾਫ਼ਾ ਤੇ ਮੂਲਵਾਦ ਉਸ ਦੌਰ ਵਿਚ ਵਧ ਰਹੇ ਹਨ ਜਦੋਂ .ਗਰੀਬ-ਅਮੀਰ ਦਾ ਪਾੜਾ ਲਗਾਤਾਰ ਵਧ ਰਿਹਾ ਹੈ।***

ਉਸੇ ਦਿਨ ਦਿੱਲੀ ਲਾਗੇ ਇੱਕ ਫਾਰਮਹਾਊਸ ਉੱਤੇ ਚੱਲੀ ਗੋਲੀ ਵਿਚ ਚੱਢਾ ਭਰਾ ਮਾਰੇ ਗਏ ਤਾਂ ਉਨ੍ਹਾਂ ਦੀ ਤਰੱਕੀ ਦੀਆਂ ਤਫ਼ਸੀਲਾਂ ਸਭ ਦੇ ਸਾਹਮਣੇ ਆਈਆਂ। ਪੰਜਾਬੀਆਂ ਨੂੰ ਤਾਂ ਇਹ ਨਹੀਂ ਭੁੱਲਿਆ ਹੋਣਾ ਕਿ ਪੰਜਾਬ ਵਿਚ ਹੁਣ ਤੱਕ ਦੀ ਸਭ ਤੋਂ ਗੰਧਲੀ ਚੋਣ ਲੜਨ ਤੋਂ ਬਾਅਦ ਅਮਰਿੰਦਰ ਸਿੰਘ ਅਤੇ ਸੁਖਬੀਰ ਬਾਦਲ, ਦੋਵੇਂ ਪੌਂਟੀ ਚੱਢਾ ਦੀ ਕੁੜੀ ਦੇ ਵਿਆਹ ਉੱਤੇ ਸਜ-ਧਜ ਕੇ ਪਹੁੰਚੇ ਸਨ। ਪੌਂਟੀ ਦਾ ਘਰ ਉਨ੍ਹਾਂ ਥਾਂਵਾਂ ਦੀ ਨੁਮਾਇੰਦਗੀ ਕਰਦਾ ਹੈ ਜੋ ਮੌਜੂਦਾ ਸਿਆਸਤਦਾਨਾਂ ਲਈ ਸਿਆਸੀ ਪਾਲਾਬੰਦੀ ਤੋਂ ਉਪਰ ਉੱਠ ਕੇ ਅਹਿਮ ਹੋ ਗਈਆਂ ਹਨ। ਉੱਤਰ ਪ੍ਰਦੇਸ਼ ਵਿਚ ਮੌਜੂਦਾ ਦੌਰ ਦੀ ਸਭ ਤੋਂ ਜ਼ਹਿਰੀ ਦੁਸ਼ਮਣੀ ਪਾਲਣ ਵਾਲੀਆਂ ਜਥੇਬੰਦੀਆਂ ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ, ਚੱਢਿਆਂ ਨੂੰ ਦੁਸ਼ਮਣੀ ਤੋਂ ਵੱਖ ਰੱਖਦੀਆਂ ਹਨ। ਨਤੀਜੇ ਵਜੋਂ ਚੱਢਿਆਂ ਦਾ ਕਾਰੋਬਾਰ ਰਾਕਟੀ ਚਾਲ ਵਧਦਾ ਹੈ। ਟ੍ਰਿਬਿਊਨ ਦਾ ਪੱਤਰਕਾਰ ਪ੍ਰਭਜੋਤ ਸਿੰਘ ਉਨ੍ਹਾਂ ਦੇ ਹੁਨਰ ਵਿਚੋਂ ਖੁਖਰੈਨ ਬਰਾਦਰੀ ਦੇ ਗੁਣਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਉਨ੍ਹਾਂ ਦੇ ਕਾਰੋਬਾਰ ਦੀ ਚਿੰਤਾ ਕਰਦਾ ਹੈ। ਜਦੋਂ ਪ੍ਰਭਜੋਤ ਸਿੰਘ ਦਾ ਇਹ ਲੇਖ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕੀ ਪੰਨੇ ਉੱਤੇ ਛਪਦਾ ਹੈ ਤਾਂ ਉਦੋਂ ਹੀ ਇਹ ਤਫ਼ਸੀਲ ਚਰਚਾ ਵਿਚ ਆਈ ਹੋਈ ਹੈ ਕਿ ਚੱਢਿਆਂ ਦੀ ਆਪਣੀ ਗੁੰਡਾ-ਢਾਣੀ ਸਰਕਾਰ ਦੇ ਮਾਲ ਮਹਿਕਮੇ ਦੇ ਬਰਾਬਰ ਕੰਮ ਕਰਦੀ ਸੀ। ਇਸ ਦੇ ਅਹੁਦੇ ਵੀ ਫ਼ੌਜੀ ਤਰਜ਼ ਉੱਤੇ ਸਨ ਤੇ ਇਨ੍ਹਾਂ ਦੀ ਤਨਖ਼ਾਹ ਦਾ ਬੰਦੋਬਸਤ ਤੈਅ ਮੁੱਲ ਤੋਂ ਮਹਿੰਗੀ ਸ਼ਰਾਬ ਵੇਚ ਕੇ ਹੁੰਦਾ ਸੀ। ਇਸ ਤਰ੍ਹਾਂ ਪ੍ਰਭਜੋਤ ਸਿੰਘ ਦਾ ਸ਼ਰਧਾਜਲੀ ਲੇਖ ਤੇ ਪ੍ਰਤਿਸ਼ ਨੰਦੀ ਦਾ ਸ਼ਰਧਾਜਲੀ ਲੇਖ ਇੱਕੋ ਲੜੀ ਦੀਆਂ ਦੋ ਕੜੀਆਂ ਹੋ ਨਿਬੜਦੀਆਂ ਹਨ। ਦੋਵਾਂ ਨੂੰ ਮੌਤ ਪਸ਼ੇਮਾਨੀ ਦੇ ਘੇਰ ਵਿਚੋਂ ਬਾਹਰ ਲੈ ਆਈ ਹੈ।

ਚੱਢਿਆਂ ਦੀ ਮੌਤ ਦਾ ਘਟਨਾਕ੍ਰਮ ਹੋਰ ਕੜੀਆਂ ਜੋੜਦਾ ਹੈ। ਆਖ਼ਰਕਾਰ, ਇਸ ਮਾਮਲੇ ਵਿਚ ਸ਼ਿਕਾਇਤਕਰਤਾ ਸੁਖਦੇਵ ਸਿੰਘ ਨਾਮਧਾਰੀ ਮੁਲਜ਼ਮ ਬਣਾਇਆ ਜਾਂਦਾ ਹੈ ਤਾਂ ਉਸ ਦੀ ਤਰੱਕੀ ਦੀ ਤਫ਼ਸੀਲ ਵੀ ਸਾਹਮਣੇ ਆਉਂਦੀ ਹੈ। ਉਹ ਟਰੱਕ ਡਰਾਈਵਰ ਤੋਂ ਅਰਬਾਂਪਤੀ ਤੇ ਭਾਜਪਾ ਦੀ ਉਤਰਾਖੰਡ ਸਰਕਾਰ ਦਾ ਘੱਟਗਿਣਤੀ ਕਮਿਸ਼ਨ ਦਾ ਨਾਮਜ਼ਦ ਚੇਅਰਮੈਨ ਕਿਵੇਂ ਬਣਿਆ? ਮਹਿਲਾਂ ਨੂੰ ਮਾਤ ਪਾਉਂਦੇ ਘਰ ਅਤੇ 99 ਫ਼ੀਸਦੀ ਆਬਾਦੀ ਨੂੰ ਜ਼ਲੀਲ ਕਰਨ ਦੀ ਹੱਦ ਤੱਕ ਵੱਡੀਆਂ ਰਕਮਾਂ ਦੀ ਤਫ਼ਸੀਲ ਦੱਸਦੀ ਹੈ ਕਿ ਚੱਢਿਆਂ ਦੀ ਨਾਮਧਾਰੀ ਨਾਲ ਕੀ ਸਾਂਝ ਸੀ। ਇਹ ਸੁਖਦੇਵ ਸਿੰਘ ਨਾਮਧਾਰੀ ਭਾਜਪਾ ਦੇ ਸਿੱਖ ਵਿਰੋਧੀ ਵਿਧਾਇਕ ਦੇ ਕਤਲ ਤੋਂ ਬਾਅਦ ਕਦੇ ਡੇਰਾ ਭੈਣੀ ਸਾਹਿਬ ਦੀ ਸ਼ਰਨ ਵਿਚ ਰਿਹਾ ਹੈ। ਭੈਣੀ ਸਾਹਿਬ ਦੇ ਡੇਰੇ ਬਾਬਤ ਅੰਦਰਲੀਆਂ ਗੱਲਾਂ ਪਿਛਲੇ ਸਾਲਾਂ ਦੌਰਾਨ ਲੇਖਕ ਸੁਖਜੀਤ ਨੇ 'ਫਿਲਹਾਲ' ਪਰਚੇ ਵਿਚ ਲਿਖੀਆਂ ਹਨ। ਸੁਖਜੀਤ ਦੀਆਂ ਲਿਖਤਾਂ ਭੇਤੀ ਤਜਰਬੇ ਵਿਚੋਂ ਉਪਜੀਆਂ ਹਨ। ਇਹ ਸਵੈ-ਜੀਵਨੀਨੁਮਾ ਲੇਖ ਪੜ੍ਹ ਕੇ ਬੰਦੇ ਆਪਣੇ ਕਿਸੇ ਵੀ ਗੌਅ ਦਾ ਤਾਂ ਭਗਤ ਹੋ ਸਕਦਾ ਹੈ ਪਰ ਉਸ ਦਾ ਬੰਦਿਆਈ ਵਿਚ ਯਕੀਨ ਕਾਇਮ ਰਹਿਣਾ ਮੁਸ਼ਕਿਲ ਹੋ ਜਾਂਦਾ ਹੈ। ਸੁਖਦੇਵ ਸਿੰਘ ਨਾਮਧਾਰੀ ਨੇ ਆਪਣਾ ਹੁਨਰ ਇਸੇ ਸਿਖਲਾਈ ਕੇਂਦਰ ਤੋਂ ਹਾਸਲ ਕੀਤਾ ਹੈ। ਰੇਤ ਮਾਫ਼ੀਆ ਰਾਹੀਂ ਸੁਖਦੇਵ ਸਿੰਘ ਨਾਮਧਾਰੀ ਮੁੜ ਕੇ ਉਤਰਾਖੰਡ ਵਿਚ ਅਮੀਰਾਂ ਦੀ ਅਮੀਰੀ ਵਿਚ ਵਾਧੇ ਦਾ ਕਾਰੋਬਾਰ ਕਰਦਾ ਹੈ ਜੋ ਕਿਸੇ ਧਰਮ ਜਾਂ ਕਾਨੂੰਨ ਦੇ ਘੇਰੇ ਵਿਚ ਨਹੀਂ ਆਉਂਦਾ। ਇਸੇ ਦੌਰਾਨ ਉਸ ਦੇ ਹੁਨਰ ਦੀ ਸ਼ਨਾਖ਼ਤ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਕਰਦੀ ਹੈ। ਇਸੇ ਹੁਨਰ ਦੀ ਕਦਰਦਾਨੀ ਵਜੋਂ ਉਸ ਨੂੰ ਰਾਸ਼ਟਰੀ ਸਿੱਖ ਸੰਗਤ ਦਾ ਅਹੁਦੇਦਾਰ ਬਣਾਇਆ ਜਾਂਦਾ ਹੈ। ਇਸੇ ਖ਼ਾਤੇ ਵਿਚੋਂ ਸੁਖਦੇਵ ਸਿੰਘ ਘੱਟ-ਗਿਣਤੀ ਕਮਿਸ਼ਨ ਦਾ ਚੇਅਰਮੈਨ ਨਾਮਜ਼ਦ ਹੁੰਦਾ ਹੈ।

ਸੁਖਦੇਵ ਸਿੰਘ ਦੀ ਤਰੱਕੀ ਦਾ ਰਾਹ ਚੱਢਿਆਂ ਨਾਲ ਵੀ ਮਿਲਦਾ ਹੈ ਤੇ ਠਾਕਰੇ ਨਾਲ ਵੀ। ਉਹ ਇਸੇ ਰੁਝਾਨ ਦੀ ਜਿਉਂਦੀ ਤੇ ਤਬਦੀਲੀ ਦੇ ਦੌਰ ਵਿਚੋਂ ਲੰਘ ਰਹੀ ਕੜੀ ਹੈ। ਜਿਵੇਂ ਠਾਕਰੇ ਦੇ ਹੁਨਰ ਦੀ ਕਦਰ ਪਹਿਲਾਂ ਕਾਂਗਰਸ ਤੇ ਬਾਅਦ ਵਿਚ ਭਾਜਪਾ ਨੇ ਪਾਈ, ਉਸੇ ਤਰ੍ਹਾਂ ਸੁਖਦੇਵ ਸਿੰਘ ਦੇ ਹੁਨਰ ਦੀ ਕੀਮਤ ਪਹਿਲਾਂ ਡੇਰੇ, ਫਿਰ ਸ਼ਰਾਬ ਦੇ ਠੇਕੇਦਾਰਾਂ ਅਤੇ ਬਾਅਦ ਵਿਚ ਰਾਸ਼ਟਰੀ ਸਵੈਮਸੇਵਕ ਸੰਘ ਨੇ ਪਾਈ। ਸਮੇਂ ਦੇ ਨਾਲ-ਨਾਲ ਠਾਕਰੇ ਅਤੇ ਪੌਂਟੀ ਰਾਜਸੱਤਾ ਨੂੰ ਰਾਸ ਆ ਗਏ ਤੇ ਸੁਖਦੇਵ ਸਿੰਘ ਹਾਲੇ ਤਬਦੀਲੀ ਦੇ ਦੌਰ ਵਿਚੋਂ ਲੰਘ ਰਿਹਾ ਹੈ।

ਮੀਡੀਆ ਵੱਲੋਂ ਬਾਲ ਠਾਕਰੇ ਦਾ ਸਸਕਾਰ ਸ਼ਰਧਾ ਭਾਵਨਾ ਨਾਲ ਪੇਸ਼ ਕਰਨਾ ਕਈ ਤਰ੍ਹਾਂ ਦੇ ਸਵਾਲਾਂ ਦਾ ਸਬੱਬ ਬਣਦਾ ਹੈ। ਇਹ ਸਹਿਮਤੀ ਦੀ ਘਾੜਤ ਨਹੀਂ ਤਾਂ ਹੋਰ ਕੀ ਹੈ? ਪੌਂਟੀ ਚੱਢਾ ਤੇ ਬਾਲ ਠਾਕਰੇ ਦੀ ਇੱਕੋ ਦਿਨ ਮੌਤ ਇਤਿਹਾਸਕ ਸਬੱਬ ਹੈ ਜਿਸ ਨਾਲ ਸਾਡੇ ਮੁਲਕ ਦਾ ਰਾਜਤੰਤਰੀ ਖ਼ਾਸਾ ਉਘੜਵੇਂ ਰੂਪ ਵਿਚ ਪੇਸ਼ ਹੁੰਦਾ ਹੈ। ਅੰਨ੍ਹੇ ਮੁਨਾਫ਼ੇ ਤੇ ਮੂਲਵਾਦ ਦਾ ਜਮਾਂਜੋੜ ਮੀਡੀਆ ਦੇ ਮੰਚ ਉੱਤੋਂ ਆਪਣੀ ਮੂੰਹਜ਼ੋਰੀ ਦਾ ਸਬੂਤ ਦੇ ਰਿਹਾ ਹੈ। ਬਾਲ ਠਾਕਰੇ ਨੇ ਭਾਰਤੀ ਸਿਆਸਤ ਵਿਚ ਨਾਜ਼ੀ ਬਿਰਤੀ ਨੂੰ ਹਵਾ ਦਿੱਤੀ ਜੋ ਪੌਂਟੀ ਚੱਢੇ ਦੇ ਕੰਮ ਆਈ ਅਤੇ ਸੁਖਦੇਵ ਸਿੰਘ ਨਾਮਧਾਰੀ ਦੀ ਤਰੱਕੀ ਦਾ ਸਬੱਬ ਬਣੀ। ਪੱਤਰਕਾਰ ਪਰਵੀਨ ਸੁਆਮੀ ਨੇ ਹਿੰਦੂ ਵਿਚ ਲਿਖੇ ਲੇਖ ਵਿਚ ਯਾਦ ਕਰਵਾਇਆ ਹੈ ਕਿ ਬਾਲ ਠਾਕਰੇ ਨੇ 1967 ਵਿਚ 'ਨਵਾਂ ਕੱਲ੍ਹ' ਅਖ਼ਬਾਰ ਨੂੰ ਕਿਹਾ ਸੀ, "ਭਾਰਤ ਵਿਚ ਹਿਟਲਰ ਦੀ ਜ਼ਰੂਰਤ ਹੈ।" ਹਿਟਲਰਸ਼ਾਹੀ ਦਾ ਦੂਜਾ ਪਾਸਾ ਇਹੋ ਹੈ ਕਿ ਉਸ ਦੇ ਬੰਦਿਆਂ ਦੀ ਮਰਜ਼ੀ ਚੱਲੇਗੀ ਤੇ ਕਾਇਦਾ-ਕਾਨੂੰਨ ਵੀ ਉਨ੍ਹਾਂ ਦੇ ਲਿਹਾਜ਼ ਨਾਲ ਚੱਲੇਗਾ। ਮੁਨਾਫ਼ਾ ਤੇ ਮੂਲਵਾਦ ਉਸ ਦੌਰ ਵਿਚ ਵਧ ਰਹੇ ਹਨ ਜਦੋਂ ਗ਼ਰੀਬ-ਅਮੀਰ ਦਾ ਪਾੜਾ ਲਗਾਤਾਰ ਵਧ ਰਿਹਾ ਹੈ। ਠਾਕਰੇ ਮਰਾਠੀ ਮਾਨਸ ਦਾ ਨਾਅਰਾ ਦਿੰਦਾ ਹੈ ਪਰ ਮੁੰਬਈ ਵਿਚ ਤਕਰੀਬਨ ਅੱਧੀ ਅਬਾਦੀ ਝੁੱਗੀ-ਝੌਂਪੜੀ ਵਿਚ ਰਹਿੰਦੀ ਹੈ ਜਿਨ੍ਹਾਂ ਹੇਠ ਤਕਰੀਬਨ ਛੇ ਫ਼ੀਸਦੀ ਜ਼ਮੀਨ ਹੈ। ਤਿੰਨ ਚੌਥਾਈ ਕੁੜੀਆਂ ਅਤੇ ਦੋ ਤਿਹਾਈ ਮੁੰਡੇ ਕੁਪੋਸ਼ਣ ਦਾ ਸ਼ਿਕਾਰ ਹਨ। ਸ਼ਹਿਰ ਦੇ ਤਿੰਨ ਚੌਥਾਈ ਲੋਕ 15 ਗਜ਼ ਦੇ ਇੱਕ ਕਮਰੇ ਵਾਲੇ ਮਕਾਨਾਂ ਵਿਚ ਰਹਿੰਦੇ ਹਨ। ਇਨ੍ਹਾਂ ਘਰਾਂ ਵਿਚ ਔਸਤਨ ਛੇ ਜੀਅ ਰਹਿੰਦੇ ਹਨ। ਠਾਕਰੇ ਨੇ ਫ਼ਿਲਮਸਾਜ਼ ਮਣੀ ਰਤਨਮ ਦੀ ਫ਼ਿਲਮ 'ਰੋਜ਼ਾ' ਉੱਤੇ ਇਤਰਾਜ਼ ਕੀਤਾ ਸੀ ਕਿ ਬਾਲ ਠਾਕਰੇ ਨਾਲ ਮੇਲ ਖਾਂਦਾ ਕਿਰਦਾਰ ਦੰਗਿਆਂ ਉੱਤੇ ਅਫ਼ਸੋਸ ਜ਼ਾਹਿਰ ਕਰਦਾ ਹੈ। ਠਾਕਰੇ ਪਹਿਲਾਂ ਕਮਿਊਨਿਸਟਾਂ, ਫਿਰ ਦੱਖਣੀ ਭਾਰਤੀਆਂ ਤੇ ਆਖ਼ਰ ਮੁਸਲਮਾਨਾਂ ਨੂੰ ਦੁਸ਼ਮਣ ਕਰਾਰ ਦਿੰਦਾ ਹੈ। ਇਨ੍ਹਾਂ ਦੇ ਕਤਲ ਜਾਂ ਕਤਲੇਆਮ ਵਿਚ ਸ਼ਾਮਿਲ ਹੋਣ ਦਾ ਉਸ ਨੂੰ ਅਫ਼ਸੋਸ ਨਹੀਂ ਹੋ ਸਕਦਾ। ਇਹੋ ਬੇਕਿਰਕੀ ਤਾਂ ਸੁਖਦੇਵ ਸਿੰਘ ਨਾਮਧਾਰੀ ਅਤੇ ਚੱਢਿਆਂ ਦੇ ਕਾਰੋਬਾਰ ਵਿਚ ਸਾਫ ਝਲਕਦੀ ਹੈ। ਇਨ੍ਹਾਂ ਸਭ ਦਾ ਸਕੂਲ, ਹਸਪਤਾਲ ਜਾਂ ਲੋਕ-ਕਲਿਆਣ ਦੀ ਕਿਸੇ ਸ਼ੈਅ ਨਾਲ ਨਾਮ ਨਹੀਂ ਜੁੜਦਾ। ਇਹ ਕਦੇ ਵੀ ਸ਼ਿਵ ਸੈਨਾ ਦੀ ਸਿਆਸਤ ਦਾ ਹਿੱਸਾ ਨਹੀਂ ਰਹੀਆਂ। ਸੁਖਦੇਵ ਸਿੰਘ ਨਾਮਧਾਰੀ ਦੇ ਧਰਮ ਅਤੇ ਚੱਢਿਆਂ ਦੇ ਕਾਰੋਬਾਰ ਵਿਚ ਇਨ੍ਹਾਂ ਦੀ ਕੋਈ ਥਾਂ ਨਹੀਂ। ਇਸ ਤਿਕੜੀ ਨੇ ਆਪਣੀ ਧੌਂਸ ਨਾਲ ਸਾਬਤ ਕੀਤਾ ਕਿ ਕਾਨੂੰਨ ਅਤੇ ਕਾਨੂੰਨ ਬਣਾਉਣ ਵਾਲੇ ਇਨ੍ਹਾਂ ਦੀ ਕਿੰਨੀ 'ਕਦਰ' ਕਰਦੇ ਹਨ। ਮੌਤ ਨੇ ਪੜ੍ਹੇ-ਲਿਖੇ ਸ਼ਹਿਰੀ ਮੱਧ ਵਰਗ ਨੂੰ ਪਸ਼ੇਮਾਨੀ ਤੋਂ ਬਾਹਰ ਕੱਢ ਕੇ ਦੱਸ ਦਿੱਤਾ ਹੈ ਕਿ ਇਹ ਤਿਕੜੀ ਸਿਆਸਤ ਤੇ ਅਰਥਚਾਰੇ ਉੱਤੇ ਹੀ ਭਾਰੂ ਨਹੀਂ ਹੈ ਸਗੋਂ ਪਸ਼ੇਮਾਨੀ ਵਿਚੋਂ ਬਾਹਰ ਨਿਕਲੇ ਤਬਕੇ ਦੀ ਗੁੱਝੀ ਪਸੰਦ ਵੀ ਹੈ। ਆਖ਼ਰ ਪੱਤਰਕਾਰਾਂ, ਵਿਦਵਾਨਾਂ, ਫ਼ਿਲਮਸਾਜ਼ਾਂ, ਕਲਾਕਾਰਾਂ, ਸਨਅਤਕਾਰਾਂ ਤੇ ਸਿਆਸਤਦਾਨਾਂ ਵਿਚਕਾਰ ਬਿਨਾਂ ਕਿਸੇ ਕਾਰਨ ਤੋਂ ਤਾਂ ਦੌੜ ਨਹੀਂ ਲੱਗੀ ਹੋਈ ਕਿ ਬਾਲ ਠਾਕਰੇ ਨਾਲ ਕਿਸੇ ਨੇ ਕਿਸ ਤਰ੍ਹਾਂ ਦੀ ਕਿਸ ਵੇਲੇ ਸ਼ਰਾਬ ਪੀਤੀ?

---

## ਪੰਜਾਬੀ ਟ੍ਰਿਬਿਊਨ

*(ਸਫਾ 24 ਦੀ ਬਾਕੀ)*

ਸਵਾਲਾਂ ਨੇ ਚੀਫ ਐਡੀਟਰ ਦੀ ਨੀਂਦ ਵਿਚ ਭੰਗਣਾ ਪਾਉਣੀ ਹੀ ਸੀ। ਯੂਨੀਅਨ ਵਾਲਿਆਂ ਤੋਂ ਵੀ ਨਿੱਤਰ ਕੇ ਵਿਰੋਧੀ ਪੈਂਤੜਾ ਨਹੀਂ ਲਿਆ ਜਾ ਸਕਣਾ ਸੀ।

ਕਰਮਜੀਤ ਭਾਅ ਜੀ ਨੇ ਇੰਜ ਹੀ ਕੀਤਾ। ਫਿਰ ਵੀ, ਅਦਾਰੇ ਦੇ ਉਸ ਸਮੇਂ ਦੇ ਨੇਤਾ ਕਿਸਮ ਦੇ ਲੋਕਾਂ ਵਿਚ ਕੁਝ ਦਿਨ ਡਿਪਲੋਮੇਸੀ ਚੱਲੀ। ਪਿਛੋਂ ਪਤਾ ਲੱਗਾ ਕਿ ਸੰਪਾਦਕ ਹਲਵਾਰਵੀ ਨੇ ਨਿਊਜ਼ ਰੂਮ ਵਿਚ ਵਧੇ ਹੋਏ ਖਾੜਕੂਆਂ ਦੇ ਪ੍ਰਭਾਵ ਨੂੰ ਕੰਟਰੋਲ ਕਰਨ ਲਈ ਦਲਬੀਰ ਨੂੰ ਨਿਊਜ਼ ਐਡੀਟਰ ਬਣਾਇਆ ਸੀ। ਉਨ੍ਹਾਂ ਦਲਬੀਰ ਨੂੰ ਨਿਊਜ਼ ਐਡੀਟਰ ਤਾਂ ਬਣਵਾ ਲਿਆ ਪਰ ਅਸਿਸਟੈਂਟ ਐਡੀਟਰ ਦੀ ਖਾਲੀ ਹੋਈ ਅਸਾਮੀ ਕਰਮਜੀਤ ਭਾਅ ਦੇ ਹਵਾਲੇ ਕਰਨੀ ਪਈ।

# ਖਬਰਦਾਰ ਹੋ ਜਾਓ, ਏਹ ਫਰੰਗੀ ਨਾ ਕਿਸੇ ਦਾ ਯਾਰ ਹੋਸੀ



ਡਾ. ਗੁਰਨਾਮ ਕੌਰ, ਕੈਨੇਡਾ

ਪਿਆਰੇ ਖਾਲਸਾ ਜੀ ਖ਼ਬਰਦਾਰ ਹੋ ਜਾਓ,
ਏਹ ਫਰੰਗੀ ਨਾ ਕਿਸੇ ਦਾ ਯਾਰ ਹੋਸੀ।

ਇਹ ਕਾਵਿ ਸਤਰ ਗਿਆਨੀ ਭਗਵਾਨ ਸਿੰਘ ਦੀ 'ਗ਼ਦਰੀ ਗੂੰਜਾਂ' ਵਿਚ ਛਪੀ ਕਵਿਤਾ 'ਬੈਂਤ: ਕਦੋਂ ਉਠਾਂਗੇ' ਵਿਚੋਂ ਹੈ। ਗਿਆਨੀ ਭਗਵਾਨ ਸਿੰਘ ਦਾ ਜ਼ਿਕਰ ਪਿਛਲੇ ਲੇਖਾਂ ਵਿਚ ਹੋ ਚੁੱਕਾ ਹੈ। ਜਿਸ ਢੰਗ ਨਾਲ ਗ਼ਦਰੀ ਸਿੰਘ ਕੈਨੇਡਾ-ਅਮਰੀਕਾ ਵਿਚ ਰਹਿ ਰਹੇ ਭਾਈਚਾਰੇ ਨੂੰ ਮੁਲਕ ਦੀ ਆਜ਼ਾਦੀ ਵਾਸਤੇ ਤਿਆਰ ਕਰ ਰਹੇ ਸਨ, ਉਸ ਵੱਲ ਵਿਸ਼ੇਸ਼ ਧਿਆਨ ਦੇਣਾ ਬਣਦਾ ਹੈ। ਮੁਲਕ ਦੀ ਆਜ਼ਾਦੀ ਲਈ ਪ੍ਰਚਾਰ ਦਾ ਕੇਂਦਰ ਗੁਰਦੁਆਰੇ ਸਨ ਜਿਥੇ ਹਿੰਦੂ, ਸਿੱਖ, ਮੁਸਲਮਾਨ ਸਾਰੇ ਧਰਮਾਂ ਦੇ ਹਿੰਦੁਸਤਾਨੀ ਇਕੱਠੇ ਰਲ ਬੈਠਦੇ। ਸੋਹਣ ਸਿੰਘ ਪੂੰਨੀ ਨੇ ਬੜੀ ਮਿਹਨਤ ਨਾਲ ਵੱਖ ਵੱਖ ਇਤਿਹਾਸਕ ਸੋਮਿਆਂ ਦੇ ਆਧਾਰ ਉਤੇ ਕੈਨੇਡਾ ਨਾਲ ਸਬੰਧਤ ਗ਼ਦਰੀਆਂ ਦੇ ਜੀਵਨ 'ਤੇ ਚਾਨਣਾ ਪਾਇਆ ਹੈ। ਸਿੱਖ-ਸਿਧਾਂਤਾਂ ਵਿਚਲੇ ਆਦਰਸ਼ ਦੀ ਪ੍ਰਾਪਤੀ ਲਈ ਜੂਝਣ ਅਤੇ ਮਰ-ਮਿਟਣ ਦੇ ਜਜ਼ਬੇ ਤਹਿਤ ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਫਰੰਗੀ ਦੀ ਗ਼ੁਲਾਮੀ ਦੀਆਂ ਜੰਜ਼ੀਰਾਂ ਕੱਟਣ ਲਈ ਪ੍ਰੇਰਿਆ। ਗ਼ਦਰੀ ਸ਼ੇਰ 'ਸ਼ਹੀਦ ਭਾਈ ਭਾਗ ਸਿੰਘ' ਦਾ ਜ਼ਿਕਰ ਕਰਦਿਆਂ ਸੋਹਣ ਸਿੰਘ ਪੂੰਨੀ ਨੇ ਲਿਖਿਆ ਹੈ ਕਿ ਕੈਨੇਡਾ ਆ ਕੇ ਵੱਸਣ ਵਾਲੇ ਹਿੰਦੁਸਤਾਨੀ ਆਵਾਸੀਆਂ ਵਿਚ ਬਹੁਤੀ ਗਿਣਤੀ ਪੰਜਾਬ ਦੇ ਸਿੱਧੇ-ਸਾਦੇ ਸਿੱਖਾਂ ਦੀ ਸੀ ਜੋ ਖੇਤੀ-ਬਾੜੀ ਦਾ ਧੰਦਾ ਕਰਦੇ ਜਾਂ ਅੰਗਰੇਜ਼ਾਂ ਦੀ ਫੌਜ ਵਿਚ ਨੌਕਰੀ ਕਰਦੇ ਆਏ ਸਨ। ਕੈਨੇਡਾ ਵਿਚ ਵੱਸ ਜਾਣ ਤੋਂ ਪਹਿਲਾਂ ਉਨ੍ਹਾਂ ਵਿਚ ਕੋਈ ਰਾਜਸੀ ਚੇਤੰਨਤਾ ਵੀ ਨਹੀਂ ਸੀ। ਇਥੇ ਆ ਕੇ ਜਦੋਂ ਉਨ੍ਹਾਂ ਨੂੰ ਆਪਣੇ ਨਾਲ ਹੁੰਦੇ ਵਿਤਕਰਿਆਂ ਦਾ ਸਾਹਮਣਾ ਕਰਨਾ ਪਿਆ ਤਾਂ ਉਨ੍ਹਾਂ ਅੰਦਰ ਆਪਣੇ ਮੁਲਕ ਦੇ ਅੰਗਰੇਜ਼ਾਂ ਦਾ ਗ਼ੁਲਾਮ ਹੋਣ ਦਾ ਅਹਿਸਾਸ ਜਾਗਿਆ ਅਤੇ ਉਹ ਆਪਣੇ ਧਾਰਮਿਕ ਅਤੇ ਪ੍ਰਾਂਤਕ ਵਖਰੇਵਿਆਂ ਹਿੰਦੂ, ਸਿੱਖ, ਮੁਸਲਮਾਨ ਜਾਂ ਪੰਜਾਬੀ, ਬੰਗਾਲੀ, ਗੁਜਰਾਤੀ ਆਦਿ ਹੋਣ ਨੂੰ ਭੁਲਾ ਕੇ ਸਿਰਫ ਤੇ ਸਿਰਫ ਆਪਣੇ ਆਪ ਨੂੰ ਹਿੰਦੁਸਤਾਨੀ ਸਮਝਣ ਲੱਗੇ।

ਇਸ ਚੇਤਨਾ ਨੇ ਉਨ੍ਹਾਂ ਨੂੰ ਆਪਣੇ ਹੱਕਾਂ ਲਈ ਘੋਲ ਕਰਨਾ ਸਿਖਾਇਆ ਅਤੇ ਉਨ੍ਹਾਂ ਅੰਦਰ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਹਥਿਆਰਬੰਦ ਸੰਘਰਸ਼ ਕਰਨ ਦੀ ਪ੍ਰੇਰਨਾ ਪੈਦਾ ਕੀਤੀ। ਸੋਹਣ ਸਿੰਘ ਪੂੰਨੀ ਨੇ ਲਿਖਿਆ ਹੈ, "ਕੈਨੇਡਾ ਦੇ ਸਿੱਖਾਂ ਨੂੰ ਰਾਜਨੀਤਕ ਤੌਰ 'ਤੇ ਜਾਗ੍ਰਿਤ ਕਰਨ ਅਤੇ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਦੇ ਰਾਹ ਪਾਉਣ ਵਿਚ ਜਿਨ੍ਹਾਂ ਲੀਡਰਾਂ ਨੇ ਰੋਲ ਨਿਭਾਇਆ ਸੀ, ਉਨ੍ਹਾਂ ਵਿਚ ਭਾਈ ਭਾਗ ਸਿੰਘ ਦਾ ਨਾਂ ਸਭ ਤੋਂ ਉਪਰਲੀ ਕਤਾਰ ਵਿਚ ਆਉਂਦਾ ਹੈ। ਭਾਈ ਭਾਗ ਸਿੰਘ ਦਾ ਜਨਮ 1872 ਈ. ਵਿਚ ਲਾਹੌਰ ਜ਼ਿਲ੍ਹੇ (ਹੁਣ ਤਰਨਤਾਰਨ) ਦੇ ਪਿੰਡ ਭਿੱਖੀਵਿੰਡ ਵਿਚ ਹੋਇਆ ਸੀ। ਭਾਈ ਭਾਗ ਸਿੰਘ ਦੇ ਬਾਪ ਦਾ ਨਾਂ ਨਰਾਇਣ ਸਿੰਘ ਸੰਧੂ ਅਤੇ ਮਾਂ ਦਾ ਮਾਨ ਕੌਰ ਸੀ।" (ਪੰਨਾ 24) ਕੈਨੇਡਾ ਆਉਣ ਵਾਲੇ ਬਹੁਤੇ ਪੰਜਾਬੀਆਂ ਦੀ ਤਰ੍ਹਾਂ ਭਾਈ ਭਾਗ ਸਿੰਘ ਵੀ ਖੇਤੀ ਕਰਨ ਵਾਲੇ ਪਰਿਵਾਰ ਵਿਚੋਂ ਆਏ ਸਾਬਕਾ ਫੌਜੀ ਸਨ ਜਿਨ੍ਹਾਂ ਨੇ ਅੰਗਰੇਜ਼ਾਂ ਲਈ ਯੁੱਧ ਕੀਤੇ। ਵੀਹ ਸਾਲ ਦੀ ਉਮਰ ਤੱਕ ਖੇਤੀ ਦਾ ਕਿੱਤਾ ਕਰਦਿਆਂ ਪੰਜਾਬੀ ਵੀ ਪੜ੍ਹਨੀ-ਲਿਖਣੀ ਸਿੱਖੀ ਅਤੇ ਪਿੱਛੋਂ ਫੌਜ ਵਿਚ ਭਰਤੀ ਹੋ ਕੇ ਪੰਜ ਸਾਲ ਤੱਕ ਫੌਜ ਦੀ ਨੌਕਰੀ ਕੀਤੀ। ਇਸ ਪਿੱਛੋਂ ਹਾਂਗਕਾਂਗ ਜਾ ਕੇ ਡੇਢ ਕੁ ਸਾਲ ਪੁਲਿਸ ਦੀ ਨੌਕਰੀ ਕੀਤੀ ਅਤੇ ਚੀਨ ਦੇ ਸ਼ਹਿਰ ਸ਼ੰਘਾਈ ਵਿਚ ਢਾਈ ਸਾਲ ਤੱਕ ਮਿਉਂਸਪਲ ਪੁਲਿਸ ਦੀ ਨੌਕਰੀ ਕੀਤੀ। ਸੰਨ 1906 ਵਿਚ ਕੈਨੇਡਾ ਦਾ ਰਸਤਾ ਫੜ ਲਿਆ ਜਿਸ ਦੌਰਾਨ ਜਪਾਨ ਦੀ ਬੰਦਰਗਾਹ ਕੋਬੇ 'ਤੇ ਇਨ੍ਹਾਂ ਦਾ ਮੇਲ ਭਾਈ ਸੁੰਦਰ ਸਿੰਘ (ਵਰਿਆਮ ਸਿੰਘ) ਨਾਲ ਹੋਇਆ ਜਿਨ੍ਹਾਂ ਦੀ ਸੰਗਤ ਸਦਕਾ ਸ਼ਰਾਬ ਪੀਣੀ ਛੱਡ ਦਿੱਤੀ ਅਤੇ ਦੇਸ਼-ਕੌਮ ਲਈ ਕੁੱਝ ਕਰਨ ਅਤੇ ਮਰਨ ਦਾ ਜਜ਼ਬਾ ਪੈਦਾ ਹੋਇਆ।

ਉਦੋਂ ਕੈਨੇਡਾ ਆਉਣ ਵਾਲੇ ਹਿੰਦੁਸਤਾਨੀਆਂ ਦੇ ਮਨਾਂ 'ਚ ਇੱਕ ਖਿਆਲ ਸਮਾਇਆ ਹੋਇਆ ਸੀ ਕਿ ਅੰਗਰੇਜ਼ ਹਕੂਮਤ ਦੀ ਸਲਤਨਤ ਹੋਣ ਦੇ ਨਾਤੇ ਅੰਗਰੇਜ਼ਾਂ ਦੀਆਂ ਸਾਰੀਆਂ ਕਲੋਨੀਆਂ ਵਿਚ ਉਨ੍ਹਾਂ ਨੂੰ ਵੀ ਬਰਾਬਰ ਦਾ ਹੱਕ ਪ੍ਰਾਪਤ ਹੈ ਪਰ ਕੈਨੇਡਾ ਆ ਕੇ ਜਦੋਂ ਕੈਨੇਡਾ ਸਰਕਾਰ ਵੱਲੋਂ ਕੀਤੇ ਜਾਂਦੇ ਵਿਤਕਰਿਆਂ ਦਾ ਸਾਹਮਣਾ ਕਰਨਾ ਪਿਆ ਅਤੇ ਗੋਰਿਆਂ ਹੱਥੋਂ ਵੈਨਕੂਵਰ ਦੀਆਂ ਸੜਕਾਂ 'ਤੇ ਤੁਰਦਿਆਂ ਬੇਇਜ਼ਤੀ ਸਹਿਣੀ ਪਈ ਤਾਂ ਉਨ੍ਹਾਂ ਨੂੰ ਹਿੰਦੁਸਤਾਨ ਦੀ ਗ਼ੁਲਾਮੀ ਦਾ ਅਹਿਸਾਸ ਹੋਇਆ। ਕੈਨੇਡਾ ਵਿਚ ਤਿੰਨ ਸਾਲ ਰਹਿਣ ਤੋਂ ਬਾਅਦ ਹਿੰਦੁਸਤਾਨੀ ਨੂੰ ਵੋਟ ਦਾ ਅਧਿਕਾਰ ਮਿਲ ਜਾਂਦਾ ਸੀ ਪਰ ਬ੍ਰਿਟਿਸ਼ ਕੋਲੰਬੀਆ ਦੀ ਕੰਜ਼ਰਵੇਟਿਵ ਸਰਕਾਰ ਨੇ 1907 ਵਿਚ ਇੱਕ ਬਿਲ ਪਾਸ ਕਰਕੇ ਉਨ੍ਹਾਂ ਕੋਲੋਂ ਵੋਟ ਦਾ ਹੱਕ ਖੋਹ ਲਿਆ। ਕੁੱਟ-ਮਾਰ ਅਤੇ ਨਸਲੀ ਦੰਗਿਆਂ ਦਾ ਵੀ ਸਾਹਮਣਾ ਕਰਨਾ ਪਿਆ। ਭਾਈ ਭਾਗ ਸਿੰਘ ਅੰਦਰ ਸਿਆਸੀ ਜਾਗ੍ਰਿਤੀ ਪੈਦਾ ਕਰਨ ਦਾ ਸਬੱਬ ਬੰਗਾਲੀ ਇਨਕਲਾਬੀ ਬਾਬੂ ਤਾਰਕ ਨਾਥ ਦਾਸ ਅਤੇ ਜੀ.ਡੀ. ਕੁਮਾਰ ਨਾਲ ਮੇਲ ਬਣਿਆ। ਇਨ੍ਹਾਂ ਦੇਸ਼ ਭਗਤਾਂ 'ਚ ਇਹ ਵਿਚਾਰ ਚੰਗੀ ਤਰ੍ਹਾਂ ਘਰ ਕਰ ਗਿਆ ਸੀ ਕਿ ਹਿੰਦੁਸਤਾਨ ਨੂੰ ਆਜ਼ਾਦ ਹਥਿਆਰਬੰਦ ਸੰਘਰਸ਼ ਰਾਹੀਂ ਹੀ ਕਰਾਇਆ ਜਾ ਸਕਦਾ ਹੈ।

ਭਾਈ ਭਾਗ ਸਿੰਘ ਨੇ ਪਹਿਲ-ਕਦਮੀ ਕਰਦਿਆਂ ਕੈਨੇਡਾ ਦੇ ਸਿੱਖ ਆਵਾਸੀਆਂ ਨੂੰ ਇਸ ਸੰਘਰਸ਼ ਲਈ ਤਿਆਰ ਕਰਨ ਵਾਸਤੇ ਜਾਗ੍ਰਿਤ ਕਰਨ ਲਈ ਪ੍ਰਚਾਰ ਸ਼ੁਰੂ ਕਰ ਦਿੱਤਾ। ਉਨ੍ਹਾਂ ਆਪਣੇ ਸਾਥੀਆਂ ਨਾਲ ਮਿਲ ਕੇ ਉਤਰੀ ਅਮਰੀਕਾ ਦੇ ਸਭ ਤੋਂ ਪਹਿਲੇ ਗੁਰਦੁਆਰੇ ਦੀ ਉਸਾਰੀ ਵੈਨਕੂਵਰ ਵਿਚ ਕੀਤੀ ਅਤੇ 1908 ਵਿਚ ਖੁੱਲ੍ਹਣ ਵਾਲਾ ਇਹ ਗੁਰਦੁਆਰਾ ਧਾਰਮਿਕ ਸਥਾਨ ਹੋਣ ਦੇ ਨਾਲ ਨਾਲ ਹਿੰਦੁਸਤਾਨੀਆਂ ਦੀਆਂ ਸਮਾਜਿਕ ਅਤੇ ਰਾਜਨੀਤਕ ਗਤੀਵਿਧੀਆਂ ਦਾ ਕੇਂਦਰ ਬਣ ਗਿਆ। ਇਥੇ ਹਿੰਦੁਸਤਾਨੀਆਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ ਕੀਤੀ ਜਾਂਦੀ ਅਤੇ ਰਾਜਨੀਤਕ ਮੀਟਿੰਗਾਂ ਹੁੰਦੀਆਂ ਜਿਸ ਵਿਚ ਸਾਰੇ ਹਿੰਦੁਸਤਾਨੀ-ਪੰਜਾਬੀ, ਬੰਗਾਲੀ ਅਤੇ ਗੁਜਰਾਤੀ ਆਦਿ ਇਕੱਠੇ ਹੁੰਦੇ। ਸਿੱਖ ਭਾਈਚਾਰਾ ਦੋ ਧੜਿਆਂ-ਕੇਸਾਧਾਰੀ ਅਤੇ ਮੋਨੇ ਸਿੱਖਾਂ ਵਿਚ ਵੰਡਿਆ ਹੋਇਆ ਸੀ। ਭਾਈ ਭਾਗ ਸਿੰਘ ਨੇ ਆਪ 28 ਜੂਨ 1908 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਅੰਮ੍ਰਿਤ ਛਕਿਆ ਪਰ ਉਨ੍ਹਾਂ ਨੇ ਦੋਹਾਂ ਧੜਿਆਂ ਵਿਚ ਏਕਾ ਕਰਾਇਆ ਅਤੇ ਦੇਸ਼ ਦੀ ਆਜ਼ਾਦੀ ਲਈ ਆਪਣੇ ਗਿਲੇ-ਸ਼ਿਕਵੇ ਮਿਟਾ ਕੇ ਇੱਕ ਹੋ ਕੇ ਚੱਲਣ ਦੀ ਪ੍ਰੇਰਨਾ ਕੀਤੀ। ਇਹੀ ਕਾਰਨ ਸੀ ਕਿ ਬਾਬੂ ਹਰਨਾਮ ਸਿੰਘ ਸਾਹਰੀ ਵਰਗੇ ਮੋਨੇ ਸਿੱਖਾਂ ਨਾਲ ਭਾਈ ਭਾਗ ਸਿੰਘ, ਭਾਈ ਮੇਵਾ ਸਿੰਘ ਅਤੇ ਭਾਈ ਬਲਵੰਤ ਸਿੰਘ ਵਰਗੇ ਅੰਮ੍ਰਿਤਧਾਰੀ ਸਿੱਖਾਂ ਦੀ ਬਹੁਤ ਨੇੜਤਾ ਸੀ। ਵੈਨਕੂਵਰ ਵਿਚ ਗੁਰਦੁਆਰਾ ਬਣਾਉਣ ਲਈ ਕਮੇਟੀ 22 ਜੁਲਾਈ 1906 ਨੂੰ ਬਣਾਈ ਗਈ ਸੀ ਅਤੇ ਸਿੱਖਾਂ ਦੀ ਇਹ ਧਾਰਮਿਕ ਜਥੇਬੰਦੀ 'ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ' ਦੇ ਨਾਂ ਥੱਲੇ 13 ਮਾਰਚ 1909 ਨੂੰ ਰਜਿਸਟਰ ਕਰਵਾਈ ਗਈ। ਭਾਈ ਭਾਗ ਸਿੰਘ ਪਹਿਲਾਂ ਮੁੱਖ ਸਕੱਤਰ ਅਤੇ ਫਿਰ ਖਜ਼ਾਨਚੀ ਬਣੇ ਅਤੇ 1910 ਤੋਂ ਬਾਅਦ ਪ੍ਰਧਾਨ ਰਹੇ। ਭਾਈ ਭਾਗ ਸਿੰਘ ਇੱਕ ਸੱਚੇ-ਸੁੱਚੇ ਗੁਰਸਿੱਖ ਹੋਣ ਨਾਤੇ ਕਿਰਤ ਕਰਨਾ, ਵੰਡ ਛਕਣਾ, ਸਰਬੱਤ ਦਾ ਭਲਾ ਮੰਗਣ ਅਤੇ ਸਮਾਜਿਕ ਬਰਾਬਰੀ ਤੇ ਸਾਂਝੀਵਾਲਤਾ ਦੇ ਅਸੂਲਾਂ ਨੂੰ ਪ੍ਰਣਾਏ ਹੋਏ ਸਨ। ਉਨ੍ਹਾਂ ਨੂੰ ਸੋਸ਼ਲਿਸਟ ਫਿਲਾਸਫੀ ਵਿਚ ਵੀ ਅਜਿਹੇ ਹੀ ਅਸੂਲ ਨਜ਼ਰ ਆਏ ਜਿਸ ਕਰਕੇ ਉਹ ਸੋਸ਼ਲਿਸਟ ਵਿਚਾਰਧਾਰਾ ਵਾਲੀ 'ਹਿੰਦੁਸਤਾਨ ਐਸੋਸੀਏਸ਼ਨ' ਦੇ ਵੀ ਪ੍ਰਧਾਨ ਰਹੇ। ਸੰਨ 1911 ਵਿਚ 'ਹਿੰਦੁਸਤਾਨ ਐਸੋਸੀਏਸ਼ਨ' ਟੁੱਟ ਗਈ ਜਿਸ ਤੋਂ ਬਾਅਦ ਹੁਸੈਨ ਰਹੀਮ ਨੇ 'ਯੂਨਾਈਟਡ ਇੰਡੀਆ ਲੀਗ' ਬਣਾ ਲਈ ਅਤੇ ਭਾਈ ਭਾਗ ਸਿੰਘ ਇਸ ਦੀ ਐਗਜ਼ੈਕਟਿਵ ਦੇ ਪ੍ਰਮੁੱਖ ਮੈਂਬਰ ਬਣ ਗਏ। (ਸੋਮਾ: ਸੋਹਣ ਸਿੰਘ ਪੂੰਨੀ-ਕਨੇਡਾ ਦੇ ਗ਼ਦਰੀ ਯੋਧੇ)

ਇੱਕ ਪਾਸੇ ਕੈਨੇਡਾ ਸਰਕਾਰ ਨੇ ਹਿੰਦੁਸਤਾਨੀ ਆਵਾਸੀਆਂ ਕੋਲੋਂ ਵੋਟ ਦਾ ਹੱਕ ਖੋਹ ਲਿਆ ਅਤੇ ਹਿੰਦੁਸਤਾਨੀਆਂ ਦਾ ਦਾਖਲਾ ਰੋਕਣ ਲਈ 1908 ਵਿਚ ਕਾਨੂੰਨ ਪਾਸ ਕਰ ਕਰਕੇ ਇਮੀਗਰੇਸ਼ਨ ਲਈ 'ਸਿੱਧਾ ਸਫ਼ਰ' ਅਤੇ 'ਜੇਬ ਵਿਚ ਦੋ ਸੌ ਡਾਲਰ' ਦੀ ਸ਼ਰਤ ਰੱਖ ਦਿੱਤੀ ਜਦ ਕਿ ਉਦੋਂ ਹਿੰਦੁਸਤਾਨ ਤੋਂ ਕੋਈ ਵੀ ਜਹਾਜ਼ ਸਿੱਧਾ ਕੈਨੇਡਾ ਨਹੀਂ ਸੀ ਆਉਂਦਾ। ਦੂਜੇ ਪਾਸੇ ਸਰਕਾਰ ਨੇ ਸੰਨ 1908 ਵਿਚ ਕੈਨੇਡਾ ਰਹਿੰਦੇ ਸਾਰੇ ਹਿੰਦੁਸਤਾਨੀਆਂ ਨੂੰ ਇਥੋਂ ਕੱਢਣ ਲਈ ਸੈਂਟਰਲ ਅਮਰੀਕਾ ਦੀ ਬ੍ਰਿਟਿਸ਼ ਕਾਲੋਨੀ ਹਾਂਡੂਰਾਸ ਵਿਚ ਵਸਾਉਣ ਦੀ ਸਕੀਮ ਬਣਾਈ ਅਤੇ ਹਿੰਦੁਸਤਾਨੀ ਅਵਾਸੀਆਂ ਉਤੇ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ। ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਸੰਤ ਤੇਜਾ ਸਿੰਘ ਅਤੇ ਕਮਿਊਨਿਟੀ ਦੇ ਦੂਸਰੇ ਮੈਂਬਰਾਂ ਨੇ ਰਲ ਕੇ ਸਭ ਦੀ ਅਗਵਾਈ ਕੀਤੀ ਅਤੇ ਇਸ ਤਜਵੀਜ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਹਿੰਦੁਸਤਾਨੀਆਂ ਨੂੰ ਕੈਨੇਡਾ ਤੋਂ ਉਜੜਨ ਤੋਂ ਬਚਾ ਲਿਆ।

ਜਿਵੇਂ ਪਹਿਲਾਂ ਵੀ ਜ਼ਿਕਰ ਹੋ ਚੁੱਕਾ ਹੈ ਕਿ ਕੈਨੇਡਾ-ਅਮਰੀਕਾ ਆਉਣ ਵਾਲੇ ਹਿੰਦੁਸਤਾਨੀਆਂ ਵਿਚ ਬਹੁ-ਗਿਣਤੀ ਸਾਬਕਾ ਫੌਜੀ ਸਨ ਜਿਨ੍ਹਾਂ ਨੇ ਅੰਗਰੇਜ਼ਾਂ ਲਈ ਲੜਾਈਆਂ ਕੀਤੀਆਂ ਅਤੇ ਸਨਮਾਨ ਪ੍ਰਾਪਤ ਕੀਤੇ। ਇਹ ਫੌਜੀ ਆਪਣੀਆਂ ਵਰਦੀਆਂ ਪਾ ਕੇ ਅਤੇ ਮੈਡਲ ਸਜਾ ਕੇ ਵੈਨਕੂਵਰ ਦੀਆਂ ਸੜਕਾਂ 'ਤੇ ਨਿਕਲਦੇ। ਭਾਈ ਭਾਗ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਪ੍ਰਚਾਰ ਸਦਕਾ ਇਨ੍ਹਾਂ ਫੌਜੀਆਂ ਅੰਦਰ ਨਵੀਂ ਚੇਤਨਾ ਦਾ ਪ੍ਰਵਾਹ ਚੱਲਿਆ ਅਤੇ ਇਹ ਅਹਿਸਾਸ ਜਾਗਿਆ ਕਿ ਉਨ੍ਹਾਂ ਨੇ ਅੰਗਰੇਜ਼ਾਂ ਦੀ ਦੂਸਰੀਆਂ ਕੌਮਾਂ ਨੂੰ ਗ਼ੁਲਾਮ ਬਣਾਉਣ ਵਿਚ ਮਦਦ ਕੀਤੀ ਹੈ। 3 ਅਕਤੂਬਰ 1909 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਇੱਕ ਅਨੋਖੀ ਘਟਨਾ ਵਾਪਰੀ। ਭਾਈ ਨੱਥਾ ਸਿੰਘ ਬਿਲਗਾ ਜੋ ਕਿ ਭਾਈ ਭਾਗ ਸਿੰਘ ਦਾ ਦੋਸਤ ਅਤੇ 'ਹਿੰਦੁਸਤਾਨ ਐਸੋਸੀਏਸ਼ਨ' ਦਾ ਸਰਗਰਮ ਮੈਂਬਰ ਸੀ, ਨੇ ਸੰਗਤ ਵਿਚ ਖੜ੍ਹੇ ਹੋ ਕੇ ਹਿੰਦੁਸਤਾਨੀਆਂ ਨੂੰ ਉਨ੍ਹਾਂ ਦੀ ਦੁਰਦਸ਼ਾ ਅਤੇ ਗ਼ੁਲਾਮੀ ਦਾ ਅਹਿਸਾਸ ਕਰਾਉਣ ਵਾਲਾ ਭਾਵਪੂਰਤ ਵਿਖਿਆਨ ਦਿੱਤਾ। ਇਸ ਤੋਂ ਪ੍ਰਭਾਵਤ ਹੋ ਕੇ ਭਾਈ ਭਾਗ ਸਿੰਘ ਸਮੇਤ ਬਹੁਤ ਸਾਰੇ ਫੌਜੀਆਂ ਨੇ ਆਪਣੀਆਂ ਵਰਦੀਆਂ ਅਤੇ ਆਨਰੇਬਲ ਡਿਸਚਾਰਜ ਸਰਟੀਫਿਕੇਟਾਂ ਤੇ ਮੈਡਲਾਂ ਨੂੰ ਅੱਗ ਲਾ ਦਿੱਤੀ। ਦੂਜੀ ਮਹੱਤਵਪੂਰਨ ਘਟਨਾ ਸਤੰਬਰ 1912 ਦੀ ਹੈ ਜਦੋਂ ਬਰਤਾਨੀਆ ਦੇ ਬਾਦਸ਼ਾਹ ਜਾਰਜ ਪੰਜਵੇਂ ਦੀ ਤਾਜਪੋਸ਼ੀ ਦੇ ਜਸ਼ਨ ਮਨਾਏ ਜਾ ਰਹੇ ਸਨ। ਕੈਨੇਡਾ ਦਾ ਗਵਰਨਰ ਜਨਰਲ ਬ੍ਰਿਟਿਸ਼ ਕੋਲੰਬੀਆ ਦੇ ਦੌਰੇ ਉਤੇ ਸੀ ਅਤੇ ਵੈਨਕੂਵਰ ਦੇ 19 ਸਤੰਬਰ ਵਾਲੇ ਜਸ਼ਨ ਦਾ ਉਹ ਮੁੱਖ ਮਹਿਮਾਨ ਸੀ। ਇਸ ਸਮਾਰੋਹ ਦੀ ਫੌਜੀ ਪਰੇਡ ਵਿਚ ਸ਼ਾਮਲ ਹੋਣ ਲਈ ਵੈਨਕੂਵਰ ਦੇ ਮੇਅਰ ਨੇ ਸਾਬਕਾ ਸਿੱਖ ਫੌਜੀਆਂ ਨੂੰ ਸਮੇਤ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਦੇ, ਸੱਦਾ ਦਿੱਤਾ। ਭਾਈ ਭਾਗ ਸਿੰਘ ਨੇ ਸੁਸਾਇਟੀ ਦੇ ਮੈਂਬਰਾਂ ਦੀ ਸਲਾਹ ਨਾਲ ਨਾ ਸਿਰਫ ਇਹ ਸੱਦਾ-ਪੱਤਰ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਸਗੋਂ ਵੈਨਕੂਵਰ ਦੇ ਮੇਅਰ ਨੂੰ ਲਿਖਤੀ ਜੁਆਬ ਦਿੱਤਾ ਕਿ ਬ੍ਰਿਟਿਸ਼ ਇੰਡੀਆ ਆਰਮੀ ਦੇ ਸਾਬਕਾ ਫੌਜੀ ਇਸ ਸਵਾਗਤੀ ਸਮਾਰੋਹ ਅਤੇ ਪਰੇਡ ਵਿਚ, "ਬਹੁਤ ਸਾਰੇ ਉਨ੍ਹਾਂ ਕਾਰਨਾਂ ਕਰਕੇ ਸ਼ਾਮਲ ਨਹੀਂ ਹੋ ਸਕਦੇ, ਜਿਨ੍ਹਾਂ ਨੂੰ ਸ਼ਹਿਰ ਦੇ ਸਰਕਾਰੀ ਅਫਸਰ ਅਤੇ ਇਮੀਗਰੇਸ਼ਨ ਮਹਿਕਮੇ ਵਾਲੇ ਪਹਿਲਾਂ ਹੀ ਜਾਣਦੇ ਹਨ।" (ਸੋਮਾ: ਸੋਹਣ ਸਿੰਘ ਪੂੰਨੀ-ਕਨੇਡਾ ਦੇ ਗ਼ਦਰੀ ਯੋਧੇ)

ਕੈਨੇਡਾ ਵਿਚ ਉਸ ਵੇਲੇ ਹਿੰਦੁਸਤਾਨੀ ਭਾਈਚਾਰੇ ਦੇ ਤਿੰਨ ਧੜੇ ਸਰਗਰਮ ਸਨ। ਨਰਮ ਧੜੇ ਦੇ ਸਿੱਖ ਡੈਪੂਟੇਸ਼ਨਾਂ, ਅਰਜ਼ੀਆਂ/ਅਪੀਲਾਂ ਵਿਚ ਯਕੀਨ ਰੱਖਦੇ ਸਨ ਅਤੇ ਇਨ੍ਹਾਂ ਦੀ ਅਗਵਾਈ ਸੰਤ ਤੇਜਾ ਸਿੰਘ, ਡਾ. ਸੁੰਦਰ ਸਿੰਘ, ਕਰਤਾਰ ਸਿੰਘ ਹੁੰਦਲ ਅਤੇ ਬਾਬੂ ਕਪੂਰ ਸਿੰਘ ਖਤੌਦੀ ਕਰ ਰਹੇ ਸਨ। ਦੂਸਰਾ ਧੜਾ ਗਰਮ ਖਿਆਲੀਆਂ ਦਾ ਸੀ ਜਿਹੜੇ 'ਖਾਲਸਾ ਦੀਵਾਨ ਸੁਸਾਇਟੀ' ਅਤੇ 'ਯੂਨਾਈਟਡ ਇੰਡੀਆ ਲੀਗ' ਦੇ ਮੈਂਬਰ ਸਨ ਅਤੇ ਸਮਝਦੇ ਸਨ ਕਿ ਹਿੰਦੁਸਤਾਨੀਆਂ ਦੀਆਂ ਸਮੱਸਿਆਵਾਂ ਦਾ ਅਸਲ ਕਾਰਨ ਗ਼ੁਲਾਮੀ ਹੈ ਅਤੇ ਹਥਿਆਰਬੰਦ ਸੰਘਰਸ਼ ਨੂੰ ਹਿੰਦੁਸਤਾਨ ਦੀ ਆਜ਼ਾਦੀ ਦਾ ਰਸਤਾ ਮੰਨਦੇ ਸਨ। ਭਾਈ ਭਾਗ ਸਿੰਘ ਇਸ ਧੜੇ ਦੇ ਮੈਂਬਰ ਸਨ। ਤੀਸਰਾ ਧੜਾ ਅੰਗਰੇਜ਼-ਪਿੱਠੂਆਂ ਦਾ ਸੀ ਜਿਸ ਦੀ ਅਗਵਾਈ ਵਿਲੀਅਮ ਹਾਪਕਿਨਸਨ ਕਰਦਾ ਸੀ ਜੋ ਕਲਕੱਤਾ ਪੁਲਿਸ ਦੀ ਨੌਕਰੀ ਕਰਦਾ ਸੀ (ਹਾਪਕਿਨਸਨ ਦਾ ਜ਼ਿਕਰ ਪਹਿਲਾਂ ਵੀ ਹੋ ਚੁੱਕਾ ਹੈ)। ਇਸ ਧੜੇ ਵਿਚ ਬੇਲਾ ਸਿੰਘ ਜਿਆਣ, ਗੰਗਾ ਰਾਮ ਬਾੜੀਆਂ (ਸਹੋਤਾ ਜੱਟ) ਅਤੇ ਬਾਬੂ ਸਿੰਘ ਲਿੱਤਰਾਂ ਵਰਗੇ ਹਿੰਦੁਸਤਾਨੀ ਸਨ।

ਸ. ਜਗਜੀਤ ਸਿੰਘ ਨੇ ਵੀ ਜ਼ਿਕਰ ਕੀਤਾ ਹੈ ਕਿ 'ਗ਼ਦਰ ਲਹਿਰ' ਤਾਂ 'ਗ਼ਦਰ ਪਾਰਟੀ' ਬਣਨ ਤੋਂ ਬਹੁਤ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਸੀ। ਸੋਹਣ ਸਿੰਘ ਪੂੰਨੀ ਦੇ ਦਿੱਤੇ ਵੇਰਵਿਆਂ ਅਨੁਸਾਰ ਅਪ੍ਰੈਲ 1913 ਵਿਚ ਗ਼ਦਰ ਪਾਰਟੀ ਬਣੀ ਅਤੇ 1 ਨਵੰਬਰ 1913 ਨੂੰ ਪਾਰਟੀ ਨੇ 'ਗ਼ਦਰ' ਨਾਂ ਦਾ ਅਖ਼ਬਾਰ ਸੈਨ ਫਰਾਂਸਿਸਕੋ ਤੋਂ ਕੱਢਣਾ ਸ਼ੁਰੂ ਕੀਤਾ ਜੋ ਪਿੱਛੋਂ ਉਰਦੂ ਦੇ ਨਾਲ ਨਾਲ ਪੰਜਾਬੀ ਵਿਚ ਵੀ ਛਪਣ ਲੱਗਾ ਜਿਸ ਨੂੰ ਵੱਖ ਵੱਖ ਮੁਲਕਾਂ ਵਿਚ ਰਹਿ ਰਹੇ ਹਿੰਦੁਸਤਾਨੀਆਂ ਤੱਕ ਪਹੁੰਚਾਇਆ ਜਾਂਦਾ। ਭਾਈ ਭਾਗ ਸਿੰਘ 'ਗ਼ਦਰ ਪਾਰਟੀ' ਦੇ ਮੈਂਬਰ ਬਣ ਗਏ ਅਤੇ 'ਖਾਲਸਾ ਦੀਵਾਨ ਸੁਸਾਇਟੀ' ਦੇ ਪ੍ਰਧਾਨ ਹੋਣ ਦੇ ਨਾਤੇ ਉਹ ਵੈਨਕੂਵਰ ਗੁਰਦੁਆਰੇ ਦੀ ਬੇਸਮੈਂਟ ਵਿਚ ਹੋਣ ਵਾਲੀਆਂ ਰਾਜਨੀਤਕ ਮੀਟਿੰਗਾਂ ਵਿਚ ਗ਼ਦਰ ਅਖ਼ਬਾਰ ਸਾਰਿਆਂ ਨੂੰ ਪੜ੍ਹ ਕੇ ਸੁਣਾਉਂਦੇ। ਭਾਈ ਸਾਹਿਬ ਦੀ ਪ੍ਰੇਰਨਾ ਸਦਕਾ ਸੈਂਕੜੇ ਆਵਾਸੀ ਹਿੰਦੁਸਤਾਨੀ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਅਤੇ ਹਜ਼ਾਰਾਂ ਡਾਲਰ ਫੰਡ ਇਕੱਠਾ ਕਰਕੇ ਪਾਰਟੀ ਦੇ ਮੁੱਖ ਕੇਂਦਰ ਸੈਨ ਫਰਾਂਸਿਸਕੋ ਭੇਜਿਆ। 23 ਮਈ 1914 ਨੂੰ ਗੁਰਦਿੱਤ ਸਿੰਘ ਸਰਹਾਲੀ ਜਦੋਂ ਕਾਮਾਗਾਟਾ ਮਾਰੂ ਜਹਾਜ਼ ਨਾਲ 376 ਹਿੰਦੁਸਤਾਨੀ ਮੁਸਾਫਰਾਂ ਨੂੰ ਲੈ ਕੇ ਕੈਨੇਡਾ ਆ ਗਿਆ ਤਾਂ ਜਹਾਜ਼ ਨੂੰ ਇਮੀਗਰੇਸ਼ਨ ਵਿਭਾਗ ਨੇ ਕੰਢੇ 'ਤੇ ਨਾ ਲੱਗਣ ਦਿੱਤਾ ਅਤੇ ਮੁਸਾਫਰਾਂ ਨੂੰ ਉਤਰਨ ਦੀ ਆਗਿਆ ਨਾ ਦਿੱਤੀ। ਜਹਾਜ਼ ਦੇ ਮੁਸਾਫਰਾਂ ਦਾ ਕੇਸ ਲੜਨ ਲਈ ਭਾਈ ਸਾਹਿਬ ਨੇ 'ਸੋਸ਼ਲਿਸਟ ਪਾਰਟੀ' ਦਾ ਮਸ਼ਹੂਰ ਵਕੀਲ ਐਡਵਰਡ ਬਰਡ ਕੀਤਾ ਅਤੇ ਜਹਾਜ਼ ਦਾ ਪਟਾ ਜਹਾਜ਼ ਲਿਆਉਣ ਵਾਲੇ ਗੁਰਦਿੱਤ ਸਿੰਘ ਤੋਂ ਆਪਣੇ ਨਾਮ ਕਰਵਾਇਆ। ਹਿੰਦੁਸਤਾਨੀ ਭਾਈਚਾਰੇ ਨੇ ਜਹਾਜ਼ ਦੇ ਮੁਸਾਫਰਾਂ ਦੀ ਜੀਅ-ਜਾਨ ਨਾਲ ਮਾਇਕ ਸਹਾਇਤਾ ਕੀਤੀ। ਪਰ ਸਰਕਾਰ ਨੇ ਆਪਣੇ ਹੀ ਕਾਨੂੰਨ ਦੀ ਉਲੰਘਣਾ ਕਰਦਿਆਂ ਜਹਾਜ਼ ਵਾਪਸ ਭੇਜ ਦਿੱਤਾ।

ਭਾਈ ਭਾਗ ਸਿੰਘ ਇਹ ਵੀ ਚਾਹੁੰਦੇ ਸਨ ਕਿ ਜੇ ਜਹਾਜ਼ ਵਾਪਸ ਜਾਂਦਾ ਹੈ ਤਾਂ ਇਸ ਦੇ ਮੁਸਾਫਿਰ ਵਾਪਸ ਜਾ ਕੇ ਹਿੰਦੁਸਤਾਨ ਦੀ ਆਜ਼ਾਦੀ ਲਈ ਹੋ ਰਹੇ ਗ਼ਦਰ ਵਿਚ ਹਿੱਸਾ ਲੈਣ ਅਤੇ ਆਪਣੇ ਨਾਲ ਹਥਿਆਰ ਲੈ ਕੇ ਜਾਣ। ਇਸ ਮਕਸਦ ਲਈ ਉਹ ਆਪਣੇ ਸਾਥੀਆਂ ਭਾਈ ਬਲਵੰਤ ਸਿੰਘ, ਭਾਈ ਮੇਵਾ ਸਿੰਘ ਅਤੇ ਬਾਬੂ ਹਰਨਾਮ ਸਿੰਘ ਸਾਹਰੀ ਨਾਲ ਸਰਹੱਦ ਪਾਰ ਕਰਕੇ ਅਮਰੀਕਾ ਤੋਂ ਹਥਿਆਰ ਖਰੀਦਣ ਗਏ ਪਰ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਅਮਰੀਕਾ ਦੀ ਜੇਲ ਵਿਚ ਸੁੱਟ ਦਿੱਤਾ ਗਿਆ। ਜਹਾਜ਼ ਵਾਪਸ ਜਾਣ ਤੋਂ ਬਾਅਦ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਅਗਸਤ 1914 ਵਿਚ ਪਹਿਲਾ ਸੰਸਾਰ ਯੁੱਧ ਸ਼ੁਰੂ ਹੋ ਗਿਆ ਸੀ। ਗ਼ਦਰ ਪਾਰਟੀ ਲਹਿਰ ਦੇ ਪ੍ਰੋਗਰਾਮ ਅਨੁਸਾਰ ਗ਼ਦਰ ਵਿਚ ਹਿੱਸਾ ਲੈਣ ਲਈ ਹਿੰਦੁਸਤਾਨੀਆਂ ਨੇ ਮੁਲਕ ਵੱਲ ਵਹੀਰਾਂ ਘੱਤ ਲਈਆਂ। ਭਾਈ ਸਾਹਿਬ ਦੀ ਪਤਨੀ ਦੀ ਮੌਤ ਹੋ ਚੁੱਕੀ ਸੀ। ਉਨ੍ਹਾਂ ਨੂੰ ਆਪਣੇ ਬੱਚਿਆਂ ਦਾ ਪ੍ਰਬੰਧ ਕਰਦਿਆਂ ਕੁੱਝ ਸਮਾਂ ਲੱਗ ਗਿਆ। ਦੂਸਰੇ ਪਾਸੇ ਗੱਦਾਰ ਧੜਾ ਨਹੀਂ ਸੀ ਚਾਹੁੰਦਾ ਕਿ ਦੇਸ਼ ਭਗਤ ਵਾਪਸ ਜਾ ਕੇ ਗ਼ਦਰ ਵਿਚ ਹਿੱਸਾ ਲੈਣ। 5 ਸਤੰਬਰ 1914 ਦੀ ਸ਼ਾਮ ਨੂੰ ਬੇਲਾ ਸਿੰਘ ਜਿਆਣ ਨੇ ਵੈਨਕੂਵਰ ਗੁਰਦੁਆਰੇ ਵਿਚ ਆ ਕੇ ਅੰਧਾਧੁੰਦ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ ਜਿਸ ਵਿਚ ਬਹੁਤ ਸਾਰੇ ਲੋਕ ਜ਼ਖਮੀ ਹੋ ਗਏ। ਭਾਈ ਭਾਗ ਸਿੰਘ ਦੇ ਪਿੱਛਿਓਂ ਗੋਲੀਆਂ ਮਾਰੀਆਂ। ਭਾਈ ਸਾਹਿਬ ਨੂੰ ਹਸਪਤਾਲ ਪਹੁੰਚਾਇਆ ਗਿਆ। ਪੁਲਿਸ ਬੇਲਾ ਸਿੰਘ ਨੂੰ ਗ੍ਰਿਫਤਾਰ ਕਰ ਕੇ ਹਸਪਤਾਲ ਸ਼ਨਾਖਤ ਕਰਾਉਣ ਲਿਆਈ ਤਾਂ ਭਾਈ ਸਾਹਿਬ ਨੇ ਪਛਾਣ ਲਿਆ। ਦੋਸਤ ਤੇ ਸਨੇਹੀ ਮਿਲਣ ਆਏ ਪਰ ਅਚਾਨਕ ਉਨ੍ਹਾਂ ਦੀ ਤਬੀਅਤ ਖਰਾਬ ਹੋ ਗਈ ਅਤੇ ਉਨ੍ਹਾਂ ਸਭ ਨੂੰ ਕਿਹਾ, "ਮਨ ਦੀ ਚਾਹ ਸੀ ਕਿ ਆਜ਼ਾਦੀ ਦੇ ਮੈਦਾਨੇ ਜੰਗ ਵਿਚ ਜੂਝ ਕੇ ਸ਼ਹੀਦ ਹੁੰਦਾ ਪਰ ਭਾਣਾ ਅਮਿੱਟ ਹੈ, ਅੱਜ ਬਿਸਤਰੇ ਪਰ ਸਰੀਰ ਛੱਡਣਾ ਪੈ ਰਿਹਾ ਹੈ।" ਅਤੇ ਸਵਾਸ ਛੱਡ ਦਿੱਤੇ।

## ਹਰਿ ਜਾਪਿ ਜਪੇ ਮਨੁ ਧੀਰੇ॥

## ਗੁਰਬਾਣੀ ਗਿਆਨ

ਮਾਝ ਮਹਲਾ ੫ ਘਰੁ ੩
ਹਰਿ ਜਪਿ ਜਪੇ ਮਨੁ ਧੀਰੇ॥੧॥ਰਹਾਉ॥
ਸਿਮਰਿ ਸਿਮਰਿ ਗੁਰਦੇਉ
ਮਿਟਿ ਗਏ ਭੈ ਦੂਰੇ॥੧॥
ਸਰਨਿ ਆਵੈ ਪਾਰਬ੍ਰਹਮ ਕੀ
ਤਾ ਫਿਰਿ ਕਾਹੇ ਝੂਰੇ॥੨॥
ਚਰਨ ਸੇਵ ਸੰਤ ਸਾਧ ਕੇ
ਸਗਲ ਮਨੋਰਥ ਪੂਰੇ॥੩॥
ਘਟਿ ਘਟਿ ਏਕੁ ਵਰਤਦਾ
ਜਲਿ ਥਲਿ ਮਹੀਅਲਿ ਪੂਰੇ॥੪॥
ਪਾਪ ਬਿਨਾਸਨੁ ਸੇਵਿਆ
ਪਵਿਤ੍ਰ ਸੰਤਨ ਕੀ ਧੂਰੇ॥੫॥
ਸਭ ਛਡਾਈ ਖਸਮਿ ਆਪਿ
ਹਰਿ ਜਪਿ ਭਈ ਠਰੂਰੇ॥੬॥
ਕਰਤੈ ਕੀਆ ਤਪਾਵਸੋ
ਦੁਸਟ ਮੁਏ ਹੋਇ ਮੂਰੇ॥੭॥
ਨਾਨਕ ਰਤਾ ਸਚਿ ਨਾਇ
ਹਰਿ ਵੇਖੈ ਸਦਾ ਹਜੂਰੇ॥੮॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਉਪਦੇਸ਼ ਕਰਦੇ ਹਨ ਕਿ ਹੇ ਭਾਈ! ਉਸ ਪ੍ਰਭੂ ਦਾ ਨਾਮ ਜਪ ਜਪ ਕੇ ਮਨ ਨੂੰ ਧੀਰਜ ਮਿਲਦਾ ਹੈ ਅਤੇ ਫਿਰ ਇਹ ਮਨ ਮੁਸ਼ਕਿਲਾਂ ਵਿਚ ਵੀ ਕਦੀ ਨਹੀਂ ਡੋਲਦਾ। ਮਿਹਰਬਾਨ ਪ੍ਰਭੂ ਦਾ ਸਿਮਰਨ ਕੀਤਿਆਂ ਸਾਰੇ ਡਰ ਅਤੇ ਭੈਅ ਮਿਟ ਜਾਂਦੇ ਹਨ, ਦੂਰ ਹੋ ਜਾਂਦੇ ਹਨ। ਹੇ ਭਾਈ! ਜਦੋਂ ਇਹ ਜੀਵ ਉਸ ਪਾਰਬ੍ਰਹਮ ਦੀ ਸ਼ਰਨ ਵਿਚ ਆ ਜਾਂਦਾ ਹੈ ਤਾਂ ਉਸ ਦੇ ਸਾਰੇ ਹੀ ਝੋਰੇ ਮੁੱਕ ਜਾਂਦੇ ਹਨ। ਇਸ ਲਈ ਹੇ ਭਾਈ, ਉਸ ਮਿਹਰਬਾਨ ਪ੍ਰਭੂ ਦੇ ਨਾਮ ਨਾਲ ਮਨ ਨੂੰ ਜੋੜਨਾ ਚਾਹੀਏ।

ਚਰਨ ਸੇਵ ਸੰਤ ਸਾਧ ਕੇ
ਸਗਲ ਮਨੋਰਥ ਪੂਰੇ॥੩॥
ਘਟਿ ਘਟਿ ਏਕੁ ਵਰਤਦਾ
ਜਲਿ ਥਲਿ ਮਹੀਅਲਿ ਪੂਰੇ॥੪॥

ਹੁਣ ਗੁਰਦੇਵ ਪਿਤਾ ਜੀ ਬਖ਼ਸ਼ਿਸ਼ ਕਰਦੇ ਹਨ ਕਿ ਹੇ ਜੀਵ! ਗੁਰੂ ਦਾ ਦਰ ਮੱਲ ਕੇ ਬੈਠ ਜਾ ਅਤੇ ਗੁਰੂ ਦੇ ਚਰਨਾਂ ਦੀ ਸੇਵਾ ਕਰ ਅਤੇ ਆਪਣੇ ਗੁਰੂ ਦਾ ਕਹਿਣਾ ਭੀ ਮੰਨ, ਕਿਉਂਕਿ ਗੁਰੂ ਦੀ ਸੇਵਾ ਕਰਨ ਕਰ ਕੇ ਜੀਵ ਦੇ ਸਾਰੇ ਹੀ ਮਨੋਰਥ, ਭਾਵ ਸਭ ਜ਼ਰੂਰਤਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਗੁਰੂ ਦੀ ਸੰਗਤ ਤੇ ਗੁਰੂ ਦੀ ਸੇਵਾ ਸਦਕਾ ਇਹ ਜੀਵ ਜਾਣ ਲੈਂਦਾ ਹੈ ਕਿ ਉਹ ਪਰਮੇਸ਼ਵਰ ਪ੍ਰਭੂ ਤਾਂ ਘਟਿ ਘਟਿ, ਭਾਵ ਹਰ ਸਰੀਰ ਵਿਚ, ਜਲ ਵਿਚ, ਧਰਤੀ ਅਤੇ ਅਕਾਸ਼ ਵਿਚ ਆਪ ਹੀ ਵਿਆਪਕ ਹੈ; ਭਾਵ ਆਪ ਹੀ ਵਸ ਰਿਹਾ ਹੈ।

ਪਾਪ ਬਿਨਾਸਨੁ ਸੇਵਿਆ
ਪਵਿਤ੍ਰ ਸੰਤਨ ਕੀ ਧੂਰੇ॥੫॥
ਸਭ ਛਡਾਈ ਖਸਮਿ ਆਪਿ
ਹਰਿ ਜਪਿ ਭਈ ਠਰੂਰੇ॥੬॥

ਗੁਰਦੇਵ ਜੀ ਇਨ੍ਹਾਂ ਪੰਕਤੀਆਂ ਵਿਚ ਪਰਮੇਸ਼ਵਰ ਪਿਤਾ ਦੀ ਸਿਫ਼ਤ ਕਰਦੇ ਹਨ ਕਿ ਜੋ ਜੀਵ ਗੁਰੂ ਦੀ ਚਰਨ ਧੂੜ ਪ੍ਰਾਪਤ ਕਰ ਕੇ ਪਾਪ ਬਿਨਾਸਨ, ਭਾਵ ਸਾਰੇ ਪਾਪਾਂ ਦਾ ਨਾਸ਼ ਕਰਨ ਵਾਲੇ ਮਿਹਰਬਾਨ ਪ੍ਰਭੂ ਦਾ ਨਾਮ ਸਿਮਰਨ ਕਰਦੇ ਹਨ, ਉਹ ਜੀਵ ਪਵਿੱਤਰ, ਭਾਵ ਅਤਿ ਸੱਚੇ ਤੇ ਸੁੱਚੇ ਜੀਵਨ ਵਾਲੇ ਬਣ ਜਾਂਦੇ ਹਨ; ਸਭ ਛਡਾਈ ਖਸਮਿ ਆਪਿ, ਭਾਵ ਇਸ ਜਗਤ ਦੇ ਸਾਰੇ ਹੀ ਜੀਵ ਜਿਨ੍ਹਾਂ ਨੇ ਉਸ ਪ੍ਰਭੂ ਦਾ ਨਾਮ ਜਪਿਆ, ਠਰੂਰੇ ਭਾਵ ਉਹ ਠੰਢੇ ਸੀਤਲ ਤੇ ਸ਼ਾਂਤ ਚਿਤ ਹੋ ਗਏ ਅਤੇ ਇਸ ਸਾਰੇ ਜਗਤ ਨੂੰ ਪ੍ਰਭੂ ਨੇ ਵਿਕਾਰਾਂ ਦੀ ਤਪਸ਼ ਤੋਂ ਬਚਾ ਲਿਆ।

ਕਰਤੈ ਕੀਆ ਤਪਾਵਸੋ
ਦੁਸਟ ਮੁਏ ਹੋਇ ਮੂਰੇ॥੭॥
ਨਾਨਕ ਰਤਾ ਸਚਿ ਨਾਇ
ਹਰਿ ਵੇਖੈ ਸਦਾ ਹਜੂਰੇ॥੮॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਪਿਤਾ ਜੀ ਆਖ ਰਹੇ ਹਨ ਕਿ ਹੇ ਭਾਈ! ਕਰਤੈ ਕੀਆ ਤਪਾਵਸੋ, ਭਾਵ ਉਸ ਕਰਤਾਰ ਪ੍ਰਭੂ ਨੇ ਕਿੰਨਾ ਸੋਹਣਾ ਨਿਆਂ ਕੀਤਾ ਹੈ ਕਿ ਦੁਸ਼ਟ, ਭਾਵ ਮਾਇਆ ਦੇ ਵਿਕਾਰਾਂ ਵਿਚ ਫਸੇ ਹੋਏ ਜੀਵ ਜੋ ਵੇਖਣ ਨੂੰ ਤਾਂ ਜਿਊਂਦੇ ਦਿਸਦੇ ਹਨ ਪਰ ਅਸਲ ਵਿਚ ਉਹ ਆਤਮਿਕ ਤੌਰ 'ਤੇ ਮੂਰੇ, ਭਾਵ ਮੁਰਦਾ ਹੋ ਚੁੱਕੇ ਹਨ, ਮਰ ਚੁੱਕੇ ਹਨ ਅਤੇ ਇਹ ਨਾਨਕ ਆਖਦਾ ਹੈ ਕਿ ਹੇ ਭਾਈ! ਜੋ ਜੀਵ ਸੱਚ, ਭਾਵ ਸਦਾ ਹੀ ਅਟੱਲ ਰਹਿਣ ਵਾਲੇ ਪ੍ਰਭੂ ਦੇ ਨਾਮ ਰੰਗ ਵਿਚ ਰੰਗਿਆ ਗਿਆ, ਉਹ ਪਰਮਾਤਮਾ ਨੂੰ ਦੂਰ ਨਹੀਂ, ਹਰ ਵੇਲੇ ਆਪਣੇ ਨਾਲ ਹੀ ਵੇਖਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਭਗਤ ਸਿੰਘ ਬਾਰੇ ਤਰਕਸ਼ੀਲਤਾ ਦੀ ਲੋੜ

**ਭਗਤ ਸਿੰਘ, ਉਸ ਦੇ ਸਾਥੀਆਂ ਅਤੇ ਅਜਿਹੇ ਹੀ ਵਿਚਾਰਾਂ ਦੇ ਧਾਰਨੀ ਹੋਰ ਲੋਕਾਂ ਨੇ ਦੇਸ਼ ਦੀ ਆਜ਼ਾਦੀ ਦੀ ਖ਼ਾਤਿਰ ਆਪਣੀ ਸਮਝ ਤੇ ਆਪਣੇ ਜਜ਼ਬਿਆਂ ਦੇ ਮੁਤਾਬਕ, ਜਿਸ ਤਰਾਂ ਉਹ ਠੀਕ ਸਮਝਦੇ ਸਨ, ਕੰਮ ਕੀਤਾ ਹੈ। ਉਨ੍ਹਾਂ ਬਗੈਰ ਕਿਸੇ ਲਾਲਚ ਜਾਂ ਬੇਈਮਾਨੀ ਦੇ ਆਪਣਾ ਸਭ ਕੁਝ, ਸਮੇਤ ਆਪਣੀ ਜਾਨ ਦੇ, ਆਜ਼ਾਦੀ ਵਾਸਤੇ ਅਰਪਨ ਕੀਤਾ। ਇਹ ਗੱਲ ਵੱਖਰੀ ਕਿ ਇਤਿਹਾਸ ਉਨ੍ਹਾਂ ਤੋਂ ਹੋਰ ਕਿਸਮ ਦੀ ਸਖ਼ਤ ਤੇ ਅਣਥੱਕ ਘਾਲਣਾ ਦੀ ਮੰਗ ਕਰਦਾ ਸੀ; ਅਜਿਹੀ ਘਾਲਣਾ ਦਾ ਉਹ ਮੌਕਾ ਹਾਸਿਲ ਨਹੀਂ ਕਰ ਸਕੇ, ਇਹ ਇਤਿਹਾਸਕ ਦੁਖਾਂਤ ਹੈ।**

'ਪੰਜਾਬ ਟਾਈਮਜ਼' ਵਿਚ ਸ੍ਰੀ ਬੂਟਾ ਸਿੰਘ ਦੇ ਭਗਤ ਸਿੰਘ ਦੇ ਸ਼ਹੀਦੀ ਰੁਤਬੇ ਬਾਰੇ ਵਿਚਾਰ ਪੜ੍ਹ ਰਿਹਾ ਸਾਂ ਤਾਂ ਮੇਰੇ ਜ਼ਿਹਨ ਵਿਚ ਕਈ ਤਰ੍ਹਾਂ ਦੇ ਸਵਾਲ ਆਏ। ਜਦੋਂ ਸ਼ੁਰੂ ਸ਼ੁਰੂ ਵਿਚ ਅਖ਼ਬਾਰਾਂ ਰਸਾਲਿਆਂ ਵਿਚ ਕੁਝ ਲੋਕਾਂ ਦੇ ਵਿਚਾਰ ਆਉਣ ਲੱਗੇ ਕਿ, ਭਗਤ ਸਿੰਘ ਸ਼ਹੀਦ-ਏ-ਆਜ਼ਮ ਤਾਂ ਕੀ ਸ਼ਹੀਦ ਅਖਵਾਉਣ ਦੇ ਕਾਬਲ ਵੀ ਨਹੀਂ ਤਾਂ ਉਸ ਦੇ ਜਵਾਬ ਵਿਚ 'ਅਗਾਂਹਵਧੂ' ਵਿਚਾਰਧਾਰਾ ਨਾਲ ਜੋੜੇ ਕੁਝ ਲੋਕਾਂ ਵੱਲੋਂ ਬਹੁਤ ਨਿੰਦਾ ਭਰੇ ਸ਼ਬਦ ਬੋਲੇ ਗਏ ਤੇ ਜਵਾਬ ਦਿੱਤਾ ਗਿਆ ਕਿ ਆਸਮਾਨ 'ਤੇ ਥੁੱਕਿਆ ਮੂੰਹ 'ਤੇ ਡਿੱਗਦਾ ਹੈ, ਹਾਲਾਂਕਿ ਹਰਮਨ ਪਿਆਰੀਆਂ ਇਤਿਹਾਸਕ ਹਸਤੀਆਂ ਅਤੇ ਲੋਕ ਨਾਇਕਾਂ ਨੂੰ ਤਰਕਾਂ ਅਤੇ

**ਅਭੈ ਸਿੰਘ**
ਫੋਨ: 91-98783-75903

ਬਹਿਸਾਂ ਵਿਚ ਖਿੱਚਣਾ, ਉਨ੍ਹਾਂ ਬਾਰੇ ਖੁੱਲ੍ਹੇ ਵਿਚਾਰ ਵਟਾਂਦਰੇ ਕਰਨੇ ਤੇ ਨੁਕਤਾਚੀਨ ਖਿਆਲਾਂ ਦਾ ਵੀ ਰੱਖੇ ਜਾਣਾ ਅਗਾਂਹਵਧੂ ਅੰਦੋਲਨ ਵਾਸਤੇ ਬਹੁਤ ਲਾਹੇਵੰਦ ਹੋਵੇਗਾ। ਇਹੀ ਪਿਰਤ ਅੱਗੇ ਜਾ ਕੇ ਇਤਿਹਾਸਕ ਤੇ ਮਿਥਿਹਾਸਕ ਧਾਰਮਿਕ ਹਸਤੀਆਂ ਨੂੰ ਵੀ 'ਕੋਮਲ ਜਜ਼ਬਿਆਂ ਦੀ ਠੇਸਤਾ' ਦੇ ਕਵਚਾਂ ਵਿਚੋਂ ਬਾਹਰ ਕੱਢਣ ਵਿਚ ਸਹਾਈ ਹੋਵੇਗੀ। ਤਰਕਸ਼ੀਲਤਾ ਤੇ ਬਾਦਲੀਲੀ ਹੀ ਅਗਾਂਹਵਧੂ ਵਿਚਾਰਧਾਰਾ ਦੀ ਬੁਨਿਆਦ ਹੋ ਸਕਦੀ ਹੈ।

ਸ੍ਰੀ ਬੂਟਾ ਸਿੰਘ ਦੇ ਦੱਸੇ ਮੁਤਾਬਿਕ ਸੰਤ ਸਿੰਘ ਸੇਖੋਂ ਦਾ ਇਸ ਤਰ੍ਹਾਂ ਕਹਿਣਾ ਕਿ, ਆਜ਼ਾਦੀ ਦੇ ਅੰਦੋਲਨ ਵਿਚ ਕਈ ਲੋਕ ਮਰੇ ਹਨ, ਇਕੱਲੇ ਭਗਤ ਸਿੰਘ ਨੂੰ ਹੀ ਕਿਉਂ ਲਈ ਫਿਰਦੇ ਹੋ, ਸੱਚ-ਮੁੱਚ ਘਟੀਆ ਜਿਹਾ ਵਿਚਾਰ ਹੈ ਜੋ ਵੈਸੇ ਮੈਂ ਪਹਿਲਾਂ ਕਦੇ ਨਹੀਂ ਸੀ ਸੁਣਿਆ; ਲੇਕਿਨ ਇਸ ਤੋਂ ਅੱਗੇ ਸੋਚਣ ਵਾਲੀ ਗੱਲ ਇਹ ਹੈ ਕਿ ਆਜ਼ਾਦੀ ਦੇ ਅੰਦੋਲਨ ਵਿਚ ਸਿਰਫ਼ ਮਰਨਾ ਹੀ ਤਾਂ ਖ਼ੂਬੀ ਨਹੀਂ; ਜੋ ਨਹੀਂ ਮਰੇ ਜਾਂ ਨਹੀਂ ਮਰ ਸਕੇ, ਉਨ੍ਹਾਂ ਦੀਆਂ ਭੂਮਿਕਾਵਾਂ ਵੀ ਘੱਟ ਮਹੱਤਵ ਵਾਲੀਆਂ ਨਹੀਂ ਤੇ ਨਾ ਹੀ ਉਹ ਲੋਕ ਸਨਮਾਨ ਦੇ ਹੱਕ ਤੋਂ ਕੋਰੇ ਹੋ ਸਕਦੇ ਹਨ।

ਹਥਿਆਰਬੰਦ ਲੜਾਈਆਂ ਦੇ ਮੈਦਾਨਾਂ ਵਿਚ ਵੀ ਜਿੱਥੇ ਹਰ ਸਿਪਾਹੀ ਵਾਸਤੇ ਜਾਨ ਵਾਰਨ ਦੀ ਖ਼ਾਤਿਰ ਤਿਆਰ ਰਹਿਣ ਦਾ ਫ਼ਰਜ਼ ਹੈ; ਉਥੇ ਪੂਰੀ ਤਕਨੀਕ, ਸਮਝਦਾਰੀ ਤੇ ਚੌਕਸੀ ਨਾਲ ਆਪਣੀ ਜਾਨ ਬਚਾ ਕੇ ਰੱਖਣਾ ਵੀ ਉਸ ਦਾ ਅਹਿਮ ਫ਼ਰਜ਼ ਹੁੰਦਾ ਹੈ। ਹਰ ਫੌਜੀ ਨੂੰ ਸਿਖਲਾਈ ਦੌਰਾਨ ਇਹ ਗੱਲ ਚੰਗੀ ਤਰ੍ਹਾਂ ਸਮਝਾਈ ਜਾਂਦੀ ਹੈ। ਅਸਲ ਵਿਚ ਲੜਾਈ ਦੀ ਜਿੱਤ ਸਿਪਾਹੀਆਂ ਦੇ ਮਰਨ ਨਾਲ ਨਹੀਂ, ਉਨ੍ਹਾਂ ਵੱਲੋਂ ਜਿੰਦਾ ਰਹਿਣ ਦੀ ਕਾਬਲੀਅਤ ਨਾਲ ਹੁੰਦੀ ਹੈ। ਲੜਾਈ ਦੌਰਾਨ ਆਪਣੀ ਕਿਸੇ ਗ਼ਲਤੀ ਨਾਲ ਜਾਨ ਗੰਵਾ ਲੈਣ ਵਾਲੇ ਫੌਜੀ ਨੂੰ ਸ਼ਹੀਦ ਦਾ ਦਰਜਾ ਤਾਂ ਦੇ ਦਿੱਤਾ ਜਾਂਦਾ ਹੈ ਪਰ ਉਸ ਦੇ ਨਜ਼ਦੀਕ ਦੇ ਸਾਥੀ ਉਸ ਦੀ ਗ਼ਲਤੀ ਦਾ ਜ਼ਿਕਰ ਜ਼ਰੂਰ ਕਰਦੇ ਹਨ ਤੇ ਅੱਗੇ ਤੋਂ ਕਿਸੇ ਹੋਰ ਵੱਲੋਂ ਨਾ ਦੁਹਰਾਏ ਜਾਣ ਦਾ ਸੰਕਲਪ ਵੀ।

ਬੂਟਾ ਸਿੰਘ ਜੀ ਲਿਖਦੇ ਹਨ ਕਿ "ਐਪਰ ਕਾਂਗਰਸ-ਮੁਸਲਿਮ ਲੀਗ ਵਰਗੀਆਂ ਪਿਛਾਂਹਖਿਚੂ ਤਾਕਤਾਂ ਦੀ ਨਾਂਹ ਪੱਖੀ ਭੂਮਿਕਾ ਦੇ ਬਾਵਜੂਦ ਖਰੀਆਂ ਸਾਮਰਾਜ ਵਿਰੋਧੀ ਤਾਕਤਾਂ ਵੱਲੋਂ ਦੇਸ਼ ਭਗਤੀ ਦੇ ਜਜ਼ਬੇ ਤਹਿਤ ਅੰਗਰੇਜ਼ ਸਾਮਰਾਜ ਵਿਰੁੱਧ ਪੂਰੀ ਸ਼ਿੱਦਤ ਨਾਲ ਲੜਾਈ ਲੜੀ ਗਈ।" ਪ੍ਰਤੱਖ ਹਕੀਕਤ ਮੁਤਾਬਕ ਇਹ ਵਿਚਾਰ ਬਿਲਕੁਲ ਗ਼ਲਤ ਹੈ। ਪਹਿਲਾਂ ਤਾਂ ਕਾਂਗਰਸ ਤੇ ਮੁਸਲਿਮ ਲੀਗ ਨੂੰ ਇਸ ਤਰ੍ਹਾਂ ਨਹੀਂ ਜੋੜਿਆ ਜਾ ਸਕਦਾ। ਦੋਹਾਂ ਦਾ ਏਜੰਡਾ ਤੇ ਪਾਰਟੀ ਮਨੋਰਥ ਇਕ ਦੂਜੇ ਤੋਂ ਬਿਲਕੁਲ ਵੱਖਰੇ ਸਨ। ਆਜ਼ਾਦੀ ਦੀ ਲੜਾਈ ਵਿਚ ਕਾਂਗਰਸ ਦੀ ਭੂਮਿਕਾ ਵਿਚ ਕਈ ਸਾਰੀਆਂ ਗਲਤੀਆਂ ਜਾਂ ਵਿਹਾਰਕ ਨੁਕਸ ਤਾਂ ਕਾਬਲੇ ਜ਼ਿਕਰ ਹੋਣਗੇ, ਪਰ ਉਸ ਦੀ ਭੂਮਿਕਾ ਨੂੰ ਨਾਂਹ ਪੱਖੀ ਨਹੀਂ ਕਿਹਾ ਜਾ ਸਕਦਾ ਤੇ ਨਾ ਹੀ ਉਸ ਨੂੰ 'ਪਿਛਾਂਹਖਿਚੂ ਤਾਕਤਾਂ' ਦੀ ਸੂਚੀ ਵਿਚ ਰੱਖਿਆ ਜਾ ਸਕਦਾ ਹੈ। ਵੀਹਵੀਂ ਸਦੀ ਦੇ ਪਹਿਲੇ ਅੱਧ ਦੌਰਾਨ ਅਤਿ ਦੇ ਪਿਛੜੇਪਣ ਦੇ ਸ਼ਿਕਾਰ ਭਾਰਤੀ ਸਮਾਜ ਅੰਦਰ ਕਾਂਗਰਸ ਦੀ ਪ੍ਰਤੱਖ ਅਗਾਂਹਵਧੂ ਭੂਮਿਕਾ ਰਹੀ ਹੈ।

ਹੋਰ 'ਖਰੀਆਂ ਸਾਮਰਾਜ ਵਿਰੋਧੀ ਤਾਕਤਾਂ' ਜ਼ਰੂਰ ਹੋਣਗੀਆਂ ਪਰ ਉਹ ਸਾਮਰਾਜ ਵਿਰੋਧੀ ਅੰਦੋਲਨ ਵਿਚ ਕੋਈ ਅਸਰਦਾਰ ਜਾਂ ਨਤੀਜਾਖੇਜ਼ ਭੂਮਿਕਾ ਨਹੀਂ ਅਦਾ ਕਰ ਸਕੀਆਂ। ਸਾਡੇ ਜਜ਼ਬੇ ਤੇ ਖਿਆਲਾਤ ਕੁਝ ਵੀ ਹੋਣ ਪਰ ਇਕ ਇਤਿਹਾਸਕ ਹਕੀਕਤ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਦੇ ਆਜ਼ਾਦੀ ਅੰਦੋਲਨ ਦੀ ਵਿਸ਼ਵ ਵਿਲੱਖਣਤਾ ਹੈ। ਦੁਨੀਆ ਵਿਚ ਇਤਨੀ ਵੱਡੀ ਗਿਣਤੀ ਦੇ ਲੋਕਾਂ ਦੀ ਸ਼ਮੂਲੀਅਤ ਵਾਲਾ, ਇਤਨੀ ਲੰਬੀ ਦੇਰ ਤੱਕ ਚੱਲਣ ਵਾਲਾ ਤੇ ਇਤਨੇ ਵਿਸ਼ਾਲ ਇਲਾਕੇ ਵਿਚ ਫੈਲਿਆ ਹੋਰ ਕੋਈ ਅੰਦੋਲਨ ਨਹੀਂ ਹੋਇਆ ਹੈ। ਦੂਜੇ ਨੰਬਰ 'ਤੇ ਸਿਰਫ਼ ਦੱਖਣੀ ਅਫ਼ਰੀਕਾ ਦਾ ਨਸਲੀ ਵਿਤਕਰੇ ਵਿਰੁੱਧ ਅੰਦੋਲਨ ਸੀ, ਭਾਵੇਂ ਤਾਦਾਦ ਦੇ ਪੱਖੋਂ ਉਹ ਇਸ ਤੋਂ ਕਈ ਗੁਣਾ ਛੋਟਾ ਸੀ। ਫਰਾਂਸ ਦੇ ਇਨਕਲਾਬ ਦਾ ਲੋਕ ਅੰਦੋਲਨ ਸਿਰਫ਼ ਦੋ ਹਫ਼ਤੇ ਤੇ ਦੋ ਸ਼ਹਿਰਾਂ ਤੱਕ ਸੀਮਤ ਸੀ।

ਅੰਗਰੇਜ਼ਾਂ ਵੱਲੋਂ ਭਾਰਤ ਛੱਡਣ ਦੇ ਫੈਸਲੇ ਦੇ ਕਈ ਕਾਰਨ ਸਨ। ਸਭ ਤੋਂ ਵੱਡਾ ਤਾਂ ਨਿਰਸੰਦੇਹ, ਦੂਜੀ ਆਲਮੀ ਜੰਗ ਜਿੱਤਣ ਦੇ ਬਾਵਜੂਦ ਬਰਤਾਨਵੀ ਰਾਜਤੰਤਰ ਦੀ ਅਤਿ ਦੀ ਖ਼ਸਤਾ ਹਾਲਤ ਸੀ, ਲੇਕਿਨ ਭਾਰਤ ਅੰਦਰ ਆਸਾਨੀ ਨਾਲ ਰਾਜ ਚਲਾਉਂਦੇ ਰਹਿਣ ਵਿਚ ਵੱਡੀ ਰੁਕਾਵਟ ਕਾਂਗਰਸ ਦਾ ਅੰਦੋਲਨ ਹੀ ਸੀ ਜਾਂ ਹਿੰਦੂ ਤੇ ਮੁਸਲਮਾਨਾਂ ਦੇ ਵਧਦੇ ਤੱਜ਼ਾਦ। ਕਿਸੇ 'ਖਰੀ ਸਾਮਰਾਜ ਵਿਰੋਧੀ ਤਾਕਤ' ਦੀ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਸੀ। ਹੋ ਸਕਦਾ ਹੈ ਕਿ ਹਿੰਦੂ ਮੁਸਲਿਮ ਤੱਜ਼ਾਦ ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦਾ ਨਤੀਜਾ ਹੋਵੇ, ਪਰ ਇਹ ਪਾੜਾ ਇਤਨਾ ਭਿਅੰਕਰ ਹੋ ਗਿਆ ਸੀ ਕਿ ਅੰਗਰੇਜ਼ਾਂ ਵਾਸਤੇ ਰਾਜ ਚਲਾਉਣਾ ਲਗਭਗ ਨਾ-ਮੁਮਕਿਨ ਬਣਾ ਰਿਹਾ ਸੀ। ਸੰਨ 1947 ਦੀ ਆਜ਼ਾਦੀ ਅੱਗੇ ਬੂਟਾ ਸਿੰਘ ਨੇ 'ਰਸਮੀ' ਦਾ ਵਿਸ਼ੇਸ਼ਣ ਲਗਾਇਆ ਹੈ। ਮੰਨਿਆ ਜਾ ਸਕਦਾ ਹੈ ਕਿ ਉਹ ਆਜ਼ਾਦੀ ਰਸਮੀ ਹੋਵੇਗੀ, ਪਰ ਫਿਰ ਅਸਲੀ ਆਜ਼ਾਦੀ ਅਜੇ ਆਈ ਹੈ ਕਿ ਨਹੀਂ, ਉਨ੍ਹਾਂ ਦੱਸੀ ਨਹੀਂ। ਮੈਂ ਦੱਸਣਾ ਚਾਹਾਂਗਾ। ਵਿਦੇਸ਼ੀ ਝੰਡਾ ਉਤਾਰ ਕੇ ਦੇਸੀ ਝੰਡਾ ਲਹਿਰਾਉਣਾ ਤੇ ਵਿਦੇਸ਼ੀ ਲੋਕਾਂ ਦੀ ਬਜਾਏ ਦੇਸੀ ਲੋਕਾਂ ਦਾ ਮੁੱਖ ਸਰਕਾਰੀ ਅਹੁਦਿਆਂ 'ਤੇ ਤਾਇਨਾਤ ਹੋ ਜਾਣਾ ਸਚਮੁੱਚ ਰਸਮੀ ਆਜ਼ਾਦੀ ਹੀ ਹੋਵੇਗੀ। ਲੋਕਾਂ ਦੀ ਆਜ਼ਾਦੀ ਉਦੋਂ ਹੁੰਦੀ ਹੈ ਜਦੋਂ ਸਾਰੀ ਤਾਕਤ ਉਨ੍ਹਾਂ ਦੇ ਹੱਥ ਦਿੱਤੀ ਜਾਵੇ। ਸਾਡੇ ਮੁਲਕ ਵਿਚ ਇਹ ਕੰਮ ਵਿਧੀਵਤ ਤੌਰ 'ਤੇ 1950 ਵਿਚ ਹੋਇਆ ਜਦੋਂ ਬਾਲਗ ਵੋਟ ਅਧਿਕਾਰ ਪੂਰਨ ਰੂਪ ਵਿਚ ਪ੍ਰਵਾਨ ਹੋਇਆ। ਇਹ ਸਿਰਫ਼ ਅੰਗਰੇਜ਼ੀ ਰਾਜ ਤੋਂ ਹੀ ਮੁਕਤੀ ਨਹੀਂ ਸਦੀਆਂ ਤੋਂ ਚਲਦੀ ਆ ਰਹੀ ਰਾਜੇ ਮਹਾਰਾਜਿਆਂ ਦੀ ਗੁਲਾਮੀ ਤੋਂ ਆਜ਼ਾਦੀ ਸੀ।

ਆਜ਼ਾਦੀ ਅੰਦੋਲਨ ਦੇ ਬਣੇ ਬਹੁਤੇ ਗੀਤਾਂ ਵਿਚ ਭਗਤ ਸਿੰਘ, ਨਹਿਰੂ, ਗਾਂਧੀ ਤੇ ਸੁਭਾਸ਼ ਦੇ ਇਕੱਠੇ ਨਾਮ ਲਏ ਜਾਂਦੇ ਹਨ; ਹਾਲਾਂਕਿ ਇਨ੍ਹਾਂ ਦੀਆਂ ਭੂਮਿਕਾਵਾਂ ਵੱਖਰੀਆਂ ਵੱਖਰੀਆਂ ਸਨ।

ਭਗਤ ਸਿੰਘ ਦੀ ਭੂਮਿਕਾ ਦੇ ਜ਼ਿਕਰ ਵਿਚ ਬੂਟਾ ਸਿੰਘ ਜੀ ਦਾ ਇਕ ਫ਼ਿਕਰਾ ਉਦਾਸ ਕਰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ "ਜੇ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਲੰਮਾ ਸਮਾਂ ਮਿਲ ਜਾਂਦਾ ਤਾਂ ਉਨ੍ਹਾਂ ਸਮਾਜਕ ਮਸਲਿਆਂ ਦਾ ਡੂੰਘਾ ਮੁਤਾਲਿਆ ਜ਼ਰੂਰ ਕਰਨਾ ਸੀ ਪਰ ਉਹ 23 ਸਾਲ ਦੀ ਉਮਰ ਵਿਚ ਹੀ ਸ਼ਹੀਦ ਹੋ ਗਏ।" ਉਹ ਅੱਗੇ ਜਾ ਕੇ ਦੱਸਦੇ ਹਨ ਕਿ "ਭਗਤ ਸਿੰਘ ਦੇ ਵਿਚਾਰ ਮੁਢਲੀ ਅਵਸਥਾ ਵਿਚ ਹੀ ਸਨ"। ਠੀਕ ਦੱਸਦੇ ਹਨ, ਫਿਰ ਵੀ 23 ਸਾਲ ਦੀ ਉਮਰ ਤੱਕ ਹੀ ਉਸ ਦੇ ਵਿਚਾਰ ਵੱਡੀ ਸੇਧ ਤੇ ਸੋਚ ਵਾਲੇ ਸਨ। ਹਾਂ, ਸੱਚਮੁੱਚ ਹੀ ਇਨ੍ਹਾਂ ਵਿਚਾਰਾਂ ਨੇ ਅੱਗੇ ਵਿਕਸਿਤ ਹੋਣਾ ਸੀ ਪਰ ਵੱਡੀ 'ਜੇ' ਵਾਪਰ ਗਈ।

ਮੇਰੀ ਜਾਚੇ ਕਿਸੇ ਸਬੱਬ ਨਾਲ ਭਗਤ ਸਿੰਘ ਤੇ ਉਸ ਦੇ ਸਾਥੀ ਆਜ਼ਾਦੀ ਦੇ ਅੰਦੋਲਨ ਤੋਂ ਲਾਂਭੇ ਹੋ ਕੇ ਪਿਸਤੌਲਾਂ ਤੇ ਬੰਬਾਂ ਦੇ ਚੱਕਰ ਵਿਚ ਪੈ ਗਏ। ਬਹੁਤ ਵਾਰ ਕਿਹਾ ਜਾਂਦਾ ਹੈ ਕਿ ਭਗਤ ਸਿੰਘ ਦਹਿਸ਼ਤਗਰਦ ਨਹੀਂ ਸੀ। ਉਸ ਦੀਆਂ ਆਪਣੀਆਂ ਲਿਖਤਾਂ ਵੀ ਹਨ ਕਿ 'ਅਸੀਂ ਦਹਿਸ਼ਤਗਰਦ ਨਹੀਂ ਹਾਂ'। ਠੀਕ ਹੈ, ਉਹ ਨਹੀਂ ਹੋਣਗੇ ਪਰ ਕੀ ਅਸੀਂ ਕਦੇ ਵੀ ਇਹ ਵਿਚਾਰਨ ਵਾਸਤੇ ਤਿਆਰ ਨਹੀਂ ਹੋਵਾਂਗੇ ਕਿ ਕੀ ਅਸੰਬਲੀ ਵਿਚ ਬੰਬ ਸੁੱਟਣਾ ਤੇ ਪੁਲਿਸ ਅਫ਼ਸਰਾਂ ਦਾ ਕਤਲ ਕਰਨਾ ਦਹਿਸ਼ਤਗਰਦੀ ਦੀ ਕਾਰਵਾਈ ਸੀ ਜਾਂ ਨਹੀਂ? ਕੀ ਅਸੀਂ ਕਦੇ ਇਹ ਵੀ ਵਿਚਾਰਨ ਵਾਸਤੇ ਤਿਆਰ ਨਹੀਂ ਹੋਵਾਂਗੇ ਕਿ ਕੀ ਅਸੰਬਲੀ ਵਿਚ ਬੰਬ ਸੁੱਟਣ ਤੇ ਲਾਹੌਰ ਵਿਚ ਪੁਲਿਸ ਅਫ਼ਸਰਾਂ ਦੇ ਕਤਲ ਕਰਨ ਦਾ ਆਜ਼ਾਦੀ ਦੇ ਅੰਦੋਲਨ ਨੂੰ ਲਾਭ ਹੋਇਆ ਕਿ ਨੁਕਸਾਨ? ਮੇਰੀ ਜਾਚੇ ਇਸ ਦਾ ਨੁਕਸਾਨ ਹੋਇਆ। ਸਭ ਤੋਂ ਵੱਡਾ ਨੁਕਸਾਨ ਭਗਤ ਸਿੰਘ ਦੇ ਉਚੇ ਵਿਚਾਰਾਂ ਦੇ ਵਿਕਾਸ ਦਾ ਅੰਤ ਸੀ।

ਅੱਜ ਬਹੁਤ ਲੋਕ ਹਨ ਜੋ ਭਗਤ ਸਿੰਘ ਦੀ ਸ਼ਖ਼ਸੀਅਤ ਨੂੰ ਪਿਸਤੌਲਾਂ ਤੇ ਬੰਬਾਂ ਵਿਚੋਂ ਕੱਢ ਕੇ ਸਿਰਫ਼ ਉਸ ਦੇ ਵਿਚਾਰਾਂ ਨੂੰ ਕੇਂਦਰ ਵਿਚ ਰੱਖਦੇ ਹਨ। ਬੂਟਾ ਸਿੰਘ ਵੱਲੋਂ ਉਸ ਦੀ ਕਿਰਤ ਦੀ



ਸਰਦਾਰੀ ਤੇ ਸਮਾਜਕ ਇਨਸਾਫ਼ ਦੀ ਗੱਲ ਕੀਤੀ ਹੈ। ਨੇਕ ਕੰਮ ਹੈ ਪਰ ਮੇਰਾ ਸੰਤ ਸਿੰਘ ਸੇਖੋਂ ਵਰਗਾ ਇਕ ਸਵਾਲ ਹੈ ਕਿ ਅਜਿਹੇ ਵਿਚਾਰ ਤਾਂ ਹੋਰ ਵੀ ਬਹੁਤ ਲੋਕਾਂ ਦੇ ਸਨ; ਭਗਤ ਸਿੰਘ ਦੇ ਨਾਲ ਹੀ ਵਿਚਰੇ ਅਜੈ ਘੋਸ਼ ਤੇ ਸੋਹਨ ਸਿੰਘ ਜੋਸ਼ ਦੇ ਵੀ ਸਨ ਜਿਨ੍ਹਾਂ ਨੇ ਅੱਧੀ ਸਦੀ ਤੋਂ ਵੱਧ ਸਮਾਂ ਇਨ੍ਹਾਂ ਵਿਚਾਰਾਂ ਨਾਲ ਲੈਸ ਹੋ ਕੇ ਅਮਲੀ ਸੰਘਰਸ਼ ਕੀਤੇ। ਕੀ ਉਨ੍ਹਾਂ ਨੂੰ ਅਜ਼ੀਮ ਯੋਧਿਆਂ ਦਾ ਖ਼ਿਤਾਬ ਇਸੇ ਕਰ ਕੇ ਨਹੀਂ ਮਿਲਿਆ ਕਿ ਉਹ ਫਾਂਸੀ 'ਤੇ ਨਹੀਂ ਚੜ੍ਹੇ? ਸਾਰੀ ਉਮਰ ਗਾਲਣ ਵਾਲਿਆਂ ਉਨ੍ਹਾਂ ਸ਼ਖ਼ਸੀਅਤਾਂ ਨਾਲੋਂ ਅੱਜ ਭਗਤ ਸਿੰਘ ਦੇ ਭਾਣਜੇ, ਭਤੀਜੇ ਹੋਣਾ ਜ਼ਿਆਦਾ ਮਾਣ ਵਾਲਾ ਬਣ ਰਿਹਾ ਹੈ।

ਹਕੀਕਤ ਇਹ ਹੈ ਕਿ ਭਗਤ ਸਿੰਘ ਦੀ ਪ੍ਰਸਿੱਧੀ ਉਸ ਦੇ ਸਮਾਜਵਾਦੀ ਵਿਚਾਰਾਂ ਕਰ ਕੇ ਨਹੀਂ, ਉਸ ਵੱਲੋਂ ਹੱਸ ਕੇ ਫਾਂਸੀ ਦਾ ਰੱਸਾ ਚੁੰਮਣ ਦੀ ਚਰਚਾ ਕਰ ਕੇ ਹੈ। ਨਿੱਕੇ ਹੁੰਦਿਆਂ ਤੋਂ ਸੁਣਦੇ ਆਏ ਹਾਂ ਉਸ ਵੱਲੋਂ ਦਮੂਖਾਂ ਬੀਜਣ ਦੀਆਂ ਗੱਲਾਂ ਤੇ ਮੌਤ ਲਾੜੀ ਨੂੰ ਵਿਆਹੁਣ ਚੱਲਣ ਦੀਆਂ ਘੋੜੀਆਂ। ਫਾਂਸੀ ਤੋਂ ਇਕ ਦਿਨ ਪਹਿਲਾਂ ਉਸ ਦੀ ਭੈਣ ਤੇ ਉਸ ਦੀ ਹੋਵਣ ਵਾਲੀ ਨਾਰ ਜੇਲ੍ਹ ਵਿਚ ਕਿਸ ਤਰ੍ਹਾਂ ਵਾਰਤਾਲਾਪ ਕਰਦੀ ਹੈ, ਢਾਡੀਆਂ ਦੀਆਂ ਵਾਰਾਂ ਸੁਣਦੇ ਆਏ ਹਾਂ। ਉਸ ਦੇ ਸਮਾਜਵਾਦੀ ਵਿਚਾਰਾਂ ਦੀ ਚਰਚਾ ਬਹੁਤ ਬਾਅਦ ਵਿਚ ਚੱਲੀ ਹੈ। ਇਸ ਦਾ ਇਕੋ ਕਾਰਨ ਹੈ ਕਿ ਮੌਤ ਬਹੁਤ ਹੀ ਡਰਾਉਣੀ ਚੀਜ਼ ਹੈ; ਇਨਸਾਨ ਹੀ ਨਹੀਂ, ਹਰ ਜੀਵ ਇਸ ਤੋਂ ਡਰਦਾ ਹੈ ਤੇ ਬਚਣ ਦਾ ਹੀਲਾ ਕਰਦਾ ਹੈ। ਇਸ ਲਈ ਮੌਤ ਨੂੰ ਹੱਸ ਕੇ ਗਲ ਲਗਾਉਣਾ ਬਹੁਤ ਵੱਡਾ ਅਪਵਾਦ ਤੇ ਅਜੀਬੋ ਗਰੀਬ ਗੱਲ ਹੈ। ਇਹ ਲੋਕਾਂ ਦਾ ਧਿਆਨ ਖਿੱਚਦੀ ਹੈ।

ਇਹ ਵੀ ਸੁਣਿਆ ਗਿਆ ਕਿ ਭਗਤ ਸਿੰਘ ਦੀ ਫਾਂਸੀ ਤੋਂ ਬਾਅਦ ਮੁਲਕ ਵਿਚ ਲੋਕਾਂ ਵੱਲੋਂ ਆਜ਼ਾਦੀ ਦੇ ਅੰਦੋਲਨ ਵਿਚ ਕੁੱਦਣ ਦਾ ਜੋਸ਼ ਵਧ ਗਿਆ ਸੀ। ਫਾਂਸੀ ਉਪਰ ਲੋਕਾਂ ਨੇ ਦੁੱਖ ਦਾ ਹਉਕਾ ਵੀ ਲਿਆ ਤੇ ਕੁਝ ਜਗ੍ਹਾ ਮੁਜ਼ਾਹਰੇ ਵੀ ਹੋਏ ਪਰ ਇਸ ਤੋਂ ਅੱਗੇ ਕੁਝ ਨਹੀਂ। ਜੇ ਕਹੀਏ ਕਿ ਧਰਨਿਆਂ ਤੇ ਸਤਿਆਗ੍ਰਹਿਆਂ ਵਿਚ ਲੋਕਾਂ ਦੀ ਸ਼ਮੂਲੀਅਤ ਵਧਦੀ ਗਈ ਤਾਂ ਇਹ ਵਧਣਾ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਸੀ। ਜੇ ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਨਾ ਹੁੰਦੀ ਤਾਂ ਇਹ ਅਗਾਂਹਵਧੂ ਵਿਚਾਰਾਂ ਨਾਲ ਲੈਸ ਨੌਜਵਾਨ ਇਨ੍ਹਾਂ ਅੰਦੋਲਨਾਂ ਨੂੰ ਜਥੇਬੰਦ ਕਰਨ ਵਿਚ ਬਹੁਤ ਤਕੜੀ ਤੇ ਵਿਹਾਰਕ ਭੂਮਿਕਾ ਅਦਾ ਕਰ ਸਕਦੇ ਸਨ।

ਫਿਰ ਸਤਿਆਗ੍ਰਹਿਆਂ ਵਿਚ ਸ਼ਮੂਲੀਅਤ ਭਗਤ ਸਿੰਘ ਦੀ ਸੇਧ ਨਹੀਂ ਸੀ। ਉਹ ਇਸ ਰਸਤੇ ਦਾ ਹਾਮੀ ਨਹੀਂ ਸੀ। ਭਗਤ ਸਿੰਘ ਤੇ ਸਾਥੀਆਂ ਦੀ ਲਾਈ ਚੰਗਿਆੜੀ ਦਾ ਭਾਂਬੜ ਬਣ ਜਾਣਾ ਤਾਂ ਹੀ ਮੰਨਿਆ ਜਾ ਸਕਦਾ ਹੈ, ਜੇ ਕਾਫ਼ੀ ਵੱਡੀ ਗਿਣਤੀ ਦੇ ਨੌਜਵਾਨ ਪਿਸਤੌਲਾਂ ਤੇ ਬੰਬਾਂ ਦੇ ਰਾਹ ਪੈ ਕੇ ਅੰਗਰੇਜ਼ ਅਫ਼ਸਰਾਂ ਦੇ ਕਤਲਾਂ ਵੱਲ ਤੁਰਦੇ, ਲੇਕਿਨ ਭਗਤ ਸਿੰਘ ਦੀ ਫਾਂਸੀ ਤੋਂ ਬਾਅਦ ਨਾ ਤਾਂ ਇਸ ਤਰ੍ਹਾਂ ਅੰਗਰੇਜ਼ ਅਫ਼ਸਰਾਂ ਦੇ ਕਤਲ ਹੋਏ ਤੇ ਨਾ ਹੀ ਅਸੰਬਲੀ ਵਿਚ ਬੰਬ ਸੁੱਟਿਆ ਗਿਆ। ਸ਼ਾਇਦ ਇਸ ਕਰ ਕੇ ਕਿ ਆਜ਼ਾਦੀ ਅੰਦੋਲਨ ਨੇ ਕਾਮਯਾਬੀ ਵੱਲ ਵਧਣਾ ਸੀ।

ਅੱਜ ਵੀ ਜਦੋਂ ਸਮਾਜਕ ਇਨਸਾਫ਼ ਦੇ ਮਸਲਿਆਂ ਉਪਰ ਅੰਦੋਲਨ ਦੇ ਵਕਤ ਭਗਤ ਸਿੰਘ ਨੂੰ ਕੇਂਦਰ ਵਿਚ ਰੱਖ ਕੇ ਆਦਰਸ਼ ਬਣਾਇਆ ਜਾਂਦਾ ਹੈ ਤਾਂ ਇਸ ਦੇ ਵੱਖਰੇ ਵੱਖਰੇ ਅਰਥ ਨਿਕਲਦੇ ਹਨ। ਸਟੇਜ ਵੱਲੋਂ ਭਾਵੇਂ ਭਗਤ ਸਿੰਘ ਦੇ ਸਮਾਜਵਾਦੀ ਤੇ ਨਾਸਤਿਕਤਾ ਦੇ ਵਿਚਾਰਾਂ ਦਾ ਪ੍ਰਚਾਰ ਹੋ ਰਿਹਾ ਹੋਵੇ ਲੇਕਿਨ ਭਗਤ ਸਿੰਘ ਦਾ ਆਦਰਸ਼ ਇਸ ਤੋਂ ਵੱਖਰੀ ਸੇਧ ਦਿੰਦਾ ਹੈ। ਨਿਰਸੰਦੇਹ ਇਹ ਦਮੂਖਾਂ ਬੀਜਣ ਅਤੇ 'ਏਕ ਖੇਲ ਜਾਨਣਾ ਫਾਂਸੀ ਪੇ ਝੂਲ ਜਾਣਾ' ਦੀ ਤਰਫ਼ ਖਿੱਚ ਪਾਉਂਦਾ ਹੈ। ਭਗਤ ਸਿੰਘ ਦਾ ਤਸੱਵਰ ਜਥੇਬੰਦਕ, ਅਹਿੰਸਕ ਤੇ ਲੰਬੇ ਸੰਘਰਸ਼ਾਂ ਤੋਂ ਮੂੰਹ ਮੋੜਦਾ ਹੈ। ਸਿਧਾਂਤਕ ਤੌਰ 'ਤੇ ਇਹ ਆਦਰਸ਼ ਅੰਦੋਲਨਾਂ ਵਿਚ ਲੋਕਾਂ ਦੀ ਭਾਰੀ ਸ਼ਮੂਲੀਅਤ ਦੀ ਲੋੜ ਨੂੰ ਰੱਦ ਕਰਦਾ ਹੈ ਤੇ ਕੁਝ ਕੁ ਪੱਕੇ ਤੇ ਸੰਘਰਸ਼ ਨੂੰ ਅਪਣਾਏ ਲੋਕਾਂ ਦੀ ਲੋੜ ਮਹਿਸੂਸ ਕਰਦਾ ਹੈ ਜਿਨ੍ਹਾਂ ਦੀ ਵਫ਼ਾਦਾਰੀ ਦੀ ਪਰਖ ਮੋਮਬੱਤੀ ਦੀ ਲਾਟ 'ਤੇ ਲੰਬੀ ਦੇਰ ਹੱਥ ਰੱਖਣ ਦੀ ਸਮਰੱਥਾ ਨਾਲ ਹੋ ਸਕਦੀ ਹੈ।

ਅਜੇ ਕੁਝ ਮਹੀਨੇ ਪਹਿਲਾਂ ਹੀ ਟੀ.ਵੀ. ਉਪਰ ਭਗਤ ਸਿੰਘ ਬਾਰੇ ਚਰਚਾ ਚੱਲ ਰਹੀ ਸੀ। ਪੰਜਾਬੀ ਦੇ ਵਿਦਵਾਨ ਲੇਖਕ ਅਜੀਤ ਸਿੰਘ ਰਾਹੀ ਨੇ ਆਜ਼ਾਦੀ ਸੰਘਰਸ਼ ਦੌਰਾਨ ਕਿਸੇ ਦਾ ਹਵਾਲਾ ਦੇ ਕੇ ਕਿਹਾ ਕਿ ਉਸ ਦਾ ਕਹਿਣਾ ਸੀ ਕਿ ਉਸ ਨੂੰ ਆਜ਼ਾਦੀ ਵਾਸਤੇ ਉਸ ਵੇਲੇ ਦੀ ਆਬਾਦੀ ਦੇ ਸਾਰੇ ਲੋਕ, ਯਾਨੀ 30 ਕਰੋੜ ਭਾਰਤੀਆਂ ਦੀ ਲੋੜ ਨਹੀਂ, ਬੱਸ ਤਿੰਨ ਭਗਤ ਸਿੰਘ ਮਿਲ ਜਾਣ ਤਾਂ ਆਜ਼ਾਦੀ ਹਾਸਿਲ ਹੋ ਸਕਦੀ ਹੈ। ਇਨ੍ਹਾਂ ਸਤਰਾਂ ਦੇ ਲੇਖਕ ਨੇ ਉਸ ਵਿਦਵਾਨ ਲੇਖਕ ਨੂੰ ਖ਼ਤ ਲਿਖ ਕੇ ਪੁੱਛਿਆ ਕਿ ਜੇ ਸਾਂਡਰਸ ਵਰਗੇ ਦੋ ਹੋਰ ਪੁਲਿਸ ਅਫ਼ਸਰ ਮਾਰ ਦਿੱਤੇ ਜਾਂਦੇ ਤੇ ਅਸੰਬਲੀ ਵਿਚ ਦੋ ਬੰਬ ਹੋਰ ਸੁੱਟ ਦਿੱਤੇ ਜਾਂਦੇ ਤਾਂ ਆਜ਼ਾਦੀ ਉਪਰ ਦਸਤਖ਼ਤ ਕਿਵੇਂ ਹੋ ਜਾਂਦੇ? ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ।

ਭਗਤ ਸਿੰਘ, ਉਸ ਦੇ ਸਾਥੀਆਂ ਅਤੇ ਅਜਿਹੇ ਹੀ ਵਿਚਾਰਾਂ ਦੇ ਧਾਰਨੀ ਹੋਰ ਲੋਕਾਂ ਨੇ ਦੇਸ਼ ਦੀ ਆਜ਼ਾਦੀ ਦੀ ਖ਼ਾਤਿਰ ਆਪਣੀ ਸਮਝ ਤੇ ਆਪਣੇ ਜਜ਼ਬਿਆਂ ਦੇ ਮੁਤਾਬਕ, ਜਿਸ ਤਰ੍ਹਾਂ ਉਹ ਠੀਕ ਸਮਝਦੇ ਸਨ, ਕੰਮ ਕੀਤਾ ਹੈ। ਉਨ੍ਹਾਂ ਬਗੈਰ ਕਿਸੇ ਲਾਲਚ ਜਾਂ ਬੇਈਮਾਨੀ ਦੇ ਆਪਣਾ ਸਭ ਕੁਝ, ਸਮੇਤ ਆਪਣੀ ਜਾਨ ਦੇ, ਆਜ਼ਾਦੀ ਵਾਸਤੇ ਅਰਪਨ ਕੀਤਾ। ਇਹ ਗੱਲ ਵੱਖਰੀ ਕਿ ਇਤਿਹਾਸ ਉਨ੍ਹਾਂ ਤੋਂ ਹੋਰ ਕਿਸਮ ਦੀ ਸਖ਼ਤ ਤੇ ਅਣਥੱਕ ਘਾਲਣਾ ਦੀ ਮੰਗ ਕਰਦਾ ਸੀ; ਅਜਿਹੀ ਘਾਲਣਾ ਦਾ ਉਹ ਮੌਕਾ ਹਾਸਿਲ ਨਹੀਂ ਕਰ ਸਕੇ, ਇਹ ਇਤਿਹਾਸਕ ਦੁਖਾਂਤ ਹੈ।

ਜਿੱਥੋਂ ਤੱਕ ਸ਼ਹੀਦ ਦੇ ਅਰਥ ਤੇ ਸ਼ਹਾਦਤ ਦੇ ਦਰਜੇ ਦਾ ਸਵਾਲ ਹੈ, ਇਹ ਬਹੁਤ ਪੇਚੀਦਾ ਮਸਲਾ ਹੈ। ਸ੍ਰੀ ਬੂਟਾ ਸਿੰਘ ਠੀਕ ਕਹਿੰਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਅਤੇ ਭਗਤ ਸਿੰਘ ਨੂੰ ਸ਼ਹੀਦ-ਏ-ਆਜ਼ਮ ਦੱਸਣ ਵਿਚ ਕੋਈ ਆਪਸੀ ਵਿਰੋਧ ਨਹੀਂ ਹੈ। ਇਹ ਵੱਖਰੇ ਵੱਖਰੇ ਸਮਿਆਂ ਤੇ ਸਥਿਤੀਆਂ ਦੀ ਗੱਲ ਹੈ। ਲਫ਼ਜ਼ੀ ਤੌਰ 'ਤੇ ਵੀ ਮੈਂ ਇਕ ਵਜ਼ਾਹਤ ਕਰਨੀ ਚਾਹੁੰਦਾ ਹਾਂ ਕਿ ਸਾਡੇ ਬਹੁਤ ਲੋਕ ਆਜ਼ਮ ਦਾ ਮਤਲਬ 'ਦੁਨੀਆਂ ਵਿਚ ਸਭ ਤੋਂ ਵੱਡਾ' ਸਮਝਦੇ ਹਨ। ਇਸ ਵਾਸਤੇ ਉਨ੍ਹਾਂ ਦਾ ਖਿਆਲ ਹੈ ਕਿ ਦੋ ਸ਼ਹੀਦ-ਏ-ਆਜ਼ਮ ਨਹੀਂ ਹੋ ਸਕਦੇ, ਪਰ ਉਹ ਗ਼ਲਤ ਹਨ, 'ਆਜ਼ਮ' ਅਰਬੀ ਜ਼ਬਾਨ ਦਾ ਸ਼ਬਦ ਹੈ ਤੇ ਇਸ ਦੇ ਅਰਥ ਸਭ ਤੋਂ ਵੱਡਾ ਨਹੀਂ, ਬਹੁਤ ਵੱਡਾ ਜਾਂ ਬਹੁਤ ਮਹਾਨ ਹੈ। ਅਰਬੀ ਵਿਚ ਇਸ ਦਾ ਸਹੀ ਉਚਾਰਨ ਐਤੇ ਨੂੰ ਅੱਧਾ ਕੰਨਾ ਹੈ ਜੋ ਅਸੀਂ ਨਹੀਂ ਬੋਲਦੇ। ਇਸ ਨੂੰ 'ਅਅਜ਼ਮ' ਕਰਕੇ ਬੋਲਿਆ ਜਾਂਦਾ ਹੈ।

ਲਫ਼ਜ਼ 'ਸ਼ਹੀਦ' ਦੇ ਅਰਥ ਵੀ ਗੁੰਝਲਦਾਰ ਹਨ। ਦੋ ਮੁਲਕਾਂ ਦੀ ਲੜਾਈ ਵਿਚ ਦੋਵੇਂ ਧਿਰਾਂ ਆਪਣੇ ਪਾਸੇ ਦੇ ਲੋਕਾਂ ਨੂੰ ਸ਼ਹਾਦਤ ਦਾ ਜਾਮ ਪੀ ਗਏ ਜਾਂ ਵੀਰ ਗਤੀ ਨੂੰ ਪ੍ਰਾਪਤ ਹੋ ਗਏ ਦੱਸਦੇ ਹਨ ਤੇ ਦੂਜੇ ਪਾਸੇ ਦੇ ਲੋਕਾਂ ਨੂੰ ਮਾਰ ਮੁਕਾਏ। ਫਿਰ ਅਸਲੀ ਸ਼ਹੀਦ ਪਤਾ ਨਹੀਂ ਕੌਣ ਹੋਏ। ਭਗਤ ਸਿੰਘ ਤੇ ਸਾਥੀਆਂ ਨੇ ਜਦੋਂ ਅੰਗਰੇਜ਼ ਅਫ਼ਸਰ ਨੂੰ ਮਾਰਿਆ, ਉਸ ਨੂੰ ਤਾਂ ਨਾ ਭੱਜਣ ਦਾ ਮੌਕਾ ਸੀ ਤੇ ਨਾ ਹੀ ਆਪਣਾ ਬਚਾਅ ਕਰਨ ਦਾ; ਲੇਕਿਨ ਉਸ ਦੇ ਪਿੱਛੇ ਆ ਰਹੇ ਹਵਾਲਦਾਰ ਚੰਨਣ ਸਿੰਘ ਨੇ ਹੋਰ ਪਿਛਾਂਹ ਦੌੜ ਕੇ ਲੁਕਣ ਦੀ ਬਜਾਏ ਹਮਲਾਵਰਾਂ ਦਾ ਪਿੱਛਾ ਕੀਤਾ ਤੇ ਮਾਰਿਆ ਗਿਆ। ਪਤਾ ਨਹੀਂ ਅਸੀਂ ਚੰਨਣ ਸਿੰਘ ਨੂੰ ਵੀ ਆਪਣੇ ਫ਼ਰਜ਼ ਦੀ ਖ਼ਾਤਿਰ ਸ਼ਹੀਦ ਹੋਇਆ ਮੰਨਾਂਗੇ ਕਿ ਨਹੀਂ? ਪਤਾ ਨਹੀਂ ਸਾਡਾ ਇਤਿਹਾਸ ਕਦੋਂ ਇਨ੍ਹਾਂ ਦੋ ਮੌਤਾਂ ਦੀ ਵਾਜਬੀਅਤ ਬਾਰੇ ਖਾਮੋਸ਼ੀ ਤੋੜੇਗਾ?

ਅਸੀਂ ਆਪਣੇ ਆਪ ਨੂੰ ਅਗਾਂਹਵਧੂ ਤਾਂ ਹੀ ਕਹਿ ਸਕਦੇ ਹਾਂ ਜੇ ਵਾਰ ਵਾਰ ਦੁਹਰਾਏ ਜਾਂਦੇ ਇਸ ਨਾਹਰੇ ਨੂੰ ਤਰਕ ਦੀ ਕਸਵੱਟੀ 'ਤੇ ਰੱਖੀਏ ਕਿ ਕੀ ਭਗਤ ਸਿੰਘ ਨੇ ਦੇਸ਼ ਦੀ ਆਜ਼ਾਦੀ ਵਾਸਤੇ ਫਾਂਸੀ ਦਾ ਰੱਸਾ ਚੁੰਮਿਆ ਸੀ? ਲੱਗਦਾ ਇਹ ਹੈ ਕਿ ਤਰਕ ਦੀ ਕਸਵੱਟੀ ਇਹ ਦੱਸੇਗੀ ਕਿ ਇਹ ਫਾਂਸੀ ਆਜ਼ਾਦੀ ਮੰਗਣ ਕਰ ਕੇ ਨਹੀਂ, ਪੁਲਿਸ ਕਰਮੀਆਂ ਦੇ ਕਤਲ ਤੇ ਅਸੰਬਲੀ ਵਿਚ ਬੰਬ ਸੁੱਟਣ ਕਰ ਕੇ ਮਿਲੀ ਸੀ। ਇਸ ਵਾਸਤੇ ਭਗਤ ਸਿੰਘ ਦੀ ਸ਼ਹਾਦਤ ਦੇ ਦਰਜੇ ਦੀ ਬਹਿਸ ਦੀ ਬਜਾਏ ਲੋੜ ਇਸ ਗੱਲ ਦੀ ਹੈ ਕਿ ਉਸ ਦੀ ਜ਼ਿੰਦਗੀ ਤੇ ਫਾਂਸੀ ਨੂੰ ਇਤਿਹਾਸ ਦੇ ਸਹੀ ਚੌਖਟੇ ਵਿਚ ਰੱਖ ਕੇ ਵਿਚਾਰਿਆ ਜਾਵੇ। ਇਤਿਹਾਸ ਤੋਂ ਸਹੀ ਸਬਕ ਲੈਣ ਵਾਸਤੇ ਲੋੜ ਹੈ ਕਿ ਇਤਿਹਾਸਕ ਨਾਇਕਾਂ ਦੀਆਂ ਭੂਮਿਕਾਵਾਂ ਨੂੰ ਵਿਚਾਰਨ ਵਾਸਤੇ ਅੰਧ-ਵਿਸ਼ਵਾਸ ਨਹੀਂ, ਤਰਕਸ਼ੀਲਤਾ ਅਪਣਾਈਏ।

#

ਜਿੱਥੋਂ ਤੱਕ ਸ਼ਹੀਦ ਦੇ ਅਰਥ ਤੇ ਸ਼ਹਾਦਤ ਦੇ ਦਰਜੇ ਦਾ ਸਵਾਲ ਹੈ, ਇਹ ਬਹੁਤ ਪੇਚੀਦਾ ਮਸਲਾ ਹੈ।... ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਅਤੇ ਭਗਤ ਸਿੰਘ ਨੂੰ ਸ਼ਹੀਦ-ਏ-ਆਜ਼ਮ ਦੱਸਣ ਵਿਚ ਕੋਈ ਆਪਸੀ ਵਿਰੋਧ ਨਹੀਂ ਹੈ। ਇਹ ਵੱਖਰੇ ਵੱਖਰੇ ਸਮਿਆਂ ਤੇ ਸਥਿਤੀਆਂ ਦੀ ਗੱਲ ਹੈ।

# ਅਸਲੀ ਧਰਮ ਇਨਸਾਨੀਅਤ

ਦਸਵੀਂ ਤੱਕ ਮੈਂ ਆਪਣੀ ਜਮਾਤ ਵਿਚੋਂ ਪਹਿਲੇ ਨੰਬਰ 'ਤੇ ਪਾਸ ਹੁੰਦਾ ਰਿਹਾ। ਫਿਰ ਪਤਾ ਨਹੀਂ ਕਿਵੇਂ ਹੋਇਆ, ਮੈਂ ਟੁੱਟੀ-ਭੱਜੀ ਜਿਹੀ ਬੀ.ਏ. ਹੀ ਕਰ ਸਕਿਆ। ਫਿਰ ਸਰਕਾਰੀ ਨੌਕਰੀ ਲੱਭਦਿਆਂ ਉਮਰ ਗਵਾ ਲਈ। ਇਕ ਕਿੱਲਾ ਜ਼ਮੀਨ ਸੀ, ਦੋ ਭੈਣਾਂ ਦੇ ਵਿਆਹ ਤੋਂ ਬਾਅਦ ਪੱਲੇ ਭੁੱਖ-ਨੰਗ ਤੋਂ ਬਗੈਰ ਹੋਰ ਕੁਝ ਨਹੀਂ ਸੀ ਪੈਂਦਾ। ਜਦੋਂ ਵੱਡੀਆਂ ਛੋਟੀਆਂ ਸਿੱਖ ਸੰਸਥਾਵਾਂ ਵਿਚ ਵੀ ਸੇਵਾਦਾਰ ਜਾਂ ਚਪੜਾਸੀ ਤੱਕ ਦੀ ਨੌਕਰੀ ਨਾ ਮਿਲੀ ਤਾਂ ਅਜਨਾਲੇ ਸ਼ਹਿਰ ਦੇ ਇਕ ਵੱਡੇ ਕੈਥੋਲਿਕ ਕਾਨਵੈਂਟ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਪਾਦਰੀ ਕੋਲ ਪੇਸ਼ ਹੋ ਗਿਆ। ਇਹ ਪਾਦਰੀ ਚੰਗਾ

ਦਲਵਿੰਦਰ ਸਿੰਘ ਅਜਨਾਲਾ
ਫੋਨ: 661-834-9770

ਪੜ੍ਹਿਆ ਲਿਖਿਆ ਤਾਂ ਸੀ ਹੀ, ਤਬੀਅਤ ਦਾ ਵੀ ਫ਼ੱਕਰ ਸੀ। ਮੈਨੂੰ ਉਹ ਤਰਸਖੋਰ ਇਨਸਾਨ ਵੀ ਜਾਪਿਆ। ਸੰਖੇਪ ਜਿਹੀ ਗੱਲਬਾਤ ਤੋਂ ਬਾਅਦ ਮੈਨੂੰ ਕਹਿਣ ਲੱਗਾ, "ਮੇਰੇ ਸਕੂਲ ਵਿਚ ਸਾਰੇ ਅਧਿਆਪਕ ਟਰੇਂਡ ਹਨ, ਭਾਵ ਬੀ.ਐਡ. ਹਨ; ਜ਼ਿਆਦਾਤਰ ਐਮ.ਏ., ਐਮ.ਐਸਸੀ. ਹਨ ਪਰ ਤੈਨੂੰ ਇਸ ਸਕੂਲ ਵਿਚ ਇਕ ਮਹੀਨੇ ਵਾਸਤੇ ਅਧਿਆਪਕ ਰੱਖ ਲੈਂਦਾ ਹਾਂ। ਜੇ ਤੇਰਾ ਕੰਮ ਤਸੱਲੀਬਖ਼ਸ਼ ਰਿਹਾ ਤਾਂ ਤੈਨੂੰ ਪੱਕਾ ਰੱਖ ਲਿਆ ਜਾਵੇਗਾ ਤੇ ਆਪਣੇ ਖਰਚੇ 'ਤੇ ਬੀ.ਐਡ. ਵੀ ਕਰਵਾ ਦਿਆਂਗਾ।"

ਅਗਲੇ ਦਿਨ ਤੋਂ ਮੈਂ ਸਕੂਲ ਵਿਚ ਅਧਿਆਪਕ ਵਜੋਂ ਨੌਕਰੀ ਅਰੰਭ ਕਰ ਦਿੱਤੀ। ਸਕੂਲ ਵਿਚ ਪੱਗ ਵਾਲਾ ਮੈਂ ਇੱਕੋ ਅਧਿਆਪਕ ਸਾਂ। ਜ਼ਿਆਦਾਤਰ ਅਧਿਆਪਕ ਔਰਤਾਂ ਹੀ ਸਨ ਅਤੇ ਜਿਹੜੇ ਮਰਦ ਸਨ, ਉਹ ਸਾਰੇ ਇਸਾਈ ਸਨ। ਛੇਤੀ ਹੀ ਇਸ ਸਕੂਲ ਅਤੇ ਸ਼ਹਿਰ ਵਿਚ ਇਕ ਚੰਗੇ ਅਧਿਆਪਕ ਵਜੋਂ ਮੇਰੀ ਚੰਗੀ ਪੈਂਠ ਬਣ ਗਈ। ਸਕੂਲ ਦੇ ਪਾਦਰੀ ਨੇ ਮੈਨੂੰ ਪੱਕਾ ਕਰ ਦਿੱਤਾ ਅਤੇ ਉਹ ਮੇਰੇ ਚੰਗੇ ਮਿੱਤਰ ਵੀ ਬਣ ਗਏ।

ਇਕ ਸਾਲ ਬਾਅਦ ਇਹ ਨੇਕ ਇਨਸਾਨ 48 ਸਾਲ ਦੀ ਉਮਰ ਵਿਚ ਦਿਲ ਫੇਲ੍ਹ ਹੋਣ ਕਰ ਕੇ ਵਫ਼ਾਤ ਪਾ ਗਿਆ। ਸਕੂਲ ਦਾ ਨਵਾਂ ਡਾਇਰੈਕਟਰ ਅੰਗਰੇਜ਼ ਪਾਦਰੀ ਬਣ ਗਿਆ। ਉਹ ਵੀ ਚੰਗਾ ਇਨਸਾਨ ਸੀ ਅਤੇ ਸਭ ਦਾ ਭਲਾ ਤੱਕਣ ਵਾਲਾ ਬੰਦਾ ਸੀ। ਦੋ ਸਾਲ ਬਾਅਦ ਉਸ ਦੀ ਬਦਲੀ ਅੰਮ੍ਰਿਤਸਰ ਹੋ ਗਈ ਅਤੇ ਥੋੜ੍ਹੇ ਸਾਲਾਂ ਬਾਅਦ ਉਹ ਵੀ ਸਪੁਰਦ-ਏ-ਖਾਕ ਹੋ ਗਿਆ। ਅਖੀਰ ਤੱਕ ਇਹ ਬੰਦਾ ਮੈਨੂੰ ਆਪਣਿਆਂ ਵਾਂਗ ਮਿਲਦਾ ਰਿਹਾ। ਇਸ ਤੋਂ ਬਾਅਦ ਰੋਮ ਤੋਂ ਡਿਗਰੀ ਕਰ ਕੇ ਆਇਆ ਪਾਦਰੀ ਸਕੂਲ ਦਾ ਮੈਨੇਜਰ ਬਣਿਆ। ਉਸ ਨੇ ਵੀ ਬਹੁਤ ਪਿਆਰ ਸਤਿਕਾਰ ਦਿੱਤਾ। ਇਹੋ ਜਿਹੇ ਹਾਲਾਤ ਵਿਚ ਮੈਂ ਐਮ.ਏ. (ਅੰਗਰੇਜ਼ੀ) ਅਤੇ ਬੀ.ਐਡ. ਕਰ ਗਿਆ। ਆਪਣੇ ਪਿੰਡੋਂ ਸਾਈਕਲ ਉਤੇ 30 ਕਿਲੋਮੀਟਰ ਪੈਂਡਾ ਮਾਰ ਕੇ ਅਜਨਾਲੇ ਪਹੁੰਚਣਾ, 3 ਵਜੇ ਤੱਕ ਸਕੂਲ ਵਿਚ ਅਤੇ ਫਿਰ ਰਾਤ ਤਕ ਟਿਊਸ਼ਨਾਂ ਦਾ ਕੰਮ ਕਰਨਾ। ਕਈ ਵਾਰ ਅੱਧੀ ਰਾਤ ਨੂੰ ਘਰ ਅਪੜਨਾ। ਉਦੋਂ ਸਮਾਂ ਬੜਾ ਭਿਆਨਕ ਸੀ, ਪੰਜਾਬ ਵਿਚ ਹਨੇਰਗਰਦੀ ਦਾ ਦੌਰ ਚੱਲ ਰਿਹਾ ਸੀ। ਮੈਨੂੰ ਸਕੂਲ ਵਿਚੋਂ ਜੋ ਤਨਖਾਹ ਮਿਲਦੀ, ਉਸ ਵਿਚੋਂ ਕੁਝ ਮਾਂ ਨੂੰ ਦੇ ਦਿੰਦਾ, ਕੁਝ ਛੋਟੇ ਭਰਾ ਨੂੰ ਕਾਲਜ ਦੀ ਪੜ੍ਹਾਈ ਲਈ ਦੇ ਦਿੰਦਾ, ਕੁਝ ਆਪਣੇ ਮਾੜੇ ਮੋਟੇ ਚਾਹ ਪਾਣੀ ਅਤੇ ਆਪਣੇ ਸਾਈਕਲ ਦੇ ਦੁੱਖ ਦਰਦ ਵਾਸਤੇ ਰੱਖਣ ਤੋਂ ਬਾਅਦ ਬਾਕੀ ਬਚਦੀ ਮਨੁੱਖਤਾ ਦੇ ਸੱਚੇ ਅਤੇ ਨਿਸ਼ਕਾਮ ਸੇਵਕ ਭਗਤ ਪੂਰਨ ਸਿੰਘ ਦੇ ਚਰਨਾਂ ਵਿਚ ਭੇਟ ਕਰ ਛੱਡਦਾ। ਜਦੋਂ ਕਦੇ ਮੌਸਮ ਬਹੁਤ ਖਰਾਬ ਹੋ ਜਾਂਦਾ, ਮੈਂ ਬੱਸ 'ਤੇ ਸਫਰ ਕਰਦਾ। ਵਾਪਸੀ 'ਤੇ ਬੱਸ, ਇਕ ਪੈਟਰੋਲ ਪੰਪ ਤੋਂ ਚਲਦੀ ਸੀ। ਇਸ ਪੈਟਰੋਲ ਪੰਪ ਦਾ ਮਾਲਕ ਸ਼ਹਿਰ ਦਾ ਇਕ ਅਮੀਰ ਆਦਮੀ ਸ਼ਰਮਾ ਸੀ, ਅੱਜ ਵੀ ਹੈ। ਇਹ ਬੜਾ ਰੋਅਬ-ਦਾਅਬ ਵਾਲਾ ਚੰਗਾ ਪੜ੍ਹਿਆ ਲਿਖਿਆ ਆਦਮੀ ਹੈ। ਇਹ ਸਾਊ ਜਿਹਾ ਲੱਗਦਾ ਬੰਦਾ ਆਪਣੇ ਪੰਪ ਦੇ ਖੁੱਲ੍ਹੇ ਵਿਹੜੇ ਵਿਚ ਨਹਿਰੂ ਸਟਾਈਲ ਲਿਬਾਸ ਪਹਿਨੀਂ ਕੁਰਸੀ 'ਤੇ ਬੈਠਾ ਅਕਸਰ ਅਖ਼ਬਾਰ ਪੜ੍ਹ ਰਿਹਾ ਹੁੰਦਾ। ਮੈਂ ਇਸ ਤੋਂ ਥੋੜ੍ਹਾ ਜਿਹਾ ਹਟਵਾਂ ਬੱਸ ਦੀ ਉਡੀਕ ਵਿਚ ਖੜ੍ਹਾ ਹੁੰਦਾ। ਇਕ ਦਿਨ ਸ਼ਰਮਾ ਜੀ ਮੈਨੂੰ ਆਵਾਜ਼ ਮਾਰ ਕੇ ਕਹਿੰਦੇ, "ਬਈ ਜਵਾਨਾ, ਬੱਸ ਉਡੀਕਨੈਂ? ਆ ਜਾ ਬਹਿ ਜਾ ਇਥੇ। ਕੁਰਸੀ ਲੈ ਲੈ। ਅਖ਼ਬਾਰ ਪੜ੍ਹਨੀ ਆਂ ਤੇ ਪੜ੍ਹ ਲੈ।" ਅੰਗਰੇਜ਼ੀ, ਉਰਦੂ ਅਤੇ ਪੰਜਾਬੀ ਤਿੰਨ ਅਖ਼ਬਾਰ ਉਥੇ ਪਏ ਸਨ। ਮੈਂ ਉਹਦੇ ਅੱਗੇ ਵਾਲੀ ਕੁਰਸੀ 'ਤੇ ਬੈਠ ਗਿਆ। ਉਸ ਨੇ ਅਖ਼ਬਾਰ ਤੋਂ ਮਾਰਧਾੜ ਅਤੇ ਕਤਲੋਗਾਰਤ ਦੀਆਂ ਖ਼ਬਰਾਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ।

ਇਸ ਸੰਖੇਪ ਜਿਹੀ ਗੱਲਬਾਤ ਤੋਂ ਮੈਨੂੰ ਇਹ ਬੰਦਾ ਦਾਨਿਸ਼ਵਰ, ਧਰਮ ਨਿਰਪੱਖ ਅਤੇ ਮਨੁੱਖਤਾ ਦਾ ਹਿਤੈਸ਼ੀ ਜਾਪਿਆ। ਇਸ ਤੋਂ ਬਾਅਦ ਵੀ ਬਹਿਣ-ਖਲੋਣ ਦਾ ਸਿਲਸਿਲਾ ਤਾਂ ਚਲਦਾ ਰਿਹਾ ਪਰ 'ਕਿਥੇ ਰਾਜਾ ਭੋਜ ਤੇ ਕਿਥੇ ਗੰਗੂ ਤੇਲੀ' ਹੋਣ ਕਰ ਕੇ ਮੈਂ ਇਸ ਵੱਡੇ ਬੰਦੇ ਦੀ ਸੰਗਤ ਵਿਚ ਬੇਚੈਨੀ ਜਿਹੀ ਮਹਿਸੂਸ ਕਰਦਾ। ਵੱਡੇ ਬੰਦੇ ਦੇ ਮਨ ਵਿਚ ਜੇ ਕੋਈ ਮੌਜ ਜਾਂ ਸ਼ੁਗਲ ਉਠੇ ਤਾਂ ਉਹ ਛੋਟੇ ਬੰਦੇ ਨੂੰ ਮਿੱਤਰ ਬਣਾ ਸਕਦਾ ਹੈ, ਪਰ ਜੇ ਛੋਟਾ ਬੰਦਾ ਵੱਡੇ ਬੰਦੇ ਨਾਲ ਦੋਸਤੀ ਪਾਉਣ ਬਾਰੇ ਸੋਚੇ ਵੀ, ਤਾਂ ਇਹ ਹਾਸੋ ਹੀਣੀ ਜਿਹੀ ਗੱਲ ਹੋ ਸਕਦੀ ਹੈ। ਭਗਵਾਨ ਕ੍ਰਿਸ਼ਨ ਤੇ ਸੁਦਾਮਾ ਅਤੇ ਗੁਰੂ ਨਾਨਕ ਦੇਵ ਤੇ ਮਰਦਾਨਾ ਤਾਂ ਬੜੇ ਦੁਰਲੱਭ ਇਤਿਹਾਸਕ ਕੌਤਕ ਹਨ।

ਖੈਰ! ਕੁਝ ਕੁ ਦਿਨਾਂ ਦੇ ਮੇਲ ਮਿਲਾਪ ਤੋਂ ਬਾਅਦ ਮੈਨੂੰ ਮਹਿਸੂਸ ਹੋਇਆ ਕਿ ਸ਼ਰਮਾ ਜੀ ਨੇ ਮੈਨੂੰ ਆਪਣਾ ਮਿੱਤਰ ਬਣਾ ਕੇ ਉਸ ਬੇਵਿਸ਼ਵਾਸੀ, ਬੇਰਹਿਮੀ, ਅੰਨ੍ਹੀ ਫਿਰਕਾਪ੍ਰਸਤੀ ਅਤੇ ਨਫ਼ਰਤਾਂ/ਕੁੜਿੱਤਣਾਂ ਵਾਲੇ ਦੌਰ ਵਿਚ ਬਹੁਤ ਦਲੇਰਾਨਾ ਕਦਮ ਪੁੱਟਿਆ ਸੀ। ਸ਼ਰਮਾ ਜੀ ਉਰਦੂ, ਫਾਰਸੀ ਅਤੇ ਅੰਗਰੇਜ਼ੀ ਦੇ ਚੰਗੇ ਆਲਮ ਫਾਜ਼ਲ ਹਨ। ਇਹ ਲੁਕੇ-ਛਿਪੇ ਅਤੇ ਸੰਗਾਊ ਜਿਹੇ ਸ਼ਾਇਰ ਵੀ ਹਨ। ਕਈ ਪੁਰਾਣੇ ਨਾਮਵਰ ਅਦੀਬ ਇਨ੍ਹਾਂ ਦੇ ਮਿੱਤਰ ਸਨ ਜਿਨ੍ਹਾਂ ਵਿਚੋਂ ਪਾਕਿਸਤਾਨੀ ਪੰਜਾਬ ਤੋਂ ਇੰਗਲੈਂਡ ਜਾ ਵਸਿਆ ਅਦੀਬ ਅਮੀਨ ਮਲਿਕ ਵੀ ਸੀ। ਬਾਊ ਜੀ ਅੰਮ੍ਰਿਤਸਰ ਦੇ ਰਹਿ ਚੁੱਕੇ ਅੰਗਰੇਜ਼ ਡਿਪਟੀ ਕਮਿਸ਼ਨਰਾਂ ਨਾਲ ਵੀ ਸਰਕਾਰੀ ਨੌਕਰੀ ਕਰ ਚੁੱਕੇ ਸਨ। ਇਸ ਲਈ ਉਹ ਅੰਗਰੇਜ਼ੀ ਹਕੂਮਤ ਦੇ ਇਤਿਹਾਸ ਦੀ ਫਰੋਲਾ-ਫਰਾਲੀ ਕਰਦਿਆਂ ਉਸ ਦੌਰ ਦੀਆਂ ਕਈ ਹੈਰਾਨਕੁਨ ਅਤੇ ਰੋਚਕ ਘਟਨਾਵਾਂ ਵੀ ਸੁਣਾਉਂਦੇ ਅਤੇ ਪੰਜਾਬ ਵਿਚ ਚੱਲ ਰਹੀ ਹਨੇਰਗਰਦੀ ਅਤੇ ਖੂਨਖਰਾਬੇ ਉਪਰ ਤੀਬਰ ਸੁਰ ਵਿਚ ਤਬਸਰਾ ਕਰਦਿਆਂ ਮੇਰੇ ਵਿਚਾਰ ਜਾਣਨ ਦੀ ਕੋਸ਼ਿਸ਼ ਵੀ ਕਰਦੇ ਰਹਿੰਦੇ, ਪਰ ਮੈਂ ਜ਼ਿਆਦਾ ਨਾ ਬੋਲ ਸਕਦਾ ਅਤੇ ਆਪਣੀ ਧਾਰਨਾ ਮੁਤਾਬਿਕ ਸਿਰਫ ਇੰਨਾ ਹੀ ਬੋਲਦਾ ਕਿ ਇਹ ਹਨੇਰਗਰਦੀ ਮੁੱਠੀ ਭਰ ਸ਼ੈਤਾਨ ਲੋਕਾਂ ਦੀ ਸ਼ਰਾਰਤ ਹੈ; ਉਨ੍ਹਾਂ ਨੇ ਇਹ ਕਿਉਂ ਸ਼ੁਰੂ ਕੀਤੀ ਹੈ, ਇਹ ਕਿੰਨੀ ਦੇਰ ਚੱਲੇਗੀ, ਇਹ ਕਿਵੇਂ ਅਤੇ ਕਦੋਂ ਖਤਰਾ ਹੋਵੇਗੀ, ਇਹ ਉਹੀ ਜਾਣਦੇ ਹਨ।

ਸ਼ਰਮਾ ਜੀ ਦੀ ਖੁਦਦਾਰੀ, ਵਿਦਵਤਾ ਤੇ ਮਜ਼ਾਹੀਆ-ਕਲਾਮੀ ਸ਼ਖ਼ਸੀਅਤ ਦਾ ਵੱਡੇ-ਵੱਡੇ ਸਿਆਸਤਦਾਨ, ਅਫ਼ਸਰ ਅਤੇ ਸੰਤ ਬਾਬੇ ਵੀ ਪਾਣੀ ਭਰਦੇ ਮੈਂ ਆਪਣੀ ਅੱਖੀਂ ਵੇਖੇ ਹਨ। ਹੁਣ ਤੱਕ ਬਾਊ ਜੀ ਮੇਰੇ ਬਾਰੇ ਸਭ ਕੁਝ ਜਾਣ ਚੁੱਕੇ ਸਨ। ਮੇਰੇ ਨਾਂਹ-ਨੁੱਕਰ ਕਰਦਿਆਂ ਵੀ ਕਈ ਵਾਰ ਉਨ੍ਹਾਂ ਨੇ ਮੈਨੂੰ ਚਾਹ ਪਾਣੀ ਅਤੇ ਪ੍ਰਸ਼ਾਦਾ-ਪਾਣੀ ਛਕਾ ਦੇਣਾ। ਇਥੋਂ ਤੱਕ ਕਿ ਉਨ੍ਹਾਂ ਨੇ ਆਪਣੇ ਕਰਮਚਾਰੀਆਂ ਨੂੰ ਹੁਕਮ ਦਿੱਤਾ ਹੋਇਆ ਸੀ ਕਿ ਮੈਂ ਜੇ ਇਥੇ ਨਾ ਵੀ ਹੋਵਾਂ ਤਾਂ ਵੀ ਮਾਸਟਰ ਜੀ ਦੀ ਟਹਿਲ ਸੇਵਾ ਵਿਚ ਫਰਕ ਨਹੀਂ ਛੱਡਣਾ।

ਇਕ ਦਿਨ ਬਾਊ ਜੀ ਗੰਭੀਰ ਮੁਦਰਾ ਵਿਚ ਕਹਿੰਦੇ, "ਮਾਸਟਰ ਜੀ, ਜੇ ਬੁਰਾ ਨਾ ਮੰਨੋ ਤਾਂ ਇਕ ਗੱਲ ਆਖਾਂ।" ਮੈਂ ਠਠੰਬਰ ਗਿਆ ਅਤੇ ਘਬਰਾਹਟ ਜਿਹੀ ਵਿਚ ਕਹਿ ਦਿੱਤਾ, "ਹਾਂ ਜੀ, ਆਖੋ।" ਕਹਿੰਦੇ, "ਬਈ ਤੇਰੀ ਜ਼ਿੰਦਗੀ ਬਿਹਤਰ ਬਣਾਉਣ ਲਈ ਮੈਂ ਕੋਈ ਅਰਦਾਸ ਤੇ ਨਹੀਂ ਕਰ ਸਕਦਾ ਪਰ ਜੇ ਤੈਨੂੰ ਕਿਤੇ ਕੋਈ ਚੰਗੀ ਨੌਕਰੀ ਮਿਲੇ ਤਾਂ ਜਿੰਨੇ ਵੀ ਪੈਸੇ ਦੇਣੇ ਪੈਣ, ਉਹ ਮੈਂ ਦੇ ਦਿਆਂਗਾ...ਜਦੋਂ ਤੈਨੂੰ ਲੋੜ ਪਈ, ਮੈਨੂੰ ਤੁਰੰਤ ਦੱਸ ਦੇਵੀਂ।" ਉਨ੍ਹਾਂ ਦੀ ਇਹ ਪੇਸ਼ਕਸ਼ ਸੁਣਦਿਆਂ ਮੈਂ ਡੌਰ-ਭੌਰ ਹੋ ਗਿਆ। ਮੈਂ ਇਹ ਪੇਸ਼ਕਸ਼ ਖੁੱਲ੍ਹ ਕੇ ਕਬੂਲ ਕਰਨ ਦੀ ਹਿੰਮਤ ਭਾਵੇਂ ਨਾ ਕਰ ਸਕਿਆ ਪਰ ਮੈਂ ਨਾਂਹ ਵੀ ਨਾ ਕਰ ਸਕਿਆ। ਮੈਂ ਉਨ੍ਹਾਂ ਦੇ ਇਸ ਅਹਿਸਾਨ ਦੀ ਪੰਡ ਚੁੱਕ ਕੇ ਉਥੋਂ ਮਸਾਂ ਪਿੰਡ ਪਹੁੰਚਿਆ ਪਰ ਕਈ ਦਿਨ ਮੈਨੂੰ ਇਸ ਅਲੋਕਾਰੀ ਅਤੇ ਅਨੋਖੀ ਘਟਨਾ ਨੇ ਬੇਚੈਨ ਅਤੇ ਹੈਰਾਨ ਕਰੀ ਰੱਖਿਆ। ਕਾਰਨ? ਜਿਹੜੇ ਸਾਡੇ ਆਪਣੇ, ਉਚੀਆਂ ਤੇ ਵੱਡੀਆਂ ਜਾਤਾਂ ਵਾਲੇ, ਸਕੇ-ਸੋਧਰੇ ਖਾਂਦੇ-ਪੀਂਦੇ ਸਿੱਖ ਸਰਦਾਰ ਸਨ, ਉਨ੍ਹਾਂ ਨੇ ਸਾਡੇ ਨਾਲ ਧੋਖੇ ਅਤੇ ਮੱਕਾਰੀਆਂ ਕਰ ਕੇ ਸਾਨੂੰ ਕੰਗਾਲ ਕਰ ਦਿੱਤਾ, ਸਾਡੇ ਨਾਲ ਵਿਸ਼ਵਾਸਘਾਤ ਕੀਤਾ; ਮੇਰੇ ਇਹ ਵੱਡੇ ਸਿੱਖ ਸਰਦਾਰ ਰਿਸ਼ਤੇਦਾਰ ਮੈਨੂੰ ਕਹਿੰਦੇ, "ਪੜ੍ਹਾਈਆਂ ਲਿਖਾਈਆਂ ਗਰੀਬਾਂ ਦੇ ਵੱਸ ਦੀ ਖੇਡ ਨਹੀਂ, ਸਾਡੀ ਆਥਣੇ ਕਰਿਆ ਕਰ...।" ਇਹ ਗੱਲ ਵੱਖਰੀ ਹੈ ਕਿ ਮਗਰੋਂ ਇਨ੍ਹਾਂ ਲੋਕਾਂ ਦੇ ਪੱਲੇ ਵੀ ਕੁਝ ਨਾ ਰਿਹਾ।

ਚਲੋ! ਵਕਤ ਦੀ ਚਾਲ ਨੇ ਮੈਨੂੰ ਇਕ ਹੋਰ ਅਨਹੋਣੀ ਦੇ ਦਰਸ਼ਨ ਕਰਵਾਏ। ਸਰਕਾਰੀ ਅਧਿਆਪਕ ਵਾਸਤੇ ਮੇਰੀ ਸਿਲੈਕਸ਼ਨ ਹੋ ਗਈ। ਸਟੇਸ਼ਨ ਅਲਾਟਮੈਂਟ ਡੀ.ਈ.ਓ. ਦਫ਼ਤਰ ਅੰਮ੍ਰਿਤਸਰ ਵੱਲੋਂ ਹੋਣੀ ਸੀ। ਸਬੰਧਤ ਕਲਰਕ ਬੜਾ ਸੁਹਣਾ ਬੀਬਾ ਪੰਜ ਕੱਕਾਰੀ ਗੁਰਸਿੱਖ ਸੀ। ਡੀ.ਈ.ਓ. ਵੀ ਗੁਰਸਿੱਖੀ ਬਾਣੇ ਵਿਚ ਗੁਰੂ ਦੇ ਹੁਕਮ ਦੀ ਰੱਜ ਕੇ ਜੱਖਣਾ ਪੁੱਟ ਰਿਹਾ ਸੀ। ਸੁਹਣਾ, ਬੀਬਾ ਮਿੱਠ-ਬੋਲੜਾ ਕਲਰਕ ਕਹਿੰਦਾ, "ਜੇ ਆਰਡਰ ਲੈਣੇ ਆਂ ਤਾਂ ਇਕ ਹਜ਼ਾਰ ਰੁਪਈਆ ਭੇਟ ਕਰਨਾ ਪਊ।" ਮੇਰੇ ਕੋਲ ਪੈਸੇ ਹੈ ਨਹੀਂ ਸਨ। ਮੈਂ ਬੇਨਤੀ ਕੀਤੀ ਕਿ ਮੈਂ ਗਰੀਬ ਹਾਂ, ਮੇਰੇ ਕੋਲ ਇੰਨੇ ਪੈਸੇ ਨਹੀਂ। ਤੁਸੀਂ ਮੈਨੂੰ ਆਰਡਰ ਦੇ ਦਿਓ, ਮੈਂ ਪਹਿਲੀ ਤਨਖਾਹ ਸਾਰੀ ਤੁਹਾਨੂੰ ਦੇ ਦਿਆਂਗਾ। ਗੁਰੂ ਦੇ ਨਾਂ ਦਾ ਵੀ ਵਾਸਤਾ ਪਾਇਆ ਪਰ ਉਹ ਨਹੀਂ ਮੰਨੇ। ਉਧਰੋਂ ਥੋੜ੍ਹਾ ਚਿਰ ਹੋਰ ਬੀਤ ਜਾਣ ਨਾਲ ਮੈਂ 'ਓਵਰਏਜ' ਹੋ ਜਾਣਾ ਸੀ, ਫਿਰ ਆਰਡਰ ਕਿਸੇ ਸੂਰਤ ਵਿਚ ਵੀ ਨਹੀਂ ਸਨ ਮਿਲਣੇ। ਇਸ ਗੱਲ ਦਾ ਪਤਾ ਇਸ ਗੁਰਸਿੱਖ ਬੀਬੇ ਕਲਰਕ ਨੂੰ ਵੀ ਸੀ। ਚਲੋ ਜੀ, ਮੈਂ ਇਸ ਬੇਤਰਸ ਬੰਦੇ ਦੇ ਹੱਥੋਂ ਵਾਹਵਾ ਖਰਾਬ ਹੋਣ ਤੋਂ ਬਾਅਦ ਪੈਸੇ ਦਾ ਪ੍ਰਬੰਧ ਕਰਨ ਲਈ ਭੱਜ-ਦੌੜ ਸ਼ੁਰੂ ਕਰ ਦਿੱਤੀ।

ਆਪਣੇ ਚੰਗੇ ਭਲੇ ਸਕੇ ਸਬੰਧੀਆਂ ਦੇ ਦਰਾਂ ਤੋਂ ਖਾਲੀ ਹੱਥ ਮੁੜ ਕੇ ਜੱਕੋ-ਤੱਕੀ ਵਿਚ ਸ਼ਰਮਾ ਜੀ ਪੰਪ ਵਾਲਿਆਂ ਦੇ ਦਰ 'ਤੇ ਜਾ ਅਲਖ ਜਗਾਈ। ਸ਼ਰਮਾ ਜੀ ਤੁਰੰਤ ਕਹਿੰਦੇ, "ਇਕ ਹਜ਼ਾਰ ਨਹੀਂ, ਮੈਂ ਤੈਨੂੰ ਦਸ ਹਜ਼ਾਰ ਦਿੰਦਾਂ...ਇਥੇ ਹਰ ਬੰਦਾ ਵਿਕਾਊ ਹੈ, ਇਹ ਦਸ ਹਜ਼ਾਰ ਲੈ ਜਾ ਅਤੇ ਖੁੱਲ੍ਹੇ ਦਿਲ ਨਾਲ ਜਿੰਨੇ ਕੋਈ ਮੰਗਦਾ ਹੈ, ਉਸ ਤੋਂ ਸੌ ਵੱਧ ਦੇਈ ਜਾ ਅਤੇ ਆਪਣਾ ਕੰਮ ਕਰਵਾ ਲੈ।" ਇਸ ਬੰਦੇ ਨੂੰ ਮੈਂ ਕਿਹੜੀ ਜਾਤ, ਕਿਹੜੇ ਧਰਮ ਜਾਂ ਕਿਹੜੀ ਕੌਮ ਨਾਲ ਬੰਨ੍ਹਾਂ? ਕੀ ਅਜਿਹਾ ਕੋਈ ਬੰਧੇਜ, ਅਜਿਹੇ ਬੰਦਿਆਂ ਨਾਲ ਵਧੀਕੀ ਨਹੀਂ ਹੋਵੇਗੀ?

ਉਧਰ ਜਦੋਂ ਮੈਂ ਕੈਥੋਲਿਕ ਕਾਨਵੈਂਟ ਸਕੂਲ ਦੀ ਨੌਕਰੀ ਛੱਡਣ ਲੱਗਾ ਤਾਂ ਇਸ ਸਕੂਲ ਦੇ ਮੈਨੇਜਰ ਪਾਦਰੀ ਜਿਹੜੇ ਮੇਰਾ ਬਹੁਤ ਮਾਣ ਸਤਿਕਾਰ ਕਰਦੇ ਸਨ, ਨੇ ਮੈਨੂੰ ਇਹ ਨੌਕਰੀ ਨਾ ਛੱਡਣ ਲਈ ਮਜਬੂਰ ਕੀਤਾ ਅਤੇ ਮੈਨੂੰ ਸਰਕਾਰੀ ਨੌਕਰੀ ਜਿੰਨੀ ਤਨਖਾਹ ਦੇਣ ਦੀ ਵੀ ਪੇਸ਼ਕਸ਼ ਕੀਤੀ, ਪਰ ਮੈਂ ਇਸ ਤਰ੍ਹਾਂ ਨਾ ਕਰ ਸਕਿਆ। ਉਂਜ ਮੈਂ ਉਨ੍ਹਾਂ ਦੇ ਪਰਉਪਕਾਰ ਨੂੰ ਕਦੇ ਨਹੀਂ ਭੁੱਲਦਾ, ਜਿਨ੍ਹਾਂ ਨੇ ਮੈਨੂੰ ਆਪਣੇ ਸਕੂਲ ਵਿਚ ਨੌਕਰੀ ਦੇ ਕੇ ਮੈਨੂੰ ਮੰਦਹਾਲੀ ਵਿਚੋਂ ਕੱਢਿਆ। ਇਸ ਸਕੂਲ ਵਿਚ ਵੱਡੇ ਛੋਟੇ ਅਫ਼ਸਰਾਂ, ਸਰਦਾਰਾਂ ਅਤੇ ਅਮੀਰਾਂ ਦੇ ਬਹੁਤ ਸਾਰੇ ਬੱਚੇ ਮੇਰੇ ਕੋਲੋਂ ਸਕੂਲ ਤੋਂ ਬਾਅਦ ਵੀ ਟਿਊਸ਼ਨ ਪੜ੍ਹਦੇ ਸਨ ਪਰ ਸੱਚਾਈ ਇਹ ਹੈ ਕਿ ਇਹ ਬੱਚੇ ਅਤੇ ਇਨ੍ਹਾਂ ਦੇ ਮਾਪੇ ਮੈਨੂੰ ਟਿਊਸ਼ਨ ਪੜ੍ਹਾਉਣ ਵਾਲੇ ਘਰੇਲੂ ਨੌਕਰ ਤੋਂ ਵੱਧ ਹੋਰ ਕੁਝ ਨਹੀਂ ਸਨ ਸਮਝਦੇ। ਕਈ ਸਰਦਾਰਾਂ ਨੇ ਤਾਂ ਮੇਰੇ ਪੈਸੇ ਵੀ ਮਾਰ ਲਏ ਸਨ। ਦੂਜੇ ਬੰਨੇ ਜਿੰਨੇ ਵੀ ਹਿੰਦੂ ਬੱਚੇ ਮੈਥੋਂ ਪੜ੍ਹਦੇ ਸਨ, ਉਹ ਅਤੇ ਉਨ੍ਹਾਂ ਦੇ ਮਾਪੇ ਮੈਨੂੰ ਗੁਰੂ ਵਾਲਾ ਮਾਣ ਸਤਿਕਾਰ ਦਿੰਦੇ ਸਨ।

ਉਧਰ, ਮਸਾਂ ਇਕ ਸਾਲ ਹੀ ਬੀਤਿਆ ਸੀ ਕਿ ਮੈਥੋਂ ਰਿਸ਼ਵਤ ਲੈ ਕੇ ਆਰਡਰ ਦੇਣ ਵਾਲੇ ਡੀ.ਈ.ਓ. ਦਫ਼ਤਰ ਅੰਮ੍ਰਿਤਸਰ ਦੇ ਉਸ ਬੀਬੇ ਸਾਊ ਅਤੇ ਕਾਨੂੰਨ ਦਾ ਸਖ਼ਤੀ ਨਾਲ ਪਾਲਣ ਕਰਨ ਵਾਲੇ ਕਲਰਕ ਸਾਹਿਬ ਦੀ ਸਕੂਟਰ 'ਤੇ ਕਿਸੇ ਰਿਸ਼ਤੇਦਾਰ ਨਾਲ ਜਾਂਦਿਆਂ ਰਸਤੇ ਵਿਚ ਸੜਕ ਹਾਦਸੇ ਵਿਚ ਮੌਤ ਹੋ ਗਈ। ਮੇਰੇ ਉਪਰ ਇਹ ਖ਼ਬਰ ਬਿਜਲੀ ਵਾਂਗੂੰ ਡਿੱਗੀ। ਉਸ ਵਿਚਾਰੇ ਦੇ ਇਸ ਦਰਦਨਾਕ ਅੰਤ ਉਪਰ ਬੜਾ ਦੁੱਖ ਹੋਇਆ। ਬੰਦੇ ਵਿਚਾਰੇ ਨੂੰ ਸਮਝ ਨਹੀਂ ਆਉਂਦੀ ਕਿ ਉਹ ਕੀ ਕਰਦਾ ਹੈ, ਤੇ ਕਿਉਂ ਕਰਦਾ ਹਾਂ? ਇਹ ਬੰਦੇ ਦਾ ਦੁਖਾਂਤ ਹੈ ਕਿ ਬੰਦੇ ਕੋਲੋਂ ਬੰਦਾ ਨਹੀਂ ਬਣਿਆ ਜਾਂਦਾ। ਗੁਰੂ ਜੀ ਬੰਦੇ ਨੂੰ ਯਾਦ ਕਰਾਉਂਦੇ ਹਨ,

ਰਾਤਿ ਕਾਰਣਿ ਧਨੁ ਸੰਚੀਐ
ਭਲਕੇ ਚਲਣੁ ਹੋਇ॥
ਨਾਨਕ ਨਾਲਿ ਨਾ ਚਲਈ
ਫਿਰਿ ਪਛੁਤਾਵਾ ਹੋਇ॥

ਇਸ ਸੰਸਾਰ ਵਿਚ ਕਿਸੇ ਕੌਮ, ਧਰਮ, ਜਾਤ, ਫਿਰਕੇ, ਬਰਾਦਰੀ ਅਤੇ ਸਮਾਜ ਦੇ ਸਾਰੇ ਦੇ ਸਾਰੇ ਲੋਕ ਨਾ ਤਾਂ ਚੰਗੇ ਅਤੇ ਨਾ ਹੀ ਬੁਰੇ ਹੁੰਦੇ ਹਨ। ਹਾਂ, ਗਿਣਤੀ-ਮਿਣਤੀ ਦਾ ਭਾਵੇਂ ਥੋੜ੍ਹਾ ਬਹੁਤਾ ਫਰਕ ਹੋਵੇ। ਉਂਜ, ਇਹ ਸੰਸਾਰ ਤਾਂ ਹੁਣ ਭਾਵੇਂ ਗਲੋਬਲ ਪਿੰਡ ਬਣ ਗਿਆ ਹੈ ਪਰ ਇਨਸਾਨੀਅਤ ਇਥੇ ਗਲੋਬਲ ਧਰਮ ਕਦੋਂ ਬਣੇਗਾ? ਇਸ ਦੇ ਆਸਾਰ ਅਜੇ ਦੂਰ ਤੱਕ ਨਜ਼ਰ ਨਹੀਂ ਆ ਰਹੇ। ਜਰਮਨ ਦਾਨਿਸ਼ਮੰਦ ਨੀਤਸ਼ੇ ਆਖਦਾ ਹੈ ਕਿ 'ਇਹ ਧਰਤੀ ਬਹੁਤ ਖ਼ੂਬਸੂਰਤ ਹੈ ਪਰ ਇਸ ਨੂੰ ਨਾਮੁਰਾਦ ਬਿਮਾਰੀ ਲੱਗੀ ਹੋਈ ਹੈ, ਤੇ ਇਸ ਬਿਮਾਰੀ ਦਾ ਨਾਂ ਹੈ ਆਦਮੀ।'

# ਰੱਬ ਬਣਾਏ ਜੋੜੀਆਂ

ਰਾਜਪ੍ਰੀਤ ਕੌਰ

ਸਵੇਰੇ ਅਖ਼ਬਾਰ ਵਾਲੇ ਨੇ ਬੂਹਾ ਖੜਕਾਉਂਦਿਆਂ ਅਖ਼ਬਾਰ ਬੂਹੇ ਅੱਗੇ ਸੁੱਟਿਆ। ਅੱਧਸੁੱਤੀ ਸੁਖਵੀਰ ਨੇ ਬੂਹੇ ਅੱਗਿਓਂ ਅਖ਼ਬਾਰ ਚੁੱਕਿਆ। ਚਾਹ ਪੀਂਦਿਆਂ ਅਖ਼ਬਾਰ ਦੇ ਪੰਨੇ ਪਲਟਦੀ ਦੇ ਚਿਹਰੇ 'ਤੇ ਅਚਾਨਕ ਚਮਕ ਜਿਹੀ ਆ ਗਈ। ਦਿਲ ਵਿਚ ਅਨੇਕਾਂ ਅਰਮਾਨ ਸਮੋਈ ਉਹ ਘਰੋਂ ਬਾਹਰ ਜਾਣ ਲਈ ਤਿਆਰ ਹੋਣ ਲੱਗੀ। ਉਹ ਬੈਂਕ ਵਿਚ ਨੌਕਰੀ ਕਰਦੀ ਸੀ। ਇਕ ਕਾਰ ਹਾਦਸੇ ਵਿਚ ਮਾਤਾ-ਪਿਤਾ ਦੀ ਮੌਤ ਹੋ ਗਈ ਸੀ। ਉਹਦਾ ਇਕ ਭਰਾ ਸੀ ਜੋ ਬੁਰੀ ਸੰਗਤ ਵਿਚ ਰਲ ਗਿਆ ਸੀ ਅਤੇ ਉਸ ਦਾ ਕਈ ਸਾਲਾਂ ਤੋਂ ਕੋਈ ਥਹੁ-ਪਤਾ ਨਹੀਂ ਸੀ। ਸੁਖਵੀਰ ਲੁਧਿਆਣੇ ਆਪਣੇ ਮਾਪਿਆਂ ਦੇ ਮਕਾਨ ਵਿਚ ਰਹਿੰਦੀ ਸੀ। ਉਸ ਦਾ ਅਸਲੀ ਪਿੰਡ ਲੁਧਿਆਣੇ ਦੇ ਨੇੜੇ ਹੀ ਸੀ। ਉਥੇ ਹੁਣ ਉਸ ਦੇ ਚਾਚੇ-ਤਾਇਆਂ ਦੇ ਪਰਿਵਾਰ ਰਹਿੰਦੇ ਸੀ।

ਸੁਖਵੀਰ ਨੇ ਗੂੜੇ ਸੰਤਰੀ ਰੰਗ ਦਾ ਸੂਟ ਪਾਇਆ ਤੇ ਹਲਕਾ-ਫੁਲਕਾ ਜਿਹਾ ਸ਼ਿੰਗਾਰ ਕੀਤਾ। ਉਹ ਆਪਣੀ ਉਮਰ ਤੋਂ ਚਾਰ-ਪੰਜ ਸਾਲ ਛੋਟੀ ਦਿਖਣ ਲੱਗ ਪਈ। ਉਹਦੇ ਚਿਹਰੇ 'ਤੇ ਰੌਣਕ ਸਾਫ਼ ਦਿਖ ਰਹੀ ਸੀ। ਉਹਨੇ ਸਕੂਟਰ ਚੁੱਕਿਆ ਤੇ ਗੁਰਦੁਆਰੇ ਵੱਲ ਚੱਲ ਪਈ। ਗੁਰਦੁਆਰੇ ਪਹੁੰਚ ਕੇ ਸਤਿਗੁਰੂ ਦੇ ਸਾਹਮਣੇ ਸਿਰ ਝੁਕਾ ਕੇ ਉਹਨੇ ਆਪਣੇ ਸੁਪਨਿਆਂ ਦੇ ਭਵਿੱਖ ਲਈ ਅਰਦਾਸ ਕੀਤੀ। ਗੁਰਦੁਆਰੇ ਦੇ ਬਾਹਰ ਬੈਠੇ ਬਜ਼ੁਰਗਾਂ ਕੋਲੋਂ ਉਹਨੇ ਅਮਰੀਕ ਸਿੰਘ ਬਾਰੇ ਪੁੱਛਿਆ। ਅਮਰੀਕ ਸਿੰਘ ਸੁਖਵੀਰ ਦੇ ਪਿਤਾ ਦਾ ਚੰਗਾ ਮਿੱਤਰ ਸੀ। ਸੁਖਵੀਰ ਹਮੇਸ਼ਾ ਉਸ ਨਾਲ ਆਪਣੇ ਦੁੱਖ-ਸੁੱਖ ਸਾਂਝੇ ਕਰਦੀ ਸੀ। ਅਮਰੀਕ ਸਿੰਘ ਉਹਨੂੰ ਆਪਣੀ ਧੀ ਸਮਝਦਾ ਸੀ।

ਸੁਖਵੀਰ ਨੂੰ ਅਮਰੀਕ ਸਿੰਘ ਉਥੇ ਨਾ ਮਿਲਿਆ ਤਾਂ ਉਹ ਉਥੋਂ ਕਾਹਲੀ ਨਾਲ ਕੈਫੇ ਵੱਲ ਨਿਕਲ ਪਈ ਜਿਥੇ ਅਮਰੀਕ ਸਿੰਘ ਆਪਣੇ ਦੋਸਤਾਂ ਨਾਲ ਬੈਠ ਕੇ ਹਮੇਸ਼ਾ ਚਾਹ ਪੀਂਦਾ ਸੀ ਤੇ ਪੇਪਰ ਪੜ੍ਹਦਾ ਹੁੰਦਾ ਸੀ। ਜਦੋਂ ਉਹ ਕੈਫੇ ਪਹੁੰਚੀ ਤਾਂ ਅਮਰੀਕਾ ਸਿੰਘ ਸਾਹਮਣੇ ਬੈਠਾ ਚਾਹ ਪੀ ਰਿਹਾ ਸੀ। ਸੁਖਵੀਰ ਨੇ ਲੰਮਾ ਸਾਹ ਲਿਆ ਤੇ ਅਮਰੀਕ ਸਿੰਘ ਨੂੰ ਸਤਿ ਸ੍ਰੀ ਅਕਾਲ ਜਾ ਬੁਲਾਈ। ਕੋਲ ਬੈਠ ਕੇ ਸੁਖਵੀਰ ਨੇ ਅਮਰੀਕ ਸਿੰਘ ਨੂੰ ਆਪਣੇ ਦਿਲ ਵਿਚ ਦੁਬਾਰਾ ਵਿਆਹ ਕਰਵਾਉਣ ਦੇ ਖਿਆਲ ਬਾਰੇ ਦੱਸਿਆ। ਅਮਰੀਕ ਸਿੰਘ ਨੇ ਸੁਖਵੀਰ ਦੇ ਇਸ ਖਿਆਲ ਨੂੰ ਚੰਗਾ ਮੰਨਦੇ ਹੋਏ ਉਹਨੂੰ ਜ਼ਿੰਦਗੀ ਵਿਚ ਅੱਗੇ ਵਧਣ ਲਈ ਦੁਆਵਾਂ ਵਾਲਾ ਹੱਥ ਉਹਦੇ ਸਿਰ ਉਪਰ ਰੱਖਿਆ। ਇੰਨੇ ਨੂੰ ਅਮਰੀਕ ਸਿੰਘ ਦਾ ਦੋਸਤ ਗੁਲਜ਼ਾਰ ਸਿੰਘ ਉਥੇ ਆ ਗਿਆ। ਗੁਲਜ਼ਾਰ ਸਿੰਘ ਅਗਾਂਹਵਧੂ ਕਵਿਤਾਵਾਂ ਦੀ ਰਚਨਾ ਕਰਦਾ ਸੀ। ਉਸ ਨੇ ਇਕ ਦੋ ਕਵਿਤਾਵਾਂ ਅਮਰੀਕਾ ਸਿੰਘ ਤੇ ਸੁਖਵੀਰ ਦੇ ਨਾਲ ਚਾਹ ਪੀਂਦਿਆਂ ਵੀ ਸਾਂਝੀਆਂ ਕੀਤੀਆਂ। ਇਸ ਨਾਲ ਸੁਖਵੀਰ ਦੇ ਮਲੂਕ ਜਿਹੇ ਚਾਵਾਂ ਨੂੰ ਹੌਸਲਾ ਮਿਲ ਗਿਆ।

ਹੱਸਦੀ-ਹੱਸਦੀ ਸੁਖਵੀਰ ਉਥੋਂ ਨਿਕਲ ਪਈ। ਕੈਫੇ ਤੋਂ ਘਰ ਕਦ ਪਹੁੰਚ ਗਈ, ਸੁਪਨੇ ਸਜਾਉਂਦੀ ਸੁਖਵੀਰ ਨੂੰ ਪਤਾ ਹੀ ਨਾ ਲੱਗਿਆ। ਬੂਹੇ ਅੰਦਰ ਆਉਂਦਿਆਂ ਹੀ ਅਖ਼ਬਾਰ ਉਤੇ ਦਿੱਤੇ ਉਸ ਨੰਬਰ ਉਪਰ ਲੰਮਾ ਸਾਹ ਲੈਂਦੇ ਹੋਏ ਫੋਨ ਕੀਤਾ। ਘੰਟੀ ਵੱਜੀ ਤੇ ਅੱਗਿਓਂ ਮੋਹ ਭਰੀ ਆਵਾਜ਼ ਵਾਲੀ ਔਰਤ ਨੇ ਫੋਨ ਚੁੱਕਿਆ। ਸੁਖਵੀਰ ਨੇ



ਅਖ਼ਬਾਰ ਵਿਚ ਦਿੱਤੇ ਇਸ਼ਤਿਹਾਰ (ਜਿਸ ਵਿਚ ਇੰਗਲੈਂਡ ਤੋਂ ਆਏ ਲੜਕੇ ਦੇ ਵਿਆਹ ਲਈ ਕੁੜੀ ਚਾਹੀਦੀ ਹੈ, ਲਿਖਿਆ ਗਿਆ ਸੀ), ਬਾਰੇ ਉਸ ਔਰਤ ਕੋਲੋਂ ਪੁੱਛਿਆ। ਉਹ ਭਲੀ ਔਰਤ ਉਸ ਮੁੰਡੇ ਨੂੰ ਆਪਣਾ ਬੇਟਾ ਕਹਿੰਦੇ ਹੋਏ ਉਸ ਦਾ ਨਾਮ ਗੁਰਮੀਤ ਸਿੰਘ ਦੱਸਿਆ ਤੇ ਉਸ ਨੇ ਸੁਖਵੀਰ ਤੋਂ ਕੁੜੀ ਬਾਰੇ ਪੁੱਛਿਆ। ਸੁਖਵੀਰ ਨੇ ਕਿਹਾ ਕਿ ਉਹ ਕੁੜੀ ਮੈਂ ਹੀ ਹਾਂ, ਤਾਂ ਪੂਰੀ ਗੱਲਬਾਤ ਕਰਨ ਲਈ ਉਸ ਨੇ ਸੁਖਵੀਰ ਤੋਂ ਮਿਲਣ ਲਈ ਪਤਾ ਟਿਕਾਣਾ ਤੇ ਸਮਾਂ ਪੁੱਛਿਆ। ਸੁਖਵੀਰ ਨੇ ਦੱਸਿਆ ਕਿ ਉਹ ਬੈਂਕ ਵਿਚ ਕੰਮ ਕਰਦੀ ਹੈ ਤੇ ਉਥੇ ਹੀ ਅਗਲੇ ਦਿਨ ਮਿਲਣ ਦਾ ਸਮਾਂ ਦਿੱਤਾ।

ਸੁਪਨਿਆਂ ਭਰੀ ਰਾਤ ਤੋਂ ਬਾਅਦ ਸੁਖਵੀਰ ਸਵੇਰੇ ਬੈਂਕ ਜਾਣ ਲਈ ਚਾਈਂ-ਚਾਈਂ ਤਿਆਰ ਹੋ ਗਈ। ਬੈਂਕ ਪਹੁੰਚਦੇ ਹੀ ਸੁਖਵੀਰ ਦੀ ਸਹੇਲੀ ਰਾਣੀ ਨੇ ਕਿਹਾ-ਕੀ ਗੱਲ ਮੈਡਮ, ਅੱਜ ਬੜਾ ਚਮਕ ਰਹੇ ਹੋ? ਸੁਖਵੀਰ ਨੇ ਆਪਣੇ ਇਰਾਦੇ ਬਾਰੇ ਰਾਣੀ ਨੂੰ ਦੱਸਿਆ ਤਾਂ ਉਸ ਨੇ ਕਿਹਾ, 'ਇਹ ਤੂੰ ਬਹੁਤ ਚੰਗਾ ਕਰ ਰਹੀ ਏਂ। ਮੈਂ ਤਾਂ ਤੈਨੂੰ ਬਹੁਤ ਸਮੇਂ ਤੋਂ ਦੁਬਾਰਾ ਵਿਆਹ ਕਰਵਾਉਣ ਲਈ ਕਹਿ ਰਹੀ ਹਾਂ।' ਇਹ ਕਹਿ ਕੇ ਦੋਵੇਂ ਆਪੋ-ਆਪਣੇ ਕੰਮਾਂ ਵਿਚ ਲੱਗ ਗਈਆਂ ਪਰ ਸੁਖਵੀਰ ਦਾ ਧਿਆਨ ਬੈਂਕ ਦੀ ਦੀਵਾਰ 'ਤੇ ਲੱਗੇ ਪੁਰਾਣੇ ਜਿਹੇ ਕਲਾਕ ਦੀ ਟਿਕ-ਟਿਕ ਕਰਦੀ ਸੂਈ ਵੱਲ ਸੀ। 11 ਵਜੇ ਚਪੜਾਸੀ ਰਾਮ ਸਿੰਘ ਨੇ ਸੁਖਵੀਰ ਨੂੰ ਆ ਕੇ ਦੱਸਿਆ ਕਿ ਉਸ ਨੂੰ ਇਕ ਔਰਤ ਤੇ ਇਕ ਸਨੁੱਖਾ ਜਿਹਾ ਮੁੰਡਾ ਮਿਲਣ ਲਈ ਆਏ ਹਨ ਜਿਨ੍ਹਾਂ ਨੂੰ ਉਸ ਨੇ ਵੇਟਿੰਗ ਰੂਮ ਵਿਚ ਬਿਠਾ ਦਿੱਤਾ ਹੈ। ਸੁਖਵੀਰ ਨੇ ਉਸ ਨੂੰ ਚਾਹ ਭੇਜਣ ਲਈ ਕਿਹਾ ਤੇ ਦਿਲ ਵਿਚ ਲੱਖਾਂ ਜਜ਼ਬਾਤ ਸਮੋਈ 2-3 ਮਿੰਟਾਂ ਵਿਚ ਵੇਟਿੰਗ ਰੂਮ ਵਿਚ ਪਹੁੰਚ ਗਈ। ਸਾਹਮਣੇ ਹਲਕੇ ਪੀਲੇ ਰੰਗ ਦਾ ਸੂਟ ਪਾਈ ਬੈਠੀ ਜਨਾਨੀ ਤੇ ਉਸ ਦੇ ਮੁੰਡੇ ਨੂੰ ਉਸ ਨੇ ਫਤਿਹ ਬੁਲਾਈ ਤੇ ਹਾਲ-ਚਾਲ ਪੁੱਛਿਆ। ਨਾਭੀ ਰੰਗ ਦੀ ਪੱਗ ਬੰਨ੍ਹੀ ਬੈਠਾ ਗੁਰਮੀਤ ਸਿੰਘ ਸੁਖਵੀਰ ਨੂੰ ਪਿਆਰ ਭਰੀ ਨਜ਼ਰ ਨਾਲ ਦੇਖ ਰਿਹਾ ਸੀ। ਸੁਖਵੀਰ ਨੇ ਨਖ਼ਰੇ ਵਾਲੀ ਸ਼ਰਮ ਨਾਲ ਆਪਣੀਆਂ ਨਜ਼ਰਾਂ ਝੁਕਾ ਲਈਆਂ। ਗੁਰਮੀਤ ਦੀ ਮਾਂ ਨੇ ਦੱਸਿਆ ਕਿ ਗੁਰਮੀਤ ਦਾ ਇਹ ਦੂਜਾ ਵਿਆਹ ਹੈ ਤੇ ਉਸ ਦੇ ਪਹਿਲੇ ਵਿਆਹ ਵਾਲੀ ਕੁੜੀ ਨੂੰ ਮਰਿਆਂ ਦੋ ਸਾਲ ਹੋ ਗਏ ਤੇ ਉਸ ਦੀ ਤਿੰਨ ਸਾਲ ਦੀ ਬੇਟੀ ਵੀ ਹੈ। ਸੁਖਵੀਰ ਨੇ ਸੱਚ ਦੱਸਿਆ ਕਿ ਉਸ ਦਾ ਵੀ ਪਹਿਲਾਂ ਵਿਆਹ ਹੋਇਆ ਸੀ ਪਰ ਇਕ ਲੜਾਈ ਵਿਚ ਉਸ ਦੇ ਪਤੀ ਦੀ ਮੌਤ ਹੋ ਗਈ ਸੀ। ਉਦੋਂ ਵਿਆਹ ਨੂੰ ਅਜੇ 6 ਮਹੀਨੇ ਹੀ ਹੋਏ ਸਨ। ਉਸ ਦੇ ਸਹੁਰਿਆਂ ਨੇ ਉਸ ਨੂੰ ਮਨਹੂਸ ਕਹਿੰਦੇ ਹੋਏ ਉਸ ਨੂੰ ਉਸ ਦੇ ਪੇਕੇ ਘਰ ਵਾਪਸ ਭੇਜ ਦਿੱਤਾ। ਇਹ ਦੱਸਦਿਆਂ ਸੁਖਵੀਰ ਦੀਆਂ ਅੱਖਾਂ ਵਿਚ ਨਮੀ ਛਲਕ ਆਈ। ਗੁਰਮੀਤ ਦੀ ਮਾਂ ਨੇ ਉਸ ਨੂੰ ਹੌਂਸਲਾ ਦਿੰਦੇ ਹੋਏ ਕਿਹਾ, 'ਬੇਟਾ ਦੁੱਖ-ਸੁੱਖ ਤਾਂ ਜ਼ਿੰਦਗੀ ਦਾ ਹਿੱਸਾ ਨੇ, ਆਪਾਂ ਨੂੰ ਹਾਰਨਾ ਨਹੀਂ ਚਾਹੀਦਾ।' ਉਸ ਨੇ ਸੁਖਵੀਰ ਤੋਂ ਉਸ ਦੇ ਪਰਿਵਾਰ ਬਾਰੇ ਪੁੱਛਿਆ। ਸੁਖਵੀਰ ਨੇ ਆਪਣੇ ਮਰੇ ਹੋਏ ਮਾਂ-ਬਾਪ ਅਤੇ ਨਾਲ ਹੀ ਆਪਣੇ ਲਾਪਤਾ ਭਰਾ ਬਾਰੇ ਦੱਸਿਆ। ਆਪਣੇ ਪਿੰਡ ਰਹਿੰਦੇ ਚਾਚੇ-ਤਾਇਆਂ ਬਾਰੇ ਗੱਲਾਂ ਕਰਦਿਆਂ ਉਸ ਨੇ ਅਮਰੀਕ ਸਿੰਘ ਦਾ ਵੀ ਜ਼ਿਕਰ ਕੀਤਾ। ਗੁਰਮੀਤ ਤੇ ਉਸ ਦੀ ਮਾਂ ਨੇ ਆਪਸ ਵਿਚ ਸਲਾਹ ਕਰ ਕੇ ਸੁਖਵੀਰ ਨੂੰ ਵਿਆਹ ਦਾ ਦਿਨ ਐਤਵਾਰ ਨਿਸ਼ਚਿਤ ਕਰ ਕੇ ਦੱਸਿਆ। ਸੁਖਵੀਰ ਨੇ ਆ ਕੇ ਅਮਰੀਕ ਸਿੰਘ ਨੂੰ ਸਾਰੀ ਗੱਲ ਦੱਸੀ ਤਾਂ ਅਮਰੀਕ ਸਿੰਘ ਨੇ ਖ਼ੁਸ਼ ਹੁੰਦੇ ਹੋਏ ਸਾਰਾ ਪ੍ਰਬੰਧ ਆਪ ਕਰਨ ਦੀ ਜ਼ਿੰਮੇਵਾਰੀ ਲੈ ਲਈ। ਐਤਵਾਰ ਵਾਲੇ ਦਿਨ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਗੁਰਮੀਤ ਸਿੰਘ ਤੋਂ ਸੁਖਵੀਰ ਨੇ ਵਿਆਹ ਕਰ ਲਿਆ ਤੇ ਫਿਰ ਸੁਖਵੀਰ ਗੁਰਮੀਤ ਅਤੇ ਉਸ ਦੇ ਪਰਿਵਾਰ ਕੋਲ ਇੰਗਲੈਂਡ ਪੁੱਜ ਗਈ।

# ਪੰਜਾਬ ਤੋਂ ਬਿਨਾਂ ਮੈਂ ਹੋਰ ਕਿਸ ਰਾਜ ਬਾਰੇ ਸੋਚਣਾ ਹੈ?

## ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ

***ਖਾੜਕੂਆਂ ਵੱਲੋਂ ਬਣਾਈ ਗਈ ਪੰਥਕ ਕਮੇਟੀ ਨੇ 29 ਅਪ੍ਰੈਲ 1986 ਨੂੰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਖਾਲਿਸਤਾਨ ਦਾ ਐਲਾਨ ਕਰ ਦਿੱਤਾ। ਇਸ ਐਲਾਨ ਤੋਂ ਬਾਅਦ 'ਸਰਬੱਤ ਖਾਲਸਾ' ਜਿਸ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਵੀ ਸ਼ਾਮਲ ਸਨ, ਦੇ ਮਤਿਆਂ ਦੀ ਲੋਅ ਵਿਚ ਕੰਪਲੈਕਸ ਨੂੰ ਖਾੜਕੂਆਂ ਤੋਂ ਮੁਕਤ ਕਰਵਾਉਣ ਲਈ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਪੁਲਿਸ ਦਾਖਲ ਕਰਵਾ ਦਿੱਤੀ। ਸ. ਬਾਦਲ ਨੇ ਇਸ ਕਾਰਵਾਈ ਦਾ ਵਿਰੋਧ ਕੀਤਾ ਅਤੇ ਆਪਣੇ 22 ਸਾਥੀਆਂ ਨੂੰ ਨਾਲ ਲੈ ਕੇ ਅਕਾਲੀ ਵਿਧਾਇਕ ਦਲ ਵਿਚੋਂ ਨਿਕਲ ਗਏ। ਸਰਕਾਰ ਕਾਂਗਰਸ 'ਤੇ ਨਿਰਭਰ ਹੋ ਗਈ। ਸ. ਬਾਦਲ ਦੀ ਇਸ ਕਾਰਵਾਈ ਦਾ ਤਰਕ ਸਮਝਣ ਲਈ 'ਪੰਜਾਬੀ ਟ੍ਰਿਬਿਊਨ' ਵਿਚ ਉਸ ਸਮੇਂ ਦੇ ਸੰਪਾਦਕ ਸ. ਗੁਲਜ਼ਾਰ ਸਿੰਘ ਸੰਧੂ ਨੇ ਉਨ੍ਹਾਂ ਨਾਲ ਇਤਿਹਾਸਕ ਇੰਟਰਵਿਊ ਕੀਤੀ ਜੋ ਬਿਨਾਂ ਕੌਮਾ, ਬਿੰਦੀ ਬਦਲਿਆਂ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਦੀ ਨੌਜਵਾਨ ਪੀੜ੍ਹੀ ਲਈ ਛਾਪ ਰਹੇ ਹਾਂ। ਇੰਟਰਵਿਊ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੇ ਜਵਾਬ ਪੜ੍ਹਦਿਆਂ ਹੈਰਾਨੀ ਹੁੰਦੀ ਹੈ ਕਿ ਇਨਸਾਨ ਰਾਜਸੀ ਤਿਕੜਮਬਾਜ਼ੀ ਦੀਆਂ ਕਿਸ ਕਿਸਮ ਦੀਆਂ ਨਿਵਾਣਾਂ ਤੱਕ ਨਿੱਘਰ ਸਕਦਾ ਹੈ। – ਸੰਪਾਦਕ***

### ਚਿੱਤ ਚੇਤਾ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਮੈਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਬਾਗੀ ਅਕਾਲੀ ਦਲ ਦੇ ਪ੍ਰਧਾਨ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਦਾ ਮੌਕਾ ਮਿਲਿਆ ਤਾਂ ਏਜੰਡਾ ਕੋਈ ਨਹੀਂ ਸੀ। ਮੈਂ ਦੇਖਿਆ, ਘਰ ਦੇ ਬਾਹਰ ਲਾਅਨ ਤੇ ਵਰਾਂਡੇ ਵਿਚ ਪੰਜ-ਚਾਰ ਬੰਦੇ ਇਕ-ਦੂਜੇ ਨਾਲ ਗੱਲਬਾਤ ਕਰ ਰਹੇ ਹਨ। ਮਾਹੌਲ ਬੁਝਿਆ ਬੁਝਿਆ ਸੀ। ਉਤਸ਼ਾਹ ਹੀਣ। ਬਾਦਲ ਤੇ ਟੌਹੜਾ, ਬਰਨਾਲਾ ਸਰਕਾਰ ਨਾਲ ਉੱਕਾ ਹੀ ਸਹਿਮਤ ਨਹੀਂ ਸਨ।

ਮੈਂ 'ਪੰਜਾਬੀ ਟ੍ਰਿਬਿਊਨ' ਤੋਂ ਪਹਿਲਾਂ ਕਿਹੜੇ ਪਰਚੇ ਦਾ ਸੰਪਾਦਕ ਸਾਂ? ਕਿਥੋਂ ਦਾ ਰਹਿਣ ਵਾਲਾ ਹਾਂ? ਪੱਤਰਕਾਰੀ ਦੀ ਕੋਈ ਡਿਗਰੀ ਹੈ ਕਿ ਨਹੀਂ? ਸੰਪਾਦਕੀ ਕਿਸੇ ਵਿਸ਼ੇ 'ਤੇ ਕਿਵੇਂ ਲਿਖਿਆ ਜਾਂਦਾ ਹੈ? ਸੰਪਾਦਕੀ ਲਿਖਣ ਵਾਸਤੇ ਸੋਚਦਿਆਂ ਕਿੰਨਾ ਚਿਰ ਲੱਗਦਾ ਹੈ ਤੇ ਲਿਖਦਿਆਂ ਕਿੰਨਾ?...ਬਾਦਲ ਦੇ ਇਨ੍ਹਾਂ ਪ੍ਰਸ਼ਨਾਂ ਵਿਚ ਅਪਣੱਤ ਵੀ ਸੀ, ਖਲੂਸ ਵੀ ਤੇ ਉਤਸੁਕਤਾ ਵੀ। ਗੱਲਬਾਤ ਅੱਗੇ ਤੁਰੀ।

**? ਆਪਾਂ ਕਿੱਥੇ ਆਣ ਖਲੋਤੇ ਹਾਂ?**

–ਇਹ ਤਾਂ ਪੱਤਰਕਾਰ ਹੀ ਸਾਨੂੰ ਦੱਸ ਸਕਦੇ ਹਨ।

**? ਤੁਸੀਂ ਬਾਗੀ ਕਿਉਂ ਹੋ ਗਏ ਹੋ?**

–ਬਾਗੀ ਤਾਂ ਇਕ ਪਾਸੇ, ਹੁਣ ਤਾਂ ਸਾਨੂੰ ਅਤਿਵਾਦੀ ਸਮਝਿਆ ਜਾਂਦਾ ਹੈ। ਕੇਵਲ ਇਸ ਲਈ ਕਿ ਅਸੀਂ ਉਨ੍ਹਾਂ ਮੁੰਡਿਆਂ ਦੇ ਭੋਗ ਉਤੇ ਜਾਂਦੇ ਹਾਂ ਜਿਹੜੇ ਨਿਰਦੋਸ਼ ਪੁਲਿਸ ਦੀ ਗੋਲੀ ਦੀ ਸ਼ਿਕਾਰ ਹੋਏ ਹਨ।

**? ਕੀ ਤੁਹਾਡੇ ਅਜਿਹਾ ਕਰਨ ਨਾਲ ਅਤਿਵਾਦੀ ਨੌਜਵਾਨਾਂ ਨੂੰ ਸ਼ਹਿ ਨਹੀਂ ਮਿਲਦੀ?**

–ਮੇਰੇ ਵਿਚਾਰ ਵਿਚ ਤਾਂ ਬਿਲਕੁਲ ਨਹੀਂ, ਪਰ ਜੇ ਮਿਲਦੀ ਵੀ ਹੋਵੇ ਤਾਂ ਅਸੀਂ ਕਿੰਨੇ ਕੁ ਬਚ ਕੇ ਰਹਿ ਸਕਦੇ ਹਾਂ? ਅਸੀਂ ਤਾਂ ਮਾਪਿਆਂ ਦਾ ਦੁੱਖ ਵੰਡਾਉਣ ਜਾਂਦੇ ਹਾਂ ਜਿਹੜੇ ਸਾਡੇ ਵਰਗੇ ਹੀ ਹਨ। ਸੰਕਟ ਦਾ ਸ਼ਿਕਾਰ।

**? ਮੁੰਡਿਆਂ ਨੂੰ ਵਿਗਾੜਨ ਵਿਚ ਮਾਪਿਆਂ ਦਾ ਦੋਸ਼ ਕਿਉਂ ਨਹੀਂ ਹੁੰਦਾ?**

–ਤੁਸੀਂ ਤਾਂ ਖੁਦ ਸਿਆਣੇ ਹੋ। ਅੱਜਕੱਲ੍ਹ ਨੌਜਵਾਨ ਮਾਪਿਆਂ ਦੀ ਕਿੰਨੀ ਕੁ ਸੁਣਦੇ ਹਨ? ਉਨ੍ਹਾਂ ਦੀਆਂ ਭਾਵਨਾਵਾਂ ਪਹਿਲੀ ਪੀੜ੍ਹੀ ਦੀਆਂ ਭਾਵਨਾਵਾਂ ਨਾਲੋਂ ਵੱਖ ਹਨ। ਹਰ ਕਾਰਵਾਈ ਪ੍ਰਤੀ



*ਇਕ ਸਮਾਗਮ ਦੌਰਾਨ ਪ੍ਰਕਾਸ਼ ਸਿੰਘ ਬਾਦਲ ਅਤੇ ਸੁਰਜੀਤ ਸਿੰਘ ਬਰਨਾਲਾ*

ਉਨ੍ਹਾਂ ਦਾ ਪ੍ਰਤੀਕਰਮ ਮਾਪਿਆਂ ਤੋਂ ਵੱਖਰਾ ਹੈ। ਜੇ ਅਸੀਂ ਮਾਪਿਆਂ ਨਾਲ ਹਮਦਰਦੀ ਕਰਦੇ ਹਾਂ ਤਾਂ ਉਹ ਬੱਚਿਆਂ ਨਾਲ ਕਿਵੇਂ ਜੋੜੀ ਜਾ ਸਕਦੀ ਹੈ? ਤੇ ਨਾਲੇ ਸਰਕਾਰ ਕਿਹੜਾ ਸੋਚ ਕੇ ਕਦਮ ਚੁੱਕਦੀ ਹੈ। ਤੁਸੀਂ ਪਿੰਡਾਂ ਵਿਚ ਜਾ ਕੇ ਦੇਖੋ, ਨੌਜਵਾਨਾਂ ਦੇ ਮਾਪਿਆਂ ਨੂੰ ਕਿਵੇਂ ਡਰਾਇਆ ਧਮਕਾਇਆ ਜਾਂਦਾ ਹੈ। ਇਨ੍ਹਾਂ ਗੱਲਾਂ ਦੇ ਨਤੀਜੇ ਠੀਕ ਨਹੀਂ ਨਿਕਲਿਆ ਕਰਦੇ।

**? ਨੌਜਵਾਨਾਂ ਲਈ ਤੁਸੀਂ ਕਿਹੜਾ ਰਾਹ ਸੁਝਾਉਂਦੇ ਹੋ?**

–ਹਮਦਰਦੀ ਵਾਲਾ! ਪਿਆਰ ਵਾਲਾ।

**? ਤੇ ਜਿਹੜੇ ਮੁੰਡੇ ਤਸਵੀਰ ਦਾ ਦੂਜਾ ਪਾਸਾ ਦੇਖਣਾ ਹੀ ਨਹੀਂ ਚਾਹੁੰਦੇ?**

–ਉਨ੍ਹਾਂ ਨੂੰ ਸਜ਼ਾ ਚਾਹੀਦੀ ਹੈ। ਸਾਕਾਂ ਸਬੰਧੀਆਂ ਨੂੰ ਨਹੀਂ।

**? ਤੁਸੀਂ ਨਕਸਲੀਆਂ ਨਾਲ ਨਜਿੱਠਦੇ ਰਹੇ ਹੋ। ਦੋਸ਼ੀ ਨਾਲ ਕੋਈ ਨਾ ਕੋਈ ਨਿਰਦੋਸ਼ ਵੀ ਤਾਂ ਫਸ ਹੀ ਜਾਂਦਾ ਹੈ। ਤਸ਼ੱਦਦ ਬਿਨਾਂ ਠੱਲ੍ਹ ਵੀ ਤਾਂ ਨਹੀਂ ਪੈਂਦੀ?**

–ਪਰ ਮੁੰਡਿਆਂ ਦਾ ਹੁਣ ਵਾਲਾ ਗੁੱਸਾ ਤਾਂ ਪੁਲਿਸ ਦੇ ਅਮਲਾਂ ਦਾ ਫਲ ਹੈ।

**? ਇਹੋ ਜਿਹੇ ਮੌਕੇ ਤੁਹਾਡਾ ਆਪਣੀ ਹੀ ਸਰਕਾਰ ਨਾਲ ਮੋਢਾ ਡਾਹ ਕੇ ਲੜਨ ਦਾ ਫਰਜ਼ ਨਹੀਂ ਸੀ?**

–ਉਹ ਸਰਕਾਰ ਸਾਡੀ ਕਿਵੇਂ ਹੋਈ ਜਿਸ ਨੇ ਦਰਬਾਰ ਸਾਹਿਬ ਵਿਚ ਪੁਲਿਸ ਕਾਰਵਾਈ ਕਰ ਕੇ ਸਾਡੀ ਬੇਇੱਜ਼ਤੀ ਕਰਵਾਈ।

**? ਜੇ ਮੰਨ ਲਈਏ ਕਿ ਪੁਲਿਸ ਕਾਰਵਾਈ ਵਾਸਤੇ ਧੋਖੇ ਵਾਲੀ ਜ਼ਮੀਨ ਤਿਆਰ ਕੀਤੀ ਗਈ ਤੇ ਕਰਵਾਈ ਗਲਤ ਸੀ, ਜਿਹੜੀ ਮੁੱਖ ਮੰਤਰੀ ਨੂੰ ਲੱਗੀ ਜਾਂ ਲਗਵਾਈ ਸੇਵਾ ਤੋਂ ਜਾਪਦਾ ਹੀ ਹੈ, ਤਾਂ ਇਹ ਵੀ ਮੰਨਣਾ ਪਵੇਗਾ ਕਿ ਕੋਈ ਸਿਆਣਾ ਬੰਦਾ ਵੀ ਧੋਖੇ ਵਿਚ ਆ ਜਾਂਦਾ ਹੈ। ਉਹਦੇ ਲਈ ਮੁਆਫੀਨਾਮੇ ਦੀ ਗੁੰਜਾਇਸ਼ ਹੋਣੀ ਚਾਹੀਦੀ ਹੈ।**

–ਇਹੋ ਜਿਹੇ ਬੰਦੇ ਨੂੰ ਰਾਜਨੀਤੀ ਵਿਚ ਨਹੀਂ ਪੈਣਾ ਚਾਹੀਦਾ। ਮੈਨੂੰ ਸਾਫ ਦਿਖਾਈ ਦੇ ਰਿਹਾ ਸੀ ਕਿ ਇਹੀ ਗੱਲ ਹੋਵੇਗੀ। ਮੈਂ ਸਰਬੱਤ ਖਾਲਸਾ ਵਿਚ ਇਸ ਦਾ ਐਲਾਨ ਵੀ ਕੀਤਾ ਸੀ। ਮੈਂ ਇਸ ਤੋਂ ਵੱਡੀ ਚਿਤਾਵਨੀ ਕਦੇ ਕਿਸੇ ਨੂੰ ਨਹੀਂ ਦਿੱਤੀ। ਦਿੱਲੀ ਵਾਲਿਆਂ ਦਾ ਦਿਲ ਕਾਲਾ ਹੈ। ਮੈਨੂੰ ਦਿਸਦਾ ਸੀ ਤਾਂ ਇਨ੍ਹਾਂ ਨੂੰ ਕਿਉਂ ਨਹੀਂ ਦਿਸਿਆ?

**? ਪਰ ਤੁਸੀਂ ਇੰਨੀ ਗੱਲ ਤੋਂ ਮੰਤਰੀ ਮੰਡਲ ਤੋਂ ਬਾਹਰ ਕਿਉਂ ਆਏ। ਤੁਹਾਡੇ ਕੋਲੋਂ ਲੋਕਾਂ ਨੂੰ ਇੰਨਾ ਵੱਡਾ ਕਦਮ ਚੁੱਕਣ ਦੀ ਆਸ ਨਹੀਂ ਸੀ।**

–ਮੈਂ ਤਾਂ ਜੋ ਕੁਝ ਕੀਤਾ ਹੈ, ਉਹ ਅਨੰਦਪੁਰ ਸਾਹਿਬ ਦੀ ਕੰਧ ਉਤੇ ਪਹਿਲਾਂ ਹੀ ਲਿਖ ਆਇਆ ਹਾਂ। ਮੇਰੇ ਮਨ ਦੀ ਦੋਚਿੱਤੀ ਬਾਰੇ ਸੋਚਣਾ ਹੀ ਠੀਕ ਨਹੀਂ। ਮੈਂ ਸਦਾ ਸਰਬੱਤ ਦਾ ਹੁਕਮ ਮੰਨਿਆ ਹੈ। ਦਿੱਲੀ ਜਾ ਕੇ ਸੰਵਿਧਾਨ ਪਾੜਨ ਦੇ ਮੈਂ ਬਿਲਕੁਲ ਹੀ ਹੱਕ ਵਿਚ ਨਹੀਂ ਸਾਂ ਪਰ ਮੇਰੇ ਸਹਿਯੋਗੀ ਇਹ ਗੱਲ ਜ਼ਰੂਰ ਕਰਨੀ ਚਾਹੁੰਦੇ ਸਨ। ਹੋਇਆ ਇਹ ਕਿ ਅਮਲ ਕਰਨ ਵੇਲੇ ਮੈਂ ਇਕੱਲਾ ਹੀ ਰਹਿ ਗਿਆ, ਬਾਕੀ ਸਾਰੇ ਪਿੱਛੇ ਹਟ ਗਏ। ਹੁਣ ਵੀ ਕੁਝ ਇਸੇ ਤਰ੍ਹਾਂ ਹੋਇਆ। ਇਸ ਦੇ ਨਾਲੋਂ ਤਾਂ ਅਸੀਂ ਸ਼ਹੀਦੀ ਜਥੇ ਲੈ ਕੇ ਜਾਂਦੇ ਤੇ ਨੌਜਵਾਨਾਂ ਤੋਂ ਗੋਲੀਆਂ ਖਾ ਲੈਂਦੇ। ਮੈਨੂੰ ਸਭ ਤੋਂ ਅੱਗੇ ਕਰਦੇ। ਮੈਂ ਪਿੱਛੇ ਹਟਣ ਵਾਲਾ ਨਹੀਂ ਸੀ।



*ਪ੍ਰਕਾਸ਼ ਸਿੰਘ ਬਾਦਲ ਦੀ ਪੁਰਾਣੀ ਤਸਵੀਰ*

**? ਪਰ ਇਸ ਨਾਲ ਸਰਕਾਰ ਕਮਜ਼ੋਰ ਹੋਈ ਹੈ।**

–ਕੀ ਕਮਜ਼ੋਰੀ ਹੈ? ਚੰਗੀ ਭਲੀ ਚੱਲ ਰਹੀ ਹੈ। ਇੱਦਾਂ ਹੀ ਚਲਦੀ ਰਹਿਣੀ ਹੈ।

**? ਤੁਸੀਂ ਇਕੱਠੇ ਹੁੰਦੇ ਤਾਂ ਹੋਰ ਚੰਗੀ ਚੱਲਣੀ ਸੀ। ਧੜੱਲੇ ਨਾਲ।**

–ਇਕੱਠੇ ਹੁੰਦੇ ਤਾਂ ਹੁਣ ਤੱਕ ਕਦੋਂ ਦੀ ਟੁੱਟ ਜਾਣੀ ਸੀ। ਤੋੜਨ ਵਾਸਤੇ ਬਹਾਨਾ ਲੱਭਣਾ ਔਖਾ ਨਹੀਂ ਹੋਇਆ ਕਰਦਾ। ਹੁਣ ਜਿਹੋ ਜਿਹੀ ਹੈ, ਚੱਲ ਤਾਂ ਰਹੀ ਹੈ।

**? ਤੁਸੀਂ ਇਸ 'ਤੇ ਖ਼ੁਸ਼ ਹੋ?**

–ਇਹੋ ਜਿਹੀਆਂ ਸਰਕਾਰਾਂ ਇਹੋ ਜਿਹੀਆਂ ਹੀ ਹੁੰਦੀਆਂ ਹਨ।

**? ਮੇਰਾ ਖਿਆਲ ਹੈ ਕਿ ਜਿਨ੍ਹਾਂ ਸਥਿਤੀਆਂ ਵਿਚੋਂ ਅਸੀਂ ਲੰਘ ਰਹੇ ਹਾਂ, ਉਨ੍ਹਾਂ ਵਿਚ ਗੁਰਦੁਆਰਿਆਂ ਵਿਚ ਪੁਲਿਸ ਕਾਰਵਾਈ ਰੋਕੀ ਹੀ ਨਹੀਂ ਜਾ ਸਕਦੀ। ਕੋਈ ਹੋਰ ਸਰਕਾਰ ਹੁੰਦੀ ਤਾਂ ਉਸ ਲਈ ਵੀ ਮੌਕਾ ਪੈਦਾ ਹੋ ਹੀ ਜਾਣਾ ਸੀ।**

–ਮੈਂ ਨਹੀਂ ਮੰਨਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਢਾਈ ਤਿੰਨ ਸੌ ਸੇਵਾਦਾਰ ਰੱਖ ਕੇ ਹਾਲਾਤ 'ਤੇ ਕਾਬੂ ਪਾ ਸਕਦੀ ਸੀ। ਹੋਰ ਵੀ ਕਈ ਕੁਝ ਹੋ ਸਕਦਾ ਸੀ।

**? ਜੋ ਕੁਝ ਹੋ ਸਕਦਾ ਸੀ, ਉਹ 26 ਜਨਵਰੀ ਨੂੰ ਕਿਉਂ ਨਾ ਕੀਤਾ ਗਿਆ। ਉਦੋਂ ਤਾਂ ਤੁਸੀਂ ਵੀ ਸਰਕਾਰ ਵਿਚ ਹੀ ਸੀ। ਜਦੋਂ ਚੰਡੀਗੜ੍ਹ ਨਹੀਂ ਮਿਲਿਆ ਤਾਂ ਸ਼ਹੀਦੀ ਜਥੇ ਕਿਉਂ ਨਾ ਗਏ?**

–ਮੈਂ ਮੁੱਖ ਮੰਤਰੀ ਨਹੀਂ ਸਾਂ। ਅਕਾਲੀ ਦਲ ਦਾ ਪ੍ਰਧਾਨ ਵੀ ਨਹੀਂ ਸਾਂ ਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ।

**? ਤੁਸੀਂ ਠੀਕ ਕਹਿੰਦੇ ਹੋ ਪਰ ਪੰਜਾਬ ਤੇ ਦੇਸ਼ ਦੇ ਹਿੱਤ ਵਿਚ, ਖਾਸ ਕਰ ਕੇ ਪੰਜਾਬੀਆਂ ਦੇ ਹਿੱਤ ਵਿਚ, ਦੋਫਾੜ ਹੋਣ ਨਾਲੋਂ ਕੋਈ ਹੋਰ ਰਾਹ ਲੱਭਣਾ ਠੀਕ ਸੀ।**

–ਅਸੀਂ ਤਾਂ ਕੋਈ ਰਸਤਾ ਬੰਦ ਨਹੀਂ ਕੀਤਾ। ਬਰਨਾਲਾ ਸਾਹਿਬ ਖੁਦ ਹੀ ਆਪਣੇ ਦਰਵਾਜ਼ੇ ਬੰਦ ਕਰੀ ਜਾ ਰਹੇ ਹਨ। ਭਲਾ ਪੁਲਿਸ ਦਾ ਡੀ.ਜੀ. ਬਾਹਰ ਤੋਂ ਲਿਆਉਣ ਦੀ ਕੀ ਲੋੜ ਸੀ?

**? ਮੈਂ ਵੀ ਪੁੱਛਿਆ ਸੀ। ਮੈਨੂੰ ਦੱਸਿਆ ਗਿਆ ਸੀ ਕਿ ਪੰਜਾਬ ਕਾਡਰ ਵਿਚੋਂ ਬਣਨ ਵਾਸਤੇ ਤਾਂ ਹਰ ਇਕ ਤਿਆਰ ਸੀ ਪਰ ਜਦੋਂ ਉਸ ਨੂੰ ਸਖ਼ਤੀ ਕਰਨ ਲਈ ਭਾਂਪਿਆ ਜਾਂਦਾ ਸੀ ਤਾਂ ਚੁੱਪ ਹੋ ਜਾਂਦਾ ਸੀ। ਤੁਸੀਂ ਮੰਨੋਗੇ ਕਿ ਬਾਹਰਲੇ ਬੰਦੇ ਲਈ ਸਖ਼ਤੀ ਕਰਨੀ ਸੌਖੀ ਹੁੰਦੀ ਹੈ। ਉਹ ਸਖ਼ਤੀ ਕਰ ਕੇ ਦੂਰ ਆਪਣੇ ਘਰ ਚਲਾ ਜਾਂਦਾ ਹੈ। ਅੰਦਰ ਵਾਲੇ ਨੇ ਤਾਂ ਉਥੇ ਹੀ ਰਹਿਣਾ ਹੁੰਦਾ ਹੈ।**

–ਗੱਲ ਤਾਂ ਤੁਹਾਡੀ ਠੀਕ ਹੈ ਪਰ ਹਰ ਗੱਲ ਵਿਚ ਝੁਕਦੇ ਜਾਣਾ ਵੀ ਤਾਂ ਠੀਕ ਨਹੀਂ।

**? ਕਿਸ ਤਰ੍ਹਾਂ ਭਲਾ?**

–ਜਿਵੇਂ ਪੰਜਾਬ ਸਮਝੌਤਾ ਹੀ ਲੈ ਲਵੋ। ਤੁਹਾਡੇ ਅਖ਼ਬਾਰ ਨੇ ਹੀ ਲਿਖਿਆ ਹੈ ਕਿ ਰੁੰਡਮੁੰਡ ਚੰਡੀਗੜ੍ਹ ਪੰਜਾਬ ਨੂੰ ਮਿਲੇਗਾ ਤੇ ਉਹ ਵੀ 70,000 ਏਕੜ ਬਦਲੇ।

**? ਅਸੀਂ ਕੋਈ ਗਲਤ ਤਾਂ ਨਹੀਂ ਲਿਖਿਆ ਪਰ ਅਸੀਂ ਇਹ ਵੀ ਲਿਖਿਆ ਸੀ ਕਿ ਅਬੋਹਰ-ਫਾਜ਼ਿਲਕਾ ਦੀ ਨਾਕਾਬੰਦੀ ਸਮਝੌਤੇ ਦੇ ਸ਼ਬਦਾਂ ਤੋਂ ਹੀ ਹੋਈ। ਜੇ ਇਲਾਕਾਈ ਨੇੜਤਾ ਦਾ ਸ਼ਬਦ ਵਿਚ ਨਾ ਪਾਇਆ ਹੁੰਦਾ ਤਾਂ 83 ਪਿੰਡ ਚਲੇ ਜਾਣੇ ਸਨ। 70,000 ਏਕੜ ਹਾਲੇ ਗਏ ਨਹੀਂ। ਜੇ ਚਲੇ ਵੀ ਜਾਣ ਤਾਂ 83 ਪਿੰਡਾਂ ਨਾਲੋਂ ਤਾਂ ਬਹੁਤ ਘੱਟ ਹਨ।**

–ਚੰਡੀਗੜ੍ਹ ਪੰਜਾਬ ਦਾ ਹੈ। ਇਸ ਦੇ ਬਦਲੇ ਕੋਈ ਪਿੰਡ ਵੀ ਨਹੀਂ ਜਾਣਾ ਚਾਹੀਦਾ। ਚਲੋ ਇਹ ਵੀ ਛੱਡੋ। ਸਮਝੌਤੇ ਪਿੱਛੇ ਜਾਈਏ ਤਾਂ ਅਸੀਂ ਦਰਿਆਈ ਪਾਣੀਆਂ ਵਿਚ ਬੜੀ ਮਾਰ ਖਾਵਾਂਗੇ। ਮੈਂ ਉਸ ਇਲਾਕੇ ਦਾ ਹਾਂ ਜਿਥੇ ਖੇਤੀ ਨਹਿਰਾਂ ਦੇ ਸਿਰ 'ਤੇ ਹੁੰਦੀ ਹੈ। ਜੇ ਆਪਣੀਆਂ ਨਹਿਰਾਂ ਸੁੱਕੀਆਂ ਰੱਖ ਕੇ ਆਪਣਾ ਪਾਣੀ ਅੱਗੇ ਭੇਜ ਦੇਈਏ ਤਾਂ ਸਾਨੂੰ ਅਕਲਮੰਦ ਕੌਣ ਕਹੇਗਾ? ਫੇਰ, ਸਮਝੌਤੇ ਵਿਚ ਨੌਜਵਾਨਾਂ ਬਾਰੇ ਇਕ ਸ਼ਬਦ ਇਹੋ ਜਿਹਾ ਪਾਇਆ ਹੈ ਜਿਹੜਾ ਬਿਲਕੁਲ ਹੀ ਠੀਕ ਨਹੀਂ ਸੀ। ਉਨ੍ਹਾਂ ਦੀ ਰਿਹਾਈ ਦੇ ਸਬੰਧ ਵਿਚ ਇਹ ਲਿਖਿਆ ਗਿਆ ਹੈ ਕਿ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਜਾਵੇਗਾ ਜਿਹੜੇ ਦੇਸ਼ ਵਿਰੁਧ ਜੰਗ ਛੇੜਨ ਦੇ ਭਾਗੀ ਨਹੀਂ ਹਨ। ਤੁਸੀਂ ਤਾਂ ਐਡੀਟਰ ਹੋ...ਕੀ ਇਸ ਦਾ ਮਤਲਬ ਇਹ ਨਹੀਂ ਨਿਕਲਦਾ ਕਿ ਦੇਸ਼ ਵਿਰੁਧ ਜੰਗ ਜ਼ਰੂਰ ਜਾਰੀ ਸੀ? ਮੈਂ ਸੰਤ ਭਿੰਡਰਾਂਵਾਲੇ ਦੀ ਨੀਤੀ ਦਾ ਸਮਰਥਕ ਨਹੀਂ ਸਾਂ, ਪਰ ਇਹ ਗੱਲ ਕਹਿਣ ਤੋਂ ਮੈਨੂੰ ਕੋਈ ਸੰਕੋਚ ਨਹੀਂ ਕਿ ਦੇਸ਼ ਵਿਰੁਧ ਜੰਗ ਤਾਂ ਸੰਤ ਭਿੰਡਰਾਂਵਾਲੇ ਨੇ ਵੀ ਨਹੀਂ ਸੀ ਛੇੜੀ। ਉਸ ਨੇ ਦੇਸ਼ ਤੋਂ ਵੱਖਰੇ ਹੋਣ ਦਾ ਕੋਈ ਨਾਅਰਾ ਕਦੇ ਵੀ ਨਹੀਂ ਲਾਇਆ। ਕੀ ਸਮਝੌਤੇ ਵਿਚ ਇਹ ਸ਼ਬਦ ਪਾ ਕੇ ਸਾਨੂੰ ਝੂਠੇ ਨਹੀਂ ਕੀਤਾ ਗਿਆ? ਜਿਵੇਂ ਚੋਣਾਂ ਲੜਨ ਸਮੇਂ ਆਨੰਦਪੁਰ ਦੇ ਮਤੇ ਨੂੰ ਵੱਖਵਾਦੀ ਕਹਿੰਦੇ ਰਹੇ ਹਨ। ਸਾਨੂੰ ਲੋਕਾਂ ਦੇ ਪ੍ਰਤੀਨਿਧਾਂ ਨੂੰ ਸ਼ਬਦਾਂ ਦੀ ਵਰਤੋਂ ਬਾਰੇ ਬੜਾ ਚੇਤੰਨ ਰਹਿਣਾ ਚਾਹੀਦਾ ਹੈ।

**? ਸਮਝੌਤੇ ਵਿਚ ਪਹਿਲੀ ਜੁਲਾਈ 1985 ਦਾ ਜ਼ਿਕਰ ਹੈ। ਉਸ ਦਿਨ ਬਹੁਤ ਥੋੜ੍ਹਾ ਪਾਣੀ ਪੰਜਾਬ ਦੀ ਵਰਤੋਂ ਤੋਂ ਵਾਧੂ ਬਚਿਆ ਸੀ। ਉਸ ਤੋਂ ਵੱਧ ਪਾਣੀ ਸਮਝੌਤੇ ਅਧੀਨ ਤਾਂ ਕਿਸੇ ਹੋਰ ਰਾਜ ਨੂੰ ਨਹੀਂ ਜਾ ਸਕਦਾ। ਤੁਸੀਂ ਸਮਝੌਤੇ ਵਿਚ ਕਿਉਂ ਨੁਕਸ ਕੱਢਦੇ ਹੋ?**

–ਕੇਂਦਰ ਵਾਲਿਆਂ ਨੇ ਪਾਣੀ ਦੇ ਮਾਮਲੇ ਵਿਚ ਵੀ ਉਹੀਓ ਕੁਝ ਕਰਨਾ ਹੈ ਜੋ ਚੰਡੀਗੜ੍ਹ ਦੇ ਮਾਮਲੇ ਵਿਚ ਕੀਤਾ ਹੈ।

**? ਇਕੋ ਹੀ ਦੇਸ਼ ਵਿਚ ਰਹਿੰਦਿਆਂ ਅਸੀਂ ਕੇਂਦਰ ਨਾਲ ਕਿੰਨਾ ਕੁ ਲੜ ਸਕਦੇ ਹਾਂ? ਪੰਜਾਬ ਕੋਈ ਆਂਧਰਾ ਪ੍ਰਦੇਸ਼ ਤਾਂ ਨਹੀਂ ਕਿ ਸਾਰੀ ਵਸੋਂ ਰਾਜ ਦੇ ਹਿੱਤਾਂ ਦੀ ਗੱਲ ਕਰੇ? ਅਕਾਲੀਆਂ ਨਾਲ ਕਿੰਨੀ ਕੁ ਵਸੋਂ ਹੋਰ ਹੈ ਜਿਹੜੀ ਮੋਢੇ ਨਾਲ ਮੋਢਾ ਡਾਹ ਕੇ ਪੰਜਾਬ ਦੀ ਗੱਲ ਕਰਨ ਲਈ ਤਿਆਰ ਹੈ?**

–ਜੇ ਅਸੀਂ 73 ਸੀਟਾਂ ਲੈ ਕੇ ਵੀ ਆਪਣੀ ਗੱਲ ਨਹੀਂ ਮੰਨਵਾ ਸਕਦੇ ਤਾਂ ਫੇਰ ਕਦੋਂ ਮੰਨਵਾਵਾਂਗੇ?

**? ਤੁਸੀਂ ਆਪ ਹੀ ਕਿਹਾ ਹੈ ਕਿ ਇਕੱਠੇ ਰਹਿੰਦੇ ਤਾਂ ਸ਼ਾਇਦ ਤੁਹਾਡੀ ਸਰਕਾਰ ਹੁਣ ਤੱਕ ਤੋੜ ਵੀ ਦਿੱਤੀ ਜਾਂਦੀ। ਮੰਨਵਾਉਂਦਾ ਕੌਣ?**

–(ਚੁੱਪ ਰਹਿ ਕੇ) ਅਸੀਂ ਬਾਹਰ ਹੋ ਕੇ 'ਤੁਹਾਡੀ' ਸਰਕਾਰ ਜਿਉਂਦੀ ਰੱਖੀ ਹੋਈ ਹੈ। (ਹਾਸਾ)।

**? ਕੀ ਮੁੜ ਇਕੱਠੇ ਹੋਣ ਦੀ ਕੋਈ ਸੰਭਾਵਨਾ ਨਹੀਂ?**

–ਨੀਅਤ ਹੋਵੇ ਤਾਂ ਸਭ ਕੁਝ ਹੋ ਸਕਦਾ ਹੈ।

**? ਨੀਅਤ ਕਿਵੇਂ ਬਣੇ?**

–ਮੈਂ ਤਾਂ ਕਹਿਨਾਂ ਕਿ ਗੋਲਮੇਜ਼ ਕਾਨਫਰੰਸ ਹੋਣੀ ਚਾਹੀਦੀ ਹੈ। ਉਸ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਤੀਨਿਧ ਵੀ ਆ ਜਾਣ, ਦਮਦਮੀ ਟਕਸਾਲ ਦੇ ਵੀ, ਬਾਬਾ ਦਲ ਦੇ ਵੀ, ਸਾਡੇ ਵੀ ਤੇ ਚਲੋ ਬਰਨਾਲਾ ਸਾਹਿਬ ਦੀ ਸਰਕਾਰ ਵਾਲੇ ਵੀ। ਜੋ ਸਭ ਨੂੰ ਮਨਜ਼ੂਰ ਹੋਵੇ, ਕਰ ਲੈਣਾ ਚਾਹੀਦਾ ਹੈ।

**? ਇਹ ਤਾਂ ਸਾਰੇ ਸਿੱਖ ਹੀ ਹੋ ਗਏ।**

–ਗੱਲ ਇਸ ਵੇਲੇ ਸਿੱਖਾਂ ਦੀ ਹੀ ਹੋ ਰਹੀ ਹੈ।

**? ਤਾਂ ਉਸ ਵਿਚ ਕਾਂਗਰਸ (ਆਈ) ਵਾਲੇ ਵੀ ਬੁਲਾ ਲੈਣੇ ਚਾਹੀਦੇ ਹਨ। ਉਨ੍ਹਾਂ ਵਿਚ ਵੀ ਸਿੱਖ ਹਨ-ਗੁਰਬਿੰਦਰ ਕੌਰ, ਬੇਅੰਤ ਸਿੰਘ।**

–ਉਨ੍ਹਾਂ ਦਾ ਕੀ ਫਾਇਦਾ? ਉਹ ਤਾਂ ਕੇਂਦਰ

***(ਬਾਕੀ ਸਫਾ 33 ਉਤੇ)***



*ਅਨੰਦਪੁਰ ਸਾਹਿਬ ਵਾਲਾ ਮਤਾ ਪਾਸ ਹੋਣ ਤੋਂ ਬਾਅਦ ਜੰਮੂ ਕਸ਼ਮੀਰ ਦੇ ਨੇਤਾ ਫਾਰੂਕ ਅਬਦੁੱਲਾ ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਕਾਸ਼ ਸਿੰਘ ਬਾਦਲ ਤੇ ਬਲਵੰਤ ਸਿੰਘ ਨਾਲ*

# ਕਾਲਾ ਮਹੀਨਾ-ਪੋਹ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-454-4958

ਭਰ ਸਰਦੀ ਵਾਲੇ ਮਹੀਨੇ ਪੋਹ ਦਾ ਨਾਂ ਸੁਣਦਿਆਂ ਹੀ ਕਾਂਬਾ ਛਿੜ ਜਾਂਦਾ ਹੈ। ਪੰਜਾਬ ਵਿਚ ਕੋਰਾ, ਧੁੰਦ, ਮੂੰਹਾਂ 'ਚੋਂ ਭਾਫਾਂ ਆਦਿ ਦਾ ਵਰਤਾਰਾ ਇਸ ਮਹੀਨੇ ਦਾ ਆਮ ਲਛਣ ਹੈ। ਘਰਾਂ, ਖੂਹਾਂ, ਬੀਹੀਆਂ, ਸੱਥਾਂ ਵਿਚ ਖੇਸੀਆਂ ਦੇ ਝੁੰਬ ਹੀ ਝੁੰਬ ਦਿਖਾਈ ਦਿੰਦੇ ਹਨ। ਇਹ ਮਹੀਨਾ ਠੰਡਾ ਕਿਉਂ ਹੁੰਦਾ ਹੈ, ਇਸ ਬਾਰੇ ਇਕ ਦਿਲਚਸਪ ਪੌਰਾਣਿਕ ਕਥਾ ਹੈ। ਕਹਿੰਦੇ ਹਨ ਸੂਰਜ ਦੇਵਤੇ ਦਾ ਰਥ ਸੱਤ ਘੋੜੇ ਹਿੱਕਦੇ ਹਨ। ਇਕ ਵਾਰੀ ਘੋੜੇ ਬਹੁਤ ਪਿਆਸੇ ਹੋ ਗਏ। ਸੂਰਜ ਨੇ ਘੋੜਿਆਂ ਨੂੰ ਪਾਣੀ ਪਿਲਾਉਣ ਦੀ ਠਾਣੀ ਪਰ ਉਸ ਨੂੰ ਖਿਆਲ ਆਇਆ ਕਿ ਉਸ ਦਾ ਰਥ ਤਾਂ ਚਲਦਾ ਹੀ ਰਹਿਣਾ ਚਾਹੀਦਾ ਹੈ। ਉਸ ਨੇ ਇਕ ਛੱਪੜ 'ਤੇ ਦੋ ਗਧਿਆਂ ਨੂੰ ਪਾਣੀ ਪੀਂਦਿਆਂ ਦੇਖਿਆ। ਸੂਰਜ ਨੂੰ ਤਰਕੀਬ ਸੁਝ ਗਈ। ਉਸ ਨੇ ਘੋੜਿਆਂ ਨੂੰ ਰੱਥ ਤੋਂ ਲਾਹ ਕੇ ਛੱਪੜ 'ਤੇ ਪਾਣੀ ਪੀਣ ਲਾ ਦਿੱਤਾ ਤੇ ਗਧਿਆਂ ਨੂੰ ਰਥ ਨਾਲ ਜੋੜ ਦਿੱਤਾ। ਗਧਿਆਂ ਵਿਚ ਘੋੜਿਆਂ ਜਿੰਨੀ ਤੇਜ਼ੀ ਕਿਥੇ? ਨਾਲੇ ਉਹ ਸਨ ਵੀ ਕੇਵਲ ਦੋ ਹੀ। ਉਨ੍ਹਾਂ ਦੀ ਮਸਤ ਚਾਲ ਨਾਲ ਸੂਰਜ ਦਾ ਤੇਜ ਮਾਂਦਾ ਪੈ ਗਿਆ ਤੇ ਧਰਤੀ 'ਤੇ ਠੰਡ ਵਰਤ ਗਈ। ਇਸ ਮਹੀਨੇ ਨੂੰ ਖਰਮਾਸ ਵੀ ਕਿਹਾ ਜਾਂਦਾ ਹੈ-ਖਰ=ਗਧਾ।

ਇਸ ਮਹੀਨੇ ਖੂਹਾਂ 'ਤੇ ਕੁਲ੍ਹਾੜੀ (ਦੁਆਬੇ ਵਿਚ ਵੇਲਣਾ) ਚਲਦੀ ਹੈ ਤੇ ਤੱਤੇ ਤੱਤੇ ਗੁੜ ਦੀਆਂ ਲਪਟਾਂ ਨਾਲ ਸਾਰਾ ਵਾਤਾਵਰਣ ਨਸ਼ਿਆਇਆ ਜਾਂਦਾ ਹੈ। ਚੌਂਕੇ ਵਿਚ ਪਟੜੇ ਜਾਂ ਪੀੜੀ ਉਤੇ ਬਹਿ ਕੇ ਲੱਤਾਂ ਚੁਲ੍ਹੇ ਵਿਚ ਡਾਹੀਆਂ ਜਾਂਦੀਆ ਹਨ। ਜੇ ਨਾਲ ਮੱਖਣ ਦੇ ਪੇੜੇ ਵਾਲਾ ਗਰਮਾ ਗਰਮ ਸਾਗ ਵੀ ਹੋਵੇ ਤਾਂ ਸੋਨੇ 'ਤੇ ਸੁਹਾਗਾ ਹੋ ਜਾਂਦਾ ਹੈ। ਸਾਗ ਤੇ ਮੱਕੀ ਦੀ ਰੋਟੀ ਕਹਿੰਦੇ ਨੇ ਪੰਜਾਬੀ ਸਭਿਆਚਾਰ ਦੀ ਮੁਖ ਨਿਸ਼ਾਨੀ ਹੈ, ਫਿਰ ਤਾਂ ਸਾਡਾ ਸਭਿਆਚਾਰ ਇਸ ਮਹੀਨੇ ਹੀ ਆਪਣੇ ਪੂਰੇ ਜਾਹੋ-ਜਲਾਲ ਨਾਲ ਦ੍ਰਿਸ਼ਟੀਗੋਚਰ ਹੁੰਦਾ ਹੈ। ਪਰ ਅਫਸੋਸ, ਚੌਲਾਂ ਦੀ ਖੇਤੀ ਨੇ ਪੰਜਾਬ ਦੇ ਇਸ ਸਭਿਆਚਾਰ ਵਿਚ ਚਿੱਬ ਪਾਇਆ ਹੈ। ਜੀਰੀ ਨੇ ਧਰਤੀ ਦਾ ਪਾਣੀ ਸੂਤ ਲਿਆ ਹੈ ਤੇ ਹੁਣ ਮੁੜ ਮੱਕੀ ਬੀਜਣ ਦੀਆਂ ਗੱਲਾਂ ਚੱਲਣ ਲੱਗੀਆਂ ਹਨ। ਪੋਹ ਦੇ ਮਹੀਨੇ ਕਿਸਾਨ ਮੀਂਹ ਦੀ ਤਵੱਕੋ ਕਰਦੇ ਹਨ। ਜੇ ਕਣੀਆਂ ਪੈ ਜਾਣ ਤਾਂ ਕਿਸਾਨ ਦੇ ਵਾਰੇ ਨਿਆਰੇ ਹੋ ਜਾਂਦੇ ਹਨ ਕਿਉਂਕਿ ਸੁੱਕੀ ਠੰਡ ਫਸਲਾਂ ਨੂੰ ਰੁੰਡ-ਮਰੁੰਡ ਕਰ ਦਿੰਦੀ ਹੈ,

ਜੇ ਵੱਸੇ ਪੋਹ ਮਾਹੀ,
ਕੌਣ ਆਖੇ ਜੰਮੀ ਨਾਹੀ।
ਵਸੇ ਪੋਹ ਅਗੇਤੀ ਪਿਛੇਤੀ
ਇਕੋ ਜਿਹੀ,
ਪੋਹ ਵਰ੍ਹੇ ਖਾਤੇ ਭਰੇ,
ਮਾਘ ਵਰ੍ਹੇ ਕੋਠੀ ਭਰੇ।

ਅਗਲਾ ਮਹੀਨਾ ਮਾਘ ਦਾ ਵੀ ਪਾਲੇ ਦਾ ਹੀ ਹੁੰਦਾ ਹੈ। ਕਿਹੜੇ ਮਹੀਨੇ ਵਧੇਰੇ ਪਾਲਾ ਹੁੰਦਾ ਹੈ, ਇਸ ਬਾਰੇ ਗਿਆਨੀ ਗੁਰਦਿੱਤ ਸਿੰਘ ਨੇ ਆਪਣੀ ਪੁਸਤਕ 'ਮੇਰਾ ਪਿੰਡ' ਵਿਚ ਇਕ ਜਨੌਰ ਕਹਾਣੀ ਦਾ ਜ਼ਿਕਰ ਕੀਤਾ ਹੈ। ਇਕ ਵਾਰੀ ਸ਼ੇਰ ਤੇ ਬਘਿਆੜ ਆਪੋ ਵਿਚ ਬਹਿਸ ਪਏ। ਸ਼ੇਰ ਕਹੇ ਪਾਲਾ ਮਾਘ ਵਿਚ ਜ਼ਿਆਦਾ ਹੁੰਦਾ ਹੈ ਤੇ ਬਘਿਆੜ ਕਹੇ ਪੋਹ ਵਿਚ। ਆਖਰ ਚਲਾਕ ਲੂੰਬੜੀ ਦੇ ਅੱਗੇ ਕੇਸ ਰੱਖਿਆ ਗਿਆ, "ਭਾਗਵਾਨੇ! ਸਾਰੇ ਜੰਗਲ ਦੇ ਜਾਨਵਰਾਂ ਨਾਲੋਂ ਤੈਨੂੰ ਚਤੁਰ ਕਹਿੰਦੇ ਹਨ, ਜ਼ਰਾ ਸਾਡੀ ਗੱਲ ਦਾ ਫੈਸਲਾ ਕਰ।" ਲੂੰਬੜੀ ਵਿਚਾਰੀ ਦੁਬਿਧਾ ਵਿਚ ਪੈ ਗਈ। ਜੇ ਸ਼ੇਰ ਗੁੱਸੇ ਹੋਇਆ ਤਾਂ ਇਕ ਅੱਧੇ ਦਿਨ ਵਿਚ ਦਾਅ ਲਾ ਕੇ ਮਾਰੂ ਤੇ ਜੇ ਬਘਿਆੜ ਦੇ ਉਲਟ ਗੱਲ ਆਖੀ ਤਾਂ ਜਾਨ ਫਿਰ ਵੀ ਖਤਰੇ ਵਿਚ ਹੈ। ਕਹਿੰਦੇ ਹਨ ਸੋਚ-ਸਾਚ ਕੇ ਅਜਿਹਾ ਜਵਾਬ ਦਿੱਤਾ ਕਿ ਦੋਨਾਂ ਦੀ ਨਿਸ਼ਾ ਕਰਾ ਦਿੱਤੀ,

ਸੁਣੋ ਸਿੰਘ ਸਰਦਾਰ
ਸੁਣੋ ਬਘਿਆੜ ਰਾਇ ਜੀ।
ਪਾਲਾ ਪੋਹ ਨਾ ਪਾਲਾ ਮਾਘ
ਪਾਲਾ ਮੀਂਹ ਤੇ ਵਾਇ ਜੀ।

ਜੇ ਕਿਸੇ ਕਾਰਨ ਕਰਕੇ ਹਾੜੀ ਦੀ ਬਿਜਾਈ ਵੱਤ ਸਿਰ ਨਾ ਹੋ ਸਕੇ ਤਾਂ ਪੋਹ ਮਾਘ ਵਿਚ ਵੀ ਕਣਕ ਬੀਜ ਦਿੰਦੇ ਹਨ ਜਿਸ ਨੂੰ ਮਾਘਲਾ ਕਿਹਾ ਜਾਂਦਾ ਹੈ,

ਪੋਹ ਮਾਘ ਵਿਚ ਬੀਜੇ,
ਜੋ ਲਹਿਣੇ ਇਕ ਨਾ ਦੇਣੇ ਦੋ।
ਪੋਹ ਦੀ ਬਿਆਈ,
ਜਿਹੀ ਘਰ ਆਈ ਜਿਹੀ ਨਾ ਆਈ।

ਪੋਹ ਦੇ ਮਹੀਨੇ ਤਾਂ ਪੱਛੋਂ ਵੀ ਮਾੜੀ ਹੁੰਦੀ ਹੈ, 'ਪੱਛੋਂ ਚੱਲੇ ਵਿਚ ਕੋਰਾ ਪਵੇ ਜ਼ਰੂਰ, ਸਾਰੀ ਫਸਲ ਕਮਾਦ ਦੀ ਹੋਵੇ ਚਿਕਨਾ ਚੂਰ।'

ਜੇਠ ਹਾੜ ਦੀ ਗਰਮੀ ਤੇ ਪੋਹ ਮਾਘ ਦਾ ਪਾਲਾ ਸਾਡੀਆਂ ਰੁੱਤਾਂ ਦੇ ਕਹਿਰ ਦੇ ਮਹੀਨੇ ਹਨ। ਮੇਰੇ ਪਿੰਡ ਦੇ ਕਵੀ ਗੁਰਦਾਸ ਰਾਮ ਆਲਮ ਨੇ ਕਿਸਾਨ ਦੀ ਬਦਕਿਸਮਤੀ ਦਾ ਹਾਲ ਬਿਆਨਿਆ ਹੈ,

ਜੇਠ ਹਾੜ ਦੀ ਗਰਮੀ ਝੱਲਾਂ,
ਪੋਹ ਮਾਘ ਦਾ ਪਾਲਾ।
ਬੋਹਲ ਬਣੇ ਤਾਂ ਛੇਈਂ ਮਹੀਨੀ,
ਚੁੱਕ ਲਿਜਾਵੇ ਲਾਲਾ।

ਪੰਜਾਬ ਦਾ ਤਿਉਹਾਰ ਲੋਹੜੀ ਪੋਹ ਦੇ ਆਖਰੀ ਦਿਨ ਹੀ ਆਉਂਦਾ ਹੈ। ਸ਼ਾਮ ਪਈ, ਗਲੀਆਂ ਮਹੱਲਿਆ ਵਿਚ ਬੱਚਿਆਂ ਦੀਆਂ ਟੋਲੀਆਂ ਘਰੋਂ-ਘਰੀ ਲੋਹੜੀ ਮੰਗਦੀਆਂ ਆਮ ਹੀ ਦਿਸਦੀਆਂ ਹਨ। ਮਾਲਵੇ ਵਿਚ ਬਾਜਰੇ ਤੇ ਮੋਠਾਂ ਦੀ ਖਿਚੜੀ ਤੇ ਦੁਆਬੇ ਵਿਚ ਰਸ ਵਾਲੇ ਚੌਲ ਰਿੰਨ੍ਹ ਕੇ ਅਗਲੇ ਦਿਨ ਮਾਘੀ ਨੂੰ ਖਾਧੇ ਜਾਂਦੇ ਹਨ, 'ਪੋਹ ਰਿਧੀ ਤੇ ਮਾਘ ਖਾਧੀ।' ਇਸ ਅਖਾਣ ਦਾ ਇਕ ਹੋਰ ਰੁਪਾਂਤਰ ਹੈ, 'ਪਿਉ ਰਿਧੀ ਤੇ ਮਾਘ ਖਾਧੀ।' ਇਸ ਵਿਚ ਪੋਹ ਨੂੰ ਪਿਉ ਤੇ ਮਾਘ ਨੂੰ ਮਾਂ ਕਲਪਿਆ ਗਿਆ ਹੈ। ਰਿਓੜੀਆਂ, ਮੂੰਗਫਲੀ, ਕੁੱਲਰ ਇਸ ਮਹੀਨੇ ਦੀ ਨਿਆਮਤ ਹਨ। ਇਸ ਮਹੀਨੇ ਨੂੰ ਕਾਲਾ ਮਹੀਨਾ ਕਿਹਾ ਜਾਂਦਾ ਹੈ। ਮੇਰੇ ਖਿਆਲ ਵਿਚ ਇਸ ਦਾ ਕਾਰਨ ਮੌਸਮ ਵਿਚ ਝੜ ਅਤੇ ਧੁੰਦ ਦਾ ਬੋਲਬਾਲਾ ਹੋਣਾ ਹੈ। ਮਹੀਨਾ ਕਾਲਾ ਹੋਣ ਕਾਰਨ ਅਸ਼ੁਭ ਮੰਨਿਆ ਜਾਂਦਾ ਹੈ। ਸੋ ਰਵਾਇਤੀ ਤੌਰ 'ਤੇ ਇਸ ਮਹੀਨੇ ਵਿਆਹ ਆਦਿ ਜਿਹੇ ਲੌਕਿਕ ਉਤਸਵ ਵਰਜਿਤ ਹਨ। ਇਸ ਮਹੀਨੇ ਨਵਵਿਆਹੁਤਾ ਕੰਨਿਆ ਨੂੰ ਆਪਣੇ ਪਤੀ ਦਾ ਸਾਥ ਕਰਨ ਤੋਂ ਪ੍ਰਹੇਜ਼ ਕਰਨ ਦਾ ਵਿਚਾਰ ਕੀਤਾ ਜਾਂਦਾ ਹੈ। ਬਿਹਤਰ ਸਮਝਿਆ ਜਾਂਦਾ ਹੈ ਕਿ ਉਹ ਮਹੀਨਾ ਭਰ ਪਿਉਕੇ ਹੀ ਰਹੇ। ਭਰ ਠੰਡ ਵਿਚ ਸੰਭੋਗ ਦੀ ਮਨਾਹੀ? ਕਿੱਡਾ ਕਹਿਰ ਹੈ ਪਰੰਪਰਾਗਤ ਸੋਚ ਵਿਚ! ਇਸ ਮਹੀਨੇ ਪੂਜਾ ਅਰਚਨਾ ਦਾ ਵੀ ਮਹਾਤਮ ਹੈ। ਵਿਸ਼ੇਸ਼ ਤੌਰ 'ਤੇ ਸੌਣੀ ਦੀ ਫਸਲ ਅਤੇ ਸੂਰਜ ਦੀ ਪੂਜਾ ਕੀਤੀ ਜਾਂਦੀ ਹੈ, ਪਿਤਰ ਨਮਿਤ ਦਾਨ ਕੀਤੇ ਜਾਂਦੇ ਹਨ।



ਗੁਰੂ ਗ੍ਰੰਥ ਸਾਹਿਬ ਵਿਚ ਪੋਹ ਲਈ ਪੋਖ ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ। ਗੁਰੂ ਨਾਨਕ ਦੇਵ ਨੇ ਇਸ ਮਹੀਨੇ ਬਾਰੇ ਆਪਣੇ ਬਾਰਾਮਾਹ ਵਿਚ ਕਿਹਾ ਹੈ,

ਪੋਖਿ ਤੁਖਾਰੁ ਪੜੇ ਵਣ ਤ੍ਰਿਣੁ ਰਸ ਸੋਖੈ॥

ਅਰਥਾਤ ਪੋਹ ਦੇ ਮਹੀਨੇ ਪੈਂਦੇ ਕੱਕਰ ਕਾਰਨ ਵਣ ਦੇ ਘਾਹ ਦਾ ਰਸ ਸੁੱਕ ਜਾਂਦਾ ਹੈ। ਸਾਹਿਬ ਸਿੰਘ ਅਨੁਸਾਰ ਇਸ ਦਾ ਭਾਵ ਅਰਥ ਹੈ, ਪ੍ਰਭੂ ਨੂੰ ਭੁਲਾਇਆਂ ਮਨ ਅੰਦਰ ਕੋਰਾ ਪੈ ਜਾਂਦਾ ਹੈ ਜਿਸ ਕਾਰਨ ਜੀਵਨ ਵਿਚੋਂ ਪ੍ਰੇਮ-ਰਸ ਸੁੱਕ ਜਾਂਦਾ ਹੈ। ਗੁਰੂ ਅਰਜਨ ਦੇਵ ਫਰਮਾਉਂਦੇ ਹਨ, 'ਪੋਖੁ ਸੋਹੰਦਾ ਸਰਬ ਸੁਖ ਜਿਸੁ ਬਰਸੇ ਵੇਪਰਵਾਹੁ॥' ਗੁਰੂ ਅਰਜਨ ਦੇਵ ਨੇ ਪੋਹ ਸ਼ਬਦ ਵੀ ਵਰਤਿਆ ਹੈ, "ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ॥" ਪੋਹ ਸ਼ਬਦ ਬਣਿਆ ਹੈ ਸੰਸਕ੍ਰਿਤ 'ਪੋਸ਼' ਤੋਂ। ਇਸ ਮਹੀਨੇ ਦੀ ਪੂਰਨਮਾਸ਼ੀ ਨੂੰ ਚੰਦ 'ਪੁਸ਼ਿਅ' ਨਛੱਤਰ ਕੋਲ ਹੁੰਦਾ ਹੈ। ਇਸ ਲਈ ਇਸ ਦਾ ਨਾਮ ਪੋਸ਼ ਪਿਆ। ਇਹ ਸ਼ਬਦ 'ਪੁਸ਼' ਧਾਤੂ ਤੋਂ ਵਿਉਤਪਤ ਹੋਏ ਹਨ। ਪੁਸ਼ ਦਾ ਮੁਖ ਅਰਥ ਹੈ ਪਾਲਣਾ। ਪੁਸ਼ ਨਛੱਤਰ ਪਾਲਣਹਾਰ ਤੇ ਊਰਜਾ ਪ੍ਰਦਾਨ ਕਰਨ ਵਾਲਾ ਹੈ। ਇਸ ਨਛੱਤਰ ਨੂੰ ਤਿਸ਼ਅ ਵੀ ਕਿਹਾ ਗਿਆ ਹੈ ਜਿਸ ਦਾ ਅਰਥ ਸ਼ੁਭ ਜਾਂ ਮੰਗਲਕਾਰੀ ਹੁੰਦਾ ਹੈ। ਇਸ ਨੂੰ ਕਲਿਆਣਕਾਰੀ ਮੰਨਿਆ ਗਿਆ ਹੈ। ਇਸੇ ਲਈ ਇਸ ਦਾ ਚਿੰਨ੍ਹ ਗਊ ਦੇ ਥਣ ਹੈ। ਗਾਂ ਦਾ ਦੁਧ ਧਰਤੀ 'ਤੇ ਵਸਣ ਵਾਲਿਆਂ ਲਈ ਅੰਮ੍ਰਿਤ ਸਮਾਨ ਹੈ। ਇਹ ਪੌਸ਼ਟਿਕ ਵੀ ਹੁੰਦਾ ਹੈ। ਪੁਸ਼ਅ ਨਛੱਤਰ ਉਤਪਾਦਕਤਾ, ਸਮ੍ਰਿਧੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਕੁਝ ਲੋਕ ਇਸ ਨਛੱਤਰ ਦੇ ਤਿੰਨ ਤਾਰਿਆਂ ਵਿਚ ਗੋਲਾਈ ਦੇਖਦੇ ਹਨ ਜੋ ਰੱਥ ਦਾ ਸੂਚਕ ਹੁੰਦੇ ਹੋਏ ਪ੍ਰਗਤੀ ਦੇ ਪ੍ਰਤੀਕ ਹਨ। ਇਸ ਨਛੱਤਰ ਦਾ ਸਵਾਮੀ ਗ੍ਰਹਿ ਸ਼ਨੀ ਹੈ।

ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁਕਾ ਹੈ, ਪੋਸ਼ ਸ਼ਬਦ ਦਾ ਧਾਤੂ 'ਪੁਸ਼' ਹੈ ਜਿਸ ਦਾ ਅਰਥ ਪਾਲਣਾ ਹੈ। ਪਾਲਣ-ਪੋਸ਼ਣ ਸ਼ਬਦ-ਜੁੱਟ ਵਿਚ 'ਪੋਸ਼ਣ' ਸ਼ਬਦ ਇਸੇ ਪੁਸ਼ ਦਾ ਹੀ ਵਿਕਸਿਤ ਰੂਪ ਹੈ। ਪੰਜਾਬੀ ਵਿਚ ਪੋਸ਼ਣ ਸ਼ਬਦ ਘਟ ਹੀ ਕਦੇ ਇਕੱਲੇ ਤੌਰ 'ਤੇ ਵਰਤਿਆ ਮਿਲਦਾ ਹੈ। ਕਈ ਹਾਲਤਾਂ ਵਿਚ ਸੰਸਕ੍ਰਿਤ ਦਾ ਢਿਡ-ਪਾੜਵਾਂ 'ਸ਼' ਪੰਜਾਬੀ ਵਿਚ ਆ ਕੇ 'ਖ' ਵਿਚ ਬਦਲ ਜਾਂਦਾ ਹੈ ਜਿਵੇਂ 'ਸ਼ੜਅੰਤਰ' ਛੜਅੰਤਰ' ਬਣ ਜਾਂਦਾ ਹੈ। ਇਸ ਤਰ੍ਹਾਂ ਗੁਰਬਾਣੀ ਵਿਚ ਪੋਸ਼ ਤੋਂ ਬਣਿਆ 'ਪੋਖ' ਸ਼ਬਦ ਪਾਲਣ ਦੇ ਅਰਥਾਂ ਵਿਚ ਵਰਤਿਆ ਮਿਲਦਾ ਹੈ,

ਭਰਣ ਪੋਖਣ ਸੰਗਿ ਅਉਧ ਬਿਹਾਣੀ॥ -ਗੁਰੂ ਅਰਜਨ ਦੇਵ

ਅਰਥਾਤ ਆਪਣਾ ਸਰੀਰ ਪਾਲਣ-ਪੋਸ਼ਣ ਵਿਚ ਹੀ ਤੇਰੀ ਉਮਰ ਲੰਘ ਰਹੀ ਹੈ। ਇਸੇ ਤੋਂ ਪੌਸ਼ਟਿਕ ਸ਼ਬਦ ਬਣਿਆ ਹੈ। 'ਰਿਸ਼ਟ-ਪੁਸ਼ਟ' ਜੁੱਟ ਵਿਚ ਪੁਸ਼ਟ ਇਸੇ 'ਪੁਸ਼' ਦਾ ਵਿਕਾਸ ਹੈ। ਪੁਸ਼ਟ ਅੱਗੋਂ ਸੰਕੁਚਿਤ ਹੋ ਕੇ 'ਪੱਠਾ' ਬਣ ਗਿਆ ਜਿਸ ਦੇ ਕਈ ਅਰਥ ਹਨ। ਕੁਝ ਜਾਨਵਰਾਂ ਦੇ ਪਲੇ ਹੋਏ ਬੱਚੇ ਨੂੰ ਪੱਠਾ ਕਿਹਾ ਜਾਂਦਾ ਹੈ। 'ਉਲੂ ਦਾ ਪੱਠਾ' ਉਕਤੀ ਦਾ ਸ਼ਾਬਦਿਕ ਤੌਰ 'ਤੇ ਅਰਥ ਉਲੂ ਦਾ ਬੱਚਾ ਹੈ ਪਰ ਲਾਖਣਿਕ ਅਰਥਾਂ ਵਿਚ ਬੰਦੇ ਦਾ ਮੂਰਖ ਬੱਚਾ ਹੈ। ਭਲਵਾਨਾਂ ਦੇ ਪਲੇ ਹੋਏ ਚੇਲੇ ਵੀ ਪੱਠੇ ਕਹਾਉਂਦੇ ਹਨ। ਮਨੁਖੀ ਸਰੀਰ ਦੇ ਪੱਠੇ (ਮਸਲ) ਸਰੀਰ ਦੇ ਕਮਾਏ ਤੇ ਪਾਲੇ ਹੋਏ ਹੋਣ ਵੱਲ ਸੰਕੇਤ ਕਰਦੇ ਹਨ। ਬੱਕਰੀ ਦੇ ਪਲੇ ਬੱਚੇ ਨੂੰ 'ਪਠ' ਕਿਹਾ ਜਾਂਦਾ ਹੈ। ਜਵਾਨ ਔਰਤ ਨੂੰ ਕਾਮੁਕ ਨਜ਼ਰਾਂ ਨਾਲ ਪੱਠੀ ਕਿਹਾ ਜਾਂਦਾ ਹੈ। ਪਸ਼ੂਆਂ ਦੇ ਚਾਰੇ ਨੂੰ ਪੱਠੇ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਖਾਸੇ ਪਲੇ ਹੋਏ ਤੇ ਮੋਟੇ ਹੁੰਦੇ ਹਨ, ਅਰਥਾਤ ਪਸ਼ੂਆਂ ਲਈ ਪੌਸ਼ਟਿਕ ਹਨ। ਮਹਾਨ ਕੋਸ਼ ਵਿਚ ਪੱਠਾ ਦਾ ਮੁਖ ਅਰਥ ਘਾਹ ਦੇ ਪੱਤੇ ਦਿੱਤਾ ਹੋਇਆ ਹੈ। ਘਾਹ ਪੱਠਾ ਸ਼ਬਦ ਜੁੱਟ ਵਰਤਿਆ ਜਾਂਦਾ ਹੈ,

ਤੂੜੀ ਸੂੜੀ ਵੰਡ ਵੜੇਵਾਂ,
ਘਾਹ ਪੱਠਾ ਮੈਂ ਖਾਂਦੀ ਹਾਂ।

'ਘਾਹ ਫੂਸ' ਦੇ ਫੂਸ 'ਚ ਵੀ ਇਹੀ ਭਾਵ ਕੰਮ ਕਰ ਰਿਹਾ ਹੈ। ਨਿਰੁਕਤਕਾਰ ਟਰਨਰ ਅਨੁਸਾਰ 'ਫੂਸ' ਸ਼ਬਦ 'ਪੁਸ਼' ਧਾਤੂ ਤੋਂ ਬਣਿਆ ਹੈ।

## ਚਿੜੀਆਂ 'ਤੇ ਭੀੜ

ਹਉਮੈ ਨੇ ਹੀ ਮੱਤ ਸੀ ਮਾਰੀ,
ਜਾਂ ਕੋਈ ਕੋਝੀ ਚਾਲ ਵੇ ਲੋਕੋ?
ਬਾਪੂ ਖੋਹ ਕੇ, ਇੱਜਤ ਲੁੱਟ ਕੇ,
ਧੀਆਂ ਕਰਨ ਕੰਗਾਲ ਵੇ ਲੋਕੋ।
ਧੀਆਂ ਦਾ ਇਸ ਜੱਗ 'ਤੇ ਜਿਊਣਾ,
ਦੱਸੋ ਕਿਉਂ ਮੁਹਾਲ ਵੇ ਲੋਕੋ।

ਸੁਹਣੀ ਧੀ ਦਾ ਬਾਪੂ ਬਣਨਾ,
ਵੱਡਾ ਬਹੁਤ ਗੁਨਾਹ ਵੇ ਲੋਕੋ।
ਦੱਸ ਰਹੇ ਨੇ ਦੇਸ਼ ਦੇ ਆਗੂ,
ਕੌਣ ਦਿਖਾਵੇ ਰਾਹ ਵੇ ਲੋਕੋ।
ਟੀ.ਵੀ. ਚੈਨਲ 'ਤੇ ਤੱਕ ਚਰਚਾ,
ਦਿਲ ਨੇ ਮਾਰੀ ਧਾਹ ਵੇ ਲੋਕੋ।

ਆਏ ਦਿਨ ਹੀ ਵਰਤ ਰਹੇ ਨੇ,
ਦੇਸ਼ ਵਿਚ ਕਿਉਂ ਕਹਿਰ ਵੇ ਲੋਕੋ।
ਕੀ ਸੱਚਮੁਚ ਹੀ ਸੱਤਾ ਭਿਆਲੀ,
ਬਣੀ ਧੀਆਂ ਲਈ ਜ਼ਹਿਰ ਵੇ ਲੋਕੋ।
ਧੀਆਂ ਦੀ ਪ੍ਰਭਾਤ ਕਿਉਂ ਸੋਗੀ,
ਸਹਿਮੀ ਕਿਉਂ ਦੁਪਹਿਰ ਵੇ ਲੋਕੋ।

ਨਜ਼ਮ ਵਿਛਾ ਕੇ ਫੂੜੀ ਬਹਿ ਗਈ,
ਰੋਣ ਗਲੀਆਂ ਦੇ ਕੱਖ ਵੇ ਲੋਕੋ।
ਚਾਰ ਚੁਫੇਰੇ ਨਜ਼ਰੀਂ ਆਵਣ,
ਰਾਵਣ ਦੇ ਹੀ ਰੱਥ ਵੇ ਲੋਕੋ।
ਜ਼ਬਰ ਜ਼ੁਲਮ ਨੇ ਚੜ੍ਹੇ ਚੁਫੇਰੇ,
ਕੌਣ ਪਾਵੇਗਾ ਨੱਥ ਵੇ ਲੋਕੋ?

ਬੇਰਹਿਮੀ ਨਾਲ ਕਿੱਲ ਜ਼ੁਲਮ ਦਾ,
ਛਾਤੀ ਦਿੱਤਾ ਬੀੜ ਵੇ ਲੋਕੋ।
ਦਹਿਸ਼ਤ ਦੇ ਕੋਹਲੂ ਨੇ ਦਿੱਤਾ,
ਬਾਪੂ ਧੀ ਦਾ ਪੀੜ ਵੇ ਲੋਕੋ।
ਗੋਬਿੰਦ ਦਾ ਕੋਈ ਵਾਰਸ ਦੱਸੇ,
ਕਿਉਂ ਚਿੜੀਆਂ 'ਤੇ ਭੀੜ ਵੇ ਲੋਕੋ?

-ਨੀਲਮ ਸੈਣੀ
ਫੋਨ: 510-502-0551

# ਮੈਂ ਵੀ ਰੁਖ਼ਸਤ ਹੋਇਆ ਪਰ ਦੇਰ ਨਾਲ

**ਯਾਦ ਝਰੋਖਾ**

ਪੰਜਾਬ ਟਾਈਮਜ਼ ਦੇ ਸੰਪਾਦਕ ਮੇਰੇ ਪੁਰਾਣੇ ਜਮਾਤੀ, ਮਿੱਤਰ ਅਤੇ ਸਹਿਯੋਗੀ ਅਮੋਲਕ ਸਿੰਘ ਜੰਮੂ ਦੀਆਂ ਪੰਜਾਬੀ ਟ੍ਰਿਬਿਊਨ ਬਾਰੇ ਯਾਦਾਂ ਪੜ੍ਹ ਕੇ ਮੇਰੇ ਜ਼ਿਹਨ ਵਿਚ ਵੀ ਇਸ ਅਦਾਰੇ ਨਾਲ ਜੁੜੀਆਂ ਕੁਝ ਯਾਦਾਂ ਉਭਰ ਆਈਆਂ ਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨਾਲ ਸਾਂਝੀਆਂ ਕਰਨ ਦਾ ਮਨ ਕਰ ਆਇਆ। 'ਪੰਜਾਬੀ ਟ੍ਰਿਬਿਊਨ' ਵਿਚੋਂ ਮੇਰੀ ਰੁਖ਼ਸਤੀ ਚੁੱਪ-ਚਾਪ ਹੋਈ ਸੀ। ਮੈਂ 9 ਨਵੰਬਰ 1978 ਤੋਂ ਲੈ ਕੇ 31 ਜੁਲਾਈ 2012 ਤਕ ਲਗਭਗ ਪੌਣੇ 34 ਸਾਲ ਇਸ ਅਦਾਰੇ ਦੀ ਨੌਕਰੀ ਕੀਤੀ। ਆਪਣੀ ਸੇਵਾਮੁਕਤੀ ਤੋਂ ਕੋਈ ਡੇਢ ਮਹੀਨੇ ਬਾਅਦ ਜਦੋਂ ਮੈਂ ਟ੍ਰਿਬਿਊਨ ਦੇ ਦਫਤਰ ਗਿਆ ਤਾਂ ਜਿੰਨੇ ਵੀ ਸਾਥੀ ਮਿਲੇ ਸਭ ਨੇ ਸ਼ਿਕਵਾ ਕੀਤਾ ਕਿ ਮੈਂ ਏਨੀ ਦੇਰ ਕਿੱਥੇ ਰਿਹਾ। ਜਦੋਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਤਾਂ 31 ਜੁਲਾਈ ਨੂੰ ਸੇਵਾਮੁਕਤ ਹੋ ਗਿਆ ਹਾਂ ਤਾਂ ਬਹੁਤਿਆਂ ਨੂੰ ਯਕੀਨ ਨਾ ਆਇਆ। ਕੁਝ ਕੁ ਨੇ ਅਦਾਰੇ ਵਿਚ ਆਈਆਂ ਤਬਦੀਲੀਆਂ 'ਤੇ ਰੋਸ ਜਤਾਇਆ। ਪਰ ਮੇਰੀ ਯਕੀਨਦਹਾਨੀ ਬਾਅਦ ਜਦੋਂ ਉਨ੍ਹਾਂ ਇਹ ਸੱਚ ਸਵੀਕਾਰ ਕਰ ਲਿਆ ਕਿ ਮੈਂ ਸੱਚਮੁਚ ਹੀ ਅਦਾਰੇ ਦਾ ਕਰਮਚਾਰੀ ਨਹੀਂ ਰਿਹਾ ਤਾਂ ਕਈਆਂ ਦਾ ਮੋਹ ਛਲਕਿਆ, ਕਈਆਂ ਦਾ ਦਿਲ ਛਲਕਿਆਂ ਤੇ ਕਈਆਂ ਦੀਆਂ ਹੱਥ ਘੁਟਣੀਆਂ ਨੇ ਇਹ ਅਹਿਸਾਸ ਕਰਵਾਇਆ ਕਿ ਉਹ ਸੱਚਮੁਚ ਮੇਰੇ ਹਮਦਰਦ, ਦੋਸਤ ਤੇ ਕੰਮ ਸਾਥੀ ਸਨ।

ਇਨ੍ਹਾਂ ਦਿਨਾਂ ਵਿਚ ਹੀ ਫੀਲਡ ਵਿਚ ਕੰਮ ਕਰਦੇ ਕੁਝ ਜਾਣ-ਪਛਾਣ ਵਾਲੇ ਪੱਤਰਕਾਰਾਂ ਨੂੰ ਜਦੋਂ ਮੈਂ ਦੱਸਿਆ ਕਿ ਮੈਂ ਤਾਂ ਡੇਢ ਮਹੀਨੇ ਤੋਂ ਸੇਵਾਮੁਕਤ ਹੋ ਚੁੱਕਿਆ ਹਾਂ ਤਾਂ ਉਨ੍ਹਾਂ ਵੀ ਹੈਰਾਨੀ ਜ਼ਾਹਰ ਕੀਤੀ। ਇਕ ਪੱਤਰਕਾਰ ਸਾਥੀ ਨੇ ਤਾਂ ਇਥੋਂ ਤੱਕ ਆਖ ਦਿੱਤਾ ਕਿ ਜੇ ਪਤਾ ਲਗਦਾ ਤਾਂ ਤੁਹਾਡਾ ਮਾਣ ਸਨਮਾਨ ਹੀ ਕਰ ਦਿੰਦੇ। ਮੈਂ ਆਪਣੇ ਪਿੰਡ ਪੁੱਜਿਆ ਤਾਂ ਪਿੰਡ ਦੇ ਸਾਬਕਾ ਸਰਪੰਚ ਨੇ ਕਿਹਾ ਕਿ ਤੁਹਾਡਾ ਅਖਬਾਰ ਮੈਂ ਪਿਛਲੇ ਦਸ ਸਾਲਾਂ ਤੋਂ ਲਗਾਤਾਰ ਮੰਗਵਾ ਰਿਹਾ ਹਾਂ। ਤੁਹਾਡੇ ਸਾਰੇ ਸਾਥੀਆਂ ਦੀਆਂ ਸੇਵਾਮੁਕਤੀ ਬਾਅਦ ਤਸਵੀਰਾਂ ਛਪਦੀਆਂ ਹਨ ਪਰ ਤੁਹਾਡੀ ਤਸਵੀਰ ਨਹੀਂ ਛਪੀ। ਇਸ ਕਰਕੇ ਤੁਹਾਡੀ ਸੇਵਾਮੁਕਤੀ ਦਾ ਪਤਾ ਨਹੀਂ ਲੱਗਾ।

ਸ਼ਿਕਾਗੋ, ਅਮਰੀਕਾ ਵੱਸਦੇ ਮੇਰੇ ਪਿਆਰੇ ਦੋਸਤ ਤੇ ਜਮਾਤੀ ਅਮੋਲਕ ਤੇ ਉਨ੍ਹਾਂ ਦੀ ਪਤਨੀ ਜਸਪ੍ਰੀਤ ਕੌਰ ਨੇ ਆਪਣੇ ਰਸਾਲੇ ਪੰਜਾਬ ਟਾਈਮਜ਼ ਵਿਚ ਮੇਰੀ ਤੇ ਅਮੋਲਕ ਦੀ ਇਕ ਬਹੁਤ ਪੁਰਾਣੀ ਤਸਵੀਰ, ਜੋ ਕਿਸੇ ਨੇ ਸਾਡੇ ਹੋਸਟਲ ਦੇ ਕਮਰੇ ਦੀ ਬਾਲਕੋਨੀ ਵਿਚ ਖਿਚੀ ਸੀ, ਮੇਰੀ ਸੇਵਾਮੁਕਤੀ ਦੀ ਕੈਪਸ਼ਨ ਸਮੇਤ ਛਾਪੀ ਤਾਂ ਮੈਨੂੰ ਕੁਝ ਸਨੇਹੀਆਂ ਦੇ ਫੋਨ ਵੀ ਮਿਲੇ ਤੇ ਸਾਬਕਾ ਕੰਮ ਸਾਥੀਆਂ ਨੇ ਮੇਰੀ ਉਸ ਪੁਰਾਣੀ ਦਸ਼ਾ ਤੇ ਦਿਸ਼ਾ ਦਾ ਜ਼ਿਕਰ ਵੀ ਕੀਤਾ। ਇਕ ਹੋਰ ਪਿਆਰੇ ਮਿੱਤਰ ਨੇ ਪਿਛਲੇ ਦਿਨੀਂ ਪ੍ਰੈਸ ਕਲੱਬ ਵਿਚ ਹੋਏ ਇਕ ਸਮਾਗਮ ਦੌਰਾਨ ਦੱਸਿਆ ਕਿ ਉਸ ਨੂੰ ਉਹ ਤਸਵੀਰ ਦੇਖ ਕੇ ਬੜੀ ਹੈਰਾਨੀ ਹੋਈ ਹੈ।



ਖੱਬਿਓਂ ਸੱਜੇ: ਰਿਟਾਇਰਮੈਂਟ ਉਪਰੰਤ ਕੁਲਦੀਪ ਭੁੱਲਰ ਆਪਣੇ ਪਰਿਵਾਰ-ਬੇਟੇ ਕਰਨਵੀਰ, ਪੋਤਰੇ ਅੰਬਰ, ਨੂੰਹ ਹਰਕਿਰਨਜੀਤ ਕੌਰ ਤੇ ਪਤਨੀ ਪਰਵੀਨ ਨਾਲ

ਇਸ ਸਾਰੇ ਘਟਨਾਕ੍ਰਮ ਬਾਰੇ ਅਜੇ ਮੇਰਾ ਦਿਮਾਗ ਤਰ੍ਹਾਂ ਤਰ੍ਹਾਂ ਦੀਆਂ ਸੋਚ ਵਿਚਾਰਾਂ ਵਿਚ ਫਸਿਆ ਕਿਸੇ ਨਿਰਣੇ 'ਤੇ ਪੁੱਜਣ ਦੀ ਕੋਸ਼ਿਸ਼ ਹੀ ਕਰ ਰਿਹਾ ਸੀ ਕਿ ਅਮੋਲਕ ਸਿੰਘ ਦੇ ਭਰਾ ਬਲਵਿੰਦਰ ਜੰਮੂ ਨੇ ਸਵੈਇੱਛਾ ਨਾਲ ਸੇਵਾਮੁਕਤੀ ਲੈ ਕੇ ਪੰਜਾਬੀ ਟ੍ਰਿਬਿਊਨ ਦੇ ਸੰਪਾਦਕੀ ਪੰਨੇ 'ਤੇ ਆਪਣੀ ਰੁਖ਼ਸਤੀ ਬਾਰੇ ਸੂਚਨਾ ਜੱਗ ਜ਼ਾਹਰ ਕਰ ਦਿੱਤੀ। ਮੇਰੀ ਦੁਬਿਧਾ ਦਾ ਵੀ ਹੱਲ ਨਿਕਲ ਆਇਆ ਸੀ। ਮੈਂ ਵੀ ਤਾਂ ਆਪਣੀ ਸੇਵਾਮੁਕਤੀ ਬਾਰੇ ਕੁਝ ਲਿਖ ਕੇ ਦੱਸ ਸਕਦਾ ਸੀ। ਮੈਂ ਉਲਝਣ ਵਿਚ ਕਿਉਂ ਪਿਆ ਰਿਹਾ। ਮੈਂ ਵੀ ਆਪਣੇ ਸਨੇਹੀਆਂ, ਪਿਆਰਿਆਂ ਤੇ ਸਤਿਕਾਰਯੋਗ ਸਹਿਕਰਮੀਆਂ ਦਾ ਸੁਖ ਸੁਨੇਹਾ ਲੈ ਸਕਦਾ ਸਾਂ। ਉਂਜ ਇਹ ਖਿਆਲ ਏਨੀ ਦੇਰ ਨਾਲ ਆਇਆ ਸੀ ਕਿ ਇਸ ਨੂੰ ਅਮਲੀ ਰੂਪ ਦੇਣ ਵਿਚ ਵੀ ਕੁਝ ਮਹੀਨੇ ਹੋਰ ਲੱਗ ਗਏ। ਦੇਰ ਆਇਦ ਦਰੁਸਤ ਆਇਦ ਤਾਂ ਮੈਂ ਕਹਿ ਨਹੀਂ ਸਕਦਾ ਪਰ ਬਲਵਿੰਦਰ ਜੰਮੂ ਦੀ ਰੀਸ ਨਾਲ ਆਇਆ ਵਿਚਾਰ ਮੈਂ ਹੁਣ ਹੋਰ ਦਬਾਅ ਕੇ ਨਾ ਰੱਖ ਸਕਿਆ ਅਤੇ ਆਪਣੇ ਸਨੇਹੀਆਂ ਲਈ ਆ ਹਾਜ਼ਰ ਹੋਇਆ ਹਾਂ।

-ਕੁਲਦੀਪ ਭੁੱਲਰ
ਸਾਬਕਾ ਸੀਨੀਅਰ ਸਬ ਐਡੀਟਰ,
ਪੰਜਾਬੀ ਟ੍ਰਿਬਿਊਨ।

# ਮਣਕੇ ਨਾਲ ਜੁੜਿਆ ਪਿਆਰ ਦਾ ਮਣਕਾ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਅਮਲੀ ਦੇ ਲਹੂ ਵਰਗੀ ਚਾਹ ਦੇ ਭਰੇ ਕੱਪ 'ਚੋਂ ਚਾਰ ਘੁੱਟਾਂ ਪੀਂਦਿਆਂ ਮੈਂ ਲਿਖਣ ਦਾ ਮਨ ਬਣਾਇਆ ਅਤੇ ਮੇਜ਼ ਉਤੇ ਪੇਪਰ ਤੇ ਪੈਨ ਲੈ ਕੇ ਸਿਆਣੇ ਪਾਇਲਟ ਵਾਂਗ ਲਿਖਣ ਵਾਲੀ ਉਡਾਣ ਭਰਨ ਹੀ ਲੱਗਿਆ ਸੀ, ਜਦ ਨੂੰ ਫੋਨ ਖੜਕ ਗਿਆ-ਚੋਣਾਂ ਵਿਚ ਹਾਰੇ ਹੋਏ ਲੀਡਰ ਵਾਂਗ ਭੜਾਸ ਕੱਢਦਾ ਹੋਇਆ ਕੋਈ ਸੱਜਣ ਬੋਲਿਆ, "ਕੌਣ ਕੁਲਾਰ ਬੋਲਦਾ?"

"ਹਾਂ ਜੀ ਬਾਈ ਜੀ, ਤੁਸੀਂ ਠੀਕ ਪਛਾਣਿਆ।" ਮੈਂ ਉਤਰ ਦਿੱਤਾ।

"ਜਿੰਨਾ ਚਿਰ ਲਿਖਣ ਨੂੰ ਲਾਉਂਦਾ ਏਂ, ਉਨਾ ਸਮਾਂ ਬਾਣੀ ਪੜ੍ਹ ਲਿਆ ਕਰ!" ਸੱਜਣ ਦਾ ਪਾਰਾ ਚੜ੍ਹਿਆ ਹੋਇਆ ਲੱਗਦਾ ਸੀ।

"ਬਾਈ ਜੀ, ਬਾਣੀ ਪੜ੍ਹਨ ਸਮੇਂ ਬਾਣੀ ਵੀ ਪੜ੍ਹੀਦੀ ਐ, ਪਰ ਤੁਹਾਨੂੰ ਜੇ ਮੇਰੇ ਨਾਲ ਲਿਖਣ ਤੋਂ ਨਾਰਾਜ਼ਗੀ ਹੈ ਤਾਂ ਮੈਂ ਮੁਆਫ਼ੀ ਚਾਹੁੰਦਾ ਹਾਂ।" ਮੇਰੀ ਨਿਮਰਤਾ ਅਜੇ ਵੀ ਅਡੋਲ ਸੀ।

"ਤੁਸੀਂ ਲੇਖਕ ਤਾਂ ਲਿਖ ਕੇ ਪਰ੍ਹੇ ਹੋ ਜਾਂਦੇ ਓ...ਤੇ ਆਹ ਜਨਾਨੀਆਂ ਰੱਦੀ ਨਾਲ ਘਰ ਭਰੀ ਜਾਂਦੀਆਂ ਨੇ...ਆਹ ਮੇਜ਼ 'ਤੇ ਚੌਦਾਂ ਅਖਬਾਰਾਂ ਪਈਆਂ ਨੇ...ਜਦੋਂ ਘਰ ਆਉਨੇ ਆਂ ਤਾਂ ਅੱਗਿਓਂ ਕਹਿਣ ਲੱਗ ਜਾਂਦੀਆਂ, ਆਹ ਦੇਖੋ ਜੀ, ਦੁਪਾਲਪੁਰੀ ਜੀ ਨੇ ਕਿੰਨਾ ਵਧੀਆ ਲੇਖ ਲਿਖਿਆ...ਅਸ਼ੋਕ ਭੌਰੇ ਨੇ ਤਾਂ ਕਮਾਲ ਕੀਤੀ ਪਈ ਆ...ਉਸ ਦੀਆਂ ਉਪਰ ਲਿਖੀਆਂ ਗੱਲਾਂ ਤਾਂ ਕਮਾਲ ਦੀਆਂ ਹੁੰਦੀਆਂ ਨੇ...ਬੀਬੀ ਸੁਰਜੀਤ ਕੌਰ ਤਾਂ ਗੁਰਬਾਣੀ ਦੀ ਵਿਆਖਿਆ ਕਰ ਕੇ ਮੇਰਾ ਤਾਂ ਜੀਵਨ ਸਫ਼ਲ ਕਰ ਦਿੰਦੀ ਆ...ਕੁਲਾਰ ਵੀਰ ਦੀਆਂ ਲਿਖਤਾਂ ਸੱਚੀਂ, ਦਿਲ ਨੂੰ ਟੁੰਬ ਜਾਂਦੀਆਂ ਨੇ...।" ਸੱਜਣ ਜਿਵੇਂ ਅਖ਼ਬਾਰਾਂ ਵਾਲਿਆਂ ਤੇ ਲੇਖਕਾਂ ਤੋਂ ਸੱਚੀਂ ਅੱਕਿਆ ਹੋਇਆ ਸੀ।

"ਬਾਈ ਜੀ, ਕੀ ਗੱਲ ਤੁਸੀਂ ਅਖ਼ਬਾਰ ਨਹੀਂ ਪੜ੍ਹਦੇ?" ਮੈਂ ਸੱਜਣ ਦਾ ਅੰਦਰ ਟੋਂਹਦਿਆਂ ਪੁੱਛਿਆ।

"ਮੈਂ ਟਰੱਕ 'ਤੇ ਗੁਰਬਾਣੀ ਪੜ੍ਹਦਾ ਹਾਂ ਤੇ ਗੁਰਬਾਣੀ ਸੁਣਦਾ ਹਾਂ। ਇਨ੍ਹਾਂ ਨੂੰ ਪੜ੍ਹਨ ਲਈ ਮੇਰੇ ਕੋਲ ਟਾਈਮ ਨਹੀਂ ਹੈ। ਲਿਖਣਾ ਤੇ ਪੜ੍ਹਨਾ, ਇਹ ਕੰਮ ਵਿਹਲਿਆਂ ਦਾ ਹੈ।" ਸੱਜਣ ਦਾ ਗੁੱਸਾ ਜੇਠ ਦੀ ਦੁਪਹਿਰ ਵਾਂਗ ਤਪਦਾ ਸੀ।

"ਬਾਈ ਜੀ, ਫਿਰ ਫੋਨ ਕਰਨ ਦੀ ਤਕਲੀਫ ਕਿਉਂ ਕੀਤੀ?" ਮੈਂ ਗੁੱਸੇ ਵਿਚ ਆਏ ਹੋਏ ਸੱਜਣ ਦੇ ਦਿਲ ਦੀ ਸੁਣਨ ਲਈ ਕਾਹਲਾ ਪੈਂਦਿਆਂ ਪੁੱਛਿਆ।

"ਮਿੰਨਤ ਵਾਲੀ ਗੱਲ ਐ, ਲਿਖੋ ਬੇਸ਼ੱਕ ਪਰ ਅਖ਼ਬਾਰ ਘੱਟੋ-ਘੱਟ ਪੰਜ ਡਾਲਰ ਦਾ ਕਰ ਦੇਵੋ ਜਿਸ ਨਾਲ ਘਰ ਵਿਚ ਰੱਦੀ ਦਾ ਢੇਰ ਨਾ ਲੱਗੇ। ਗੁਰਬਾਣੀ ਦੇ ਸ਼ਬਦਾਂ ਦੀ ਬੇਅਦਬੀ ਨਾ ਹੋਵੇ, ਗੁਰੂਆਂ ਦੀਆਂ ਫੋਟੋਆਂ ਪੈਰਾਂ ਵਿਚ ਨਾ ਰੁਲਣ ਦੇਵੋ। ਪੰਜ ਡਾਲਰ ਦਾ ਅਖ਼ਬਾਰ ਖਰੀਦ ਕੇ ਜੋ ਪੜ੍ਹੇਗਾ, ਉਹ ਅਖ਼ਬਾਰ ਦੀ ਸੰਭਾਲ ਵੀ ਕਰੇਗਾ ਤੇ ਪੜ੍ਹੇਗਾ ਵੀ ਉਹੀ ਜਿਸ ਨੂੰ ਪੂਰਾ ਸ਼ੌਂਕ ਹੋਵੇਗਾ।" ਸੱਜਣ ਦੀ ਗੱਲ ਵਿਚੋਂ ਸੱਚਾਈ ਬੋਲ ਰਹੀ ਸੀ।

"ਬਾਈ ਜੀ, ਗੱਲ ਤੁਹਾਡੀ ਠੀਕ ਹੈ। ਪੈਰਾਂ ਦੀ ਝਾਂਜਰ ਗਲ ਵਿਚ ਨਹੀਂ ਪੈਂਦੀ, ਮੁਫ਼ਤ ਦੀ ਚੀਜ਼ ਪੈਰਾਂ ਵਿਚ ਹੀ ਰੁਲਦੀ ਹੈ। ਅਖ਼ਬਾਰ ਕੱਢਣਾ, ਘਰ ਫੂਕ ਤਮਾਸ਼ਾ ਵੇਖਣ ਵਾਲੀ ਗੱਲ ਹੈ ਪਰ ਰਾਣੀ ਨੂੰ ਕੌਣ ਕਹੇ ਕਿ ਅੱਗਾ ਢੱਕ, ਸਭ ਨੂੰ ਆਪਾ-ਧਾਪੀ ਪਈ ਹੈ। ਸਾਡੇ ਪੰਜਾਬੀ ਭਾਈ ਆਪਣੀ ਚੌਧਰ ਖ਼ਾਤਰ ਗੁਰੂ ਘਰ ਵੱਖਰਾ ਬਣਾ ਲੈਂਦੇ ਹਨ, ਟੂਰਨਾਮੈਂਟ ਵੱਖਰਾ ਕਰਵਾ ਲੈਂਦੇ ਹਨ; ਫਿਰ ਆਪਸ ਵਿਚ ਲੜਾਈ ਕਰ ਕੇ ਦੂਸ਼ਣਬਾਜ਼ੀ ਕਰੀ ਜਾਂਦੇ ਹਨ, ਪਰ ਸਾਡੇ ਪੰਜਾਬੀ ਮੀਡੀਆ ਵੱਲ ਕਿਸੇ ਦਾ ਧਿਆਨ ਨਹੀਂ...ਬਾਕੀ ਲਿਖਣਾ ਵਿਹਲਿਆਂ ਦਾ ਕੰਮ ਨਹੀਂ ਹੈ, ਸਭ ਲਿਖਣ ਵਾਲੇ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਦੇ ਹਨ ਅਤੇ ਆਪਣੇ ਕੀਮਤੀ ਸਮੇਂ ਵਿਚੋਂ ਸਮਾਂ ਕੱਢ ਕੇ ਲਿਖਦੇ ਹਨ। ਉਂਜ ਤਾਂ ਅਸੀਂ ਜ਼ਰੂਰੀ ਕੰਮ ਦੀ ਅਰਜ਼ੀ ਵੀ ਨਹੀਂ ਲਿਖਣ ਜੋਗੇ ਹੁੰਦੇ ਤੇ ਲੇਖਕਾਂ ਨੂੰ ਵਿਹਲੇ ਦੱਸਦੇ ਹਾਂ। ਜੇ ਤੁਸੀਂ ਆਪ ਪੜ੍ਹਨਾ ਪਸੰਦ ਨਹੀਂ ਕਰਦੇ ਤਾਂ ਭੈਣ ਜੀ ਨੂੰ ਪੜ੍ਹੀ ਜਾਣ ਦਿਉ। ਇਸ ਵਿਚ ਤੁਹਾਡਾ ਫਾਇਦਾ ਹੀ ਹੈ, ਨੁਕਸਾਨ ਨਹੀਂ ਹੋਵੇਗਾ।" ਮੈਂ ਵੀ ਦਿਲ ਦੀ ਕਹਿ ਦਿੱਤੀ। ਮੇਜ਼ 'ਤੇ ਪਈ ਚਾਹ ਰੀਨੋ ਦੀ ਬਰਫ਼ ਬਣ ਗਈ ਸੀ।

"ਜੇ ਅਖ਼ਬਾਰਾਂ ਵਾਲਿਆਂ ਨੂੰ ਕੁਝ ਬਚਦਾ ਨਹੀਂ ਤਾਂ ਬੰਦ ਕਰ ਦੇਣ।" ਸੱਜਣ ਨੇ ਬੁੱਕਲ ਵਿਚੋਂ ਮੂੰਗਲਾ ਕੱਢ ਮਾਰਿਆ।

"ਬਾਈ ਜੀ, ਜਿਹੜਾ ਢਹਿ ਜਾਂਦਾ, ਉਹ ਆਪਣੇ ਆਪ ਅਖਾੜੇ 'ਚੋਂ ਬਾਹਰ ਹੋ ਜਾਂਦਾ।" ਮੈਂ ਹੁਣ ਫੋਨ ਬੰਦ ਕਰਨ ਦੇ ਇਰਾਦੇ ਨਾਲ ਕਿਹਾ।

"ਲੈ ਕਰ ਲੈ...ਤੂੰ ਗੱਲ।" ਸੱਜਣ ਨੇ ਫੋਨ ਆਪਣੀ ਘਰਵਾਲੀ ਨੂੰ ਫੜਾਉਂਦਿਆਂ ਕਿਹਾ।

"ਵੀਰ ਜੀ, ਸਤਿ ਸ੍ਰੀ ਅਕਾਲ...ਮੈਨੂੰ ਅਖ਼ਬਾਰ ਪੜ੍ਹਨ ਦਾ ਬਹੁਤ ਸ਼ੌਂਕ ਹੈ। ਇਹ ਆਪ ਤਾਂ ਟਰੱਕ ਲੈ ਕੇ ਨਿਊ ਯਾਰਕ ਵੱਲ ਚਲੇ ਜਾਂਦੇ ਆ, ਮੈਂ ਬੱਚੇ ਸਕੂਲ ਛੱਡ ਕੇ ਘਰ ਦਾ ਸਾਰਾ ਕੰਮ ਨਿਬੇੜ ਕੇ ਅਖ਼ਬਾਰਾਂ ਨਾਲ ਸਮਾਂ ਕੱਢ ਲੈਂਦੀ ਆਂ। ਬਾਣੀ ਮੈਂ ਇਸ ਕਰ ਕੇ ਨਹੀਂ ਪੜ੍ਹਦੀ ਕਿ ਮੈਂ ਬਾਣੀ ਪੜ੍ਹਨ ਦੀ ਸੰਥਿਆ ਨਹੀਂ ਲਈ। ਬਿਨਾਂ ਸੰਥਿਆ ਲਿਆਂ ਬਾਣੀ ਨਹੀਂ ਪੜ੍ਹਨੀ ਚਾਹੀਦੀ। ਉਂਜ ਮੈਂ ਸਤਿਨਾਮ ਵਾਹਿਗੁਰੂ ਦਾ ਜਾਪ ਕਰ ਲੈਂਦੀ ਆਂ। ਮੈਨੂੰ 'ਪੰਜਾਬ ਟਾਈਮਜ਼' ਦੇ ਸਾਰੇ ਲੇਖਕਾਂ ਦੇ ਲੇਖ ਬਹੁਤ ਪਸੰਦ ਨੇ। ਮੈਂ ਸਾਰੇ ਲੇਖਕਾਂ ਦਾ ਦਿਲੋਂ ਸਤਿਕਾਰ ਕਰਦੀ ਹੈ।" ਭੈਣ ਜੀ ਨੇ ਥੋੜ੍ਹੇ ਸ਼ਬਦਾਂ ਵਿਚ ਬਹੁਤ ਕੁਝ ਕਹਿ ਦਿੱਤਾ ਸੀ।

ਮੈਂ ਹੈਰਾਨ ਹੋਇਆ ਨਫ਼ਰਤ ਤੇ ਨਿਮਰਤਾ ਦੀ ਕਿੱਕਲੀ ਪਹਿਲੀ ਵਾਰ ਇਕੱਠੀ ਸੁਣ ਰਿਹਾ ਸਾਂ। ਗੁਰਬਾਣੀ ਪੜ੍ਹਨ-ਸੁਣਨ ਵਾਲਾ ਸੱਜਣ ਨਫ਼ਰਤ ਨਾਲ ਭਰਿਆ ਪਿਆ ਹੈ, ਤੇ ਅਖ਼ਬਾਰ ਪੜ੍ਹਨ ਵਾਲੀ ਇਸ ਭੈਣ ਜੀ ਕੋਲ ਪਿਆਰ ਅਤੇ ਨਿਮਰਤਾ ਦਾ ਭੰਡਾਰ ਹੈ, ਗੱਲਬਾਤ ਤੇ ਬੋਲਣ-ਚੱਲਣ ਦਾ ਤਰੀਕਾ ਹੈ। ਮੈਂ ਭੈਣ ਜੀ ਨਾਲ ਗੱਲਾਂ ਕਰਦਾ ਗਿਆ ਤੇ ਫਿਰ ਕਿਹਾ ਕਿ 'ਬਾਈ ਜੀ ਨਾਲ ਗੱਲ ਕਰਵਾ ਦਿਉ।'

"ਹਾਂਅ! ਹੁਣ ਕੀ ਬਾਕੀ ਰਹਿ ਗਿਆ?" ਸੱਜਣ ਨੇ ਫੋਨ ਫੜਦਿਆਂ ਕਿਹਾ। ਸ਼ਾਇਦ ਭੈਣ ਜੀ ਦੀਆਂ ਗੱਲਾਂ ਬਲਦੀ 'ਤੇ ਤੇਲ ਪਾ ਗਈਆਂ ਸਮਝਦਾ ਸੱਜਣ ਬੋਲਿਆ।

"ਬਾਈ ਜੀ! ਨਾ ਤਾਂ ਲਿਖਣ ਵਾਲੇ ਤੁਹਾਡੇ ਕੋਲੋਂ ਕੁਝ ਮੰਗਦੇ ਨੇ, ਨਾ ਹੀ ਅਖ਼ਬਾਰਾਂ ਦੇ ਮਾਲਕ ਤੁਹਾਨੂੰ ਕਿਸੇ ਗੱਲ ਤੋਂ ਤੰਗ ਕਰਦੇ ਨੇ; ਨਾ ਭੈਣ ਜੀ ਅਖ਼ਬਾਰ ਖਰੀਦ ਕੇ ਲਿਆਉਂਦੇ ਨੇ। ਤੁਹਾਨੂੰ ਤਾਂ ਅਖ਼ਬਾਰਾਂ ਵਾਲਿਆਂ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿ ਅਖ਼ਬਾਰਾਂ ਕਰ ਕੇ ਹੀ ਭੈਣ ਜੀ ਘਰੇ ਬੈਠੇ ਰਹਿੰਦੇ ਨੇ, ਪੜ੍ਹਨ ਵਿਚ ਹੀ ਮਗਨ ਰਹਿੰਦੇ ਹਨ। ਨਹੀਂ ਤਾਂ ਇਹ ਕਾਰ ਸਟਾਰਟ ਕਰਨ, ਕਦੇ ਇੱਧਰ ਤੇ ਕਦੇ ਉਧਰ ਨੂੰ ਤੁਰੇ ਰਹਿਣ; ਜਾਇਜ਼ ਨਾਜਾਇਜ਼ ਖਰੀਦੋ-ਫਰੋਖ਼ਤ ਕਰੀ ਜਾਣ। ਗੈਸ ਦਾ ਖਰਚਾ ਹੋਵੇਗਾ, ਐਕਸੀਡੈਂਟ ਦਾ ਡਰ ਵੱਖਰਾ। ਤੁਸੀਂ ਕਰੈਡਿਟ ਕਾਰਡਾਂ ਦੇ ਬਿੱਲ ਦੇਖ ਕੇ ਘਰੇ ਝਗੜਾ ਕਰੋਗੇ। ਤੁਹਾਡੇ ਆਂਢੀ-ਗੁਆਂਢੀ ਤੁਹਾਨੂੰ ਦੱਸਣਗੇ ਕਿ ਤੁਹਾਡੀ ਘਰ ਵਾਲੀ ਤਾਂ ਘਰ ਨਹੀਂ ਵੜਦੀ; ਫਿਰ ਦੇਖ ਲਵੋ ਗੱਲ ਬਣਨੀ ਨਹੀਂ ਸਗੋਂ ਵਿਗੜ ਜਾਣੀ ਐ। ਤੁਸੀਂ ਆਪ ਸਮਾਂ ਕੱਢ ਕੇ ਅਖ਼ਬਾਰ ਪੜ੍ਹਿਆ ਕਰੋ ਤੇ ਭੈਣ ਜੀ ਨੂੰ ਬਾਣੀ ਦੀ ਸੰਥਿਆ ਕਰਵਾ ਦਿਉ। ਫਿਰ ਦੇਖਿਓ, ਤੁਸੀਂ ਪੰਜਾਬੀ ਸਟੋਰ 'ਤੇ ਕਿਵੇਂ ਅਖ਼ਬਾਰ ਚੁੱਕਣ ਭੱਜੇ ਜਾਵੋਗੇ ਜਾਂ ਫਿਰ ਕਿਹਾ ਕਰੋਗੇ, 'ਭਾਗਵਾਨੇ, ਮੈਂ ਗੁਰੂ ਘਰ ਮੱਥਾ ਟੇਕ ਆਵਾਂ ਤੇ ਨਾਲੇ ਅਖ਼ਬਾਰ ਚੁੱਕ ਲਿਆਵਾਂ।' ਲਿਖਣ ਵਾਲੇ ਵੀ ਤੁਹਾਡੇ ਆਪਣੇ ਭਰਾ ਨੇ, ਜੇ ਕਿਸੇ ਨੂੰ ਚੰਗਾ ਨਹੀਂ ਕਹਿਣਾ ਤਾਂ ਬੁਰਾ ਵੀ ਨਾ ਆਖੋ।" ਮੈਂ ਚਾਹ ਗਰਮ ਕਰਨ ਲਈ ਉਠਦਿਆਂ ਸਭ ਕੁਝ ਸੱਜਣ ਨੂੰ ਸੁਣਾ ਦਿੱਤਾ।

"ਹਾਂ ਜੀ, ਗੱਲਾਂ ਤਾਂ ਤੁਹਾਡੀਆਂ ਸੱਚੀਆਂ ਨੇ ਕੁਲਾਰ ਵੀਰ, ਪਰ ਸਾਡੇ ਕੋਲ ਪੜ੍ਹਨ ਦਾ ਟਾਈਮ ਨਹੀਂ ਹੁੰਦਾ।" ਸੱਜਣ ਦੀ ਬੋਲੀ ਵਿਚ ਗੰਨੇ ਦੀ ਪੋਰੀ ਵਾਂਗ ਮਿਠਾਸ ਆਉਣ ਲੱਗ ਪਿਆ ਸੀ।

"ਐਤਕੀਂ ਗੇੜਾ ਲਾਉਣ ਗਏ 'ਪੰਜਾਬ ਟਾਈਮਜ਼' ਨਾਲ ਲੈ ਜਾਇਉ, ਫਿਰ ਪੜ੍ਹਿਓ ਤੇ ਫਿਰ ਗੱਲ ਕਰਾਂਗੇ।" ਮੈਂ ਇੰਨਾ ਕਹਿੰਦਿਆਂ ਫਤਿਹ ਬੁਲਾ ਦਿੱਤੀ।

ਦੋ ਕੁ ਮਹੀਨੇ ਬਾਅਦ ਇਸੇ ਸੱਜਣ ਦਾ ਫੋਨ ਆਇਆ, "ਹੈਲੋ ਬਾਈ ਜੀ, ਸਤਿ ਸ੍ਰੀ ਅਕਾਲ! ਮੈਂ ਫਰਿਜ਼ਨੋ ਤੋਂ ਜਸਵੀਰ ਬੋਲਦਾਂ...।" ਫਤਿਹ ਸਾਂਝੀ ਕਰਨ ਤੋਂ ਬਾਅਦ ਜਸਵੀਰ ਬੋਲਿਆ, "ਬਾਈ ਜੀ, 'ਪੰਜਾਬ ਟਾਈਮਜ਼' ਤਾਂ ਧੰਨ-ਧੰਨ ਕਰਵਾਈ ਜਾਂਦੈ। ਹੁਣ ਮੈਂ ਵਿਹਲੇ ਟਾਈਮ ਫੋਨ 'ਤੇ ਨਹੀਂ ਜੁੜਦਾ, ਅਖ਼ਬਾਰ ਨਾਲ ਜੁੜ ਜਾਂਦਾ ਹਾਂ, ਬੜਾ ਅਨੰਦ ਆਉਂਦਾ ਹੈ। ਲੇਖ ਪੜ੍ਹਨ ਦਾ ਵੱਖਰਾ ਹੀ ਸੁਆਦ ਹੈ। ਅੱਜ ਪਤਾ ਲੱਗਿਆ ਕਿ ਚੁੰਨੀ ਨੂੰ ਗੋਟਾ ਲਾਉਣਾ ਕਿੰਨਾ ਮੁਸ਼ਕਿਲ ਕੰਮ ਹੈ।"

ਫਿਰ ਮੇਰਾ ਤੇ ਜਸਵੀਰ ਦਾ ਫੋਨ 'ਤੇ ਪਿਆਰ ਦਾ ਮਣਕੇ ਨਾਲ ਮਣਕਾ ਜੁੜਦਾ ਗਿਆ। 'ਪੰਜਾਬ ਟਾਈਮਜ਼' ਪੜ੍ਹਦਿਆਂ ਉਹ ਬਹੁਤ ਸਿਆਣਾ ਤੇ ਜਾਣਕਾਰ ਹੋ ਗਿਆ। ਇਕ ਦਿਨ ਮੈਨੂੰ ਪੁੱਛਣ ਲੱਗਿਆ, "ਬਾਈ ਜੀ, ਜਿਹੜਾ ਥੱਲੇ 'ਠਾਹ ਸੋਟਾ' ਲਿਖਿਆ ਹੁੰਦਾ ਹੈ, ਇਸ ਦਾ ਲੇਖਕ ਕੌਣ ਹੈ?" ਮੈਂ ਹੈਰਾਨ ਹੋ ਗਿਆ। ਅੱਜ ਤੱਕ ਕਿਸੇ ਨੇ 'ਠਾਹ ਸੋਟਾ' ਬਾਰੇ ਗੱਲ ਨਹੀਂ ਸੀ ਕੀਤੀ। ਜਸਵੀਰ ਪਹਿਲਾ ਪਾਠਕ ਹੈ ਜਿਹੜਾ ਅਖ਼ਬਾਰ ਦੀ 'ਕੱਲੀ-'ਕੱਲੀ ਨੁੱਕਰ ਫਰੋਲ ਦਿੰਦਾ ਹੈ।

"ਬਾਈ ਜਸਵੀਰ, ਅਜੇ ਹੋਰ 'ਪੰਜਾਬ ਟਾਈਮਜ਼' ਅਖ਼ਬਾਰ ਪੜ੍ਹ...ਜਿਸ ਦਿਨ ਇਸ ਦਾ ਹਾਣੀ ਬਣ ਗਿਆ, ਫਿਰ ਤੈਨੂੰ ਇਸ ਦੇ ਲੇਖਕ ਦਾ ਵੀ ਆਪੇ ਪਤਾ ਲੱਗ ਜਾਊ।" ਸ਼ਾਇਦ ਮੈਂ ਵੀ ਲੇਖਕ ਦਾ ਨਾਂ ਦੱਸਣ ਤੋਂ ਗੁਰੇਜ਼ ਕਰਦਾ ਕਹਿ ਬੈਠਾ।

ਗੱਲ ਕੀ...ਜਸਵੀਰ 'ਪੰਜਾਬ ਟਾਈਮਜ਼' ਦੇ ਲੇਖਾਂ ਨੂੰ ਹੁਣ ਪਿਆਰ ਨਾਲ ਪੜ੍ਹਦਾ ਹੈ, ਉਨ੍ਹਾਂ ਵਿਚੋਂ ਬਹੁਤ ਕੁਝ ਕੱਢ ਕੇ ਮੈਨੂੰ ਦੱਸਦਾ ਹੈ, ਛੋਟੀ-ਮੋਟੀ ਚੁੰਝ-ਚਰਚਾ ਹੁੰਦੀ ਰਹਿੰਦੀ ਹੈ। ਇਕ ਦਿਨ ਮੈਂ ਪੁੱਛਿਆ, "ਬਾਈ ਜੀ, ਤੁਸੀਂ ਐਨੇ ਵਧੀਆ ਪਾਠਕ ਹੋ ਤੇ ਅਖ਼ਬਾਰ ਤੋਂ ਐਨੀ ਦੂਰੀ ਕਿਉਂ ਬਣਾਈ ਰੱਖੀ?"

"ਬਾਈ ਕੁਲਾਰ, ਗੱਲ ਉਨ੍ਹਾਂ ਦਿਨਾਂ ਦੀ ਹੈ, ਜਦ ਰਾਤਾਂ ਨੂੰ ਪੰਜਾਬ ਸਿੰਘਾਂ ਦੇ ਕਬਜ਼ੇ ਵਿਚ ਹੁੰਦਾ ਸੀ ਤੇ ਦਿਨ ਪੰਜਾਬ ਪੁਲਿਸ ਦੀ ਦਹਿਸ਼ਤ ਥੱਲੇ ਬੀਤਦਾ ਸੀ। ਮੇਰਾ ਛੋਟਾ ਭਰਾ ਗੁਆਂਢੀਆਂ ਦੇ ਘਰੋਂ ਅਖ਼ਬਾਰ ਲਿਆ ਕੇ ਪੜ੍ਹਦਾ ਤੇ ਮੈਨੂੰ ਪੜ੍ਹਾਉਂਦਾ। ਉਨ੍ਹਾਂ ਦਿਨਾਂ ਦੇ ਅਖ਼ਬਾਰਾਂ ਵਿਚ ਸਿੰਘਾਂ ਦੇ ਮੁਕਾਬਲੇ ਵਾਲੀਆਂ ਖ਼ਬਰਾਂ, ਪਾਠ ਦੇ ਭੋਗ 'ਤੇ ਲੱਗੀਆਂ ਫੋਟੋਆਂ ਤੇ ਜ਼ਿੰਮੇਵਾਰੀਆਂ ਦੀਆਂ ਖ਼ਬਰਾਂ ਆਮ ਹੀ ਹੁੰਦੀਆਂ ਸਨ। ਮੇਰੇ ਭਰਾ ਨੇ ਇਨ੍ਹਾਂ ਦੀਆਂ ਕਾਤਰਾਂ ਸਾਂਭ ਲੈਣੀਆਂ। ਇਸੇ ਤਰ੍ਹਾਂ ਹੀ ਭਰਾ ਨੇ ਚਾਰ ਪੰਜ ਸਿੰਘਾਂ ਦੀਆਂ ਫੋਟੋਆਂ ਆਟੇ ਦੀ ਲੇਟੀ ਨਾਲ ਕੰਧ 'ਤੇ ਚਿਪਕਾ ਦਿੱਤੀਆਂ। ਮੈਂ ਤੇ ਮੇਰੀ ਮਾਂ ਨੇ ਉਸ ਨੂੰ ਬਹੁਤ ਰੋਕਿਆ ਕਿ ਆਹ ਕੰਮ ਨਾ ਕਰ, ਪਰ ਉਹ ਨਵਾਂ ਨਵਾਂ ਗੁਰੂ ਦਾ ਸਿੰਘ ਸਜਿਆ ਸੀ...ਫਿਰ ਇਕ ਦਿਨ ਸਾਡਾ ਪਿੰਡ ਪੁਲਿਸ ਤੇ ਸੀ.ਆਰ.ਪੀ. ਨੇ ਘੇਰ ਲਿਆ, ਪਿੰਡ ਦੀ ਤਲਾਸ਼ੀ ਹੋਈ। ਅਸੀਂ ਸਾਰੇ ਬੰਦੇ ਤਾਂ ਪਿੰਡ ਦੇ ਸਕੂਲ ਵਿਚ ਇਕੱਠੇ ਕਰ ਲਏ, ਪਰ ਜਲਦੀ ਵਿਚ ਸਿੰਘਾਂ ਦੀਆਂ ਫੋਟੋਆਂ ਉਤਾਰਨੀਆਂ ਭੁੱਲ ਗਏ। ਮਾਂ ਨੂੰ ਵੀ ਇਹ ਗੱਲ ਨਾ ਅਹੁੜੀ ਕਿ ਫੋਟੋਆਂ ਉਤਾਰ ਦਿੰਦੀ। ਫਿਰ ਕੀ ਸੀ, ਜਦ ਸਾਡੇ ਘਰ ਦੀ ਤਲਾਸ਼ੀ ਹੋਈ ਤਾਂ ਪੁਲਿਸ ਵਾਲਿਆਂ ਨੇ ਸਾਨੂੰ ਸਕੂਲ ਵਿਚੋਂ ਚੁੱਕ ਲਿਆ ਤੇ ਬਾਈ...ਬਾਕੀ ਤੈਨੂੰ ਪਤਾ ਹੀ ਹੈ ਕੀ ਹੋਇਆ ਹੋਵੇਗਾ! ਚੰਗੀ ਕਿਸਮਤ, ਮਾਮਿਆਂ ਨੇ ਜ਼ੋਰ ਲਾ ਕੇ ਸੱਤਵੇਂ ਦਿਨ ਛੁਡਾ ਕੇ ਲਿਆਂਦੇ। ਫਿਰ ਮਾਮਿਆਂ ਨੇ ਹੀ ਮੈਨੂੰ ਇਥੇ ਭੇਜ ਦਿੱਤਾ। ਛੋਟਾ ਭਰਾ ਫਿਰ ਉਥੇ ਹੀ ਜੂਝਦਾ ਸ਼ਹੀਦੀ ਪਾ ਗਿਆ। ਅਖ਼ਬਾਰ ਦੇ ਸ਼ੌਂਕ ਤੇ ਕਾਤਰਾਂ ਨੇ ਸਾਨੂੰ ਉਹ ਦਿਨ ਦਿਖਾਏ ਜਿਹੜੇ ਰਹਿੰਦੀ ਜ਼ਿੰਦਗੀ ਭੁਲਾਏ ਨਹੀਂ ਜਾ ਸਕਦੇ।" ਬਾਈ ਜਸਵੀਰ ਸੱਚੀਂ ਰੋਣ ਹੀ ਲੱਗ ਪਿਆ।

ਜਸਵੀਰ ਦੇ ਦੁੱਖਾਂ ਦੀ ਕਹਾਣੀ ਵਿਚ ਸ਼ਰੀਕ ਹੁੰਦਿਆਂ ਮੈਂ ਉਸ ਨੂੰ ਹੌਸਲਾ ਦੇਣ ਲੱਗਿਆ। ਦੁਬਾਰਾ ਅਖ਼ਬਾਰ ਨਾਲ ਜੁੜਨ ਦਾ ਧੰਨਵਾਦ ਵੀ ਕੀਤਾ। 'ਪੰਜਾਬ ਟਾਈਮਜ਼' ਦੇ ਸੰਪਾਦਕ ਬਾਈ ਜੀ ਅਮੋਲਕ ਸਿੰਘ ਜੰਮੂ ਬਾਰੇ ਜਸਵੀਰ ਨੂੰ ਦੱਸਿਆ ਤਾਂ ਉਸ ਨੂੰ ਲੱਗਿਆ, ਜਿਵੇਂ ਉਸ ਨੂੰ ਕੋਈ ਦੁੱਖ ਹੀ ਨਾ ਹੋਵੇ। ਉਸ ਨੂੰ ਬੜਾ ਦੁੱਖ ਹੋਇਆ ਕਿ ਉਹ ਇੰਨਾ ਚਿਰ ਅਖ਼ਬਾਰ ਤੋਂ ਦੂਰ ਕਿਉਂ ਰਿਹਾ। ਸਾਨੂੰ ਵੀ ਜਦੋਂ ਇਸ ਤਰ੍ਹਾਂ ਦੇ ਪਾਠਕ ਭਰਾ ਮਿਲਦੇ ਨੇ, ਪੇਪਰ ਤੇ ਪੈਨ ਮੱਲੋਜ਼ੋਰੀ ਚੁੱਕ ਹੋ ਜਾਂਦੇ ਨੇ...ਵੱਖਰਾ ਸਕੂਨ ਮਿਲਿਆ ਜਸਵੀਰ ਨੂੰ ਆਪਣੇ 'ਪੰਜਾਬ ਟਾਈਮਜ਼' ਨਾਲ ਜੋੜ ਕੇ।

## ਕਾਵਿ-ਜਗਤ

### ਰੱਖੀਏ ਨਾ ਆਸਾਂ

ਭੇਦ ਘਰ ਦੇ ਹਰੇਕ ਕੋਲ ਖੁੱਲ੍ਹ ਕੇ,
ਕਦੇ ਭੁੱਲ ਕੇ ਨਾ ਸਾਰੇ ਦੱਸੀਏ।
ਦਿਲੋਂ ਕਰੀਏ ਮੁਹੱਬਤਾਂ ਸਭ ਨਾਲ
ਪਰ ਆਸ ਨਾ ਕਿਸੇ ਤੋਂ ਰੱਖੀਏ।

ਜਿਹਨੂੰ ਆਖਦੇ ਆਂ ਉਸ ਨੂੰ ਮੈਂ ਜਾਣਦਾ,
ਉਹ ਹੁੰਦਾ ਸੀ ਬੰਦਾ ਅਸਲੀ।
ਉਹਦੇ ਹੁੰਦਾ ਏ ਨਕਾਬ, ਉਤੇ ਮੁੱਖ ਦੇ
ਹੁੰਦਾ ਬਣਿਆ ਉਹ ਬੰਦਾ ਨਕਲੀ।
ਜਿਹਨੇ ਦਰਦ ਵੰਡਾਇਆ ਹੋਏ ਦੁੱਖ 'ਚ
ਪਾ ਕੇ ਛੱਜ 'ਚ ਨਾ ਉਹਨੂੰ ਛੱਟੀਏ।

ਬਾਣੀ ਆਖਦੀ ਏ ਮਾਇਆ ਤਾਂ ਹੈ ਨਾਗਣੀ
ਸੱਚੀਂ ਡੰਗ'ਤੇ ਕਈ ਇਹਨੇ ਰਿਸ਼ਤੇ।
ਤਾਂਹੀਂ ਦਿੱਤੇ ਨ੍ਹੀਂ ਉਧਾਰੇ ਟਕੇ ਮੁੜਦੇ
ਉਹੀ ਮੁੜਦੇ ਜੋ ਦਿੱਤੇ ਲਿਖ ਕੇ।
ਲੈਣ-ਦੇਣ ਤਾਂ ਜੁਗਾਂ ਤੋਂ ਆਉਂਦਾ ਚੱਲਿਆ
ਪਰ ਹੱਕ ਨਾ ਕਿਸੇ ਦਾ ਨੱਪੀਏ।

ਭੁੱਖਾ ਆਦਮੀ ਰਜਾਉਣਾ, ਗੱਲ ਵੱਸ ਹੈ
ਨੀਤਾਂ ਰੱਜਣ ਕਦੇ ਨਾ ਭੁੱਖੀਆਂ।
ਦੇਰ ਲਾਉਂਦੀਆਂ ਨੇ ਕਈ ਵਾਰ ਖੁਸ਼ੀਆਂ
ਸਦਾ ਰਹਿਣ ਨਾ ਕਿਸੇ ਨਾਲ ਰੁੱਸੀਆਂ।
ਖੁਸ਼ੀ ਹੋਰ ਦੀ 'ਚ ਜਾਈਏ ਜੀਅ ਸਦਕੇ
ਧੀਆਂ ਭੈਣਾਂ 'ਚ ਨਾ ਵੜ ਨੱਚੀਏ।

ਪਿੰਡ ਚੀਮਨੇ 'ਚ ਸੇਵਾਦਾਰ ਲੋਕ ਜੋ
ਖੁਸ਼ੀ ਮਾਣਦੇ ਆ ਸੇਵਾ ਕਰ ਕੇ।
ਕਈ ਕਰ ਗਏ ਸ਼ਰੀਫ ਬਣ ਘਪਲੇ
ਉਹੀ ਬੇਰਾਂ ਵਾਂਗੂੰ ਡਿਗੇ ਝੜ ਕੇ।
'ਰਾਜ' ਮਰਨਾ ਹੈ ਇਕ ਦਿਨ ਆਪ ਵੀ
ਵੈਰੀ ਮਰੇ ਤਾਂ ਕਦੇ ਨਾ ਹੱਸੀਏ।

*-ਰਾਜ ਧਾਲੀਵਾਲ*

---

### ਗੀਤ

ਬੱਲੇ-ਬੱਲੇ ਨੀ ਪੰਜਾਬਣੇ
ਕਮਾਲ ਤੇਰਾ ਗਿੱਧਾ।
ਸਾਰੀ ਦੁਨੀਆਂ ਦੇ ਵਿਚ
ਬੇਮਿਸਾਲ ਤੇਰਾ ਗਿੱਧਾ।
ਬੱਲੇ ਬੱਲੇ ਨੀ ਪੰਜਾਬਣੇ...

ਤੇਰੀ ਤਿੱਲੇਦਾਰ ਜੁੱਤੀ
ਤੇਰੀ ਚੁੰਨੀ ਦੇ ਸਿਤਾਰੇ,
ਦਿਲ ਮੁੰਡਿਆਂ ਦਾ ਲੁੱਟ ਲੈਂਦੇ
ਲੱਕ ਦੇ ਹੁਲਾਰੇ,
ਪੈਂਦੀ ਅੱਡੀ ਦੀ ਧਮਕ
ਤੇ ਧਮਾਲ ਤੇਰਾ ਗਿੱਧਾ।
ਬੱਲੇ ਬੱਲੇ ਨੀ ਪੰਜਾਬਣੇ...

ਨਾਲ ਨੱਚਦਾ ਪਰਾਂਦਾ
ਮੱਥੇ ਟਿੱਕਾ, ਨੈਣੀਂ ਲੋਰ,
ਮੇਲੇ ਲੁੱਟੇ ਜਾਂਦੇ, ਪਾਉਣ
ਜਦੋਂ ਝਾਂਜਰਾਂ ਵੀ ਸ਼ੋਰ,
ਕਰ ਸਾਰੀਆਂ ਨੂੰ ਸੁੱਟੇ ਨੀ
ਹਲਾਲ ਤੇਰਾ ਗਿੱਧਾ।
ਬੱਲੇ ਬੱਲੇ ਨੀ ਪੰਜਾਬਣੇ...

ਤੇਰਾ ਗਿੱਧਾ ਸਾਡੇ ਵਿਰਸੇ ਦੀ,
ਨਕਸ਼ ਨੁਹਾਰ,
ਇਹਨੂੰ ਪੀਰਾਂ ਦੀਆਂ ਖੈਰਾਂ
ਰੱਜ ਮਾਣੇ ਨੀ ਪਿਆਰ,
ਸ਼ਾਲਾ ਵੱਸੇ ਅਤੇ ਹੱਸੇ
ਹਰ ਹਾਲ ਤੇਰਾ ਗਿੱਧਾ।
ਬੱਲੇ ਬੱਲੇ ਨੀ ਪੰਜਾਬਣੇ...

ਕਰੇ ਸੁਖਵਿੰਦਰ ਕੀ ਸਿਫ਼ਤ
ਗਿੱਧੇ ਦੀ ਨੀ ਮੁਟਿਆਰੇ,
ਪਈਆਂ ਦੁਨੀਆਂ 'ਚ ਧੁੰਮਾਂ
ਲੁੱਟੇ ਤਖ਼ਤ ਹਜ਼ਾਰੇ।
ਪਵੇ ਬੋਲੀਆਂ ਦੇ ਨਾਲ,
ਸੁਰ-ਤਾਲ ਤੇਰਾ ਗਿੱਧਾ।
ਬੱਲੇ ਬੱਲੇ ਨੀ ਪੰਜਾਬਣੇ
ਕਮਾਲ ਤੇਰਾ ਗਿੱਧਾ।

*-ਸੁਖਵਿੰਦਰ ਬੋਦਲਾਂਵਾਲਾ*
*ਫੋਨ: 360-281-2624*

---

### ਆਪੇ ਦੀ ਓਟ

ਉਦਾਸ ਹੈ ਅੱਜ
ਫਿਰ ਮਨ ਦਾ ਮੌਸਮ।
ਅੱਕਿਆ ਉਕਤਾਇਆ
ਚੁੱਪ ਸਮਾਧੀ ਵਿਚ ਗੁੰਮ ਸੁੰਮ,
ਸ਼ਾਂਤ ਪਾਣੀਆਂ ਦੀ ਹਿੱਕ 'ਚ ਸਾਂਭੇ
ਕਿਸੇ ਤੂਫ਼ਾਨ ਵਾਂਗ।

ਥੱਕ ਗਿਆ ਹੈ-
ਕਿਤੇ ਨਾ ਪਹੁੰਚਣ ਵਾਲੀ
ਕਦੇ ਨਾ ਰੁਕਣ ਵਾਲੀ
ਇਸ ਪਦਾਰਥਕ ਦੌੜ ਵਿਚ
ਵਿਅਰਥ ਦੌੜ ਕੇ।

ਚਿਰੋਕੀ ਔੜ ਹੰਢਾ
ਲੋਚੇ ਮੇਰਾ ਮਨ
ਕਿਣ ਮਿਣ ਦੀ ਠੰਢੀ
ਫੁਹਾਰ ਜਿਹਾ ਸਕੂਨ।

ਲੋਚੇ ਕੋਈ ਅੰਤਰੀਵ ਧੁਨ
ਕੋਈ ਵਿਸਮਾਦੀ ਤਰੰਗ
ਲਹਿਰਾਂ ਦੀ ਲਰਜ਼ਿਸ਼ ਜਿਹੀ।
ਸੁਣਾਵੇ ਝੂੰਮਦੇ ਪੱਤਰਾਂ 'ਚੋਂ
ਪੌਣਾਂ ਦਾ ਸੰਗੀਤ
ਵਹਿੰਦੇ ਝਰਨਿਆਂ ਦੀ ਕਲ ਕਲ
ਪੰਛੀਆਂ ਦੇ ਗੀਤ...
ਗਾ ਰਹੇ ਨੇ ਜੋ
ਇਸ ਵਿਆਪਕ ਅਨੇਕਤਾ ਦੇ
ਵਹਿੰਦੇ ਸਰੋਦ ਵਿਚ।
ਗਾ ਰਹੇ ਜੋ
ਖੰਡਾਂ ਬ੍ਰਹਿਮੰਡਾਂ ਦੀ
ਅਰਾਧਨਾ ਜਿਹਾ
ਮੌਲਦੀ ਧਰਤੀ
ਝੂਮਦੀ ਪ੍ਰਕਿਰਤੀ ਦਾ
ਬਸੰਤ ਰਾਗ।

ਲੱਭੇ ਪਿਆ ਮਨ
ਖੁਰ ਰਹੀ ਹੋਂਦ 'ਚੋਂ
ਤਿੜਕੇ ਤਰੇੜੇ ਵਜੂਦ ਚੋਂ
ਹੁਣ ਆਪੇ ਦੀ ਓਟ...
ਅੰਦਰਲੇ ਦੀ ਪਨਾਹ।

ਉਦਾਸ ਹੈ ਅੱਜ
ਫਿਰ ਮਨ ਦਾ ਮੌਸਮ।

*-ਸਵਰਾਜ ਕੌਰ, ਵਾਸ਼ਿੰਗਟਨ*
*ਫੋਨ: 360-597-8437*

---

### ਉਹ ਇੱਜ਼ਤ ਬਖਸ਼ਦਾ ਸੀ

ਉਹ ਇੱਜ਼ਤ ਬਖਸ਼ਦਾ ਸੀ,
ਮੈਂ ਪਿਆਰ ਮੰਗਦਾ ਸੀ।
ਉਹ ਜਿੱਤ ਬਖਸ਼ਦਾ ਸੀ,
ਮੈਂ ਹਾਰ ਮੰਗਦਾ ਸੀ।
ਉਹਦੀ ਮਿਹਰ ਵਾਲਾ ਬੱਦਲ,
ਸੀ ਵਰ੍ਹਦਾ ਕਦੀ-ਕਦਾਈਂ,
ਮੈਂ ਜਨਮਾਂ ਦਾ ਪਿਆਸਾ,
ਲਗਾਤਾਰ ਮੰਗਦਾ ਸੀ।
ਮੇਰੇ ਹੰਝੂਆਂ 'ਤੇ ਨਾ ਜਾ ਤੂੰ,
ਝੂਠਾ ਪਿਆਰ ਨਾ ਜਤਾ ਤੂੰ,
ਤੂੰ ਮਰਹਮ ਚੁੱਕ ਲਿਆਇਓਂ,
ਮੈਂ ਵਾਰ ਮੰਗਦਾ ਸੀ।

ਗੱਲ ਮੁਸ਼ਕਿਲ ਨਹੀਂ ਸੀ ਇੰਨੀ,
ਉਹ ਸਮਝ ਹੀ ਨਾ ਸਕਿਆ,
ਜੋ ਮੈਂ ਸੀ ਉਹਨੂੰ ਦਿੱਤਾ,
ਉਹੀ ਪਿਆਰ ਮੰਗਦਾ ਸੀ।
ਉਹ ਆਪ ਸੀ ਪਿਆਸਾ,
ਤੇਰੀ ਪਿਆਸ ਕੀ ਬੁਝਾਉਂਦਾ,
ਤੂੰ ਸਹਿਰਾ ਦੇ ਪਾਸ ਜਾ ਕੇ,
ਜਲਧਾਰ ਮੰਗਦਾ ਸੀ।
ਉਸ ਨਹੀਂ ਸੀ ਖੈਰ ਪਾਉਣੀ,
ਉਸ ਨਾ ਹੀ ਖੈਰ ਪਾਈ,
ਮੈਂ ਵੀ ਮਜਬੂਰ ਸਾਂ ਕਿ,
ਵਾਰ ਵਾਰ ਮੰਗਦਾ ਸੀ।


*-ਬਲਕਾਰ ਦਾਨਿਸ਼*

## ਕਹਾਣੀ

# ਮਿੱਟੀ ਦੀ ਪੰਡ

***ਲੇਖਕ ਐਨ.ਐਸ. ਸੌਦਾਗਰ ਦੀ ਕਹਾਣੀ 'ਮਿੱਟੀ ਦੀ ਪੰਡ' ਵਿਚ ਕਾਮਾ ਜਮਾਤ ਦੇ ਅਣਕਹੇ ਅਤੇ ਅਣਸੁਣੇ ਦਰਦ ਨੂੰ ਜ਼ੁਬਾਨ ਦਿੱਤੀ ਗਈ ਹੈ। ਤਿਉਹਾਰ ਵੀ ਇਸ ਤਬਕੇ ਲਈ ਖੁਸ਼ੀ ਦੇ ਕੋਈ ਪਲ ਲੈ ਕੇ ਨਹੀਂ ਆਉਂਦੇ। ਲੇਖਕ ਨੇ 'ਦੋ ਟੋਟਿਆਂ ਵਿਚ ਵੰਡੀ ਪਈ ਖਲਕਤ' ਦੀ ਬਾਤ ਬਹੁਤ ਮਾਰਮਿਕ ਢੰਗ ਨਾਲ ਸੁਣਾਈ ਹੈ। ਇਹ ਬਾਤ ਠਰੀ ਹੋਈ ਰਾਤ ਵਾਂਗ ਹੀ ਡਰੀ ਹੋਈ ਹੈ। ਇਸ ਸਹਿਮ ਵਿਚ ਕਹਾਣੀ ਦੇ ਪਾਤਰਾਂ ਦੀ ਬੇਵਸੀ ਲੁਕੀ ਬੈਠੀ ਹੈ। ਇਹ ਬੇਵਸੀ ਜਦੋਂ ਬੱਚਿਆਂ ਨੂੰ ਐਨ ਕੋਲ ਜਾ ਕੇ ਡੰਗਦੀ ਹੈ ਤਾਂ ਜ਼ਿਹਨ ਵਿਚ ਬਹੁਤ ਜਰਬਾਂ ਆਉਂਦੀਆਂ ਹਨ। -ਸੰਪਾਦਕ***

ਪਿੰਡ ਦੇ ਦੋਹਾਂ ਛੱਪੜਾਂ ਵਿਚ ਖੜ੍ਹਾ ਠੁਰ ਠੁਰ ਕਰਦਾ ਪਾਣੀ ਕਿਸੇ ਨੂੰ ਵੀ ਕੰਬਦਾ ਨਜ਼ਰ ਨਹੀਂ ਸੀ ਆ ਰਿਹਾ। ਕਾਮਿਆਂ ਦੇ ਗੱਭਰੂ ਮੁੰਡੇ-ਸ਼ੇਰ, ਅਜਮੇਰ, ਖੁਸ਼ੀ, ਬਿੱਲੂ, ਗੀਤੀ ਤੇ ਬਿੰਦਰ ਹੋਰੀਂ ਵਿਹੜੇ ਦੀ ਫਿਰਨੀ ਉੱਪਰ ਧੂਣੀਆਂ ਲਾਈ ਬੈਠੇ ਸਨ। ਅਮੀ ਦਾ ਗੀਤੀ ਤਾਂ ਆਪਣੇ ਪਿਉ ਦੀ ਸਿਗਰਟਾਂ ਵਾਲੀ ਡੱਬੀ ਚੋਰੀਂ ਕੱਢ ਲਿਆਇਆ ਸੀ ਅਤੇ ਸਾਰੇ ਬੱਤੀਆਂ ਬਾਲ ਬਾਲ, ਲੰਮੇ ਲੰਮੇ ਸੂਟੇ ਲਾ ਮਾਹੌਲ ਦਾ ਅਤੇ ਘਰਦਿਆਂ ਦਾ ਨਾਜਾਇਜ਼ ਫਾਇਦਾ ਉਠਾ ਰਹੇ ਸਨ। ਜਿਵੇਂ ਜਿਵੇਂ ਹਨੇਰਾ ਵਧਿਆ, ਠੰਢ ਜ਼ੋਰ ਫੜ ਗਈ।



**ਐਨ.ਐਸ. ਸੌਦਾਗਰ**
**ਫੋਨ: 775-685-8981**

ਠੰਢ ਦੇ ਡਰੋਂ ਪਿੰਡ ਦੀ ਇਹ ਮੁੰਡ੍ਹੀਰ ਵੀ ਖਿੰਡ-ਪੁੰਡ ਗਈ। ਗਰੀਬਾਂ ਦੇ ਘਰਾਂ ਦੇ ਝਰੋਖੇ ਵਾਲੇ ਦਰਵਾਜ਼ੇ ਬੰਦ ਹੋਣ ਦੇ ਬਾਵਜੂਦ ਠੰਢ ਨੂੰ ਅੰਦਰ ਆਉਣ ਤੋਂ ਰੋਕ ਨਾ ਸਕੇ।

ਪਿੰਡ ਦੇ ਜਗੀਰਦਾਰਾਂ ਦੀ ਪੱਕੀ ਹਵੇਲੀ ਅੰਦਰ ਗੂੜ੍ਹੀ ਨੀਂਦੇ ਸੁੱਤਾ ਪਿਆ ਜਗੀਰਦਾਰਾਂ ਦਾ ਪੂਰਾ ਟੱਬਰ ਠੰਢੀ ਹਵਾ ਅਤੇ ਠਰੀ ਹੋਈ ਰਾਤ ਦਾ ਪੂਰਾ ਨਿੱਘ ਮਾਣ ਰਿਹਾ ਸੀ। ਸ਼ਰਾਬ ਦੇ ਨਸ਼ੇ ਵਿਚ ਧੁੱਤ ਪਏ ਜਗੀਰਦਾਰ ਦੇ ਘੁਰਾੜੇ ਪੱਕੀ ਹਵੇਲੀ ਦੀਆਂ ਕੰਧਾਂ ਨਾਲ ਟਕਰਾ ਟਕਰਾ ਸਰਦਾਰਨੀ ਬਲਦੀਸ਼ ਕੌਰ ਦੀ ਨੀਂਦ ਵਿਚ ਵਿਘਨ ਪਾ ਰਹੇ ਸਨ। ਬਲਦੀਸ਼ ਨੂੰ ਆਪਣੇ ਨਾਲੋਂ ਆਪਣੇ ਜੁਆਕਾਂ ਦੇ ਉਠ ਜਾਣ ਦਾ ਬਹੁਤਾ ਡਰ ਲੱਗ ਰਿਹਾ ਸੀ। ਉਹ ਆਪਣੇ ਨਾਲ ਪਏ ਜਗੀਰਦਾਰ ਨੂੰ ਕਈ ਵਾਰ ਹਲੂਣ ਚੁੱਕੀ ਸੀ ਪਰ ਕਿਥੇ! ਜਗੀਰਦਾਰ ਆਪਣੇ ਹੱਥੀਂ ਲੌਂਗ ਇਲੈਚੀਆਂ ਪਵਾ ਕੇ ਤਖਾਣਾਂ ਕੇ ਨਿੰਦੀ ਤੋਂ ਕੋਲ ਖੜ੍ਹ ਕੇ ਕਢਵਾਈ ਪਹਿਲੇ ਤੋੜ ਦੀ ਸ਼ਰਾਬ ਦੇ ਦੋ-ਚਾਰ ਪੈਗ ਵੱਧ ਮਾਰ, ਪਤਾ ਨਹੀਂ ਕਿਹੜੇ ਸੁਪਨੇ ਲੈ ਰਿਹਾ ਸੀ। ਕਾਮਿਆਂ ਦੇ ਵਿਹੜੇ ਟਿਕੀ ਰਾਤ ਵੀ ਕਿਸੇ ਨਾ ਕਿਸੇ ਪਾਸੇ ਹਿਲਜੁਲ ਹੋ ਰਹੀ ਸੀ। ਸ਼ਾਇਦ ਗਰੀਬਾਂ ਦੇ ਘਸੇ ਜੁੱਲੇ ਉਨ੍ਹਾਂ ਦੀ ਗੂੜ੍ਹੀ ਨੀਂਦ ਉਡਾ ਰਹੇ ਸਨ ਤੇ ਕੱਚੀ ਨੀਂਦ ਹੀ ਉਠਣ ਲਈ ਹਿਲਾ ਰਹੇ ਸਨ। ਰਹਿੰਦੀ ਖੂੰਹਦੀ ਕਸਰ ਭੁੱਖੇ ਕੁੱਤਿਆਂ ਦੀ ਭੌਂ ਭੌਂ ਤੇ ਕੁੱਕੜਾਂ ਦੀਆਂ ਬਾਂਗਾਂ ਦੇ ਰਾਮ ਰੌਲੇ ਨੇ ਕੱਢ ਦਿੱਤੀ ਸੀ।

ਠੰਢ ਦੀ ਭੰਨੀ ਹੋਈ ਚੰਦ ਕੌਰ ਅੱਜ ਗੁਰਦੁਆਰੇ ਦੇ ਭਾਈ ਜੀ ਦੀ ਹੇਕ ਤੋਂ ਪਹਿਲਾਂ ਹੀ ਉਠ ਗਈ ਸੀ। ਚੰਦ ਕੌਰ ਨੂੰ ਬਹੁਤਾ ਤੜਕੇ ਉਠਾਉਣ ਵਿਚ ਚੱਲ ਰਹੀ ਸੀਤ ਲਹਿਰ ਅਤੇ ਘੱਟ ਲੋਗੜ ਵਾਲੀ ਰਜਾਈ ਦਾ ਹੱਥ ਸੀ। ਹਾਲਾਂਕਿ ਚੰਦ ਕੌਰ ਦੀ ਸਭ ਤੋਂ ਵੱਡੀ ਧੀ ਗੇਲੋ ਨੇ ਰਾਤੀਂ ਸੌਣ ਤੋਂ ਪਹਿਲਾਂ ਕਿਹਾ ਵੀ ਸੀ, "ਬੇਬੇ, ਤੂੰ ਮੇਰੇ ਵਾਲੀ ਭਾਰੀ ਰਜਾਈ ਲੈ ਲੈ, ਅੱਜ ਠੰਢ ਜ਼ਿਆਦਾ ਹੈ", ਪਰ ਕਿਥੇ! ਮਾਂ ਤਾਂ ਮਾਂ ਹੁੰਦੀ ਏ। ਚੱਕਵੇਂ ਚੁੱਲ੍ਹੇ ਵਿਚ ਪਏ ਅੱਧ-ਸੁੱਕੇ ਜਿਹੇ ਗੋਹੇ ਦੀਆਂ ਪਾਥੀਆਂ ਚੰਦ ਕੌਰ ਦੀ ਅੱਧੀਓਂ ਵੱਧ ਸੀਖਾਂ ਵਾਲੀ ਡੱਬੀ ਫੂਕਵਾ ਕੇ ਵੀ ਬਲ ਨਹੀਂ ਸਨ ਰਹੀਆਂ। ਖੰਘ ਨਾਲ ਭਿੱਜੀਆਂ ਫੂਕਾਂ ਮਾਰ-ਮਾਰ ਆਖਰ ਚੰਦ ਕੌਰ ਨੇ ਅੱਗ ਧੁਖਾ ਹੀ ਲਈ। ਸਿਲਵਰ ਦੀ ਕੱਪੀ ਨਾਲ ਪਾਣੀ ਨਾਪਦੀ ਚੰਦ ਕੌਰ ਨੇ ਚਾਰ ਕੱਪ ਕੋਲ ਪਈ ਸਿਲਵਰ ਦੀ ਪਤੀਲੀ ਵਿਚ ਪਾ ਚੁੱਲ੍ਹੇ ਉਪਰ ਧਰ ਦਿੱਤੇ। ਗੁੜ ਚਾਹ ਪਾਉਂਦੀ ਨੇ ਚੁੰਨੀ ਨਾਲ ਕੱਲ੍ਹ ਦੀਆਂ ਬੰਨ੍ਹੀ ਫਿਰਦੀ ਚਾਰ-ਪੰਜ ਛੋਟੀਆਂ ਇਲੈਚੀਆਂ ਆਪਣੇ ਪਤੀ ਨਾਹਰੂ ਦੀ ਚਾਹ ਵਿਚ ਪਾਉਂਦੀ ਨੇ ਪਤੀਲੀ ਢਕ ਦਿੱਤੀ। ਫਿਰ ਚੁੱਲ੍ਹੇ ਕੋਲ ਬੈਠੀ ਆਪਣੀ ਮੁਟਿਆਰ ਧੀ ਗੇਲੋ ਦੇ ਵਿਆਹ ਬਾਰੇ ਸੋਚਣ ਲਗੀ। ਝੱਟ ਹੀ ਉਸ ਨੂੰ ਆਪਣੇ ਆਦਮੀ ਨਾਹਰੂ ਦੇ ਘੱਟ ਸੀਰ ਦਾ ਖਿਆਲ ਆਇਆ। ਘੱਟ ਸੀਰ ਨਾਲ ਉਹ ਆਪਣੇ ਆਦਮੀ ਨਾਲ ਕਈ ਵਾਰ ਕਲੇਸ਼ ਵੀ ਕਰ ਚੁੱਕੀ ਸੀ ਪਰ ਨਾਹਰੂ ਨੇ ਪਿਛਲੇ ਹਾੜ੍ਹ ਵਿਚ ਆਪਣੇ ਸਾਲੇ ਦੀ ਕੁੜੀ ਦੇ ਵਿਆਹ 'ਤੇ ਜਾਣ ਲਈ ਜਗੀਰਦਾਰਨੀ ਤੋਂ ਜੋ ਵਿਆਜੂ ਪੈਸੇ ਫੜੇ ਸਨ, ਉਸੇ ਝੇਪ ਵਿਚ ਹੀ ਇਸ ਸਾਲ ਫਿਰ ਜਗੀਰਦਾਰਨੀ ਨੂੰ ਘੱਟ ਸੀਰ 'ਤੇ ਹਾਂ ਕਰ ਦਿੱਤੀ ਸੀ।

ਚੰਦ ਕੌਰ ਇਹ ਸਭ ਜਾਣਦੀ ਹੋਈ ਵੀ ਦਿਨ ਰਾਤ ਕੰਮ ਤੋਂ ਥੱਕ ਕੇ ਆਏ ਨਾਹਰੂ ਨੂੰ ਤੱਤੀਆਂ ਤੱਤੀਆਂ ਸੁਣਾ ਦਿੰਦੀ, "ਪਤਾ ਨਹੀਂ ਜਗੀਰਦਾਰਨੀ ਨੇ ਕੀ ਤਵੀਤ ਘੋਲ ਕੇ ਪਿਆਇਆ ਹੋਇਆ ਮੇਰੇ ਇਸ ਖਸਮ ਨੂੰ ਜਿਹੜਾ ਦਿਨ ਰਾਤ ਪੂਸ-ਪੂਸ ਕਰਦਾ ਫਿਰਦਾ ਉਹਦੇ ਪਿੱਛੇ...।" ਫਿਰ ਚੌਂਕੇ ਵਿਚ ਬੈਠੀ ਨੂੰ ਖਿਆਲ ਆਇਆ, 'ਨੀ ਚੰਦ ਕੁਰੇ, ਇਸ ਵਿਚ ਵਿਚਾਰੇ ਨਾਹਰੂ ਦਾ ਵੀ ਕੀ ਕਸੂਰ ਹੈ?' ਉਹ ਆਪ ਮੁਹਾਰੇ ਬੋਲਣ ਲੱਗੀ, 'ਹੋਰ ਕਿੰਨੇ ਕੁ ਸਾਲ ਅਸੀਂ ਘੱਟ ਸੀਰ 'ਤੇ ਹੱਡ ਰਗੜਾਈ ਜਾਵਾਂਗੇ। ਗੇਲੋ, ਕਰਨੈਲ ਦੇ ਨਾਲ ਨਾਲ ਹੁਣ ਤਾਂ ਪ੍ਰੀਤੋ ਤੇ ਜਗਸੀਰ ਵੀ ਉਡਾਰ ਹੋ ਗਏ ਹਨ। ਨਹੀਂ ਨਹੀਂ...ਇਕ ਨਾ ਇਕ ਦਿਨ ਸਾਡੀ ਸਾਂਝੀ ਸੀਰੀਆਂ ਦੀ ਵੀ ਸੁਣੀ ਜਾਏਗੀ। ਕਾਮਿਆਂ ਦਾ ਖੂਨ ਇਕ ਦਿਨ ਜ਼ਰੂਰ ਉਬਲੇਗਾ।' ਸੋਚਾਂ ਵਿਚ ਡੁੱਬੀ ਚੰਦ ਕੌਰ ਨੂੰ ਪਤਾ ਹੀ ਨਹੀਂ ਲੱਗਿਆ ਕਿ ਪਤੀਲੀ ਵਾਲਾ ਪਾਣੀ ਉਬਲ ਕੇ ਕਦੋਂ ਬਾਹਰ ਆ ਗਿਆ। ਚੁੰਨੀ ਦੇ ਪੱਲੂ ਨਾਲ ਪਤੀਲੀ ਭੁੰਜੇ ਲਾਹੁੰਦੀ ਚੰਦ ਕੌਰ ਨੀਂਦ ਵਿਚ ਗੁਆਚੇ ਨਾਹਰੂ ਦੇ ਸਰਾਹਣੇ ਵੱਲ ਬੰਨ੍ਹੀ ਬੱਕਰੀ ਦੀਆਂ ਲੱਤਾਂ ਫੜਦੀ ਖਾਲੀ ਗਲਾਸ ਵਿਚ ਧਾਰਾਂ ਮਾਰਨ ਲੱਗ ਪਈ। ਨਾਹਰੂ ਨੂੰ ਹਲੂਣ, ਉਠਣ ਲਈ ਆਖਦੀ ਆਪ ਫਿਰ ਚਾਹ ਦੀ ਪਤੀਲੀ ਕੋਲ ਆ ਬੈਠੀ। ਕੱਲ੍ਹ ਦੀ ਥਕਾਵਟ ਨਾਲ ਅੰਗੜਾਈਆਂ ਭੰਨਦਾ, ਬਾਲਟੀ ਵਿਚੋਂ ਪਾਣੀ ਦੀਆਂ ਦੋ ਚੂਲੀਆਂ ਅੱਖਾਂ ਵਿਚ ਮਾਰਦਾ ਨਾਹਰੂ ਚੰਦ ਕੌਰ ਕੋਲ ਆ ਬੈਠਾ।

"ਕੀ ਗੱਲ ਚੰਦ ਕੁਰੇ, ਜੁਆਕਾਂ ਲਈ ਅਜੇ ਆਟਾ ਨਹੀਂ ਗੁੰਨ੍ਹਿਆ?"

"ਜੁਆਕਾਂ ਨੂੰ ਤਾਂ ਅੱਜ ਦੀਵਾਲੀ ਦੀ ਛੁੱਟੀ ਹੈ। ਚੱਲ ਚੰਗਾ ਕੀਤਾ ਤੂੰ ਆਪ ਹੀ ਯਾਦ ਕਰਵਾ ਦਿੱਤਾ, ਨਹੀਂ ਤਾਂ ਮੈਨੂੰ ਆਪ ਤੈਨੂੰ ਯਾਦ ਕਰਵਾਉਣਾ ਪੈਣਾ ਸੀ ਕਿ ਅੱਜ ਦੀਵਾਲੀ ਹੈ। ਆਉਂਦਾ ਹੋਇਆ ਆਵਦੀ ਜਗੀਰਦਾਰਨੀ ਤੋਂ ਆਟਾ ਲੈਂਦਾ ਆਵੀਂ। ਇਹੋ ਆਟਾ ਸੀ ਜਿਹੜਾ ਮੈਂ ਪੀਪਾ ਝਾੜ ਕੇ ਪਕਾ ਲਿਐ। ਨਾਲੇ ਇਉਂ ਕਰੀਂ...ਥੋੜ੍ਹੇ ਬਹੁਤੇ ਪੈਸੇ ਵੀ ਜ਼ਰੂਰ ਫੜੀ ਆਈਂ ਜਵਾਕਾਂ ਨੂੰ ਕੁਝ ਚਾਹੀਦਾ ਹੈ। ਜਗਸੀਰ ਭੂੰਡ-ਪਟਾਕਿਆਂ ਲਈ ਕੱਲ੍ਹ ਦਾ ਮਗਰ ਪਿਆ ਹੋਇਐ। ਕੋਰੇ ਦੀਵੇ ਤਾਂ ਪਰਸੋਂ ਹੀ ਗੇਲੋ ਨੇ ਘੁਮਿਆਰਾਂ ਦੇ ਮੁੰਡੇ ਤੋਂ ਰੂੰਗ ਕਪਾਹ ਦਾ ਦੇ ਕੇ ਲੈ ਲਏ ਸੀ। ਆਹ ਰੋਟੀ ਤੂੰ ਖਾ ਲੈ...ਜਵਾਕਾਂ ਨੂੰ ਤਾਂ ਅੱਜ ਮੈਂ ਵੱਡੇ ਦਿਨੋਂ ਸੰਤੀ ਦੀ ਨੂੰਹ ਈਸ਼ਰੋ ਤੋਂ ਇਕ ਛੰਨਾ ਆਟਾ ਲੈ ਕੇ ਪਕਾ ਦੂੰਗੀ।" ਕੋਲ ਬੈਠੇ ਨਾਹਰੂ ਅੱਗੇ ਚਾਹ ਨਾਲ ਭਰਿਆ ਗਲਾਸ ਧਰਦੀ ਚੰਦ ਕੌਰ ਨੇ ਕਿਹਾ।

"ਨਹੀਂ ਚੰਦ ਕੁਰੇ ਨਹੀਂ। ਇਨ੍ਹਾਂ ਜੁਆਕਾਂ ਦਾ ਕੀ ਕਸੂਰ ਐ? ਮੈਂ ਆਪ ਤਾਂ ਭੁੱਖਾ ਰਹਿ ਲੂੰਗਾ ਪਰ ਆਪਣੇ ਜੁਆਕਾਂ ਨੂੰ ਭੁੱਖੇ ਨਹੀਂ ਰੱਖ ਸਕਦਾ।"

"ਗੇਲੋ ਦੇ ਬਾਪੂ! ਤੈਥੋਂ ਨਿਰਨੇ ਕਾਲਜੇ ਹਲ ਨਹੀਂ ਵਾਹ ਹੋਣਾ ਤੇ ਜਗੀਰਦਾਰਨੀ ਬਲਦੀਸ਼ ਕੌਰ ਨੇ ਤੇਰੀ ਹਾਜ਼ਰੀ ਭੇਜਦੀ ਭੇਜਦੀ ਨੇ ਦੁਪਹਿਰਾ ਕਰ ਦੇਣੈ। ਜ਼ਿੱਦ ਨਾ ਕਰ, ਲੈ ਚਾਹ ਦੀਆਂ ਦੋ ਘੁੱਟਾਂ ਨਾਲ ਟੁੱਕ ਦੀਆਂ ਇਹ ਦੋ ਬੁਰਕੀਆਂ ਲੰਘਾ ਲੈ।"

"ਚੰਦਕੁਰੇ, ਮੈਂ ਜਾਣਦਾਂ ਕਿ ਮੈਥੋਂ ਭੁੱਖੇ ਤੋਂ ਹਲ ਨਹੀਂ ਵਾਹ ਹੋਣਾ, ਪਰ ਜਵਾਕਾਂ ਦਾ ਪੇਟ ਕੱਟ ਕੇ ਮੈਥੋਂ ਨਹੀਂ ਖਾਧਾ ਜਾਣਾ।" ਆਖਦਾ ਨਾਹਰੂ ਸਾਰੀ ਰਾਤ ਦੇ ਠਰੇ ਹੋਏ ਢਿੱਡ ਵਿਚ ਇਕ ਗਲਾਸ ਗਰਮ ਗਰਮ ਚਾਹ ਦਾ ਸੁੱਟਦਾ ਖੂੰਜੇ ਵਿਚ ਖੜ੍ਹੀ ਪਰਾਣੀ ਚੁੱਕਦਾ ਆਪਣੇ ਅੱਧ-ਘਸੇ ਛਿੱਤਰ ਘੜੀਸਦਾ ਘਰ ਦੀ ਦੇਹਲੀ ਲੰਘ ਗਿਆ। ਚੰਦ ਕੌਰ ਲਈ ਭਾਵੇਂ ਅੱਜ ਇਹ ਕੋਈ ਨਵੀਂ ਗੱਲ ਨਹੀਂ ਸੀ। ਇਸ ਤੋਂ ਪਹਿਲਾਂ ਵੀ ਕਈ ਵਾਰ ਉਸ ਦਾ ਨਾਹਰੂ ਭੁੱਖਾ ਖੇਤ ਨੂੰ ਗਿਆ ਸੀ, ਪਰ ਅੱਜ ਵਰ੍ਹਿਆਂ ਦੇ ਦਿਨ ਜਿਵੇਂ ਉਸ ਤੋਂ ਆਪਣਾ ਨਾਹਰੂ ਭੁੱਖਾ ਜਾਂਦਾ ਝੱਲਿਆ ਨਾ ਗਿਆ ਹੋਵੇ। ਜਵਾਕ ਅੱਜ ਭੂੰਡ ਪਟਾਕਿਆਂ ਦੇ ਚਾਅ ਵਿਚ ਪਹਿਲਾਂ ਨਾਲੋਂ ਸਾਝਰੇ ਹੀ ਉਠੇ ਫਿਰਦੇ ਸਨ। ਚੰਦ ਕੌਰ ਦੇ ਜਵਾਕਾਂ ਦੀ ਖੁਸ਼ੀ ਜਿਵੇਂ ਗਰੀਬੀ ਹੱਥੋਂ ਕਤਲ ਹੋ ਚੁੱਕੀ ਹੋਵੇ। ਉਸ ਦੇ ਨਿਆਣਿਆਂ ਲਈ ਇਹੋ ਜਿਹੇ ਖੁਸ਼ੀਆਂ ਭਰੇ ਦਿਨ-ਤਿਉਹਾਰ ਆਮ ਦਿਨਾਂ ਵਾਂਗ ਬਣ ਕੇ ਰਹਿ ਗਏ ਸਨ।

"ਉਠ ਖੜ੍ਹੀ ਪੁੱਤ?" ਆਪਣੀ ਵੱਡੀ ਧੀ ਗੇਲੋ ਨੂੰ ਆਪਣੇ ਵੱਲ ਆਉਂਦੀ ਦੇਖਦਿਆਂ ਚੰਦ ਕੌਰ ਨੇ ਪੁੱਛਿਆ।

"ਬੇਬੇ! ਦੇਖ ਲੈ ਬਾਪੂ ਅੱਜ ਦੀਵਾਲੀ ਵਾਲੇ ਦਿਨ ਵੀ ਸਾਨੂੰ ਮਿਲੇ ਬਗੈਰ ਖੇਤ ਨੂੰ ਚਲਿਆ ਗਿਐ!"

"ਗੇਲੋ ਪੁੱਤ! ਆਪਾਂ ਬੇਜ਼ਮੀਨੇ, ਦਿਹਾੜੀ ਜੋਤਾ ਲਾਉਣ ਵਾਲੇ, ਇਨ੍ਹਾਂ ਸਰਮਾਏਦਾਰਾਂ ਨੂੰ ਜਵਾਬ ਨਹੀਂ ਦੇ ਸਕਦੇ। ਧੀਏ, ਸਾਨੂੰ ਭੁੱਖੇ ਮਰਦਿਆਂ ਨੂੰ ਅੱਕ ਚੱਬਣਾ ਹੀ ਪੈਂਦਾ ਹੈ। ਚੱਲ ਛੱਡ ਤੂੰ ਇਹ ਸਵੇਰੇ ਸਵੇਰੇ ਕਿਹੜੀਆਂ ਗੱਲਾਂ ਫੜ ਕੇ ਬਹਿ ਗਈ। ਤੁਸੀਂ ਆਵਦੀ ਪੜ੍ਹਾਈ ਵਿਚ ਸੁਰਤ ਰੱਖਿਆ ਕਰੋ, ਨਹੀਂ ਤਾਂ ਬਾਪੂ ਵਾਂਗ ਸੱਪਾਂ ਦੀਆਂ ਸਿਰੀਆਂ ਮਿੱਧਣੀਆਂ ਪੈਣਗੀਆਂ। ਜਾਹ ਆਪਣੇ ਭੈਣ-ਭਾਈਆਂ ਨੂੰ ਵੀ ਉਠਾ ਦੇ, ਗੁੜ ਦੀ ਚਾਹ ਵਿਚ ਬੈ ਭਰ ਜਾਊ ਨਹੀਂ ਤਾਂ।" ਆਖਦੀ ਚੰਦ ਕੌਰ ਬੱਕਰੀ ਖੋਲ੍ਹਦੀ ਬਾਹਰ ਕਿੱਲੀ ਉਪਰ ਬੰਨ੍ਹਣ ਚਲੀ ਗਈ।

ਸਕੂਲਾਂ 'ਚ ਛੁੱਟੀ ਹੋਣ ਕਾਰਨ ਚੰਦ ਕੌਰ ਦੇ ਚਾਰੇ ਜਵਾਕ ਘਰੇ ਹੀ ਸਨ ਪਰ ਚੰਦ ਕੌਰ ਦਾ ਨਾਹਰੂ ਘਰੋਂ ਭੁੱਖਾ ਜਾਣ ਕਰ ਕੇ ਚਿੱਤ ਖਰਾਬ ਸੀ ਤੇ ਰਹਿੰਦਾ ਖੂੰਹਦਾ ਚੰਦ ਕੌਰ ਦਾ ਮਨ ਉਸ ਦਾ ਨਿੱਕਾ ਮੁੰਡਾ ਜਗਸੀਰ ਖ਼ਰਾਬ ਕਰ ਦਿੰਦਾ, "ਬੇਬੇ, ਅੱਜ ਦੀਵਾਲੀ ਐ। ਸਾਰਿਆਂ ਨੇ ਆਪਣੀਆਂ ਆਪਣੀਆਂ ਬਨੇਰੀਆਂ ਉਪਰ ਦੀਵੇ ਬਾਲਣੇ ਆ। ਬਿੰਦਰ ਰਣੀਏ ਵਾਲਿਆਂ ਨੇ ਅੱਜ ਸ਼ਹਿਰੋਂ ਸੌ ਰੁਪਏ ਦੇ ਭੂੰਡ ਪਟਾਕੇ ਲਿਆਉਣੇ ਹਨ। ਕੱਲ੍ਹ ਬਿੰਦਰ ਜਮਾਤ ਵਿਚ ਸਾਰਿਆਂ ਨੂੰ ਦੱਸਦਾ ਸੀ।"

"ਪੁੱਤ ਬਿੰਦਰ ਆਪਣੇ ਨਾਨਕੀਂ ਰਹਿੰਦੈ। ਬਿੰਦਰ ਦੇ ਤਿੰਨੇ ਮਾਮੇ ਕਰਮ ਸਿੰਘ, ਉਜਾਗਰ ਅਤੇ ਸੌਦਾਗਰ ਚੰਗੇ ਪੈਸੇ ਵਾਲੇ ਹਨ। ਉਹ ਚਾਹੇ ਬਿੰਦਰ ਨੂੰ ਦੋ ਸੌ ਰੁਪਏ ਦੇ ਪਟਾਕੇ ਲੈ ਦੇਣ। ਜਦੋਂ ਤੂੰ ਵੀ ਪੜ੍ਹ ਲਿਖ ਕੇ ਪੱਕੀ ਨੌਕਰੀ 'ਤੇ ਲੱਗ ਜਾਵੇਂਗਾ ਤਾਂ ਤੂੰ ਵੀ ਆਪਣੇ ਜਵਾਕਾਂ ਨੂੰ ਸੌ ਰੁਪਏ



ਦੇ ਭੂੰਡ ਪਟਾਕੇ ਲਿਆ ਦਿਆ ਕਰੀਂ।" ਚੰਦ ਕੌਰ ਨੇ ਉਮੀਦਾਂ ਨਾਲ ਢਿੱਡ ਭਰਦੀ ਨੇ ਫੋਕਾ ਡਕਾਰ ਮਾਰਿਆ।

"ਬੇਬੇ ਸਾਡਾ ਬਾਪੂ ਵੀ ਅੱਜ ਸਾਡੇ ਲਈ ਫੁੱਲਝੜੀਆਂ ਲੈ ਕੇ ਆਊਗਾ?" ਜਗਸੀਰ ਦੇ ਏਨਾ ਕਹਿਣ ਨਾਲ ਹੀ ਚੰਦ ਕੌਰ ਨੂੰ ਜਵਾਕਾਂ ਦੀ ਹਾਜ਼ਰੀ ਪਕਾਉਣ ਦਾ ਖਿਆਲ ਆਇਆ।

"ਹਾਂ ਪੁੱਤ, ਤੇਰਾ ਪਿਉ ਵੀ ਤੈਨੂੰ ਲਿਆ ਦੂਗਾ।" ਆਖਦੀ ਚੰਦ ਕੌਰ ਨੇ ਲੰਮਾ ਹਉਕਾ ਭਰਿਆ ਤੇ ਸੋਚਣ ਲੱਗੀ, 'ਜਦ ਜਗਸੀਰ ਵੀ ਗੇਲੋ, ਕਰਨੈਲ ਤੇ ਪ੍ਰੀਤੋ ਵਾਂਗ ਸਿਆਣਾ ਹੋ ਜਾਊਗਾ ਤਾਂ ਆਪੇ ਸਾਡੀ ਘਰ ਦੀ ਹਾਲਤ ਸਮਝ ਜਾਵੇਗਾ।'

ਹਲ ਵਾਹੁੰਦੇ ਨਾਹਰੂ ਨੂੰ ਜਦੋਂ ਚੰਦ ਕੌਰ ਦੀ ਸਵੇਰ ਵਾਲੀ ਆਟੇ ਵਾਲੀ ਗੱਲ ਯਾਦ ਆਈ ਤਾਂ ਉਹਨੇ ਹਲ ਛੱਡ ਦਿੱਤਾ ਤੇ ਨਾਲ ਲਗਦੀ 'ਗੁਲਜ਼ਾਰੀ ਕੇ ਝਾਨੀ' ਦੀ ਚੱਲ ਰਹੀ ਮੋਟਰ 'ਤੇ ਮੂੰਹ ਹੱਥ ਧੋ ਕੇ ਚੱਕਵੇਂ ਪੈਰੀਂ ਨਾਹਰੂ ਹਵੇਲੀ ਵੱਲ ਤੁਰ ਪਿਆ।

"ਬੇ ਆ ਨਾਹਰੂ! ਤੂੰ ਸਾਜਰੇ ਹੀ ਤੁਰਿਆ ਆਉਂਦੈਂ?" ਦੀਵਿਆਂ ਵਿਚ ਤੇਲ ਪਾਉਂਦੀ ਜਗੀਰਦਾਰਨੀ ਨੇ ਆਪਣੇ ਵੱਲ ਆਉਂਦੇ ਨਾਹਰੂ ਨੂੰ ਆਖਿਆ।

"ਸਰਦਾਰਨੀ ਜੀ! ਅੱਜ ਦੀਵਾਲੀ ਆ।...ਆ ਸਹੁਰੀ ਦਾ ਜਵਾਕਾਂ ਦਾ ਚਾਅ ਵੀ ਪੂਰਾ ਕਰਨਾ ਪੈਂਦੈ। ਹੁਣ ਸ਼ਹਿਰ ਜਾਣ ਦਾ ਤਾਂ ਟਾਇਮ ਨਹੀਂ ਰਿਹਾ...ਆ ਵਿਹੜੇ ਵਾਲੀ ਛੋਟੂ ਹੋਰਾਂ ਦੀ ਹੱਟੀ ਤੋਂ ਜਗਸੀਰ ਨੂੰ ਦੋ ਚਾਰ ਰੁਪਏ ਦੇ ਭੂੰਡ ਪਟਾਕੇ ਜਿਹੇ ਲੈ ਦਊਂ। ਸਰਦਾਰਨੀ ਜੀ! ਅੱਜ ਇਕ ਤਾਂ ਆਟਾ ਨਹੀਂ ਘਰ, ਦੂਜਾ ਪੈਸਿਆਂ ਦੀ ਵੀ ਲੋੜ ਐ।"

"ਬੇ ਨਾਹਰ ਸਿੰਆਂ, ਆਟੇ ਦਾ ਤਾਂ ਮੈਂ ਇਹ ਤੇਰਾ ਪੀਪਾ ਭਰ ਦਿੰਨੀ ਆਂ ਪਰ ਪੈਸਿਆਂ ਲਈ ਤੈਨੂੰ ਗਿੱਲਾਂ ਕੀ ਮੋਟਰ 'ਤੇ ਜਾਣਾ ਪਊ। ਤੇਰੇ ਸਰਦਾਰ ਜੀ ਨੂੰ ਸਵੇਰੇ ਰੁਪਈਏ ਦਿੰਦੀ ਤੋਂ ਮੈਥੋਂ ਪੇਟੀ ਦੀ ਚਾਬੀ ਵੀ ਭੁਲੇਖੇ ਨਾਲ ਫੜਾਈ ਗਈ। ਸੁਣਿਆ ਗਿੱਲਾਂ ਕੀ ਮੋਟਰ 'ਤੇ ਬੱਕਰਾ ਰਿੰਨ੍ਹੀ ਬੈਠੇ ਆ ਤੇ ਸਵੇਰ ਦੇ ਸ਼ਰਾਬ ਪੀਈ ਜਾਂਦੇ ਨੇ। ਆ ਜੈ ਖਾਣਿਆਂ ਦਾ ਤਖ਼ਾਣਾਂ ਦਾ ਨਿੰਦੀ ਜਦੋਂ ਦਾ ਦੁਬਈ ਜਿਹੀ ਤੋਂ ਗੇੜਾ ਲਾ ਕੇ ਆਇਆ, ਇਸ ਨੇ ਸਾਰਿਆਂ ਨੂੰ ਦਿਨੇ ਹੀ ਪੀਣ ਲਾ ਛੱਡਿਐ। ਪਰਸੋਂ ਤੇਰੇ ਸਰਦਾਰ ਸਾਹਿਬ ਦਿਨ ਦੇ ਗਿਆਰਾਂ ਵਜੇ ਹੀ ਪੈਗ ਚੜ੍ਹਾਈ ਫਿਰਨ। ਮੈਂ ਕਿਹਾ, ਸ਼ਰਮ ਕਰਿਆ ਕਰੋ, ਨਿਆਣੇ ਵੱਡੇ ਹੋ ਰਹੇ ਆ...ਅੱਗਿਓਂ ਬੋਲੇ, 'ਅੱਜ ਅਸੀਂ ਵੀ ਸ਼ਿਵ ਬਟਾਲਵੀ ਬਣ ਕੇ ਦੇਖ ਲਈਏ।"

"ਠੀਕ ਐ ਸਰਦਾਰਨੀ ਜੀ, ਮੈਂ ਭੱਜ ਕੇ ਪੇਟੀ ਦੀ ਚਾਬੀ ਫੜ ਲਿਆਵਾਂ।" ਕਹਿੰਦਾ ਨਾਹਰੂ ਕਾਹਲੇ ਕਦਮੀਂ ਮੋਟਰ ਵੱਲ ਤੁਰ ਪਿਆ। ਮੋਟਰ ਵੱਲ ਵਧਿਆ ਤਾਂ ਸ਼ਰਾਬ ਦੇ ਰੱਜਿਆਂ ਦੀਆਂ ਗੱਲਾਂ ਉਸ ਨੂੰ ਸਾਫ਼ ਸੁਣਨ ਲੱਗੀਆਂ, "ਓਏ ਨਿੰਦੀ ਸਾਲਿਆ, ਤੂੰ ਐਵੇਂ ਫੋਕੀਆਂ ਬੜ੍ਹਕਾਂ ਨਾ ਮਾਰਿਆ ਕਰ। ਮੈਂ ਜਾਣਦਾਂ ਤੈਨੂੰ ਵੱਡੇ ਬਦਮਾਸ਼ ਨੂੰ, ਪਿਛਲੀ ਵਾਰ ਜਗਰਾਵਾਂ ਵਾਲੀ ਰੋਸ਼ਨੀ ਦੇ ਮੇਲੇ 'ਤੇ ਚੂਹੜ ਚੱਕ ਵਾਲੇ ਜਗਜੀਤ ਨੇ ਜਦੋਂ ਤੈਨੂੰ ਗਾਲ ਕੱਢੀ ਸੀ ਤਾਂ ਤੂੰ ਦੜ ਵੱਟ ਗਿਆ ਸੀ। ਫੇਰੇ ਦੇਣੀ ਦਿਆ, ਜੇ ਮੈਂ ਉਹਦੀ ਗਾਲ ਦੇ ਬਦਲੇ ਗਾਲ ਵਿਚ ਜਵਾਬ ਨਾ ਦਿੰਦਾ ਤਾਂ ਤੂੰ ਤਾਂ ਮੇਰੀ ਵੀ ਇੱਜ਼ਤ ਮਿੱਟੀ ਵਿਚ ਰੋਲ ਦੇਣੀ ਸੀ।" ਮੀਟ ਦੀ ਤਰੀ ਵਾਲੀ ਕੌਲੀ ਮੂੰਹ ਤੋਂ ਹਟਾਉਂਦੇ ਸ਼ਰਾਬ ਦੇ ਰੱਜੇ ਹੋਏ ਜਗੀਰਦਾਰ ਨੇ ਨਿੰਦੀ ਨੂੰ ਮਿਹਣਾ ਮਾਰਿਆ।

"ਲੈ ਸੁਣ ਲੈ ਜਗੀਰਦਾਰਾ! ਮੈਨੂੰ ਤੇਰੀ ਇਸ ਯਾਰੀ ਦੀ ਕਸਮ। ਜੇ ਆਉਂਦੇ ਛਪਾਰ ਵਾਲੇ ਮੇਲੇ ਵਿਚ ਜਗਜੀਤ ਮੈਨੂੰ ਮਿਲ ਗਿਆ ਤਾਂ ਮੈਂ ਵੀ ਤਖਾਣ ਦਾ ਪੁੱਤ ਨਹੀਂ ਜੇ ਜੱਟ ਦੇ ਡੱਕਰੇ ਨਾ ਕਰ ਦਿੱਤੇ ਤਾਂ।" ਨਿੰਦੀ ਜਗੀਰਦਾਰ ਦੇ ਮਾਰੇ ਮਿਹਣੇ ਨੂੰ ਸੁਣ ਤਾਅ ਖਾ ਗਿਆ ਸੀ।

"ਓਏ ਬੈਠ ਜਾ ਓਏ ਬੈਠ ਜਾ! ਨਿੰਦਰ ਸਿੰਹਾਂ, ਐਵੇਂ ਹਵਾ ਵਿਚ ਤਲਵਾਰਾਂ ਨਾ ਮਾਰੀ ਜਾ।" ਸ਼ਰਾਬ ਦੇ ਨਸ਼ੇ ਵਿਚ ਧੁੱਤ ਹਰਭਜਨ ਨੇ ਮੀਟ ਦੀ ਤਰੀ ਨਾਲ ਲਿਬੜੀਆਂ ਉਂਗਲੀਆਂ ਨਾਲ ਖੜ੍ਹੇ ਨਿੰਦੀ ਦੇ ਝੱਗੇ ਨੂੰ ਖਿੱਚ ਕੇ ਉਸ ਨੂੰ ਬਿਠਾਉਂਦੇ ਨੇ ਆਖਿਆ।

"ਨਿੰਦੀ ਹਰਭਜਨ ਚਾਚੇ ਨੇ ਜੋ ਕਿਹਾ ਸੋਲਾਂ ਆਨੇ ਸੱਚ ਕਿਹੈ। ਮੈਂ ਚਾਚੇ ਨਾਲ ਪੂਰਾ ਸਹਿਮਤ ਹਾਂ। ਦਿਖਾਵੇ ਨੂੰ ਤਾਂ ਤੂੰ ਇਹ ਦਿਨ ਰਾਤ ਡੰਡਾ ਜਿਹਾ ਮੋਢੇ ਵਿਚ ਪਾਈ ਫਿਰਦਾ ਰਹਿੰਦਾ ਏਂ ਪਰ ਲੋੜ ਪੈਣ 'ਤੇ ਘੋੜਾ ਨੱਪਣ ਤੋਂ ਘਬਰਾ ਜਾਂਦਾ ਏਂ।" ਗਲਾਸ ਵਾਲੀ ਸ਼ਰਾਬ ਦੀ ਆਖਰੀ ਘੁੱਟ ਭਰਦੇ ਨਿਰਮਲ ਨੇ ਭਖੇ ਹੋਏ ਨਿੰਦੀ ਨੂੰ ਹੋਰ ਭੜਕਾ ਦਿੱਤਾ।

"ਤੂੰ ਬੈਠਾ ਰਹਿ ਓਏ ਨਿਰਮਲਾ। ਤੈਨੂੰ ਵੀ ਮੈਂ ਜਾਣਦਾਂ ਵੱਡੇ ਬਦਮਾਸ਼ ਨੂੰ, ਨਾ ਤੂੰ ਭੁੱਲ ਗਿਐਂ? ਪਿਛਲੀ ਲੋਹੜੀ 'ਤੇ ਭੰਮੀਪੁਰੀਏ ਸੁਨਿਆਰਿਆਂ ਕਾ ਇੰਦਰਜੀਤ ਤੇਰੇ ਯਾਰ ਕੁੱਕੂ ਦੇ ਹਾਕੀ ਮਾਰ ਗਿਆ ਸੀ ਤੇ ਤੂੰ ਕੀ ਫੰਨੂ ਖੋਹ ਲਿਆ ਸੀ?" ਨਿੰਦੀ ਨੇ ਜਗੀਰਦਾਰ ਤੇ ਹਰਭਜਨ ਦਾ ਸਾਰਾ ਗੁੱਸਾ ਕੋਲ ਬੈਠੇ ਨਿਰਮਲ ਉਤੇ ਉਤਾਰ ਦਿੱਤਾ। ਜਗੀਰਦਾਰ ਤੇ ਉਸ ਦੀ ਢਾਣੀ ਸ਼ਰਾਬ ਜ਼ਿਆਦਾ ਚੜ੍ਹਨ ਕਾਰਨ ਆਪਸ ਵਿਚ ਮਿਹਣਿਆਂ 'ਤੇ ਉਤਰ ਆਈ। ਗਰੀਬ ਨਾਹਰੂ ਮੱਕੀ ਦੇ ਟਾਂਡਿਆਂ ਵਿਚ ਦੂਰ ਲੁਕਿਆ ਖੜ੍ਹਾ ਸੋਚਣ ਲੱਗਾ ਕਿ ਇਹੋ ਜਿਹੀ ਕੁੱਕੜਾਂ ਵਰਗੀ ਲੜਾਈ ਵਿਚ ਜਾਣਾ ਠੀਕ ਹੈ ਕਿ ਨਹੀਂ? ਦੋ ਪਲ ਲਈ ਉਹ ਅੱਗੇ ਵਧਣ ਤੋਂ ਡਰ ਗਿਆ ਤੇ ਉਹ ਉਨ੍ਹੀਂ ਪੈਰੀਂ ਵਾਪਸ ਮੁੜਨ ਲੱਗਾ। ਮੁੜਨ ਲੱਗਿਆਂ ਅਚਾਨਕ ਨਾਹਰੂ ਦੇ ਪੈਰ ਹੇਠਾਂ ਟਾਂਡਾ ਆਉਣ ਨਾਲ ਖੜਾਕ ਹੋ ਗਿਆ। "ਕਿਹੜਾ ਓਏ?" ਸੂਬੇਦਾਰ ਚੰਨਣ ਸਿੰਘ ਗਿੱਲ ਨੇ ਸ਼ਰਾਬ ਦੇ ਨਸ਼ੇ ਵਿਚ ਪੂਰਾ ਜ਼ੋਰ ਲਾਉਂਦੇ ਨੇ ਲਲਕਾਰਾ ਮਾਰਦੇ ਪੁੱਛਿਆ।

ਅਮੀਰ ਲਲਕਾਰੇ ਨੇ ਗਰੀਬ ਨਾਹਰੂ ਦੀ ਤਾਂ ਜਾਨ ਹੀ ਕੱਢ ਦਿੱਤੀ। ਡਰਿਆ ਹੋਇਆ ਹੁਣ ਉਹ ਹੋਰ ਵੀ ਤੇਜ਼ੀ ਨਾਲ ਪਿੱਛੇ ਵੱਲ ਦੌੜਨ ਲੱਗਾ। ਡਰੇ ਹੋਏ ਨਾਹਰੂ ਦੇ ਭੱਜੇ ਜਾਂਦੇ ਦੀ ਅਵਾਜ਼ ਹੁਣ ਸਾਰਿਆਂ ਨੂੰ ਸਾਫ਼ ਸੁਣਨ ਲੱਗੀ।

"ਗੱਲ ਸੁਣੋ! ਸਾਰੇ ਜਣੇ ਆਪਣੇ ਆਪਣੇ ਬਚਾਅ ਲਈ ਜ਼ਮੀਨ 'ਤੇ ਲੰਮੇ ਪੈ ਜਾਓ, ਮੱਕੀ ਵਿਚ ਜ਼ਰੂਰ ਕੋਈ ਹੈ, ਕਿਧਰੇ ਗਹੌਰ ਵਾਲੇ ਆਪਣੇ ਦੁਸ਼ਮਣ ਜੀਤੂ ਹੋਰੀਂ ਤਾਂ ਨਹੀਂ?" ਸ਼ਰਾਬ ਦੇ ਨਸ਼ੇ ਵਿਚ ਧੁੱਤ ਹੋਣ ਦੇ ਬਾਵਜੂਦ ਜਗੀਰਦਾਰ ਨੇ ਸਿਆਣੀ ਸਲਾਹ ਦਿੱਤੀ।

"ਓਏ ਮੇਰੇ ਹੁੰਦੇ ਤੁਹਾਡਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਮੈਂ ਦੇਖ ਲੈਂਨਾਂ ਅੱਜ ਇਨ੍ਹਾਂ ਗਹੌਰ ਵਾਲਿਆਂ ਨੂੰ ਵੀ।" ਕਹਿੰਦੇ ਨਿੰਦੀ ਨੇ ਆਪਣੀ ਦੁਨਾਲੀ ਤਾਣਦੇ ਨੇ ਮੱਕੀ ਦੇ ਖੇਤ ਵਿਚੋਂ ਆਈ ਉਸ ਅਵਾਜ਼ ਵੱਲ ਲਗਾਤਾਰ ਦੋ ਫਾਇਰ ਮਾਰੇ ਜਿਸ ਦੇ ਨਾਲ ਹੀ ਕਿਸੇ ਦੀ "ਹਾਏ ਓਏ" ਚੀਕਣ ਦੀ ਅਵਾਜ਼ ਆਈ। ਅਵਾਜ਼ ਸੁਣਦੇ ਸਾਰ ਹੀ ਉਹ ਸਾਰੇ ਸ਼ਰਾਬੀ ਅਵਾਜ਼ ਵਾਲੇ ਪਾਸੇ ਦੌੜੇ। ਜਦੋਂ ਜਗੀਰਦਾਰ ਉਸ ਕੋਲ ਪਹੁੰਚਿਆ ਤਾਂ ਉਸ ਦੀ ਖੁਦ ਦੀ ਲੇਰ ਨਿਕਲ ਗਈ, "ਓਏ ਨਾਹਰੂ ਤੂੰ? ਓਏ ਨਿੰਦੀ ਸਹੁਰੀ ਦਿਆ, ਇਹ ਤੂੰ ਕੀ ਕਹਿਰ ਕਮਾਇਆ? ਗਰੀਬ ਫੜਕਾ ਦਿੱਤਾ।"

ਗਰੀਬੀ ਨਾਲ ਰਾਤ ਦਿਨ ਲੜਨ ਵਾਲੇ ਹੱਡੀਆਂ ਦੀ ਮੁੱਠ ਨਾਹਰੂ ਨੇ ਅਮੀਰ ਪਾਣੀ ਦੀ ਘੁੱਟ ਭਰਨ ਤੋਂ ਪਹਿਲਾਂ ਹੀ ਪਾਣੀ ਨਾਲੋਂ ਰਿਸ਼ਤਾ ਤੋੜ ਲਿਆ। ਹਫੜਾ-ਦਫੜੀ ਵਿਚ 'ਇਹ ਮੈਥੋਂ ਕੀ ਹੋ ਗਿਆ?' ਕਹਿੰਦਾ ਨਿੰਦੀ ਜਗੀਰਦਾਰ ਤੋਂ ਡਰਦਾ ਮਿੰਟਾਂ-ਸਕਿੰਟਾਂ ਵਿਚ ਹੀ ਲੋਪ ਹੋ ਗਿਆ। ਨਿਰਮਲ, ਹਰਭਜਨ ਤੇ ਚੰਨਣ ਸਿੰਘ ਨੇ ਰਲ ਕੇ ਜਗੀਰਦਾਰ ਨਾਲ ਨਾਹਰੂ ਦੀ ਲਾਸ਼ ਜੀਪ ਵਿਚ ਰਖਵਾਈ ਅਤੇ ਉਹ ਪਿੰਡ ਦੇ ਵਿਹੜੇ ਵੱਲ ਹੋ ਤੁਰੇ।

ਜਿਉਂ ਹੀ ਜੀਪ ਵਿਹੜੇ ਦੀ ਫਿਰਨੀ ਉਪਰ ਆ ਕੇ ਰੁਕੀ ਤਾਂ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ। ਨਾਹਰੂ ਦੀ ਲਾਸ਼ ਘਰ ਦੇ ਵਿਹੜੇ ਵਿਚ ਰੱਖਣ ਦੀ ਦੇਰ ਹੀ ਸੀ ਕਿ ਚੰਦ ਕੌਰ ਦੀਆਂ ਧੀਆਂ ਆਪਣੇ ਪਿਉ ਦੀ ਲਾਸ਼ ਉਪਰ ਡਿੱਗ ਕੇ ਭੁੱਬਾਂ ਮਾਰਨ ਲੱਗ ਪਈਆਂ। ਚੰਦ ਕੌਰ ਪੱਥਰ ਦੀ ਮੂਰਤ ਬਣ ਸਭ ਕੁਝ ਦੇਖ ਰਹੀ ਸੀ। ਨਾਹਰੂ ਦਾ ਸਭ ਤੋਂ ਨਿੱਕਾ ਤੇ ਪਿਆਰਾ ਮੁੰਡਾ ਜਗਸੀਰ ਜੋ ਆਪਣੇ ਬਾਪੂ ਨੂੰ ਸਭ ਤੋਂ ਵੱਧ ਪਿਆਰ ਕਰਦਾ ਸੀ, ਚਾਰੇ ਪਾਸੇ ਲੋਕਾਂ ਦੀ ਭੀੜ ਤੇ ਰੋਂਦੀਆਂ ਭੈਣਾਂ ਨੂੰ ਦੇਖ ਡਰ ਨਾਲ ਕੰਬਦਾ ਡੌਰ ਭੌਰ ਹੋਇਆ ਪਿਆ ਸੀ। ਜਗਸੀਰ ਆਪਣੇ ਨਿੱਕੇ ਜਿਹੇ ਦਿਮਾਗ 'ਤੇ ਜ਼ੋਰ ਪਾ ਕੇ 'ਕੀ ਹੋਇਆ ਹੈ?' ਜਾਣਨਾ ਚਾਹੁੰਦਾ ਸੀ ਪਰ ਉਸ ਨੂੰ ਕੁਝ ਵੀ ਸਮਝ ਨਹੀਂ ਆ ਰਹੀ ਸੀ। ਕਦੇ ਉਹ ਆਪਣੇ ਬਾਪੂ ਉਪਰ ਢੇਰੀ ਹੋਈਆਂ ਭੁੱਬਾਂ ਮਾਰ ਮਾਰ ਰੋ ਰਹੀਆਂ ਆਪਣੀਆਂ ਭੈਣਾਂ ਵੱਲ ਦੇਖ ਲੈਂਦਾ ਤੇ ਕਦੇ ਸਾਹਮਣੇ ਪੱਥਰ ਦੀ ਮੂਰਤ ਬਣੀ ਖੜ੍ਹੀ ਆਪਣੀ ਮਾਂ ਚੰਦ ਕੌਰ ਵੱਲ ਦੇਖਣ ਲੱਗ ਪੈਂਦਾ।

ਅਜੇ ਉਹ ਸੋਚ ਹੀ ਰਿਹਾ ਸੀ ਕਿ ਉਸ ਦਾ ਜਮਾਤੀ ਰਣੀਏ ਵਾਲਾ ਬਿੰਦਰ ਉਸ ਕੋਲ ਆ ਕੇ ਉਸ ਨੂੰ ਕਹਿਣ ਲੱਗਾ, "ਜਗਸੀਰ ਤੇਰੇ ਬਾਪੂ ਨੂੰ ਨਾ ਤਖਾਣਾਂ ਕੇ ਨਿੰਦੀ ਨੇ ਬੰਦੂਕ ਵਾਲਾ ਅਸਲੀ

*(ਅਗਲੇ ਸਫੇ ਤੋਂ ਜਾਰੀ)*

# ਹਨੇਰਮਈ ਦੌਰ 'ਚ ਚਾਨਣ ਦੀ ਲੋਅ 'ਮੈਂ ਬੋਲੀ ਪੰਜਾਬ ਦੀ'


## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ

ਫੋਨ:91-98141-78883



ਟੀ.ਵੀ. 'ਤੇ ਕੋਈ ਸੰਗੀਤ ਚੈਨਲ ਲਾ ਲਵੋ। ਕੁਝ ਮਿੰਟਾਂ 'ਚ ਹੀ ਲੱਗਣ ਲੱਗੇਗਾ ਕਿ ਲਗਭਗ ਸਾਰੇ ਗਾਇਕ ਉਸੇ ਨਿਸ਼ਾਨ ਸਿੰਘ ਦੇ ਸਕੇ-ਸੋਧਰੇ ਨੇ, ਜਿਹੜਾ ਸਿਆਸੀ ਆਕਾਵਾਂ ਦੇ ਥਾਪੜੇ ਕਾਰਨ ਫਰੀਦਕੋਟ ਦੀ ਨਾਬਾਲਗ ਕੁੜੀ ਸ਼ਰੁਤੀ ਨੂੰ ਅਗਵਾ ਕਰਕੇ ਲੈ ਗਿਆ ਸੀ। ਅਗਲੇ ਹੀ ਪਲ ਜਾਪਣ ਲੱਗੇਗਾ ਜਿਵੇਂ ਗਾਉਣ ਵਾਲੇ ਅੰਮ੍ਰਿਤਸਰ ਦੇ ਯੂਥ ਅਕਾਲੀ ਦਲ ਦੇ ਆਗੂ ਦੇ ਨੇੜਲੇ ਹੋਣ, ਜਿਹੜੇ ਧੀ ਨਾਲ ਛੇੜਖਾਨੀ ਰੋਕਣ 'ਤੇ ਏ.ਐਸ.ਆਈ. ਨੂੰ ਵੀ ਢੇਰ ਕਰ ਛੱਡਦੇ ਨੇ। ਸਿਆਸੀ ਗੁੰਡਿਆਂ ਵਰਗੀ ਸੋਚ ਪਾਲਣ ਵਾਲੇ ਕਲਾਕਾਰ ਕਲਾ ਦੇ ਤਾਂ ਧਨੀ ਨਹੀਂ ਬਣ ਸਕੇ, ਪਰ ਬੰਦੂਕਾਂ, ਗੰਡਾਸਿਆਂ ਦੇ ਧਾਰਨੀ ਤਾਂ ਬਣ ਹੀ ਗਏ ਨੇ।

ਕਲਾ ਦੇ ਨਾਂ 'ਤੇ ਪੇਸ਼ ਕੀਤੇ ਜਾਂਦੇ ਬਾਂਦਰਪੁਣੇ ਨੂੰ ਅਸੀਂ ਰੋਜ਼ਾਨਾ ਖੁੱਲ੍ਹੀਆਂ ਅੱਖਾਂ ਨਾਲ ਦੇਖ ਰਹੇ ਹਾਂ, ਪੜ੍ਹ ਰਹੇ ਹਾਂ, ਸੁਣ ਰਹੇ ਹਾਂ। ਦਰਜਨਾਂ ਮਾੜੇ ਗੀਤਾਂ ਪਿੱਛੇ ਜਦੋਂ ਇੱਕ ਗੀਤ ਚੰਗਾ ਸੁਣਨ ਨੂੰ ਮਿਲਦੈ ਤਾਂ ਸਬੰਧਤ ਕਲਾਕਾਰ ਦੀ ਸੋਚ 'ਤੇ ਰਸ਼ਕ ਹੁੰਦੈ, ਪਰ ਅਗਲੇ ਹੀ ਪਲ ਪਤਾ ਲੱਗਦੈ ਕਿ ਉਸ ਨੇ ਵੀ ਚੰਗਾ ਗਾਉਣ ਤੋਂ ਤੌਬਾ ਕਰ ਲਈ ਏ, ਕਿਉਂਕਿ ਇੰਜ ਕਰਕੇ ਉਸ ਨੂੰ ਖਰਚ ਕੀਤੇ ਲੱਖਾਂ ਰੁਪਏ ਦਾ ਵਿਆਜ ਵੀ ਨਹੀਂ ਮੁੜਿਆ। ਫੇਰ ਆਲਿਓਂ-ਦੁਆਲਿਓਂ ਪਤਾ ਲੱਗਦੈ ਕਿ ਉਹਨੇ ਵੀ ਅਗਲੀ ਐਲਬਮ ਵਿਚ ਰੱਜਵਾਂ ਗੰਦ ਪਾਉਣ ਦੀ ਧਾਰ ਲਈ ਏ, ਕਿਉਂਕਿ ਮੱਖੀਆਂ ਵਰਗੇ ਬਹੁਤੇ ਸਰੋਤੇ ਪਸੰਦ ਹੀ ਗੰਦ ਕਰਦੇ ਨੇ।

ਪਰ ਤਸੱਲੀ ਦੀ ਗੱਲ ਹੈ ਕਿ ਅਮਰੀਕਾ ਬੈਠੇ ਬੱਬੂ ਗੁਰਪਾਲ ਵਰਗੇ ਗਿਣਵੇਂ-ਚੁਣਵੇਂ ਗਾਇਕ ਜ਼ਮੀਰ ਨਾਲ ਸਮਝੌਤਾ ਜਾਂ ਸਟਾਰਡਮ ਪ੍ਰਾਪਤੀ ਦੇ ਚੱਕਰ 'ਚ ਇਖਲਾਕ ਤੋਂ ਡਿੱਗਣਾ ਠੀਕ ਨਹੀਂ ਸਮਝਦੇ। ਬੱਬੂ ਵਰਗੇ ਗਾਇਕ ਇਸ ਭਰਮ 'ਚ ਨਹੀਂ ਕਿ ਸੁਣਨ ਵਾਲਿਆਂ ਦੇ ਇੱਕ ਹਿੱਸੇ ਕੋਲੋਂ ਉਨ੍ਹਾਂ ਨੂੰ 'ਸ਼ਾਬਾਸ਼', 'ਵਾਹ ਕਿਆ ਬਾਤ ਹੈ', 'ਜਿਊਂਦੇ ਰਹੋ' ਤੇ 'ਮਾਂ ਬੋਲੀ ਦੇ ਸੇਵਕ' ਜਿਹੇ ਸੰਬੋਧਨ ਤੋਂ ਇਲਾਵਾ ਕੁਝ ਹਾਸਲ ਹੋਵੇਗਾ, ਕਿਉਂਕਿ ਚੰਗੀ ਸੋਚ ਵਾਲੇ ਸੀ.ਡੀ. ਖਰੀਦਦੇ ਹੀ ਕਦੋਂ ਨੇ, ਫੇਰ ਵੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਬਾਗੀ ਹੋਣਾ ਇਨ੍ਹਾਂ ਗ਼ੈਰਤਮੰਦਾਂ ਨੂੰ ਸ਼ੋਭਦਾ ਨਹੀਂ?

ਜਦੋਂ ਸਭ ਪਾਸੀਂ 'ਬੇਗ਼ੈਰਤ' ਗਾਇਕੀ ਦੀ ਚਰਚਾ ਛਿੜਦੀ ਏ, ਉਦੋਂ ਬੱਬੂ ਵਰਗੇ ਕੁਝ ਕੁ 'ਗ਼ੈਰਤਮੰਦ' ਦੂਰ-ਦੂਰ ਤੱਕ ਪੱਸਰੇ ਹਨੇਰੇ 'ਚ ਵਿਰਲੇ-ਟਾਵੇਂ ਦੀਵੇ ਜਿਹੇ ਜਾਪਦੇ ਨੇ। ਇਨ੍ਹਾਂ ਦਾ ਚਾਨਣ ਸੁਣਨ ਵਾਲਿਆਂ ਦੇ ਅੰਦਰੇ ਨੂੰ ਪੱਕੇ ਤੌਰ 'ਤੇ ਰੁਸ਼ਨਾਵੇ ਜਾਂ ਨਾ, ਪਰ ਘੱਟ-ਵੱਧ ਦੇਰ ਲਈ ਸਾਡੇ ਅੰਦਰਲੀ ਕਾਲਖ ਨੂੰ ਮੇਟਦਾ ਜ਼ਰੂਰ ਪ੍ਰਤੀਤ ਹੁੰਦੈ। ਸਿਰ ਤੋਂ ਕੰਮ ਲੈਣ ਵਾਲਾ ਵਿਰਲਾ-ਟਾਵਾਂ ਸਰੋਤਾ ਏਨਾ ਕੁ ਤਾਂ ਸੋਚਦਾ ਹੀ ਏ ਕਿ 'ਪੜ੍ਹ ਗਈ ਬਾਰਾਂ, ਹੋ ਗਈ 'ਠਾਰਾਂ ਹੁਣ ਤੇਰੀ ਫੁੱਲ ਚੜ੍ਹਾਈ ਆ' ਤੇ 'ਮਜਨੂੰ ਤੋਂ ਮੰਗਤਾ ਬਣਾਇਆ ਤੇਰੇ ਪਿਆਰ ਨੇ' ਗਾਉਣ ਵਾਲੇ ਜਵਾਨੀ ਨੂੰ ਕੀ ਪਾੜਤਾਂ ਪੜ੍ਹਾ ਰਹੇ ਨੇ ਤੇ 'ਮੈਂ ਬੋਲੀ ਪੰਜਾਬ ਦੀ, ਵੇ ਮੈਂ ਸਭ ਦੀ ਹੀਰੋ, ਮੈਨੂੰ ਨੰਗਿਆਂ ਨਾ ਕਰੋ ਵੇ ਮੇਰੇ ਲੇਖਕ ਵੀਰੋ...' ਗਾਉਣ ਵਾਲੇ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਿਹੀ ਸ਼ਿੱਦਤ ਨਾਲ ਕਰ ਰਹੇ ਨੇ।

'ਕਲਾਕਾਰ ਕਲਾ ਦਾ ਸਾਗਰ ਹੁੰਦੇ ਨੇ', 'ਇਨ੍ਹਾਂ ਦੀ ਕਲਾ ਡਿੱਗੇ ਮਨੋਬਲ ਨੂੰ ਮੁੜ ਖੜ੍ਹਾ ਕਰਨ ਦੇ ਸਮਰੱਥ ਏ', 'ਕਲਾ ਦੀ ਦੇਵੀ ਦੀ ਇਨ੍ਹਾਂ 'ਤੇ ਵਿਸ਼ੇਸ਼ ਰਹਿਮਤ ਹੁੰਦੀ ਏ', ਇਹ ਤਾਂ




ਸਿਰਫ਼ ਕਹਿਣ-ਸੁਣਨ ਦੀਆਂ ਗੱਲਾਂ ਨੇ, ਜੇ ਸੱਚੀਂਮੁੱਚੀਂ ਦੇਵੀ ਦੀ 'ਮਿਹਰ ਦਾ ਮਸਲਾ' ਹੋਵੇ ਤਾਂ ਗੰਦ ਪਰੋਸਣ ਵਾਲਿਆਂ ਨਾਲ ਉਹ ਨਜਿੱਠਦੇ ਕਿਉਂ ਨਹੀਂ?

ਪੰਜਾਬੀ ਗਾਇਕੀ ਵਿਚ ਆ ਰਹੇ ਨਿਘਾਰ ਬਾਰੇ ਰੋਜ਼-ਰੋਜ਼ ਲਿਖਦਿਆਂ ਕਦੇ-ਕਦੇ ਮਨ ਥੱਕਿਆ-ਥੱਕਿਆ ਮਹਿਸੂਸ ਕਰਨ ਲੱਗਦੈ, ਦਿਲ ਚਾਹੁੰਦੈ ਓਸ ਸ਼ਖਸ ਦੀ ਸਲਾਹੁਤਾ ਕਰੀਏ, ਜਿਹੜਾ ਸੁਥਰੀ ਸੋਚ ਵਾਲਾ ਹੋਵੇ। ਪਿਛਲੇ ਕਈ ਸਾਲਾਂ ਤੋਂ ਸਰੋਤਿਆਂ ਨੂੰ ਭੰਜੋਜਨ ਤੇ ਭੁੱਲੇ-ਵਿਸਰਿਆਂ ਨੂੰ ਮਾਂ ਬੋਲੀ ਦੀ ਇੱਜ਼ਤ ਦਾ ਵਾਸਤਾ ਦੇਣ ਵਾਲੇ ਬੱਬੂ ਗੁਰਪਾਲ ਦੇ ਗੀਤਾਂ ਜਿਹੇ ਗੀਤ ਨਹੀਂ ਸੁਣੇ ਸਨ। ਭਾਵੇਂ ਕਈ ਕਲਾਕਾਰ ਪੂਰੀ ਵਪਾਰਕ ਐਲਬਮ ਵਿਚ ਇੱਕ-ਦੋ ਗੀਤ ਸਮਾਜਿਕ ਸਰੋਕਾਰਾਂ ਵਾਲੇ ਸ਼ਾਮਲ ਕਰਦੇ ਰਹਿੰਦੇ ਨੇ, ਪਰ ਉਹ ਸਿਰਫ਼ ਦਸਵੰਧ ਮਾਤਰ ਹੁੰਦੇ ਨੇ। ਤੇ ਹੁਣ ਜਦੋਂ ਬੱਬੂ ਦੀ 'ਮੈਂ ਬੋਲੀ ਦੀ ਪੰਜਾਬ ਦੀ' ਸੁਣੀ ਏ ਤਾਂ ਜਾਪਦੈ ਕਿ ਕੋਈ ਤਾਂ ਅਜਿਹਾ ਹੈ, ਜਿਹੜਾ ਆਪਣੀ ਗਾਇਕ ਬਰਾਦਰੀ ਨੂੰ ਏਦਾਂ ਦੀਆਂ ਕੁਤਾਹੀਆਂ ਤੋਂ ਬਾਜ਼ ਆਉਣ ਲਈ ਕਹਿ ਰਿਹਾ ਹੋਵੇ।

ਹਮਖੇਤਰ ਲੋਕਾਂ ਨੂੰ ਅਕਲ ਤੋਂ ਕੰਮ ਲੈਣ ਦੀ ਸਲਾਹ ਚੈਨਲਾਂ 'ਤੇ ਪੱਲਿਓਂ ਖਰਚ ਕਰਕੇ ਦੇਣੀ ਕੋਈ ਸੁਖਾਲਾ ਕੰਮ ਨਹੀਂ। ਪਰ ਬੱਬੂ ਗੁਰਪਾਲ ਨੇ ਜੋ ਕਰ ਦਿਖਾਇਐ, ਉਸ ਦੀ ਜਿੰਨੀ ਸ਼ਲਾਘਾ ਹੋਵੇ, ਘੱਟ ਹੀ ਹੈ। ਬੱਬੂ ਗੁਰਪਾਲ ਵਰਗੇ ਭਲਾ ਕਿੰਨੇ ਕੁ ਕਲਾਕਾਰ ਨੇ, ਜਿਹੜੇ ਸੰਘਰਸ਼ ਦੀ ਪੌੜੀ ਦੇ ਦੂਜੇ ਟੰਬੇ 'ਤੇ ਖੜ੍ਹ 'ਆਪਣਿਆਂ' ਨੂੰ ਸਮਝਾਉਣੀਆਂ ਦੇਣਾ ਪਹਿਲਾ ਫਰਜ਼ ਸਮਝਦੇ ਹੋਣ,

ਮੋਹਣ ਸਿੰਘ ਪ੍ਰੋਫ਼ੈਸਰ ਨੇ<br>
ਮੈਨੂੰ ਪਿਆਰ ਸੀ ਕਰਿਆ,<br>
ਸ਼ਿਵ ਨੇ ਆਪਣੀ ਕਲਮ ਨਾਲ<br>
ਮੇਰਾ ਜੋਬਨ ਭਰਿਆ।<br>
ਹੁਣ ਕਈਆਂ ਨੇ ਉਠ ਕੇ<br>
ਮੈਨੂੰ ਕਰਤਾ ਜ਼ੀਰੋ,<br>
ਮੈਨੂੰ ਨੰਗਿਆਂ ਨਾ ਕਰੋ...।

ਕਿਸੇ ਨੇ ਮੇਰੀ ਜੰਝ ਘੇਰ ਲਈ,<br>
ਕਿਸੇ ਨੇ ਮੇਰੀ ਡੋਲੀ,<br>
ਘਟੀਆ ਸੋਚ ਦੇ ਮਾਲਕ<br>
ਮੇਰਾ ਅੰਗ ਅੰਗ ਜਾਣ ਫਰੋਲੀ,<br>
ਕਿਵੇਂ ਟੱਬਰ ਵਿਚ ਬਹਿ ਕੇ ਸੁਣਦੇ ਓ,<br>
ਵਿਰਸੇ ਦਿਓ ਅਮੀਰੋ।<br>
ਮੈਨੂੰ ਨੰਗਿਆਂ ਨਾ ਕਰੋ...।

ਛੇ ਗੀਤਾਂ ਵਾਲੀ ਬੱਬੂ ਦੀ ਏਸ ਐਲਬਮ ਦੇ ਦੋ ਗੀਤ ਉਸ ਮੱਖਣ ਬਰਾੜ ਦੇ ਲਿਖੇ ਹੋਏ ਨੇ, ਜਿਹੜਾ ਮਾਲਵੇ ਦੇ ਪਿੰਡ ਮੱਲਕੇ ਦੀਆਂ ਗਲੀਆਂ ਵਿਚ ਖੇਡਦਾ ਕੁੱਦਦਾ, ਗੁਰਦਾਸ ਮਾਨ ਦੇ ਗੀਤ 'ਆਪਣਾ ਪੰਜਾਬ ਹੋਵੇ' ਦੀਆਂ ਸਤਰਾਂ ਉਲੀਕਦਾ ਖੁਦ ਭਾਵੇਂ ਵਿਦੇਸ਼ ਜਾ ਬੈਠੈ, ਪਰ ਗੀਤਾਂ ਜ਼ਰੀਏ ਫ਼ਿਕਰ ਹਾਲੇ ਵੀ ਉਸ ਮਾਂ ਦਾ ਕਰਦੈ, ਜਿਹੜੀ ਉਸ ਨੂੰ ਗੁੜ੍ਹਤੀ ਵਿਚ ਮਿਲੀ ਏ। ਬਾਕੀ ਦੇ ਕਲਮਕਾਰਾਂ ਦੇ ਗੀਤ ਸੁਣ ਜਾਪਦੈ ਕਿ ਬੇਹੂਦਾ ਗੀਤਕਾਰੀ ਨੂੰ ਨਕਾਰਨ ਵਾਲਿਆਂ ਦਾ ਹਾਲੇ ਪੂਰੀ ਤਰ੍ਹਾਂ ਕਾਲ ਨਹੀਂ ਪਿਆ। ਸਰਦਾਰ ਪੰਛੀ, ਯਾਦਵਿੰਦਰ ਸਰਾਂ ਤੇ ਦਲਜੀਤ ਰਿਆੜ ਦੀਆਂ ਕਲਮਾਂ ਇਹੋ ਜਿਹਾ ਲਿਖਦੀਆਂ ਰਹਿਣ, ਇਸ ਦੀ ਇੱਛਾ ਪਾਲਣੀ ਚਾਹੀਦੀ ਏ।

'ਕੁੜੀਆਂ ਪੀ.ਜੀ. 'ਚ ਯਾਰਾਂ ਨੂੰ ਮਿਲਣ ਲਈ ਰਹਿੰਦੀਆਂ ਨੇ...ਇਹ ਮੁੰਡਿਆਂ ਦੇ ਧੜੇ ਬਣਵਾ ਕੇ ਸਿਰ ਪੜਵਾਉਂਦੀਆਂ ਨੇ...ਕਾਲਜਾਂ ਨੂੰ ਅੱਗਾਂ ਲਵਾ ਛੱਡਦੀਆਂ ਨੇ...ਮੁੰਡਿਆਂ ਦੀਆਂ ਜੇਬਾਂ 'ਤੇ ਡਾਕੇ ਮਾਰਦੀਆਂ ਨੇ...ਇੱਕ ਛੱਡ ਦੂਜੇ ਦੇ, ਦੂਜਾ ਛੱਡ ਤੀਜੇ ਦੇ ਲੜ ਲੱਗ ਜਾਂਦੀਆਂ ਨੇ...ਇਨ੍ਹਾਂ ਨੂੰ ਰੱਬ ਚੁੱਕ ਲਵੇ...ਇਨ੍ਹਾਂ ਦੇ ਕੀੜੇ ਪੈਣ...', ਇਹੋ ਜਿਹੇ ਬਕਵਾਸ ਗੀਤ ਸੁਣ-ਸੁਣ ਅੱਕ ਚੁੱਕਿਆਂ ਲਈ ਬੱਬੂ ਦਾ ਗਾਇਆ 'ਨੀਂ ਮੇਰੇ ਗੁੱਡੀਆਂ ਪਟੋਲੇ' ਗੀਤ ਉੱਚੜੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਵਰਗਾ ਹੈ। ਧੀ ਦੀ ਮਾਂ ਅੱਗੇ ਪੁਕਾਰ ਹੈ, 'ਮੇਰੇ ਲੇਖਾਂ ਨੂੰ ਵੀ ਹੱਥਾਂ ਨਾਲ ਸਜਾ ਨੀਂ ਮਾਂ, ਮੈਨੂੰ ਪੜ੍ਹਨੇ ਦਾ ਚਾਅ ਨੀਂ ਮਾਂ।'

ਕੌਣ ਨਹੀਂ ਜਾਣਦਾ ਕਿ ਚਾਰ ਦਿਨਾਂ ਦੀ ਬੱਲੇ-ਬੱਲੇ ਵਾਸਤੇ ਮਾਨਾਂ-ਸਨਮਾਨਾਂ ਦੀ ਬੋਲੀ ਲੱਗਣ ਲੱਗੀ ਏ। ਪੁਰਸਕਾਰ ਬਜ਼ਾਰ 'ਚ ਵਿਕਦੀ ਸਬਜ਼ੀ ਵਰਗੇ ਹੋ ਗਏ ਨੇ। ਕਲਾਕਾਰਾਂ ਦੀਆਂ ਇਹੋ ਜਿਹੀਆਂ ਖ਼ਬਰਾਂ ਤਾਂ ਮਿਲਦੀਆਂ ਹੀ ਰਹਿੰਦੀਆਂ ਨੇ, ਪਿਛਲੇ ਦਿਨੀਂ ਇੱਕ ਕਬੱਡੀ ਖਿਡਾਰੀ ਬਾਰੇ ਵੀ ਪਤਾ ਲੱਗਾ ਸੀ, ਜੀਹਨੇ ਵਿਦੇਸ਼ ਦੀ ਇੱਕ ਕਬੱਡੀ ਕਲੱਬ ਨੂੰ ਕਿਹਾ ਸੀ ਕਿ ਮੋਟਰਸਾਈਕਲ ਮੈਂ ਆਪ ਲੈ ਆਵਾਂਗਾ, ਬਸ ਤੁਸੀਂ ਲੋਕਾਂ ਸਾਹਮਣੇ ਮੈਨੂੰ ਚਾਬੀਆਂ ਫੜਾ ਕੇ ਕਹਿ ਦਿਓ ਕਿ ਅਸੀਂ ਇਹ ਸਨਮਾਨ ਏਸ ਮਹਾਨ ਖਿਡਾਰੀ ਦੀਆਂ ਪ੍ਰਾਪਤੀਆਂ ਤੋਂ ਖੁਸ਼ ਹੋ ਕੇ ਦਿੱਤਾ ਏ। ਬੱਬੂ ਨੇ ਇੱਕ ਗੀਤ ਜ਼ਰੀਏ ਅਜਿਹੇ ਲੋਕਾਂ ਨੂੰ ਲੰਮੇ ਹੱਥੀਂ ਲਿਆ ਹੈ। ਉਸ ਦਾ ਅਖਣਾ ਏ ਕਿ ਬੰਦੇ ਨੂੰ ਪੂਜਾ ਕਰਨ ਤੱਕ ਸੀਮਤ ਰਹਿਣਾ ਚਾਹੀਦੈ, ਭਗਵਾਨ ਖਰੀਦਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਕਿੰਨਾ ਖੂਬ ਹੈ ਉਸ ਦਾ ਇਹ ਗੀਤ,

ਕੋਲੋਂ ਪੈਸੇ ਦੇ ਸਨਮਾਨ ਖਰੀਦੋ ਨਾ,<br>
ਪੂਜਾ ਤੱਕ ਹੀ ਰਹਿਣ ਦਿਓ,<br>
ਭਗਵਾਨ ਖਰੀਦੋ ਨਾ।<br>
ਪੈਰ ਕਿਸੇ ਦੇ ਮੋਢੇ ਧਰਕੇ<br>
ਸਿਖਰਾਂ ਛੋਹੀਏ ਨਾ,<br>
ਹੱਕ ਬੇਗਾਨਾ ਧੱਕੇ ਦੇ ਨਾਲ<br>
ਕਦੇ ਵੀ ਖੋਹੀਏ ਨਾ,<br>
ਅੱਖ ਮਿਲਾ ਨਾ ਹੋਵੇ,<br>
ਐਸੀ ਸ਼ਾਨ ਖਰੀਦੋ ਨਾ,<br>
ਪੂਜਾ ਤੱਕ ਹੀ ਰਹਿਣ ਦਿਓ...।

ਵਾਰਿਸ ਸ਼ਾਹ ਦੀ 'ਹੀਰ' ਨੂੰ ਏਨਾ ਨਿੱਠ ਕੇ ਗਾਉਣ ਵਾਲਾ ਬੱਬੂ ਗੁਰਪਾਲ ਪੰਜਾਬ ਦੇ ਚੋਣਵੇਂ ਗਾਇਕਾਂ ਵਿਚੋਂ ਇੱਕ ਹੈ। ਉਸ ਵੱਲੋਂ ਮੱਖਣ ਬਰਾੜ ਦਾ ਹੀ ਲਿਖਿਆ ਵਿਦੇਸ਼ ਵਸਦੇ ਪੰਜਾਬੀਆਂ ਦੇ ਸਤਿਕਾਰ ਵਿਚ ਗਾਇਆ ਗੀਤ ਵੀ ਲਾਜਵਾਬ ਹੈ। ਦਿਨ-ਰਾਤ ਮਿਹਨਤ ਕਰਕੇ ਆਪਣੇ ਕੱਚੇ ਘਰਾਂ ਨੂੰ ਆਲੀਸ਼ਾਨ ਕੋਠੀਆਂ ਵਿਚ ਤਬਦੀਲ ਕਰਨ ਵਾਲੇ ਪ੍ਰਵਾਸੀ ਪੰਜਾਬੀਆਂ ਬਾਰੇ ਗੀਤ ਨੂੰ ਬੱਬੂ ਨੇ ਗਾਇਆ ਵੀ ਸੋਹਣੇ ਢੰਗ ਨਾਲ ਹੈ, 'ਡਾਢੇ ਰੱਬ ਵਿਛੋੜਾ ਲਿਖਿਆ ਬੇਸ਼ੱਕ ਲੇਖਾਂ 'ਚ, ਜਿਊਂਦੇ ਰਹੋ ਪੰਜਾਬੀ ਵੀਰੋ ਵਿਚ ਵਿਦੇਸ਼ਾਂ 'ਚ।'

ਦੋਗਾਣਿਆਂ ਦੇ ਨਾਂ 'ਤੇ ਪੰਜਾਬ ਦੇ ਕਲਾਕਾਰਾਂ ਨੇ ਜਿਹੜੀ ਡੌਂਡੀ ਪਿੱਟੀ ਏ, ਉਹ ਕਿਸੇ ਤੋਂ ਲੁਕੀ-ਛੁਪੀ ਨਹੀਂ। ਮੋਟਰਾਂ, ਟਰਾਲੀਆਂ, ਝੋਨਿਆਂ, ਕੰਬਾਈਨਾਂ ਤੇ ਮਿਸ ਕਾਲਾਂ ਬਾਰੇ ਦੋਗਾਣੇ ਗਾ-ਗਾ ਕਲਾਕਾਰਾਂ ਨੇ ਜਗ ਹਸਾਈ ਤੋਂ ਬਿਨਾਂ ਹੋਰ ਕੁਝ ਨਹੀਂ ਖੱਟਿਆ। ਪਰ ਅਲਕਾ ਯਗਨੀਕ ਨਾਲ ਬੱਬੂ ਦਾ ਗਾਇਆ ਗੀਤ ਦੱਸਦਾ ਏ ਕਿ ਮੁਹੱਬਤ ਦੀ ਗੱਲ ਏਨੇ ਸਾਦੇ ਤੇ ਸੂਖਮ ਢੰਗ ਨਾਲ ਵੀ ਹੋ ਸਕਦੀ ਏ। 'ਚੱਲ ਮਾਹੀ ਚੱਲ, ਗੱਲ ਕਰੀਏ ਪਿਆਰਾਂ ਦੀ' ਸੂਹਜ ਦੇ ਪੱਖੋਂ ਆਪਣੀ ਮਿਸਾਲ ਆਪ ਹੈ।

ਸਿੰਗਾਂ ਵਾਲੇ ਮਾਰਖੁੰਡੇ ਗਾਇਕ ਭਾਵੇਂ ਇਹ ਤਰਕ ਦੇਣ ਕਿ 'ਮੈਂ ਬੋਲੀ ਪੰਜਾਬ ਦੀ' ਵਰਗੀਆਂ ਐਲਬਮਾਂ ਗਿਣਵੇਂ-ਚੁਣਵੇਂ ਲੋਕਾਂ ਦੀ ਸ਼ਾਬਾਸ਼ ਜ਼ਰੂਰ ਹਾਸਲ ਕਰ ਸਕਦੀਆਂ ਨੇ, ਪਰ ਇਨ੍ਹਾਂ ਨੂੰ ਖਰੀਦਣ ਵਾਲੇ ਘੱਟ ਹੀ ਲੱਭਦੇ ਨੇ। ਉਨ੍ਹਾਂ ਨੂੰ ਸਮਝਾਉਣਾ ਬਣਦੈ ਕਿ ਹੋ ਸਕਦੈ ਭਵਿੱਖ ਵਿਚ ਤੁਹਾਨੂੰ ਆਪਣੀਆਂ ਧੀਆਂ ਵੱਲੋਂ ਕੀਤੇ ਸਵਾਲਾਂ ਕਿ 'ਪਾਪਾ, ਤੁਸੀਂ ਵੀ ਜਵਾਨੀ ਵੇਲੇ ਖਾਸਾ ਗੰਦ ਪਾਇਐ' ਸੁਣ ਕੇ ਨਜ਼ਰਾਂ ਨੀਵੀਆਂ ਕਰਨੀਆਂ ਪੈਣ, ਪਰ ਬੱਬੂ ਵਰਗੇ ਚੰਗਾ ਗਾਉਣ ਵਾਲਿਆਂ ਨੂੰ ਜਦੋਂ ਮਰਜ਼ੀ, ਜਿੱਥੇ ਮਰਜ਼ੀ, ਜਿਹੜਾ ਮਰਜ਼ੀ ਸਵਾਲ ਪੁੱਛ ਲਿਆ ਜਾਵੇ, ਉਹ ਅੱਖ 'ਚ ਅੱਖ ਪਾ ਕੇ ਗੱਲ ਕਰਨ ਦੇ ਸਮਰੱਥ ਰਹਿਣਗੇ।

---

## ਮਿੱਟੀ ਦੀ ਪੰਡ

*(ਪਿਛਲੇ ਸਫੇ ਤੋਂ ਜਾਰੀ)*

ਪਟਾਕਾ ਚਲਾ ਕੇ ਮਾਰਿਐ।" ਬਿੰਦਰ ਦੀ ਆਖੀ ਗੱਲ ਸੁਣਦੇ ਸਾਰ ਜਗਸੀਰ ਫੁੱਟ ਕੇ ਰੋਂਦਿਆਂ ਕਹਿਣ ਲੱਗਾ, "ਬਾਪੂ ਨੂੰ ਮੰਜੇ ਉਪਰ ਚਿੱਟੇ ਕੱਪੜੇ ਨਾਲ ਢੱਕ ਕੇ ਲੰਮਾ ਕਿਉਂ ਪਾਇਆ ਹੋਇਐ?"

ਚੰਦ ਕੌਰ ਨੂੰ ਚੁੱਪ ਕਰਵਾਉਂਦੀ ਜਗੀਰਦਾਰਨੀ ਬਲਦੀਸ਼ ਕੌਰ ਨੇ ਉਸ ਨੂੰ ਆਪਣੀ ਹਿੱਕ ਨਾਲ ਲਾ ਲਿਆ। ਪਿੰਡ ਤੇ ਵਿਹੜੇ ਦੀਆਂ ਸਿਆਣੀਆਂ ਔਰਤਾਂ ਨੇ ਅੱਜ ਪਿੰਡ ਤੇ ਵਿਹੜੇ ਵਾਲੀ ਦੂਰੀ ਮਿਟਾ ਕੇ ਚੰਦ ਕੌਰ ਦੀਆਂ ਕੁੜੀਆਂ ਨੂੰ ਪਿਉ ਦੀ ਲਾਸ਼ ਉਪਰੋਂ ਖਿੱਚਦੀਆਂ ਨੇ ਕਲਾਵਿਆਂ ਵਿਚ ਲੈ ਲਿਆ। ਜਦੋਂ ਨਾਹਰੂ ਦੀ ਲਾਸ਼ ਨੂੰ ਦਾਗ਼ ਦੇਣ ਲਈ ਸਿਵਿਆਂ ਵੱਲ ਲਿਜਾਣ ਲਈ ਚੁੱਕਣ ਲੱਗੇ ਤਾਂ ਚੰਦ ਕੌਰ ਫਿਰ ਭੁੱਬਾਂ ਮਾਰ-ਮਾਰ ਰੋਣ ਲੱਗੀ ਤੇ ਜਗੀਰਦਾਰਨੀ ਦੀਆਂ ਬਾਹਾਂ ਵਿਚੋਂ ਨਿਕਲ ਕੇ ਆਪਣੇ ਪਤੀ ਨੂੰ ਚਿੰਬੜ ਗਈ। ਪਿੰਡ ਦੀਆਂ ਤਿੰਨ ਚਾਰ ਔਰਤਾਂ ਨੇ ਉਸ ਨੂੰ ਧੂਹ ਕੇ ਨਾਹਰੂ ਦੀ ਲਾਸ਼ ਤੋਂ ਪਰ੍ਹੇ ਕੀਤਾ। ਇਕ ਸਿਆਣੀ ਔਰਤ ਬੋਲੀ, "ਚੰਦ ਕੁਰੇ ਐਵੇਂ ਕਾਹਨੂੰ ਫਤੀ ਬੈਠੀ ਏਂ ਇਸ ਮਿੱਟੀ ਦੀ ਪੰਡ ਨੂੰ ਹੁਣ ਇਹਨੇ ਮੁੜ ਨਹੀਂ ਬੋਲਣਾ, ਹੁਣ ਤਾਂ ਇਹ ਮਿੱਟੀ ਐ।"

ਇੰਨੇ ਨੂੰ ਨਾਹਰੂ ਦੇ ਨਿੱਕੇ ਮੁੰਡੇ ਜਗਸੀਰ ਨੇ ਭੱਜ ਕੇ ਨਾਹਰੂ ਦੇ ਪੈਰ ਫੜ ਲਏ ਤੇ ਕਹਿਣ ਲੱਗਾ, "ਬਾਪੂ, ਤੂੰ ਅੱਜ ਦੀਵਾਲੀ ਵਾਲੀ ਸ਼ਾਮ ਸਾਨੂੰ ਸਾਰਿਆਂ ਨੂੰ ਕੀਹਦੇ ਆਸਰੇ ਛੱਡ ਆਪ ਇਕੱਲਾ ਕਿਧਰ ਜਾਣ ਲੱਗਿਆ ਏਂ? ਨਾਲੇ ਮੈਂ ਤੈਨੂੰ ਭੂੰਡ ਪਟਾਕਿਆਂ ਬਾਰੇ ਸਤਾਉਂਦਾ ਸੀ ਨਾ...ਮੈਨੂੰ ਨਹੀਂ ਚਾਹੀਦੇ ਭੂੰਡ ਪਟਾਕੇ...ਮੈਨੂੰ ਤਾਂ ਮੇਰਾ ਬਾਪੂ ਚਾਹੀਦੈ।" ਆਪਣੇ ਪਿਉ ਦੇ ਪੈਰ ਫੜੀ ਵਿਲਕਦੇ ਜਗਸੀਰ ਨੂੰ ਦੇਖ ਚੰਦ ਕੌਰ ਭੱਜ ਕੇ ਮੁੰਡੇ ਨੂੰ ਗਲ ਨਾਲ ਲਾਉਂਦੀ ਬੋਲੀ, "ਜਗਸੀਰ ਪੁੱਤ! ਤੂੰ ਰੋ ਨਾ, ਤੇਰਾ ਬਾਪੂ ਸਾਡੇ ਨਾਲ ਹਮੇਸ਼ਾ ਹਮੇਸ਼ਾ ਲਈ ਰੁੱਸ ਕੇ ਗਿਐ, ਆ ਪੁੱਤ ਮੈਂ ਤੇਰੀ ਮਾਂ ਹਾਂ, ਮੈਂ ਤੈਨੂੰ ਕਦੇ ਵੀ ਇਕੱਲੇ ਨੂੰ ਛੱਡ ਕੇ ਨਹੀਂ ਜਾਂਦੀ। ਪੁੱਤ ਤੇਰੇ ਬਾਪੂ ਦੀ ਸਾਡੇ ਨਾਲ ਐਨੀ ਹੀ ਸਾਂਝ ਸੀ।"

ਲੋਕ ਨਾਹਰੂ ਦੀ ਲਾਸ਼ ਦੇ ਪਿੱਛੇ ਪਿੱਛੇ ਸਿਵਿਆਂ ਵਿਚ ਪਹੁੰਚ ਗਏ। ਨਾਹਰੂ ਦੇ ਘਰੇ ਲੋਕਾਂ ਦੀ ਭੀੜ ਘਟ ਗਈ। ਪਿੰਡ ਦੇ ਇਕ-ਦੋ ਬੰਦਿਆਂ ਨੂੰ ਛੱਡ, ਨਾਹਰੂ ਦੀ ਲਾਸ਼ ਨੂੰ ਲਾਂਬੂ ਲਾ ਕੇ ਸਾਰੇ ਵਾਪਸ ਆਪੋ-ਆਪਣੇ ਘਰਾਂ ਨੂੰ ਪਰਤ ਗਏ।

ਚੰਦ ਕੌਰ ਇਕੱਲੀ ਘਰ ਦੇ ਵਿਹੜੇ ਵਿਚ ਖੜ੍ਹੀ ਅਜੇ ਵੀ ਆਪਣੇ ਨਾਹਰੂ ਤੇ ਆਟੇ ਦਾ ਇੰਤਜ਼ਾਰ ਕਰ ਰਹੀ ਸੀ। ਉਸ ਨੂੰ ਲੱਗ ਰਿਹਾ ਸੀ ਜਿਵੇਂ ਦੂਰ ਹਨੇਰੇ ਵਿਚ ਉਸ ਦਾ ਨਾਹਰੂ ਆਟੇ ਦਾ ਭਰਿਆ ਪੀਪਾ ਸਿਰ 'ਤੇ ਚੁੱਕੀ ਉਸ ਵੱਲ ਤੁਰਿਆ ਆ ਰਿਹਾ ਹੈ। ਪਰ ਕਿੱਥੇ...ਰੂਹਾਂ ਵੀ ਕਦੇ ਮੁੜੀਆਂ?

---

## ਅਨਰਥ
### ਮਿੰਨੀ ਕਹਾਣੀ

ਉਨ੍ਹਾਂ ਨੇ ਹਰ ਸਾਲ ਦੀ ਤਰ੍ਹਾਂ ਅਖੰਡ ਪਾਠ ਬੈਠਕ ਵਿਚ ਰਖਾਇਆ। ਬੈਠਕ ਗਲੀ ਨਾਲ ਲੱਗਦੀ ਸੀ। ਬੈਠਕ ਤੇ ਵਸੋਂ ਵਾਲੇ ਹਿੱਸੇ ਵਿਚਕਾਰ ਬੜਾ ਖੁੱਲ੍ਹਾ ਵਿਹੜਾ ਹੈ। ਸਾਰੇ ਡੰਗਰ ਬਾਹਰ ਵਾੜੇ ਵਿਚ ਹੁੰਦੇ ਹਨ। ਇਕ ਨਵੀਂ ਲਿਆਂਦੀ 'ਮ੍ਰਿਕਣ ਡੱਬ-ਖੜੱਬੀ ਗਾਂ' ਲੋਕਾਂ ਦੀਆਂ ਨਜ਼ਰਾਂ ਤੋਂ ਬਚਾਉਣ ਹਿਤ, ਘਰ ਹੀ ਛਤੜਾ ਬਣਾ ਕੇ ਬੰਨ੍ਹੀ ਰਹਿੰਦੀ ਸੀ।

ਲਾਊਡ ਸਪੀਕਰ 'ਚੋਂ ਪਾਠ ਦੀ ਆਵਾਜ਼ ਗੂੰਜਦੀ। ਗਾਂ ਕੰਨ ਖੜ੍ਹੇ ਕਰਕੇ ਸੁਣਦੀ ਰਹਿੰਦੀ। ਜਦੋਂ ਬੈਠਦੀ ਤਾਂ ਉਹਦਾ ਮੂੰਹ ਆਵਾਜ਼ ਵੱਲ ਹੀ ਰਹਿੰਦਾ, ਉਸ ਨੂੰ ਨੀਂਦ ਨਾ ਆਉਂਦੀ। ਕੰਨ ਖੜ੍ਹੇ ਦੇ ਖੜ੍ਹੇ।

ਪਾਠ ਹੋ ਰਿਹਾ ਸੀ। ਘਰ ਦੇ ਲੋਕਾਂ 'ਚ ਹਫ਼ੜਾ-ਦਫ਼ੜੀ ਮਚੀ ਹੋਈ ਸੀ। ਬੈਠਕ ਵਿਚ ਭਾਈ ਜੀ ਇਕੱਲੇ ਹੀ ਪਾਠ ਕਰਦੇ ਰਹਿੰਦੇ। ਦੇਗ ਦੇਣ ਵਾਲਾ ਵੀ ਉਂਘਦਾ ਰਹਿੰਦਾ।

ਅੱਜ ਭੋਗ ਪੈਣਾ ਸੀ। ਸੰਗਤਾਂ ਹੁੰਮ ਹੁਮਾ ਕੇ ਪੁੱਜਣ ਲੱਗੀਆਂ। ਵਿਹੜੇ ਵਿਚ ਦੌੜੇ ਵਿਛਦੇ ਗਏ, ਸੰਗਤਾਂ ਸਜਦੀਆਂ ਗਈਆਂ। ਗਾਂ ਦੇ ਕੰਨ ਖੜ੍ਹੇ ਦੇ ਖੜ੍ਹੇ। ਥਾਂ ਘਟਦਾ ਦੇਖ ਘਰ ਦੇ ਮੁਖੀ ਨੇ ਆਪਣੇ ਮੁੰਡੇ ਨੂੰ ਆਵਾਜ਼ ਮਾਰ ਕੇ ਕਿਹਾ, "ਇਹਨੂੰ ਵਾੜੇ 'ਚ ਬੰਨ੍ਹ ਆ। ਇੱਥੇ ਲੋਕਾਂ ਲਈ ਦੌੜੇ ਵਿਛ ਜਾਣਗੇ।"

ਅਰਦਾਸ ਲਈ ਤਿਆਰ ਹੋ ਰਹੇ ਭਾਈ ਜੀ ਨੇ ਕਿਹਾ, "ਤੁਸੀਂ ਇਹ ਅਨਰਥ ਨਾ ਕਰਿਓ।"

"ਅਨਰਥ ਕਾਹਦਾ?"

"ਪਾਠ ਪੜ੍ਹੇ ਤੇ ਸੁਣੇ ਦਾ ਮਹਾਤਮ ਹੁੰਦਾ ਹੈ। ਘਰ ਦੇ ਕਿਸੇ ਜੀਅ ਨੇ ਪਾਠ ਨਾ ਤਾਂ ਕੀਤਾ ਹੈ ਤੇ ਨਾ ਹੀ ਸੁਣਿਆ ਹੈ। ਇਸ ਗਾਂ ਨੇ ਸਾਰਾ ਪਾਠ ਸੁਣਿਆ ਹੈ। ਇਹ ਦੋ ਰਾਤਾਂ ਸੁੱਤੀ ਵੀ ਨਹੀਂ। ਇਸ ਨੂੰ ਹੁਣ ਅਰਦਾਸ ਵੀ ਸੁਣ ਲੈਣ ਦਿਓ।"

*-ਤ੍ਰਿਪਤ ਭੱਟੀ*

---

## ਪੰਜਾਬ ਤੋਂ ਬਿਨਾਂ ਮੈਂ ਹੋਰ ਕਿਸ ਰਾਜ ਬਾਰੇ ਸੋਚਣਾ ਹੈ?

**(ਸਫਾ 29 ਦੀ ਬਾਕੀ)**

ਦੀ ਆਵਾਜ਼ ਹਨ। ਜੋ ਹੁਕਮ ਮਿਲੇਗਾ, ਬੋਲਣਗੇ।

**? ਤੁਸੀਂ ਆਪਣਾ ਉਹ ਬਿੰਬ ਵੀ ਗੁਆਈ ਜਾਂਦੇ ਹੋ ਜਿਸ ਦਾ ਸਦਕਾ ਦੋਵੇਂ ਫਿਰਕੇ ਤੁਹਾਡੇ ਨਾਲ ਸਨ।**

-ਇਹ ਕੰਮ ਤਾਂ ਮੀਡੀਆ ਕਰ ਰਿਹਾ ਹੈ। 'ਪੰਜਾਬੀ ਟ੍ਰਿਬਿਊਨ' ਬਾਰੇ ਮੈਂ ਕੁਝ ਨਹੀਂ ਕਹਿੰਦਾ। ਇਹ ਕੰਮ ਸਰਕਾਰੀ ਮੀਡੀਆ ਕਰਦਾ ਹੈ ਜਾਂ ਫੇਰ ਨੈਸ਼ਨਲ ਪ੍ਰੈਸ। ਸਭ ਵਿਕੇ ਪਏ ਹਨ। ਪੰਜਾਬ ਨੂੰ ਟੇਢੀ ਖੀਰ ਬਣਾਉਣ ਵਿਚ ਸਭ ਦਾ ਹੱਥ ਹੈ।

**? ਕਿਸੇ ਨੂੰ ਅਜਿਹਾ ਕਰਨ ਦੀ ਕੀ ਲੋੜ ਹੈ?**

-ਕਿਉਂ? ਲੋੜ ਕਿਉਂ ਨਹੀਂ? ਪਹਿਲਾਂ ਤਾਂ ਪੰਜਾਬੀਆਂ ਨੂੰ ਦਹਿਸ਼ਤਵਾਦੀ, ਭਿਆਨਕ ਤੇ ਜ਼ਾਲਮ ਦਿਖਾਇਆ ਜਾਵੇਗਾ ਤੇ ਫਿਰ ਇਨ੍ਹਾਂ ਨੂੰ ਕੁੱਟਿਆ ਜਾਵੇਗਾ, ਕੁੱਟਣ ਤੋਂ ਪਿੱਛੋਂ ਇਹ ਸਾਬਤ ਕੀਤਾ ਜਾਵੇਗਾ ਕਿ ਕੇਂਦਰ ਦੀ ਮੌਜੂਦਾ ਸਰਕਾਰ ਹੀ ਇਹੋ ਜਿਹਾ ਸਟੈਂਡ ਲੈਣ ਦੇ ਸਮਰਥ ਹੈ ਤੇ ਫਿਰ ਬੁੱਕਾਂ ਦੇ ਬੁੱਕ ਵੋਟਾਂ ਮਿਲਣਗੀਆਂ। ਜਿਵੇਂ ਹੁਣੇ ਚੋਣਾਂ ਵਿਚ ਮਿਲ ਕੇ ਹਟੀਆਂ ਹਨ। ਇਹ ਸੌਦਾ ਕਿਵੇਂ ਮਾੜਾ ਹੋਇਆ?

**? ਇਹ ਗੱਲ ਤਾਂ ਬੜੀ ਚਿੰਤਾ ਵਾਲੀ ਹੈ।**

-ਮੈਂ ਤਾਂ ਉਸ ਫਿਰਕੇ ਬਾਰੇ ਸੋਚਦਾ ਹਾਂ ਜਿਹੜਾ ਇਸ ਵੇਲੇ ਨਾਲ ਨਹੀਂ ਤੁਰ ਰਿਹਾ, ਜਦੋਂ ਮਾਰ ਪੈਣੀ ਹੈ ਤਾਂ ਸਭ ਇਕੋ ਜਿਹੀ ਪੈਣੀ ਹੈ। ਸਾਰਾ ਪੰਜਾਬ ਨਸ਼ਟ ਹੋਵੇਗਾ। ਮੈਨੂੰ ਤਾਂ ਜੋ ਕਹੋ, ਕਰਨ ਨੂੰ ਤਿਆਰ ਹਾਂ। ਪੰਜਾਬ ਤੋਂ ਬਿਨਾਂ ਮੈਂ ਹੋਰ ਕਿਸ ਰਾਜ ਬਾਰੇ ਸੋਚਣਾ ਹੈ?

*(ਪੰਜਾਬੀ ਟ੍ਰਿਬਿਊਨ, 1986)*

# ਨੰਦਿਤਾ ਦੀ ਦੂਹਰੀ ਵਾਪਸੀ



ਨੰਦਿਤਾ ਦਾਸ ਵਿਲੱਖਣ ਅਦਾਕਾਰਾ ਹੈ ਤੇ ਆਪਣੇ ਲੀਕ ਤੋਂ ਹਟ ਕੇ ਕੀਤੇ ਗਏ ਕੰਮ ਲਈ ਜਾਣੀ ਜਾਂਦੀ ਹੈ। ਹੁਣ ਦੂਹਰੀ ਵਾਪਸੀ ਕਰਦਿਆਂ ਅਦਾਕਾਰਾ ਨੰਦਿਤਾ ਪਹਿਲੀ ਵਾਰ ਰੰਗਮੰਚ ਵੱਲ ਪਰਤ ਰਹੀ ਹੈ ਤੇ ਉਹਨੇ 'ਬਿਟਵੀਨ ਦੀ ਲਾਈਨਜ਼' ਨਾਟਕ ਨਿਰਦੇਸ਼ਤ ਕੀਤਾ ਹੈ ਜੋ ਲਿੰਗ ਆਧਾਰਤ ਨਾ-ਬਰਾਬਰੀ ਦੀਆਂ ਬਰੀਕੀਆਂ ਸਾਹਮਣੇ ਲਿਆਉਂਦਾ ਹੈ। ਇਸ ਨਾਟਕ ਦੀ ਕਹਾਣੀ ਦਾ ਪਿਛੋਕੜ ਰੱਜਿਆ-ਪੁੱਜਿਆ ਤੇ ਪੜ੍ਹਿਆ-ਲਿਖਿਆ ਵਰਗ ਹੈ ਜੋ ਇਹ ਮਿੱਥ ਲੈਂਦਾ ਹੈ ਕਿ ਇਸ ਨੇ ਤਾਂ ਆਪਣੇ ਸਾਰੇ ਮਸਲੇ ਸੁਲਝਾ ਲਏ ਹਨ ਪਰ ਠੀਕ ਇਸੇ ਸਮੇਂ ਇਸ ਵਰਗ ਵਿਚ ਇਕ ਅਜੀਬ ਤਰ੍ਹਾਂ ਦੀ ਨਾ-ਬਰਾਬਰੀ ਵਧੇਰੇ ਸੂਖਮ ਤੇ ਕਪਟੀ ਢੰਗ ਨਾਲ ਹਾਜ਼ਰ ਹੈ।

ਰਿਸ਼ਤਿਆਂ ਦੀਆਂ ਸੂਖਮ ਤੰਦਾਂ ਵਿਚ ਹਰ ਥਾਂ ਇਹ ਵਰਤਾਰਾ ਹਾਜ਼ਰ ਹੈ। ਬਰਾਬਰ ਦੇ ਮੰਨੇ ਜਾ ਰਹੇ ਜੋੜਿਆਂ ਦੇ ਸਬੰਧਾਂ ਨੂੰ ਪਰਤ-ਦਰ-ਪਰਤ ਖੋਲ੍ਹਣ ਦਾ ਵਿਚਾਰ ਨੰਦਿਤਾ ਨੂੰ ਬੜਾ ਦਿਲਚਸਪ ਲੱਗਿਆ ਤੇ ਇਸ ਤਰ੍ਹਾਂ ਇਹ ਨਾਟਕ ਹੋਂਦ ਵਿਚ ਆ ਗਿਆ ।ਨੰਦਿਤਾ ਆਪਣੇ ਜੀਵਨ ਵਿਚ ਖਾਸਕਰ ਕਾਫੀ ਸਮਾਂ ਪਹਿਲਾਂ ਥੁੜ੍ਹਾਂ ਮਾਰੇ ਲੋਕਾਂ ਨਾਲ ਕੰਮ ਕਰਦੀ ਰਹੀ ਹੈ ਜਿਸ ਨੇ ਉਸ ਨੂੰ ਇਸ ਮੁੱਦੇ ਲਈ ਹੋਰ ਵੀ ਸੰਵੇਦਨਸ਼ੀਲ ਬਣਾ ਦਿੱਤਾ ਹੈ । ਨੰਦਿਤਾ ਦੂਹਰੀ ਵਾਪਸੀ ਇੰਜ ਕਰ ਰਹੀ ਹੈ ਕਿ ਇਸ ਨਾਟਕ ਦੀ ਸਹਿ-ਲੇਖਕਾ ਦੇ ਨਾਲ-ਨਾਲ ਉਹ ਦੋ ਮੁੱਖ ਕਿਰਦਾਰਾਂ ਵਿਚੋਂ ਇਕ ਕਿਰਦਾਰ ਵੀ ਨਿਭਾਅ ਰਹੀ ਹੈ । ਉਸ ਨੇ ਇਸ ਵਿਚ ਦੂਜੀ ਔਰਤ ਦੀ ਭੂਮਿਕਾ ਵੀ ਨਿਭਾਈ ਹੈ।

ਨਾਟਕ ਅਜੋਕੇ ਸਮੇਂ ਦਾ ਹੈ ਤੇ ਸ਼ਹਿਰੀ ਭਾਰਤ ਇਸ ਦੀ ਪਿੱਠਭੂਮੀ ਹੈ ਜਿਸ ਵਿਚ ਨੰਦਿਤਾ ਤੇ ਉਸ ਦੇ ਪਤੀ ਸੁਬੋਧ ਵੱਲੋਂ ਨਿਭਾਈਆਂ ਦੋ ਪੜ੍ਹੇ-ਲਿਖੇ ਤੇ ਰੱਜੇ-ਪੁੱਜੇ ਜੋੜਿਆਂ ਦੀਆਂ ਭੂਮਿਕਾਵਾਂ ਵਿਚ ਉਹ ਦੋਵੇਂ ਆਧੁਨਿਕਤਾ ਤੇ ਪ੍ਰੰਪਰਾ ਦੇ ਵਿਚਾਲੇ ਕਿਤੇ ਫਸੇ ਪਾਏ ਜਾਂਦੇ ਹਨ। ਜੇਕਰ ਇਸ ਨਾਟਕ ਦੀ ਕਹਾਣੀ ਦੀ ਗੱਲ ਕਰੀਏ ਤਾਂ ਮਾਇਆ ਤੇ ਸ਼ੇਖਰ ਵਕੀਲ ਜੋੜਾ ਹੈ ਜੋ 10 ਸਾਲਾਂ ਤੋਂ ਵਿਆਹੁਤਾ ਹੈ।

ਇਹ ਨਾਟਕ ਅਜੋਕੇ ਸਮੇਂ ਦਾ ਹੈ ਤੇ ਸ਼ਹਿਰੀ ਭਾਰਤ ਇਸ ਦੀ ਪਿੱਠਭੂਮੀ ਹੈ ਜਿਸ ਵਿਚ ਨੰਦਿਤਾ ਤੇ ਉਸ ਦੇ ਪਤੀ ਸੁਬੋਧ ਵੱਲੋਂ ਨਿਭਾਈਆਂ ਦੋ ਪੜ੍ਹੇ-ਲਿਖੇ ਤੇ ਰੱਜੇ-ਪੁੱਜੇ ਜੋੜਿਆਂ ਦੀਆਂ ਭੂਮਿਕਾਵਾਂ ਵਿਚ ਉਹ ਦੋਵੇਂ ਆਧੁਨਿਕਤਾ ਤੇ ਪ੍ਰੰਪਰਾ ਦੇ ਵਿਚਾਲੇ ਕਿਤੇ ਫਸੇ ਪਾਏ ਜਾਂਦੇ ਹਨ। ਜੇਕਰ ਇਸ ਨਾਟਕ ਦੀ ਕਹਾਣੀ ਦੀ ਗੱਲ ਕਰੀਏ ਤਾਂ ਮਾਇਆ ਤੇ ਸ਼ੇਖਰ ਵਕੀਲ ਜੋੜਾ ਹੈ ਜੋ 10 ਸਾਲਾਂ ਤੋਂ ਵਿਆਹੁਤਾ ਹੈ।

ਸ਼ੇਖਰ ਵੱਡੇ ਨਾਂ ਵਾਲਾ ਫੌਜਦਾਰੀ ਵਕੀਲ ਹੈ ਜਦੋਂਕਿ ਮਾਇਆ ਇਕ ਲਾਅ ਫਰਮ ਲਈ ਰੁਟੀਨ ਦੇ ਕੰਟਰੈਕਟਾਂ ਦੇ ਡਰਾਫਟ ਤਿਆਰ ਕਰਦਿਆਂ, ਕੰਮ ਤੇ ਜ਼ਿੰਦਗੀ ਵਿਚ ਸੰਤੁਲਨ ਬਣਾਉਣ ਦੇ ਯਤਨ ਕਰ ਰਹੀ ਹੈ। ਉਹ ਦੋਵੇਂ ਇਕ ਫੌਜਦਾਰੀ ਮੁਕੱਦਮੇ ਦੇ ਦੋਵੇਂ ਪਾਸਿਆਂ ਤੋਂ ਬਹਿਸ ਕਰਦੇ-ਕਰਦੇ ਇਕ ਅਜਿਹੇ ਨੁਕਤੇ 'ਤੇ ਪੁੱਜ ਜਾਂਦੇ ਹਨ ਜਿਥੇ ਉਨ੍ਹਾਂ ਦੀਆਂ ਨਿੱਜੀ ਤੇ ਕੰਮਕਾਜੀ ਜ਼ਿੰਦਗੀਆਂ ਰਲਗੱਡ ਹੋ ਜਾਂਦੀਆਂ ਹਨ। ਇਸ ਨਾਟਕ ਦੀ ਭਾਸ਼ਾ ਅੰਗਰੇਜ਼ੀ ਰੱਖੀ ਗਈ ਹੈ। ਨੰਦਿਤਾ ਦਾ ਤਰਕ ਹੈ ਕਿ ਜਿਸ ਕਿਸਮ ਦੇ ਪਿਛੋਕੜ ਤੇ ਪਾਤਰਾਂ ਦੀ ਇਹ ਕਹਾਣੀ ਹੈ, ਇਹ ਉਨ੍ਹਾਂ ਦੀ ਹੀ ਭਾਸ਼ਾ ਹੈ ਤੇ ਨਾਟਕ ਵਿਚ ਕਿਤੇ ਵੀ ਕੁਝ ਥੋਪਿਆ ਹੋਇਆ ਨਹੀਂ ਹੈ। ਦਿਲਚਸਪ ਗੱਲ ਇਹ ਵੀ ਹੈ ਕਿ ਇਸ ਨਾਟਕ ਵਿਚ ਨੰਦਿਤਾ ਤੋਂ ਇਲਾਵਾ ਇਕੋ-ਇਕ ਦੂਜਾ ਕਲਾਕਾਰ ਉਸ ਦਾ ਪਤੀ ਸੁਬੋਧ ਮਸਕਾਰਾ ਹੈ ਜੋ ਪਹਿਲੀ ਵਾਰ ਨਾਟਕ ਖੇਡ ਰਿਹਾ ਹੈ। ਨੰਦਿਤਾ ਤੇ ਸੁਬੋਧ ਦੀ ਨਵੀਂ ਕੰਪਨੀ ਛੋਟੀ ਪ੍ਰੋਡਕਸ਼ਨ ਕੰਪਨੀ ਪ੍ਰਾਈਵੇਟ ਲਿਮਟਿਡ ਦੀ ਵੀ ਇਹ ਪਹਿਲੀ ਪ੍ਰੋਡਕਸ਼ਨ ਹੈ।

ਨੰਦਿਤਾ ਦੇ ਲਈ ਖੁਸ਼ੀ ਦੀ ਗੱਲ ਇਹ ਵੀ ਹੈ ਕਿ ਵੱਖ-ਵੱਖ ਸ਼ਹਿਰਾਂ ਵਿਚੋਂ ਇਸ ਨਾਟਕ ਨੂੰ ਇਕੋ ਜਿਹਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਕਿਉਂਕਿ ਅਸਲ ਮਾਨਵੀ ਭਾਵਨਾਵਾਂ ਤੇ ਰਿਸ਼ਤੇ ਸਾਰੇ ਕਿਤੇ ਇਕੋ ਜਿਹੇ ਹਨ। ਹਰ ਸ਼ੋਅ ਮਗਰੋਂ ਇਹ ਨਾਟਕ ਹੋਰ ਸਪਸ਼ਟ ਹੁੰਦਾ ਜਾਂਦਾ ਹੈ ਪਰ ਨੰਦਿਤਾ ਦਾ ਮੰਨਣਾ ਹੈ ਕਿ ਉਸ ਵੱਲੋਂ ਮਿੱਥੇ ਮੁਕਾਮ 'ਤੇ ਪੁੱਜਣ ਲਈ ਇਸ ਨਾਟਕ ਦੇ ਘੱਟੋ-ਘੱਟ 50 ਸ਼ੋਅ ਲਾਜ਼ਮੀ ਹਨ । ਇਸ ਨਾਟਕ ਦੀ ਸਹਿ-ਲੇਖਕਾ ਦਿਵਿਆ ਜਗਦਲੇ ਹੈ ।

## ਸੁਹੱਪਣ ਦਾ ਜਲਵਾ

# ਸੈਲਿਨਾ



ਹੁਣੇ ਜਿਹੇ 31 ਸਾਲਾਂ ਦੀ ਹੋਈ ਸਾਬਕਾ ਮਿਸ ਇੰਡੀਆ ਸੇਲਿਨਾ ਜੇਤਲੀ ਹਮੇਸ਼ਾ ਆਪਣੀ ਖੂਬਸੂਰਤੀ ਕਰਕੇ ਚਰਚਾ ਵਿਚ ਰਹੀ ਹੈ। ਇਸ ਸਾਲ ਵੀ ਜੌੜੇ ਬੱਚਿਆਂ ਨੂੰ ਜਨਮ ਦੇਣ ਦੇ ਬਾਵਜੂਦ ਉਸ ਨੇ ਆਪਣੇ ਆਪ ਨੂੰ ਫਿੱਟ ਰੱਖਣ 'ਤੇ ਖੂਬ ਮਿਹਨਤ ਕੀਤੀ ਹੈ। ਇਸ ਦਾ ਪਤਾ ਪਿਛਲੇ ਮਹੀਨੇ ਹੀ ਉਸ ਦੇ ਇਕ ਫੈਸ਼ਨ ਸ਼ੋਅ ਵਿਚ ਰੈਂਪ 'ਤੇ ਚੱਲਣ ਨਾਲ ਲੱਗਾ। ਮਾਂ ਬਣਨ ਤੋਂ ਬਾਅਦ ਉਹ ਪਹਿਲੀ ਵਾਰ ਕਿਸੇ ਪ੍ਰੋਗਰਾਮ ਵਿਚ ਹਿੱਸਾ ਲੈ ਰਹੀ ਹੈ। ਉਂਝ ਹੁਣ ਉਸ ਨੂੰ ਇਸ ਗੱਲ ਦੀ ਫਿਕਰ ਵੀ ਸਤਾਉਣ ਲੱਗੀ ਹੈ ਕਿ ਵਧਦੀ ਉਮਰ ਕਿਤੇ ਉਸ ਦੀ ਖੂਬਸੂਰਤੀ ਨਾ ਖੋਹ ਲਵੇ। ਜਨਮ ਦਿਨ 'ਤੇ ਆਪਣੇ ਪ੍ਰਸ਼ੰਸਕਾਂ ਤੇ ਦੋਸਤਾਂ ਵੱਲੋਂ ਮਿਲੀਆਂ ਵਧਾਈਆਂ ਲਈ ਉਨ੍ਹਾਂ ਦਾ ਧੰਨਵਾਦ ਕਰਦਿਆਂ ਸੇਲਿਨਾ ਦਾ ਕਹਿਣਾ ਸੀ ਕਿ ਖੂਬਸੂਰਤੀ ਦੀ ਸਮੱਸਿਆ ਹੈ ਕਿ ਕੋਈ ਪੈਦਾ ਤਾਂ ਅਮੀਰ ਹੁੰਦਾ ਹੈ ਪਰ ਸਮੇਂ ਦੇ ਨਾਲ ਗਰੀਬ ਹੁੰਦਾ ਜਾਂਦਾ ਹੈ। 'ਨੋ ਐਂਟਰੀ' ਤੇ 'ਗੋਲਮਾਲ ਰਿਟਰਨਸ' ਵਿਚ ਕੰਮ ਕਰ ਚੁੱਕੀ ਸੇਲਿਨਾ ਪਿਛਲੀ ਵਾਰ ਫਿਲਮ 'ਵਿਲ ਯੂ ਮੈਰੀ ਮੀ' ਵਿਚ ਨਜ਼ਰ ਆਈ ਸੀ। ਬਿਊਟੀ ਕੁਈਨ ਤੋਂ ਅਦਾਕਾਰਾ ਬਣੀ ਸੇਲਿਨਾ ਨੇ ਦੁਬਈ ਵਿਚ ਰਹਿਣ ਵਾਲੇ ਆਸਟ੍ਰੇਲੀਆਈ ਨਾਗਰਿਕ ਪੀਟਰ ਹੇਗ ਨਾਲ 2011 ਵਿਚ ਵਿਆਹ ਕੀਤਾ ਸੀ। ਸੇਲਿਨਾ ਤੇ ਪੀਟਰ ਜੌੜੇ ਬੱਚਿਆਂ ਵਿਰਾਜ ਤੇ ਵਿੰਸਟਨ ਦੇ ਮਾਤਾ-ਪਿਤਾ ਹਨ। ਵਿਆਹ ਤੇ ਫਿਰ ਬੱਚਿਆਂ ਦੇ ਪਾਲਣ-ਪੋਸ਼ਣ ਲਈ ਉਹ ਉਦੋਂ ਤੋਂ ਹੀ ਸੁਨਹਿਰੀ ਪਰਦੇ ਤੋਂ ਦੂਰ ਰਹੀ ਹੈ ਪਰ ਜਨਤਕ ਤੌਰ 'ਤੇ ਉਸ ਦੀ ਹੁਣੇ ਜਿਹੇ ਹੋ ਰਹੀ ਸਰਗਰਮੀ ਤੋਂ ਪਤਾ ਲੱਗਦਾ ਹੈ ਕਿ ਛੇਤੀ ਹੀ ਉਹ ਇਕ ਵਾਰ ਫਿਰ ਸੁਨਹਿਰੀ ਪਰਦੇ 'ਤੇ ਨਜ਼ਰ ਆ ਸਕਦੀ ਹੈ। ਖ਼ਬਰ ਇਹ ਵੀ ਹੈ ਕਿ ਹਿੱਟ ਫਿਲਮ 'ਨੋ ਐਂਟਰੀ' ਦੇ ਸੀਕੁਏਲ 'ਨੋ ਐਂਟਰੀ ਮੇਂ ਐਂਟਰੀ' ਲਈ ਸੇਲਿਨਾ ਦਾ ਨਾਂ ਫਾਈਨਲ ਕਰ ਲਿਆ ਗਿਆ ਹੈ ਤੇ ਛੇਤੀ ਹੀ ਇਕ ਵਾਰ ਫਿਰ ਉਹ ਸੁਨਹਿਰੀ ਪਰਦੇ 'ਤੇ ਦਰਸ਼ਕਾਂ ਦਾ ਮਨੋਰੰਜਨ ਕਰਦੀ ਨਜ਼ਰ ਆ ਸਕਦੀ ਹੈ। ਇਸ ਫਿਲਮ ਵਿਚ ਬਿਪਾਸ਼ਾ ਬਸੁ ਤੇ ਲਾਰਾ ਦੱਤਾ ਵੀ ਨਜ਼ਰ ਆਉਣਗੀਆਂ। ਫਿਲਮ ਦੇ ਪਹਿਲੇ ਹਿੱਸੇ ਵਿਚ ਵੀ ਇਹ ਤਿੰਨੇ ਸੁੰਦਰੀਆਂ ਮੌਜੂਦ ਸਨ।

# 'ਲਾਈਫ ਆਫ ਪਾਈ' ਨਾਲ ਤੱਬੂ ਦੀ ਦਸਤਕ



ਲੰਬੇ ਸਮੇਂ ਬਾਅਦ ਤੱਬੂ ਨੇ ਮੁੜ ਦਸਤਕ ਦਿੱਤੀ ਹੈ। ਉਂਜ ਤੱਬੂ ਦਾ ਕਹਿਣਾ ਹੈ ਕਿ ਤਿੰਨ ਸਾਲ ਹੀ ਤਾਂ ਹੋਏ ਹਨ ਪਿਛਲੀ ਫ਼ਿਲਮ 'ਤੋ ਬਾਤ ਪੱਕੀ' ਆਈ ਸੀ। ਉਸ ਦਾ ਕਹਿਣਾ ਹੈ ਕਿ ਇਸ ਵਿਚਾਲੇ ਉਸ ਨੂੰ ਲਗਾਤਾਰ ਮੀਡੀਆ ਤੇ ਲੋਕਾਂ ਦੀਆਂ ਨਜ਼ਰਾਂ ਵਿਚ ਬਣੇ ਰਹਿਣ ਦੀ ਜ਼ਰੂਰਤ ਮਹਿਸੂਸ ਨਹੀਂ ਹੋਈ। ਤੱਬੂ ਅਨੁਸਾਰ ਉਸ ਨੂੰ ਪਤਾ ਸੀ ਕਿ ਜਦੋਂ ਸਹੀ ਸਮਾਂ ਆਵੇਗਾ, ਕੋਈ ਰੋਲ ਉਸ ਨੂੰ ਮਜਬੂਰ ਕਰ ਦੇਵੇਗਾ ਤੇ ਉਹ ਦਰਸ਼ਕਾਂ ਦੇ ਰੂ-ਬਰੂ ਹੋਵੇਗੀ।

ਤੱਬੂ ਦੀ ਤਾਜ਼ਾ ਫ਼ਿਲਮ ਉਨ੍ਹਾਂ ਦੀ ਸੋਚ ਨੂੰ ਸਹੀ ਸਾਬਤ ਕਰਦੀ ਹੈ। ਆਖਰਕਾਰ ਹਿੰਦੀ ਫ਼ਿਲਮਾਂ ਦੀ ਹਰ ਹੀਰੋਇਨ ਨੂੰ ਆਸਕਰ ਐਵਾਰਡ ਵਿਜੇਤਾ ਆਂਗ ਲੀ ਵਰਗੇ ਫ਼ਿਲਮਕਾਰ ਦੇ ਨਾਲ ਕੰਮ ਕਰਨ ਦਾ ਮੌਕਾ ਨਹੀਂ ਮਿਲਦਾ। ਯਾਨਨ ਮਾਰਟਲੀ ਦੇ ਮੇਨ ਬੁਕਰ ਪ੍ਰਾਈਜ਼ ਜੇਤੂ ਨਾਵਲ 'ਲਾਈਫ ਆਫ ਪਾਈ' ਦੇ ਸਿਨੇਮਾ 'ਤੇ ਉਤਾਰਨ ਲਈ ਤੱਬੂ ਨੇ ਵੀ ਨਾਮੀ ਮੁੱਖ ਕਿਰਦਾਰ ਦੀ ਮਾਂ ਦੀ ਭੂਮਿਕਾ ਨੂੰ ਜਿਉਂਦਾ ਕੀਤਾ ਹੈ।

ਇਸ ਤਰ੍ਹਾਂ ਇਹ ਸਵਾਲ ਉੱਠਣਾ ਲਾਜ਼ਮੀ ਹੈ ਕਿ ਉਹ ਕੀ ਵਜ੍ਹਾ ਸੀ ਕਿ ਤੱਬੂ ਇਸ ਫ਼ਿਲਮ ਵਿਚ ਕੰਮ ਕਰਨ ਲਈ ਤਿਆਰ ਹੋ ਗਈ ਕਿਉਂਕਿ ਜਿਥੋਂ ਤੱਕ ਰੋਲ ਦੀ ਗੱਲ ਹੈ, ਉਹ ਤੱਬੂ ਵਰਗੀ ਅਭਿਨੇਤਰੀ ਲਈ ਸਹੀ ਨਹੀਂ ਲਗਦਾ। 'ਦ ਨੇਮਸੇਕ' ਤੇ 'ਚਾਂਦਨੀ ਬਾਰ' ਵਰਗੀਆਂ ਮੀਲ ਦੇ ਪੱਥਰ ਵਾਲੀਆਂ ਫ਼ਿਲਮਾਂ ਵਿਚ ਕੰਮ ਕਰ ਚੁੱਕੀ ਅਭਿਨੇਤਰੀ ਦਾ ਕਹਿਣਾ ਹੈ ਕਿ ਆਂਗ ਲੀ ਨੇ ਕੁਝ ਸੋਚ-ਸਮਝ ਕੇ ਹੀ ਉਸ ਨੂੰ ਇਹ ਭੂਮਿਕਾ ਦਿੱਤੀ ਹੋਵੇਗੀ। ਉਂਜ ਫ਼ਿਲਮ ਕਰਨ ਦੀ ਸਭ ਤੋਂ ਵੱਡੀ ਵਜ੍ਹਾ ਆਂਗ ਦਾ ਨਾਂ ਹੈ। ਜਿਥੋਂ ਤੱਕ ਫ਼ਿਲਮ ਦੀ ਕਹਾਣੀ ਦੀ ਗੱਲ ਹੈ, ਉਸ ਨੂੰ ਪਤਾ ਹੈ ਕਿ ਉਹ ਜ਼ਿਆਦਾਤਰ ਪੀ ਦੇ ਆਲੇ-ਦੁਆਲੇ ਹੀ ਘੁੰਮਦੀ ਹੈ। ਉਹ ਫ਼ਿਲਮ ਦੇ ਸ਼ੁਰੂਆਤੀ ਹਿੱਸੇ ਵਿਚ ਹੀ ਆਪਣੇ ਮਾਂ-ਬਾਪ ਨੂੰ ਗਵਾ ਦਿੰਦਾ ਹੈ ਪਰ ਇਸ ਦੇ ਬਾਵਜੂਦ ਉਸ ਦੀ ਮਾਂ ਦਾ ਪ੍ਰਭਾਵ ਝਲਕਦਾ ਰਹਿੰਦਾ ਹੈ। ਪੀ ਇਸ ਫ਼ਿਲਮ ਵਿਚ ਆਪਣੇ ਧਰਮ ਦੀ ਖੋਜ ਕਰਦਾ ਹੈ, ਈਸ਼ਵਰ ਦੇ ਨਾਲ ਆਪਣੇ ਸਬੰਧਾਂ ਦੀ ਭਾਲ ਕਰਦਾ ਹੈ ਤੇ ਸਭ ਤੋਂ ਉੱਚ ਸੱਤਾ ਦੀ ਪੜਤਾਲ ਕਰਦਾ ਹੈ।



ਇਕ ਉਸ ਦੀ ਮਾਂ ਹੈ ਜਿਸ ਨੇ ਹਰ ਕਿਸੇ ਨੂੰ ਲਲਕਾਰਦੇ ਹੋਏ ਉਸੇ ਮਰਦ ਦੇ ਨਾਲ ਵਿਆਹ ਕੀਤਾ ਜਿਸ ਨੂੰ ਉਹ ਪਿਆਰ ਕਰਦੀ ਸੀ। ਇਸ ਤੋਂ ਬਾਅਦ ਉਸ ਦੇ ਪਰਿਵਾਰ ਨੇ ਵੀ ਉਸ ਨੂੰ ਮਨਜ਼ੂਰੀ ਦੇ ਦਿੱਤੀ ਸੀ ਪਰ ਉਸ ਔਰਤ ਦੇ ਅੰਤਸ ਦਾ ਧਰਮ ਬਹੁਤ ਮਜ਼ਬੂਤ ਸੀ। ਇਸ ਦਾ ਪ੍ਰਭਾਵ ਉਸ ਦੇ ਬੇਟੇ 'ਤੇ ਵੀ ਹੈ, ਕਹਾਣੀ ਪੀ ਦੇ ਜ਼ਰੀਏ ਸਾਹਮਣੇ ਆਉਂਦੀ ਹੈ ਪਰ ਅਸਲ ਵਿਚ ਉਹ ਆਪਣੀ ਮਾਂ ਨੂੰ ਹੀ ਪ੍ਰਗਟ ਕਰ ਰਿਹਾ ਹੁੰਦਾ ਹੈ। ਤੱਬੂ ਬੜੀ ਸਫਾਈ ਨਾਲ ਸਵੀਕਾਰਦੀ ਹੈ ਕਿ ਉਹ 'ਕ੍ਰਾਊਚਿੰਗ ਟਾਈਗਰ ਹਿਡਨ ਡ੍ਰੈਗਨ' ਤੇ 'ਬ੍ਰੋਕਬੇਕ ਮਾਊਂਟੇਨ' ਵਰਗੀਆਂ ਫ਼ਿਲਮਾਂ ਦੇ ਨਿਰਦੇਸ਼ਕ ਲੀ ਦੀ ਪ੍ਰਤਿਭਾ ਦੀ ਬਹੁਤ ਵੱਡੀ ਪ੍ਰਸੰਸਕ ਹੈ ਤੇ ਉਨ੍ਹਾਂ ਨੂੰ ਸਭ ਤੋਂ ਚੰਗੀ ਗੱਲ ਇਹ ਲਗਦੀ ਹੈ ਕਿ ਇਸ ਨਿਰਦੇਸ਼ਕ ਨੇ ਵੱਖ-ਵੱਖ ਵਿਸ਼ਿਆਂ 'ਤੇ ਫ਼ਿਲਮਾਂ ਬਣਾਈਆਂ ਹਨ ਤੇ ਉਨ੍ਹਾਂ ਨੂੰ ਸੰਵੇਦਨਸ਼ੀਲ ਸਪਰਸ਼ ਵੀ ਦਿੱਤਾ ਹੈ। ਉਹ ਲੀ ਨੂੰ ਇਸ ਤਰ੍ਹਾਂ ਦਾ ਨਿਰਦੇਸ਼ਕ ਮੰਨਦੀ ਹੈ ਜੋ ਆਪਣੇ ਕਲਾਕਾਰਾਂ ਨੂੰ ਉਦੋਂ ਤੱਕ ਪ੍ਰੇਰਿਤ ਕਰਦਾ ਰਹਿੰਦਾ ਹੈ ਜਦੋਂ ਤੱਕ ਉਨ੍ਹਾਂ ਦਾ ਸਭ ਤੋਂ ਵਧੀਆ ਨਿਕਲ ਕੇ ਨਹੀਂ ਆ ਜਾਂਦਾ।

ਉਨ੍ਹਾਂ ਦੀ ਹਰ ਫ਼ਿਲਮ ਬਹੁਤ ਚੰਗੀ ਤੇ ਖਾਸ ਫ਼ਿਲਮ ਹੈ। ਉਸ ਨੂੰ ਪਤਾ ਸੀ ਕਿ 'ਲਾਈਫ ਆਫ ਪੀ' ਵੀ ਇਸ ਤਰ੍ਹਾਂ ਦੀ ਹੀ ਫ਼ਿਲਮ ਬਣੇਗੀ ਭਾਵ ਬਹੁਤ ਚੰਗੀ ਤਰ੍ਹਾਂ ਨਾਲ ਬੁਣੀ ਗਈ ਸੰਵੇਦਨਸ਼ੀਲ, ਚੁਣੌਤੀਪੂਰਨ ਤੇ ਖੂਬਸੂਰਤ ਫ਼ਿਲਮ। ਇਹੀ ਵਜ੍ਹਾ ਸੀ ਕਿ ਉਸ ਨੇ ਫ਼ਿਲਮ ਲਈ ਹਾਂ ਕਹਿ ਦਿੱਤੀ। ਇਸ ਤਰ੍ਹਾਂ ਉਹ ਕਈ ਤਰ੍ਹਾਂ ਦੀਆਂ ਪਿੱਠਭੂਮੀਆਂ, ਸੱਭਿਆਚਾਰ ਵਾਲੇ ਲੋਕਾਂ ਨੂੰ ਮਿਲੀ, ਨਵੇਂ ਵਿਚਾਰ ਤੇ ਕਲਪਨਾਵਾਂ ਸਾਂਝੀਆਂ ਕੀਤੀਆਂ। ਇਸ ਤਰ੍ਹਾਂ ਦੇ ਲੋਕਾਂ ਨੂੰ ਮਿਲਣਾ ਹਮੇਸ਼ਾ ਹੀ ਪਹਿਲਾਂ ਤੋਂ ਜ਼ਿਆਦਾ ਮਜ਼ਬੂਤ ਕਰਦਾ ਹੈ। ਲੀ ਨੇ ਉਨ੍ਹਾਂ ਨੂੰ ਤੇ ਇਰਫਾਨ ਖਾਨ ਨੂੰ 'ਵਿਸ਼ਵ ਸਿਨੇਮਾ ਦੀ ਸੰਪਦਾ' ਦਾ ਵਿਸ਼ੇਸ਼ਣ ਦਿੱਤਾ। ਤੱਬੂ ਦਾ ਕਹਿਣਾ ਹੈ ਕਿ ਉਸ ਨੂੰ ਕਿਸੇ ਗੱਲ ਦੀ ਸ਼ਿਕਾਇਤ ਨਹੀਂ। ਉਸ ਨੇ ਇਥੇ ਹਿੰਦੀ ਸਿਨੇਮਾ ਦੇ ਬਿਹਤਰੀਨ ਰੋਲ ਕੀਤੇ ਹਨ। ਉਸ ਦਾ ਕਹਿਣਾ ਹੈ ਕਿ ਜੇਕਰ ਉਹ ਇਸ ਤਰ੍ਹਾਂ ਕਹਿੰਦੀ ਹੈ ਕਿ ਉਹ ਖੁਸ਼ ਨਹੀਂ ਤਾਂ ਇਸ ਦਾ ਮਤਲਬ ਇਹ ਹੈ ਕਿ ਉਹ ਅਹਿਸਾਨ-ਫਰਾਮੋਸ਼ੀ ਕਰ ਰਹੀ ਹੈ। ਉਹ ਮੰਨਦੀ ਹੈ ਕਿ ਕਈ ਫ਼ਿਲਮਾਂ ਨੇ ਉਨ੍ਹਾਂ ਦੇ ਕੈਰੀਅਰ ਨੂੰ ਨਵੀਂ ਪਛਾਣ ਦਿੱਤੀ। ਇਨ੍ਹਾਂ ਵਿਚ 'ਵਿਜੈਪਥ' (ਪਹਿਲੀ ਫ਼ਿਲਮ ਜਿਸ ਨੇ ਸਟਾਰਡਮ ਦਿੱਤਾ), 'ਮਾਚਿਸ', 'ਚਾਂਦਨੀ ਬਾਰ', 'ਬੀਵੀ ਨੰ: ਵੰਨ', 'ਹੂ ਤੂ ਤੂ', 'ਅਸਤਿਤਵ', 'ਮਕਬੂਲ', 'ਚੀਨੀ ਕਮ' ਤੇ 'ਦ ਨੇਮਸੇਕ' ਵਰਗੀਆਂ ਫ਼ਿਲਮਾਂ ਹਨ। ਉਸ ਦਾ ਕਹਿਣਾ ਹੈ ਕਿ ਏਨੀਆਂ ਵੱਖਰੀਆਂ ਭੂਮਿਕਾਵਾਂ ਕੀਤੀਆਂ ਹਨ ਹੁਣ ਕੁਝ ਹੋਰ ਵੱਖਰਾ ਨਹੀਂ ਕਰਨਾ। ਹੁਣ ਇੱਛਾ ਇਹੀ ਰਹਿੰਦੀ ਹੈ ਕਿ ਫ਼ਿਲਮ ਦੇ ਨਾਲ ਇਕ ਸੰਪੂਰਨ ਅਨੁਭਵ ਹੋ ਜਾਵੇ।



SECURE YOUR HOME & BUSINESS
PARTNER WITH PIXIM EVERY PIXEL TELLS A STORY
WDR TECHNOLOGY
Vista CCTV TECHNOLOGY
Why Vista
HIGH QUALITY PRODUCT WITH 2 YEARS WARRANTY
HIGH BRAND REPUTATION
16 YEARS HISTORY IN CCTV
ADVANCE PRODUCT DESIGN
TRAINED TECHNICAL STAFF
PROFESSIONAL INSTALLATION
High End HD Series
QUALITY & RESOLUTION BUILD BY TECHNOLOGY NOT BY THE PRICE
SPECIAL OFFER 4 CAMERAS WITH 4 CH DVR LED MONITOR INCLUDED $1449 +Tax
SPECIAL OFFER 8 CAMERAS INSTALLATION INCLUDED LED MONITOR INCLUDED $2849 +Tax
SPECIAL OFFER 12 CAMERAS INSTALLATION INCLUDED LED MONITOR INCLUDED $4249 +Tax
24/7 HIGH END SECURITY SOLUTION
WE INSTALL ANYWHERE IN USA
14 YEARS EXPERIENCE IN CCTV BUSINESS
Call Sukhpal 661-586-5080
Email : sales@ezchase.com
Customer Service: 1-800-235-1391




ooraa
CREDIT CARD
ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?
ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
ਆਪਣਾ ਕਰੈਡਿਟ ਬਹਾਲ ਕਰਾਓ
Bankruptcy ਤੋਂ ਬਚੋ!
ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ
Achieve financial peace of mind
Get the fast results
100% confidential
Prevent wages garnishment and bank levies
We work in USA & Canada
Resolve your IRS Tax Debt / Problems
100% SATISFACTION GUARANTEED
ਅੱਜ ਹੀ ਸਾਨੂੰ ਕਾਲ ਕਰੋ
(888) 888-9914
www.ooraa.org




WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

*2004 to 2006 Award Winner Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941



Jaswinder Gill M.Sc (PAU)
CA DRE# 00966763
Broker/Owner/Notary

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

E-mail: jassi@jassigill.com or
Visit us @ www.jassigill.com
for hot listings

**Selling Homes from Gilroy to Sacramento, CA**

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

## JUST SOLD

1. 4205 Lunar Way, Union City, CA 94587
2. 5329 Calabria Way, Sacramento CA 95835
3. 3167 San Bernardino Way, Union City, CA 94587
4. 34782 Klondike Dr., Union City, CA 94587
5. 32467 Woodland Dr., Union City, CA 94587
6. 1969 Catalpa Way, Hayward, CA 94545
7. 2952 Remington Way, San Jose, CA 95148
8. 32452 Springwood Dr., Union City, CA 94587
9. 648 Cayuga Dr., San Jose, CA 95123

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.